# ਸਿੰਧਬਾਦ

– ਨਾਵਲ –

ਰੂਪ ਢਿੱਲੋਂ

ਖ਼ੁਸ਼ਜੀਵਨ ਕਿਤਾਬਾਂ
ਲੰਡਨ

ਖੰਕਾ ਗਿੱਟੀ :ਜਿਸ ਬ੍ਰਹਿਮੰਡ ਵਿੱਚ ਇਹ ਨਾਵਲ ਸੇਟ ਕੀਤਾ ਹੈ।



# ਸਮਰਪਣ

ਇੰਦਰ ਦਿਓਲ

ਨੂੰ

ਜਿਸ ਦੀ ਦੂਰ-ਅੰਦੇਸ਼ੀ ਸਲਾਹ ਸੀ ਕਿ ਪੰਜਾਬੀ ਵਿੱਚ ਸਾਇੰਸ ਕਥਾ ਦਾ ਨਾਵਲ ਲਿਖਿਆ ਜਾਵੇ।

ਸ਼ਿਵਚਰਨ ਜੱਗੀ ਕੁੱਸਾ

ਨੂੰ

ਜਿਨ੍ਹਾਂ ਨੇ ਨਾਵਲਾਂ ਦੀ ਲਿਖਣ ਕਲਾ ਨੇ ਮੈਨੂੰ ਟੁੰਬਿਆ

# ਮੁੱਖ ਬੰਦ

## ਦਸਹੱਦਿਆਂ ਤੋਂ ਪਾਰ ਦੀ ਸੋਚ ਦਾ ਮਾਲਕ - ਰੂਪ ਢਿੱਲੋਂ

ਰੂਪ ਢਿੱਲੋਂ ਕਮਾਲ ਦਾ ਬੰਦਾ ਹੈ! ਉਸ ਨਾਲ਼ ਮੇਰੀ ਬੜੀ ਪੁਰਾਣੀ ਯਾਰੀ ਹੈ। ਐਨੀ ਪੁਰਾਣੀ ਯਾਰੀ ਕਿ ਹੁਣ ਸਾਡੀ ਯਾਰੀ ਨੂੰ ਕੋਈ ਕਬਾੜੀਆ ਵੀ ਚੁੱਕਣ ਲਈ ਤਿਆਰ ਨਹੀਂ! ਉਹ ਦਿਸਹੱਦਿਆਂ ਤੋਂ ਪਾਰ ਦੀ ਸੋਚ ਰੱਖਣ ਵਾਲ਼ਾ ਉਤਸ਼ਾਹੀ ਅਤੇ ਅਣਜਕਾ ਬੰਦਾ ਹੈ। ਜੇ ਦੂਜੀ ਭਾਸ਼ਾ ਵਿੱਚ ਬਿਆਨ ਕਰਾਂ ਤਾਂ ਉਸ ਦੀ ਸੋਚ ਬ੍ਰਹਿਮੰਡੀ ਹੈ। ਜਦ ਉਸ ਨੇ ਮੈਨੂੰ ਆਪਣਾ ਨਵਾਂ ਨਾਵਲ -ਸਿੰਧਬਾਦ- ਪੜ੍ਹਨ ਲਈ ਭੇਜਿਆ ਤਾਂ ਪੂਰਾ ਨਾਵਲ ਪੜ੍ਹਨ ਤੋਂ ਬਾਅਦ ਮੈਂ ਉਸ ਨੂੰ ਆਪਣੇ ਨਿਰਪੱਖ ਵਿਚਾਰ ਦਿੱਤੇ, -ਰੂਪ ਸਿਆਂ, ਤੂੰ ਸਾਹਿਤ ਦੇ ਖੇਤਰ ਵਿੱਚ ਦੋ ਸਦੀਆਂ ਅੱਗੇ ਚੱਲ ਰਿਹਾ ਹੈਂ! ਦੁਨੀਆਂ ਮੰਗਲ਼ ਗ੍ਰਹਿ ਤੱਕ ਪੈੜਾਂ ਪਾ ਆਈ, ਪਰ ਸਾਡੇ ਲੋਕ ਅਜੇ ਵੀ ੧੯੫੦ ਦੇ ਕਾਲ ਦੀਆਂ ਫ਼ਿਲਮਾਂ ਬਣਾ ਕੇ ਦਰਸ਼ਕਾਂ ਅੱਗੇ ਪਰੋਸ ਰਹੇ ਨੇ, ਇਸ ਯੁੱਗ ਵਿੱਚ ਤੇਰਾ ਨਾਵਲ ਕਿਹੜੀ ਮੱਲ ਮਾਰੂਗਾ, ਮੈਨੂੰ ਨਹੀਂ ਪਤਾ!- ਇਹ ਮੇਰੇ -ਆਪਣੇ- ਨਿੱਜੀ ਵਿਚਾਰ ਸਨ। ਹੋ ਸਕਦਾ ਹੈ ਮੈਂ ਗ਼ਲਤ ਹੋਵਾਂ? ਜਾਂ ਕੋਈ ਇਸ ਵਿਚਾਰ ਨੂੰ ਪੁੱਠੇ ਪਾਸੇ ਲਾ ਲਵੇ? ਮੈਂ ਆਪਣੀ ਲਿਖੀ ਜਾ ਰਹੀ ਸਵੈ-ਜੀਵਨੀ -ਬਾਜ਼ੀ ਲੈ ਗਏ ਕੁੱਤੇ- ਵਿੱਚ ਲਿਖਿਆ ਹੈ, -ਜਦੋਂ ਤੁਹਾਨੂੰ ਲੀਹ ਤੋਂ ਲਾਹੁੰਣਾਂ ਹੋਵੇ, ਤਾਂ -ਗਿੱਦੜਮਾਰ- ਅਤੇ ਅਕ੍ਰਿਤਘਣ ਲੋਕ -ਬਾਪੂ ਜੀ- ਵਰਗੇ ਸਤਿਕਾਰਤ ਸ਼ਬਦ ਨੂੰ ਵੀ -ਮਾਂ ਦਾ ਖਸਮ- ਪ੍ਰਚਾਰਨ ਵਿੱਚ ਲੱਗ ਜਾਂਦੇ ਹਨ!-

ਮੈਂ ਆਪਣੇ ਇੱਕ ਨਾਵਲ ਵਿੱਚ ਲਿਖਿਆ ਸੀ ਕਿ ਆਪਣੀ ਨਜ਼ਰ ਨੂੰ ਐਨੀ ਖ਼ੁਰਦਬੀਨ ਵੀ ਨਾ ਬਣਾਓ ਕਿ ਤੁਹਾਨੂੰ ਦਹੀਂ ਵਿੱਚ ਵੀ -ਜਿਰਮ- ਨਜ਼ਰ ਆਈ ਜਾਣ, ਤੇ ਆਪਣੀਆਂ ਅੱਖਾਂ ਨੂੰ ਐਨਾਂ -ਅੰਧਰਾਤਾ- ਵੀ ਨਾ ਕਰ ਲਓ ਕਿ ਚੁੱਕ ਕੇ ਤੁਸੀਂ ਕੋਹੜ੍ਹ ਕਿਰਲਾ ਹੀ ਮੂੰਹ ਵਿੱਚ ਪਾ ਲਵੋਂ! ਇਹ ਤੁਹਾਡੀ ਸੋਚ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸੇ ਉਤਪਤੀ ਨੂੰ ਕਿਸ ਹਿਸਾਬ ਨਾਲ਼ ਲੈਂਦੇ ਹੋ? ਕਈ ਵਾਰ ਮੁਹੱਬਤ ਵੀ -ਕਲੰਕ- ਬਣਾ ਦਿੱਤੀ ਜਾਂਦੀ ਹੈ ਅਤੇ ਕਈ ਵਾਰ ਤੁਹਾਡੀ ਚੁੱਪ ਅਤੇ ਸ਼ਰਾਫ਼ਤ ਵੀ -ਸ਼ਰਾਪ- ਬਣ ਤੁਰਦੀ ਹੈ। ਪਰ ਤੁਸੀਂ ਕਿਹੜਾ ਰਸਤਾ ਅਪਨਾਉਣਾ ਹੈ, ਇਹ ਤੁਹਾਡੇ ਆਪਣੇ ਹੱਥ ਹੁੰਦਾ ਹੈ! ਮੈਨੂੰ ਬੇਹੱਦ ਖ਼ੁਸ਼ੀ ਅਤੇ ਮਾਣ ਹੈ ਕਿ ਮੇਰੇ ਦੋਸਤ ਰੂਪ ਢਿੱਲੋਂ ਨੇ ਅਸਾਲਟ ਦੇ ਬਰੱਸਟ ਵਾਂਗ ਆਈਆਂ ਠੋਕਰਾਂ ਅਤੇ ਥੋਕ ਵਿੱਚ ਪੱਲੇ ਪਈ ਟੋਕਾ-ਟਾਕੀ ਦੇ ਬਾਵਜੂਦ ਆਪਣੀ ਹਿੰਮਤ ਨਹੀਂ ਹਾਰੀ ਅਤੇ ਸੇਵੀਆਂ 'ਚ ਲੂਣ ਪਾਉਣ

ਵਾਲਿ਼ਆਂ ਨੂੰ ਆਪਣੀ ਵਿਲੱਖਣ ਲਿਖਤ ਨਾਲ਼ ਮੂੰਹ ਤੋੜਵਾਂ ਉੱਤਰ ਮੋੜਿਆ। ਉਸ ਨੇ ਆਪਣੇ ਰਸਤੇ ਖ਼ੁਦ ਚੁਣੇ ਨੇ ਅਤੇ ਉਹਨਾਂ ਰਸਤਿਆਂ ਉਪਰ ਉਹ ਸ਼ਹਿਨਸ਼ਾਹ ਬਣ ਕੇ ਤੁਰਿਆ ਹੈ। ਇੱਕ ਖ਼ੂਬੀ ਉਸ ਵਿੱਚ ਇਹ ਵੀ ਹੈ ਕਿ ਕਈ ਵਾਰ ਰੂਪ ਢਿੱਲੋਂ ਬੁਲਡੋਜ਼ਰ ਦੀ ਚਾਲ ਚੱਲਦਾ ਹੈ। ਇਸ ਚਾਲ ਚੱਲਦਾ ਉਹ ਰੂੜੀਵਾਦੀ, ਜਾਂ ਕਹੋ ਘਸੀਆਂ ਪਿੱਟੀਆਂ ਰਵਾਇਤਾਂ ਨੂੰ ਕੁਚਲ਼ ਕੇ ਅੱਗੇ ਲੰਘਣ ਦਾ ਸਾਹਸ ਰੱਖਦਾ ਹੈ। ਰੂਪ ਕਿਸੇ ਬੰਦਿਸ਼ ਵਿੱਚ ਬੱਝ ਕੇ ਰਹਿਣ ਵਾਲ਼ਾ ਲੇਖਕ ਨਹੀਂ ਅਤੇ ਨਾ ਹੀ ਉਹ ਕੋਈ -ਲਛਮਣ ਰੇਖਾ- ਪਾਰ ਕਰ ਕੇ ਕੋਈ ਗੁਨਾਂਹ ਜਾਂ ਪਾਪ ਕਰਦਾ ਹੈ। ਬੱਸ, ਉਹ ਆਪਣੀ ਸੋਚ ਵਿੱਚ ਨਵੀਂ ਦੁਨੀਆਂ ਸਿਰਜ ਕੇ, ਉਸ ਉਪਰ ਲਿਖਣ ਨੂੰ ਤਰਜ਼ੀਹ ਦਿੰਦਾ ਹੈ।

ਇੱਕ ਵਾਰ ਮੈਂ ਉਸ ਨਾਲ਼ ਕੋਈ ਗੱਲ ਕਰਦਿਆਂ ਉਸ ਨੂੰ ਇੱਕ ਦਲੀਲ ਦਿੱਤੀ ਸੀ, ਕਿ ਜੇ ਏਡਮੰਡ ਹਿਲੇਰੀ ਅਤੇ ਟੇਨਜ਼ਿੰਗ ਨੋਰਗੇਅ ਵਰਗੇ ਮਾਊਂਟ ਐਵਰੈੱਸਟ ਦੀ ਚੋਟੀ ਸਰ ਨਾ ਕਰਦੇ, ਤਾਂ ਨੀਲ ਆਰਮਸਟਰਾਂਗ ਨੂੰ ਚੰਦਰਮਾਂ 'ਤੇ ਜਾਣ ਦਾ ਝੱਲ ਕਦੇ ਨਾ ਚੜ੍ਹਦਾ! ਇਸ ਲਈ ਕਾਰਜ ਕੋਈ ਵੀ ਕਰਨਾ ਹੋਵੇ, ਹੌਂਸਲੇ ਅਤੇ ਉਤਸ਼ਾਹ ਨਾਲ਼ ਕਰੋ! ਏਡਮੰਡ ਹਿਲੇਰੀ, ਟੇਨਜ਼ਿੰਗ ਨੋਰਗੇਅ ਅਤੇ ਨੀਲ ਆਰਮਸਟਰਾਂਗ ਨੂੰ ਵੀ ਸ਼ਾਇਦ ਕਿਸੇ ਨੇ ਪਹਿਲੇ ਹੱਲੇ ਥਾਪੜਾ ਨਾ ਦਿੱਤਾ ਹੋਵੇ, ਪਰ ਅੱਜ ਉਹਨਾਂ ਦੀਆਂ ਮਾਰੀਆਂ ਮੱਲਾਂ ਨੂੰ ਯਾਦ ਕਰ ਕੇ ਲੋਕ ਉਹਨਾਂ ਨੂੰ ਸਿਰ ਝੁਕਾਉਂਦੇ ਅਤੇ ਸੈਲਿਊਟ ਕਰਦੇ ਹਨ। ਅਖੀਰ ਵਿੱਚ ਮੈਂ ਰੂਪ ਢਿੱਲੋਂ ਨੂੰ ਉਸ ਦੇ ਨਵੇਂ ਨਾਵਲ -ਸਿੰਧਬਾਦ- ਦੇ ਆਗਮਨ 'ਤੇ ਵਧਾਈ ਪੇਸ਼ ਕਰਦਾ ਹੋਇਆ ਮਾਣ ਮਹਿਸੂਸ ਕਰਦਾ ਹਾਂ ਕਿ ਰੂਪ ਢਿੱਲੋਂ ਨੇ ਸਾਹਿਤਕ ਖੇਤਰ ਦੇ ਅਗਲੇ ਯੁੱਗ ਵਿੱਚ ਪੈਰ ਰੱਖ ਕੇ ਇੱਕ ਨਵੀਂ ਪਿਰਤ ਪਾਈ ਹੈ। ਚੰਦਰਮਾਂ 'ਤੇ ਪਹਿਲਾ ਕਦਮ ਰੱਖਣ ਵੇਲ਼ੇ ਨੀਲ ਆਰਮਸਟਰਾਂਗ ਨੇ ਕਿਹਾ ਸੀ, -ਚੰਦਰਮਾਂ 'ਤੇ ਰੱਖਿਆ ਸ਼ਾਇਦ ਇਹ ਛੋਟਾ ਕਦਮ ਹੋਵੇ, ਪਰ ਸਮੁੱਚੀ ਮਾਨੁੱਖਤਾ ਲਈ ਇਹ ਇੱਕ ਬਹੁਤ ਵੱਡੀ ਛਾਲ਼ ਹੈ!- ਮੈਂਵੀ ਇਹ ਹੀ ਮਹਿਸੂਸ ਕਰ ਰਿਹਾ ਹਾਂ ਕਿ ਰੂਪ ਢਿੱਲੋਂ ਦਾ ਇਹ ਨਿਵੇਕਲ਼ਾ ਨਾਵਲ ਵੀ ਸ਼ਾਇਦ ਸਾਹਿਤ ਦੇ ਨਵੇਂ ਯੁੱਗ ਵਿੱਚ ਇੱਕ -ਲੰਮੀ ਛਾਲ਼- ਹੋ ਨਿਬੜੇਗੀ!

– ਸ਼ਿਵਚਰਨ ਜੱਗੀ ਕੁੱਸਾ

੨੫.੦੬.੨੦੨੦

**ਲੇਖਕ ਦੀਆਂ ਹੋਰ ਪੁਸਤਕਾਂ**

ਕਹਾਣੀਆਂ ਅਤੇ ਕਵਿਤਾਂ

ਭਰਿੰਡ - ੨੦੧੧

ਨਾਵਲ

ਨੀਲਾ ਨੂਰ -੨੦੦੭

ਬਾਥੇਲੋਨਾ: ਘਰ ਵਾਪਸੀ- ੨੦੦੯

ੳ- ੨੦੧੩, ੨੦੧੫

ਗੁੰਡਾ- ੨੦੧੪

ਸਮੁਰਾਈ- ੨੦੧੫, ੨੦੧੬, ੨੦੧੭, ੨੦੧੮, ੨੦੧੯

ਇਸ ਉਪਨਿਆਸ ( ਨਾਵਲ) ਵਿੱਚ ਪ੍ਰਕਾਸ਼ਿਤ ਹੋਣ ਵਾਲੀਆਂ ਸਭ ਘਟਨਾਵਾਂ, ਨਾਮ ਅਤੇ ਸਥਾਨ ਕਲਪਤ ਹਨ। ਕਿਸੇ ਵਾਪਰੀ ਘਟਨਾ, ਨਾਮ ਅਤੇ ਸਥਾਨ ਨਾਲ਼ ਕੋਈ ਸੰਬੰਧ ਨਹੀਂ। ਅਗਰ ਕੋਈ ਘਟਨਾ, ਨਾਮ ਜਾਂ ਸਥਾਨ ਸਬੱਬੀਂ ਮੇਲ ਖਾ ਵੀ ਜਾਵੇ ਤਾਂ ਲੇਖਕ ਅਤੇ ਪ੍ਰਾਸ਼ਕ ਜ਼ਿੰਮੇਵਾਰ ਨਹੀਂ॥

**ਖ਼ੁਸ਼ਜੀਵਨ ਕਿਤਾਬਾਂ, ਲੰਡਨ, ਯੂ.ਕੇ, ੨੦੨੦ ©**

Independent Publishing Network    ISBN: 978-1-83853-655-8

# ਕਾਂਡ ਪਹਿਲਾਂ

**ਇਸ ਵਿੱਚ ਅਸੀਂ ਖੰਕਾ ਗਿੱਟੀ ਬਾਰੇ ਜਾਣਦੇ ਹਾਂ ਅਤੇ ਇਸ ਬ੍ਰਹਿਮੰਡ ਦੀਆਂ ਮੁੱਖ ਤਿੰਨ ਜਾਤੀਆਂ ਬਾਰੇ ਜਾਣਦੇ ਹਾਂ, ਇਨਸਾਨ, ਨਿਰਾਕਾਰੀ ਅਤੇ ਸਾਨ੍ਹਾਨਸਲ ਦੀ ਜਾਤ। ਗ੍ਰਹਿਆਂ ਦੇ ਆਪਸੀ ਯੁੱਧਾਂ ਦੇ ਮੁਢਲੇ ਕਾਰਨਾਂ ਬਾਰੇ ਸਿਖਦੇ ਹਾਂ॥**

ਇਸ ਕਾਇਨਾਤ ਦਾ ਮੁਖੜਾ ਤੱਕ ਕਿਸੇ ਨੂੰ ਨਹੀਂ ਪਤਾ। ਇਸ ਦਾ ਪਤਾ ਕਦੇ ਕਿਸੇ ਨੂੰ ਲੱਗ ਵੀ ਨਹੀਂ ਸਕਦਾ ਕਿਉਂਕਿ ਇਹ ਬ੍ਰਹਿਮੰਡ ਹੈ ਹੀ ਏਡਾ ਵਿਸ਼ਾਲ ਅਤੇ ਗਿਣਤੀ ਮਿਣਤੀ ਦੀਆਂ ਪੈਮਾਇਸ਼ਾਂ ਤੋਂ ਕਿਤੇ ਪਰ੍ਹਾਂ। ਇਸ ਦੇ ਨਿੱਕੇ ਜਿਹੇ ਕਣ ਦੀ ਪੈਮਾਇਸ਼ ਵੀ ਮਨੁੱਖੀ ਪਹੁੰਚ ਤੋ ਬਾਹਰ ਹੈ। ਇਸ ਦਾ ਅੰਤ ਵੀ ਕਿਸੇ ਨੂੰ ਵੀ ਨਹੀਂ ਪਤਾ।

ਇਹ ਪੁਲਾੜ ਕਿੰਨਾ ਲੰਮਾ-ਚੌੜਾ ਹੈ? ਇਹ ਤਾਂ ਮਨੁੱਖੀ ਖਿਆਲ ਤੋਂ ਕੋਹਾਂ ਦੂਰ ਹੈ।

ਬ੍ਰਹਿਮੰਡ ਦੇ ਅੰਤ ਦਾ ਵੀ ਕਿਸੇ ਨੂੰ ਨਹੀਂ ਪਤਾ, ਇਹ ਆਮ ਕਿਸੇ ਦੀ ਸੋਚ ਜਾਂ ਸਮਝ ਵਿੱਚ ਨਹੀਂ ਹੈ। ਆਪਾਂ ਤਾਂ ਇੱਕ ਮਾਤਰ ਹਾਂ। ਪੁਲਾੜ ਏਡਾ ਵਿਸ਼ਾਲ ਹੈ, ਅਨੰਤ ਕਾਲ, ਜਿਸ ਵਿੱਚ ਲੱਖਾਂ ਸਿਤਾਰੇ ਹਨ। ਹਰ ਸਿਤਾਰਾ ਆਪਣੀ ਆਕਾਸ਼ ਗੰਗਾ ਵਿੱਚ ਸੂਰਜ ਵਾਂਗ ਹੈ। ਕਈ ਹਾਲ਼ੇ ਜਿਉਂਦੇ, ਜਾਗਦੇ ਹਨ। ਕਈ ਕਾਫ਼ੀ ਚਿਰ ਤੋਂ ਆਪਣੀ ਉਮਰ ਭੋਗ ਕੇ ਹੋਂਦ ਗੁਆ ਚੁੱਕੇ ਹਨ, ਪਰ ਸਾਡੇ ਫ਼ਲਕ ਵਿੱਚ ਉਨ੍ਹਾਂ ਦੀ ਲਿਸ਼ਕਾਰ ਅਜੇ ਵੀ ਵਹਿੰਦੀ ਹੈ। ਪੁਲਾੜ, ਸਿਤਾਰਿਆਂ ਨਾਲ਼ ਭਰਿਆ ਪਿਆ ਹੈ। ਹਰ ਗ੍ਰਹਿ, ਕਿਸੇ ਸੂਰਜ ਦੇ ਦੁਆਲ਼ੇ ਘੁੰਮਦਾ ਹੈ। ਅਤੇ ਕਈ ਵਾਰ ਕੋਈ ਗ੍ਰਹਿ ਦੇ ਦੁਆਲੇ ਕਈ ਚੰਨ ਘੁੰਮਦੇ ਹਨ। ਹੋ ਸਕਦਾ ਹੈ ਉਨ੍ਹਾਂ ਕਈ ਗ੍ਰਹਿਆਂ ਉੱਤੇ ਜ਼ਿੰਦਗੀ ਹਯਾਤ ਹੋਵੇ? ਕਈ ਗ੍ਰਹਿ ਠੰਢੇ-ਠੰਢੇ, ਠਰੇ-ਠਰੇ ਪੱਥਰਾਂ ਤੋਂ ਇਲਾਵਾ, ਹੋਰ ਕੁਝ ਵੀ ਨਾ ਹੋਣ?

ਇਸ ਕਰਕੇ ਇਨਸਾਨ ਅਤੇ ਹੋਰ ਕਈ ਪ੍ਰਕਾਰ ਦੇ ਜੀਆ-ਜੰਤ ਇਸ ਵੱਲ ਮੋਹਿਤ ਹਨ ਅਤੇ ਪੁਲਾੜ ਵਿੱਚ ਯਾਤਰਾ ਕਰ ਰਹੇ ਹਨ।

ਇਸ ਬ੍ਰਹਿਮੰਡ ਵਿੱਚ ਇੱਕ ਖ਼ਾਸ ਕਹਿਕਸ਼ਾ ਹੈ ਜਿਸ ਨੂੰ – ਖੰਕਾ ਗਿੱਟਾ– ਦਾ ਨਾਂ ਦਿੱਤਾ ਹੈ। ਇਸ ਦੇ ਦੋ ਸਿਤਾਰੇ ਹਨ, ਜੋ ਅਸਲ ਵਿੱਚ ਸੂਰਜ ਹੀ ਹਨ। ਦੋ ਵੱਡੇ ਅੱਗ ਦੇ ਗੋਲ਼ੇ! ਸਾਡੀ ਗਿੱਟੀ ਵਾਂਗ ਇੱਕ ਸੂਰਜ ਨਹੀਂ ਹੈ, ਪਰ ਦੋ ਹਨ। ਆਪਸ ਵਿੱਚ ਸੰਖ ਕੋਹਾਂ ਦਾ ਪੰਧ ਹੈ। ਇਨ੍ਹਾਂ ਦੀ ਆਪਸ ਵਿੱਚ ਦੂਰੀ ਦੇ ਵਿਚਾਲੇ ਕੋਈ ਤਿੰਨ ਦਰਜਨ ਗ੍ਰਹਿ ਹੋਣਗੇ, ਪਰ ਉਨ੍ਹਾਂ ਵਿੱਚੋਂ ਸਿਰਫ਼ ਬਾਰਾਂ ਹੀ ਅਹਿਮ ਹਨ। ਇਨ੍ਹਾਂ ਵਿੱਚੋਂ ਤਿੰਨ ਤਾਂ ਜੀਵਨ ਨੂੰ ਸਹਾਰਾ ਦੇਣ ਦੇ ਯੋਗ ਨਹੀਂ ਹਨ, ਪਰ ਤਿੰਨਾਂ ਦੇ ਚੰਦ ਸ਼ਾਇਦ ਹਯਾਤੀ ਦੇ ਯੋਗ ਬਣ ਸਕਦੇ ਹਨ। ਵੈਸੇ ਉੱਥੇ ਜੀਵਨ ਮੌਜੂਦ ਵੀ ਹੈ। ਫਰਜ਼ ਕਰੋਂ ਕਿ ਪਹਿਲਾ ਸੂਰਜ ਗਿੱਟੀ ਦੇ ਉੱਤਰੀ ਪਾਸੇ ਹੈ ਅਤੇ ਦੂਜਾ ਜਨੂਬੀ ਪਾਸੇ ਵੱਲ, ਜਿੱਦਾਂ ਕੋਈ ਪੁਲਾੜ ਜਹਾਜ਼ੀ ਦੇ ਖਿੱਚੇ ਹੋਏ ਨਕਸ਼ੇ ਉੱਤੇ ਹੋਣ। ਲੋਕਾਂ ਨੇ ਉੱਤਰੀ ਸੂਰਜ ਨੂੰ – ਰਵੀ ਇੱਕਮ – ਨਾਂ ਦਿੱਤਾ ਹੈ ਅਤੇ ਦੱਖਣੀ ਸੂਰਜ ਨੂੰ – ਰਵੀ ਸਾਨੀ –। ਸਾਨੀ ਦੇ ਸਭ ਤੋਂ ਲਾਗੇ ਗ੍ਰਹਿ (– ਪਤਾਲ਼ – ਇੱਕ ਦਾ ਨਾਂ ਹੈ, – ਕਰਕ – ਦੂਜੇ ਦਾ ਨਾਂ ਹੈ) ਬਹੁਤ ਗਰਮ ਧਰਤੀ ਵਾਲੇ ਹਨ ਕਿ ਉਨ੍ਹਾਂ ਉੱਤੇ ਹੋਂਦ ਅਣਹੋਣ ਹੈ। ਸਾਨੀ ਤੋਂ ਰੋਸ਼ਨੀ ਨੂੰ ਉਨ੍ਹਾਂ ਉੱਤੇ ਪਹੁੰਚਾਉਣ ਲਈ ਸਿਰਫ਼ ਬਹੱਤਰ ਕਰੋੜ ਮੀਲ ਦਾ ਸਫਰ ਕਰਨਾ ਪੈਂਦਾ ਹੈ। ਪਰ ਪਤਾਲ਼ ਦੇ ਸਿਰਫ਼ ਸੌ ਖਰਬ ਮੀਲ ਖੱਬੇ ਪਾਸੇ ਇੱਕ ਗੁਲਾਬੀ ਰੰਗ ਦਾ ਗ੍ਰਹਿ ਹੈ ਜੋ ਸਾਡੀ ਦੁਨੀਆ ਤੋਂ ਖਬਰੇ ਪੰਜਾਹ ਗੁਣਾ ਵੱਡਾ ਹੋਵੇਗਾ, ਅਤੇ ਕਾਫ਼ੀ ਠੰਡਾ ਹੈ, ਪਰ ਉਸ ਉੱਤੇ ਜੀਵ ਜੰਤ ਜਿਉਂਦੇ ਹਨ, ਅਤੇ ਕੁਝ ਦੇਰ ਤੀਕਰ ਉਨ੍ਹਾਂ ਬਾਰੇ ਤੁਹਾਨੂੰ ਇੱਥੇ ਹੀ ਅਗਲੇ ਸਫ਼ਿਆਂ ਉੱਪਰ ਲਿਖਿਆ ਮਿਲੇਗਾ। ਇਸ ਗ੍ਰਹਿ ਦਾ ਦਿੱਤਾ ਨਾਂ – ਸੁੰਞਾਗ੍ਰਹਿ – ਹੈ। ਪਤਾਲ਼ ਦੇ ਸੱਜੇ ਪਾਸੇ ਕੁਝ ਕਰੋੜ ਮੀਲ ਕਰਕ ਹੈ ਅਤੇ ਉਸ ਦੇ ਸੱਜੇ ਪਾਸੇ, ਪਰ ਸ਼ਾਇਦ ਕੁਝ ਛੇ ਕਰੋੜ ਮੀਲ ਉੱਤਰ ਵੱਲ ਇੱਕ ਵੱਡਾ ਗ੍ਰਹਿ ਹੈ ਜੋ ਸੁੰਞਾਗ੍ਰਹਿ ਦੇ ਅੱਧ ਤੋਂ ਥੋੜ੍ਹਾ ਮਾਪ ਦਾ ਹੋਵੇਗਾ, ਪਰ ਇੱਕ ਜਮਾਉ ਪੱਥਰ ਹੀ ਹੈ। ਪਰ ਇਸ ਦੇ ਦੋ ਚੰਦ ਹਨ, ਜਿਨ੍ਹਾਂ ਵਿੱਚੋਂ ਇੱਕ ਦਾ ਨਾਂ – ਹਿਮਸਤਰ – ਹੈ। ਇਸ ਦੀ ਧਰਤੀ ਉੱਤੇ ਹਯਾਤ ਹੈ। ਜਿਊਣ ਵਾਸਤੇ ਚੰਗਾ ਵਾਤਾਵਰਣ ਹੈ।

ਹਿਮਸਤਰ ਅਤੇ ਸੁੰਞਾਗ੍ਰਹਿ ਦੇ ਮੱਧ ਵਾਟ ਲਖੂਖਹਾ ਮੀਲਾਂ ਦੀ ਹੈ। ਪਰ ਐਨ ਉਸ ਹੀ ਜਗ੍ਹਾ ਇੱਕ ਖ਼ਾਸ ਗ੍ਰਹਿ ਹੈ। ਉਹ ਹੈ – ਨੂਰਾਨੀ ਮਾਂ–। ਨੂਰਾਨੀ ਮਾਂ ਉੱਤੇ ਇਨਸਾਨ ਰਹਿੰਦੇ ਹਨ। ਇਨਸਾਨਾਂ ਨੇ ਜਦ ਪੁਲਾੜ ਉੱਤੇ ਪੁੱਜਣ ਦੀ ਜਾਚ ਸਿੱਖ ਲਈ ਸੀ, ਉਨ੍ਹਾਂ ਨੇ ਪੁਲਾੜੀ ਜਹਾਜ਼ ਬਣਾ ਕੇ ਰਟਨ ਦੇ ਯਤਨ ਸ਼ੁਰੂ ਕਰ ਲਏ ਸਨ। ਇੰਝ ਹਿਮਸਤਰ ਤੀਕਰ ਪੁੱਜ ਗਏ ਸਨ। ਫੇਰ ਹੋਰ ਉੱਤਰ ਵੱਲ ਜਾ ਕੇ ਗ਼ਲਬਾ ਤਖ਼ਤ ਤੱਕ ਪਾਹੁੰਚ ਗਏ। ਇੱਥੇ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਬ੍ਰਹਿਮੰਡ ਵਿੱਚ ਹੋਰ ਜੀਵ ਹਨ, ਨਾਲੇ ਉਹ ਜੀਵ ਹਨ, ਜੋ ਇਨਸਾਨ ਦੀ ਹਰ ਗੱਲ ਵਿੱਚ ਮੁਕਾਬਲਾ ਕਰ ਸਕਦੇ

ਹਨ। ਕੁਝ ਗੱਲਾਂ ਵਿੱਚ ਤਾਂ ਇਨਸਾਨ ਤੋਂ ਵੀ ਅੱਗੇ ਸਨ। ਇੱਥੇ ਪਹਿਲੀ ਵਾਰੀ ਇੱਕ ਹੋਰ ਸੂਝਵਾਨ ਨਸਲ ਮਿਲੀ ਜੋ ਬਣਮਾਣਸੋਂ ਤੋਂ ਨਹੀਂ ਪੈਦਾ ਹੋਈ! ਇਨਸਾਨਾਂ ਵਾਂਗ ਬੋ.ਲ ਸਕਦੀ ਸੀ, ਤੁਰ ਸਕਦੀ ਸੀ ਅਤੇ ਸੋਚ-ਸੋਚ ਕੇ ਆਪਣੀਆਂ ਕਈ ਤਹਿਜ਼ੀਬਾਂ ਬਣਾ ਚੁੱਕੀ ਸੀ। ਇਨ੍ਹਾਂ ਲੋਕਾਂ ਕੋ.ਲੇ ਵੀ ਪੁਲਾੜ ਜਹਾਜ਼ ਸਨ। ਇਲਮ ਸੀ। ਪਰ ਜਿੱਥੇ ਇਨਸਾਨ ਸੁਮੰਦਰ ਵਿੱਚੋਂ ਆ ਕੇ ਬਾਂਦਰ ਰੂਪ ਤੋਂ ਲੈ ਕੇ ਬੰਦਾ ਹੋ ਗਿਆ, ਇਹ ਕੌਮ, ਜਿਸ ਦਾ ਨਾਂ -ਸਾਨ੍ਹਾਨਸਲ- ਸੀ, ਕਿਰਲਿਆਂ ਤੋਂ ਪੈਦਾ ਹੋਈ ਸੀ! ਹਜ਼ਾਰਾਂ ਸਦੀਆਂ ਬਾਅਦ ਦੋਹਾਂ ਕੌਮਾਂ ਨੇ ਰਲ਼ ਕੇ ਗ਼ਲਬਾ ਤਖ਼ਤ ਉੱਤੇ ਲੋਕ ਰਾਜ ਪੈਦਾ ਕਰ ਲਿਆ ਜਿੱਥੋਂ ਸਾਰਾ ਖੰਕਾ ਗਿੱਟੀ ਦਾ ਰਾਜ ਕਾਜ ਹੋਇਆ। ਦੱਖਣ ਆ.ਲੇ ਗ੍ਰਹਿ ਤਕਰੀਬਨ ਇਨਸਾਨਾਂ ਦੇ ਸਨ ਅਤੇ ਉੱਤਰ ਵਾ.ਲੇ ਸਾਨ੍ਹਾਨਸਲਾਂ ਦੇ ਸਨ।

ਵੈਸੇ ਗ਼ਲਬਾ ਤਖ਼ਤ ਗਿੱਟੀ ਦੇ ਗੱਭੇ ਹੀ ਸੀ। ਇਸ ਦੇ ਖੱਬੇ ਪਾਸੇ ( ਉਸ ਨਕਸ਼ੇ ਦਾ ਚੇਤਾ ਨਹੀਂ ਭੁਲਾਉਣਾ) ਇੱਕ ਗੈਸ ਨਾ.ਲ ਭਰਿਆ ਗ੍ਰਹਿ ਸੀ ਜਿਸ ਉੱਤੇ ਕੁਝ ਵਿ ਜਿਉ ਨਹੀਂ ਸਕਦਾ ਸੀ, ਪਰ ਉਸ ਦੇ ਚੰਨ ਉੱਤੇ ਜੀਅ ਸਕਦੇ ਸਨ। ਇਸ ਚੰਦ ਦਾ ਨਾਂ - ਚਕੋਰਵਾੜੀ - ਸੀ ਅਤੇ ਰੰਗ ਵਿੱਚ ਸਬਜ਼ ਸੀ, ਧਰਤੀ ਸਾਰੀ ਇੱਕ ਜੰਗ਼ਲ ਹੀ ਸੀ। ਪਰ ਹਵਾ ਦੇ ਕਾਰਨ ਹੋਂਦ ਸੀ। ਇਸ ਨੂੰ ਕਈ ਸਦੀਆਂ ਪਹਿਲਾਂ ਸਾਨ੍ਹਾਨਸਲਾਂ ਨੇ ਅਧੀਨ ਕਰ ਲਿਆ ਸੀ। ਗ਼ਲਬਾ ਖ਼ੁਦ ਕੋ.ਲ ਕੋਈ ਚੰਨ ਨਹੀਂ ਸੀ , ਸੋ ਰਾਤ ਬਹੁਤ ਅਜੀਬ ਜਿਹੀ ਸੀ। ਗੈਸ ਦਾ ਗ੍ਰਹਿ ( ਜਿਸ ਨੂੰ ਸਭ - ਗਾਮਾ ਮਾਮਾ- ਆਖਦੇ ਸਨ) ਗ਼ਲਬਾ ਦਾ ਚੰਦ ਸੀ , ਜਿਓ ਫ਼ਾਸਲਾ ਸਿਰਫ਼ ੧੦ ਕਰੋੜ ਮੀਲਾਂ ਦਾ ਹੀ ਸੀ। ਪਰ ਇਹ ਇੱਕ -ਚੰਦ-ਸੀ ਜੋ ਗ਼ਲਬਾ ਦਾ ਗੇੜਾ ਨਹੀਂ ਦੇ ਸਕਦਾ ਸੀ। ਇਸ ਕਰਕੇ ਜਿਹੜਾ ਪਾਸਾ ਗ਼ਲਬਾ ਦੇ ਗਾਮਾ ਵੱਲ ਸੀ , ਉਸ ਵਾਸਤੇ ਛਿਮਾਹੀ ਹਨ੍ਹੇਰਾ ਸੀ, ਛਿਮਾਹੀ ਜਗਮਗ ਸੀ।ਲੋਕਾਂ ਵਾਸਤੇ ਲੰਬੇ ਦਿਹਾੜੇ ਜਦ ਆਉਂਦੇ , ਜਾਂ ਲੰਬੀਆਂ ਰਾਤਾਂ ਔਖੀਆਂ ਸਨ, ਪਰ ਖੰਕਾ ਗਿੱਟੀ ਦੇ ਮੱਧ ਹੋਣ ਕਰਕੇ ਰਾਜ ਦੀ ਕੁਰਸੀ ਇੱਥੇ ਹੀ ਰਹੀ। ਇਨਸਾਨਾਂ ਨੂੰ ਜ਼ਿਆਦਾ ਔਖਾ ਲੱਗਾ ਪਰ ਕਿਰਲੇ ਵਰਗੀ ਕੌਮ ਲਈ ਬਹੁਤਾ ਔਖਾ ਨਹੀਂ ਸੀ। ਜ਼ਿਆਦਾ ਉਨ੍ਹਾਂ ਦੀ ਹੀ ਇੱਥੇ ਅਬਾਦੀ ਸੀ। ਗ਼ਲਬਾ ਤਖ਼ਤ ਦੇ ਖੱਬੇ ਪਾਸੇ, ਪਰ ਕਾਫ਼ੀ ਦੂਰ ਪੰਧ ਉੱਤੇ, ਇੱਕ ਹੋਰ ਪੱਥਰ ਵਾ.ਲਾ ਗ੍ਰਹਿ ਸੀ। ਇਹ ਓਨਾ ਹੀ ਦੂਰ ਰਵੀ ਇੱਕਮ ਤੋਂ ਸੀ, ਜਿੰਨਾ ਦੂਰ ਗ਼ਲਬਾ ਤਖ਼ਤ ਤੋਂ ਸੀ। ਇਸ ਪੱਥਰ ਨੂੰ ਸਾਨ੍ਹਾਨਸਲ ਲੋਕ - ਹਸਦ ਬਾਬਾ - ਆਖਦੇ ਸਨ। ਇਸ ਦੇ ਆ.ਲੇ ਦੁਆ.ਲੇ ਇੱਕ ਕਪਾਹੀ ਰੰਗ ਦਾ ਚੰਦ ਚੱਕਰ ਕਰਦਾ ਸੀ। ਉਹ ਸੀ ਸਾਨ੍ਹਾਨਸਲਾਂ ਦੀ ਘਰ ਦੁਨੀਆ, ਭਟਚੰਨ। ਇਸ ਤੋਂ ਬਾਅਦ ਰਵੀ ਇੱਕਮ ਦੇ ਅੱਧੇ ਰਾਹ ਪੁੱਜ ਕੇ ਤਿੰਨ ਭਰਾ

ਗ੍ਰਹਿ ਆਉਂਦੇ ਸਨ ਜੋ ਇੱਕ ਮੁਤਵਾਜ਼ੀ ਸੇਧ ਵਿੱਚ ਸਨ। ਤਿੰਨ ਹੀ ਸਿਰਫ਼ ਕੁਝ ਅਠਾਰਾਂ ਕਰੋੜ ਮੀਲ ਇੱਕਮ ਤੋਂ ਸਨ।

ਇਹ ਸੀ ਜਾਣਿਆ ਪਛਾਣਿਆ ਬ੍ਰਹਿਮੰਡ।

ਆਪਾਂ ਉੱਪਰਲ਼ੇ ਪਰਿਛੇਦ ਵਿੱਚ ਕਿਹਾ ਸੀ ਕਿ ਅੱਸੀਂ ਪਤਾਲ਼ ਦੇ ਖੱਬੇ ਪਾਸੇ ਵਾਲ਼ੇ ਜੰਗ ਬਾਰੇ ਦੱਸਾਂਗੇ। ਉਹ ਗੁਲਾਬੀ ਦਨੀਆਂ ਨਿਰਾਕਾਰੀ ਦੀ ਹੈ। ਉਸ ਦਾ ਨਾਂ ਸੁੰਵਾਗ੍ਰਹਿ ਹੈ।

ਹੁਣ ਆਈ ਗੱਲ ਸੁੰਵਾਗ੍ਰਹਿ ਗ੍ਰਹਿ ਦੀ। ਜਿੱਥੇ ਜੀਵਨ ਹੁੰਦਾ, ਹਰ ਕਿਸਮ ਦਾ ਹੁੰਦਾ। ਹਯਾਤ ਵਾਸਤੇ ਕੁਝ ਹਾਲਤਾਂ ਦੀ ਲੋੜ ਸੀ। ਇੰਝ ਹੀ ਸੁੰਵਾਗ੍ਰਹਿ ਉੱਤੇ ਹਰ ਕਿਸਮ ਦੇ ਪਸ਼ੂ ਸਨ, ਅਤੇ ਹਰ ਕਿਸਮ ਦੀ ਵਨਸਪਤੀ ਸੀ। ਜੀਵ ਪਹਿਲਾਂ-ਪਹਿਲਾਂ ਇੱਕ ਕਣ ਹੀ ਹੁੰਦਾ ਹੈ। ਫੇਰ ਉਸ ਤੋਂ ਉੱਨਤੀ ਕਰਦਾ ਹੈ। ਇਨਸਾਨ ਕਿਵੇਂ ਸ਼ੁਰੂ ਹੋਇਆ ਤੁਸੀਂ ਖ਼ੁਦ ਅੰਦਾਜ਼ਾ ਲਾ ਸਕਦੇ ਹੋ। ਜਿਸ ਤਰ੍ਹਾਂ ਸਾਡੇ ਸੰਸਾਰ ਵਿੱਚ ਜਨੌਰ ਜਾਨਵਰ ਹਨ, ਇਸ ਤਰ੍ਹਾਂ ਉਸ ਜੱਗ ਉੱਤੇ ਕਈ ਕਿਸਮ ਦੇ ਜੀਵ ਸਨ। ਨਿੱਕੇ-ਨਿੱਕੇ ਕਿਰਮ ਤੋਂ ਵੱਡੇ-ਵੱਡੇ ਜਾਨਵਰ। ਇਸ ਕਹਿਕਸ਼ਾ ਦੇ ਇਨਸਾਨ ਬਾਰੇ ਕੁਝ ਦੇਰ ਤੱਕ ਗੱਲ ਕਰਾਂਗੇ। ਫੇਰ ਰਹਿ ਗਏ ਦੂਜੇ ਸਿਆਣੇ ਜੀਅ ਜੰਤ। ਪਹਿਲਾਂ ਆਪਾਂ ਨਿਰਾਕਾਰੀਆਂ ਨੂੰ ਮਿਲਾਂਗੇ ਫੇਰ ਸਾਨ੍ਹਾਨਸਲਾਂ ਨੂੰ। ਸੁੰਵਾਗ੍ਰਹਿ ਦਿਆਂ ਜੀਵਾਂ ਵਿੱਚੋਂ ਸਭ ਤੋਂ ਉੱਚੀ ਖਲਕਤ ਨਿਰਾਕਾਰੀ ਹਨ। ਮਤਲਬ ਜੇ ਇੱਕ ਮੀਨਾਰਾਕਾਰ ਹੁੰਦਾ ਜਾਂ ਕੋਈ ਨੋਕ ਵਾਲ਼ਾ ਗਿਰ, ਉਸ ਦੀ ਸਿਖਰ ਉੱਤੇ ਨਿਰਾਕਾਰੀ ਜੀਵ ਬੈਠਾ ਹੋਵੇਗਾ, ਜਿੱਦਾਂ ਸਾਡੇ ਸੰਸਾਰ ਦੀ ਸਿਖਰ ਉੱਤੇ ਸ਼ੇਰ ਨਹੀਂ ਪਰ ਆਦਮੀ ਬੈਠਾ ਹੈ।

ਵੈਸੇ ਸੁੰਵਾਗ੍ਰਹਿ ਸਾਡੇ ਵਾਸਤੇ ( ਸਾਨ੍ਹਾਨਸਲ ਲੋਕ ਵਾਸਤੇ ਵੀ), ਕਾਫ਼ੀ ਗੈਰ ਜਹਾਨ ਹੈ। ਉੱਤੇ ਤਾਂ ਚਲਾ ਚਲੀ ਦਾ ਮੇਲਾ ਹੀ ਲੱਗਾ ਸੀ। ਆਮ ਧਰਤ ਜਿਸ ਉੱਤੇ ਜੀਵ ਜਿਓ ਸਕਦਾ ਹੈ, ਨੂੰ ਸੂਰਜ ਤੋਂ ਇੱਕ ਸੌ ਪੰਜਾਹ ਮੀਲ ਉੱਤੇ ਹੋਣਾ ਚਾਹੀਦਾ। ਉਸ ਨੂੰ ਵਾਅ ਦੀ ਲੋੜ ਹੈ, ਪਾਣੀ ਦੀ ਲੋੜ ਹੈ ਅਤੇ ਗੈਸ ਦੀ। ਸਾਡੇ ਵਾਸਤੇ ਪ੍ਰਾਣ ਵਾਯੂ ਦੀ ਲੋੜ ਹੈ। ਸਾਡੀ ਦੁਨੀਆ ਉੱਤੇ ਚੰਨ ਹੈ ਜਿਸ ਦੇ ਲਾਗੇ ਹੋਣ ਕਰਕੇ ਸਮੁੰਦਰਾਂ ਦੀਆਂ ਠਾਠਾਂ ਹਿਲਦੀਆਂ ਹਨ। ਧਰਤੀ ਦੀ ਖਿੱਚ ਹੈ। ਪਰ ਸੁੰਵਾਗ੍ਰਹਿ ਤਾਂ ਹੋਰ ਹੀ ਚੀਜ਼ ਹੈ। ਗੈਸ ਨਾਲ਼ ਭਰਿਆ ਪਿਆ, ਅਕਸਰ ਇਨਸਾਨ ਵਾਸਤੇ ਜਹਿਰੀ ਵਾਅ

ਹੈ। ਜ਼ਿਆਦਾ ਨਾਈਟ੍ਰੋਜਨ ਅਤੇ ਬ੍ਰੋਮੀਨ ਨਾ਼ਲ ਹਵਾ ਭਰੀ ਹੈ। ਮੈਂ ਪਹਿਲਾਂ ਕਿਹਾ ਸੀ, ਹਰ ਕਿਸਮ ਦਾ ਜੀਵ ਇੱਥੇ ਹੈ, ਹਰ ਕਿਸਮ ਦੀ ਵਨਸਪਤੀ। ਪਰ ਜੋ ਸਾਡੇ ਸਮਝ ਵਿੱਚ ਹੈ, ਉਹ ਨਹੀਂ ਹੈ। ਇਸ ਧਰਤ ਉੱਤੇ ਲਾਲ ਖ਼ਾਰਾਂ ਵਾ਼ਲੇ ਬੂਟੇ ਹਨ, ਜਿਨ੍ਹਾਂ ਨੂੰ ਹੱਥ ਲਾ ਕੇ ਮਾਸ ਚੀਰ ਹੋ ਜਾਂਦਾ। ਇਨ੍ਹਾਂ ਬੂਟਿਆਂ ਦੇ ਵਿਚਾਲੇ ਉਡਾਰੀ ਮਾਰਨ ਵਾ਼ਲੇ ਜੀਵ ਰਹਿੰਦੇ ਹਨ, ਜੋ ਵੇਖਣ ਨੂੰ ਮੱਛੀ ਵਰਗੇ ਹਨ। ਕੀੜੇ ਗੋ਼ਲ ਗਲਪੇ ਹਨ ਜਿਨ੍ਹਾਂ ਕੋ਼ਲ ਲੱਤਾਂ ਦੀ ਥਾਂ ਅੱਠ-ਦੱਸ ਟੋਹਣੇ ਹਨ। ਹੋਰ ਸਾਰੇ ਜਾਨਵਰ ਹਵਾ ਵਿੱਚ ਉੱਡਦੇ ਫਿਰਦੇ ਨੇ। ਇਨ੍ਹਾਂ ਜਾਨਵਰਾਂ ਕੋ਼ਲ ਲੱਤਾਂ ਹੈ ਨਹੀਂ। ਸਭ ਗੋ਼ਲ, ਜਾਂ ਲੰਬੂਤਰਾ ਰੂਪ ਦੇ ਹਨ। ਵਾਅ ਦੀ ਥਾਂ ਗੈਸ ਹੀ ਗੈਸ ਹੈ। ਇਸ ਵਿੱਚ ਸਭ ਕੁਝ ਉੱਡਦਾ ਹੈ, ਪਰ ਸਾਨੂੰ ਇੰਝ ਜਾਪਦਾ ਜਿੱਦਾਂ ਵੱਡਾ ਕਸੀਸ ਰੰਗ ਸਮੁੰਦਰ ਹੈ, ਜਿਸ ਵਿੱਚ ਮੁੱਛੀਆਂ ਤਰਦੀਆਂ ਹਨ। ਪਾਣੀ ਜਾਂ ਅਸਲੀ ਸਮੁੰਦਰ ਨਹੀਂ ਹੋਣ ਉੱਤੇ ਦਾ ਮਤਲਬ ਹੈ, ਹੋਰ ਕਿਸੇ ਜੱਗ ਵੱਲੋਂ ਸੁੰਵਾਗ੍ਰਹਿ ਨੂੰ ਡਿੱਠੋਂ, ਤਾਂ ਕਿੰਬ ਫ਼ਲਕ ਵਿੱਚ ਘੁੰਮਦਾ ਲੱਗਦਾ ਹੈ। ਚੰਨ ਹੈ ਨਹੀਂ ਕਰਕੇ ਕੋਈ ਅਰਸ਼ੀ ਸਿਤਾਰੇ ਦਾ ਅਸਰ ਨਹੀਂ ਪੈਂਦਾ। ਪਾਣੀ ਨਹੀਂ ਹੋਣ ਉੱਤੇ ਮੀਂਹ ਨਹੀਂ ਪੈਂਦਾ। ਲਾਲ ਘਾਹ ਧਰਤੀ ਤੋਂ ਪਾਣੀ ਪੀਣ ਦੇ ਬਜਾਏ , ਖਣਿਜ ਪੱਥਰ ਤੋਂ ਰਿਜ਼ਕ ਲੈਂਦਾ ਹੈ। ਇੰਝ ਗੈਸ ਵਿੱਚ ਤਰਦੇ ਉੱਡਦੇ ਜਾਨਵਰ ਗੈਸ ਨੂੰ ਪਚਾਉਂਦੇ ਹਨ। ਇੰਝ ਹੀ ਨਿਰਾਕਾਰੀ ਰਹਿੰਦੇ ਹਨ। ਵਾਅ ਵਿੱਚ ਰੁੜ੍ਹਦੇ, ਗੈਸ ਨੂੰ ਹਜ਼ਮ ਕਰਦੇ।

ਇਸ ਜੱਗ ਵਿੱਚ ਇੱਕ ਗੱਲ ਲਾਸ਼ਰੀਕ ਹੈ। ਕੋਈ ਜਾਨਵਰ ਮਾਸ ਨਹੀਂ ਖਾਂਦਾ। ਲਾ਼ਲ ਬੂਟਿਆਂ ਨੂੰ ਵੀ ਨਹੀਂ ਸੇਵਨ ਕਰਦਾ। ਇਸ ਕਰਕੇ ਅਬਾਦੀ ਗੁੰਜਾਨ ਹੋ ਜਾਂਦੀ ਹੈ। ਇਸ ਦਾ ‘ਲਾਜ ਹੈ ਕਿ ਹਰ ਜੀਵ ਮਾਂ-ਪਿਓ ਨਹੀਂ ਬਣ ਸਕਦਾ, ਅਤੇ ਹੋਰ ਜਾਨਵਾਰ ਦੀ ਉਮਰ ਦਸ ਤੋਂ ਪੰਦਰਾਂ ਵਰ੍ਹਿਆਂ ਵਾਸਤੇ ਹੀ ਹੈ। ਇਕੱਲੇ ਨਿਰਾਕਾਰੀ ਵੀਂਹ ਜਾਂ ਤੀਹ ਸਾਲਾਂ ਵਾਸਤੇ ਜਿਓ ਸਕਦੇ ਹਨ। ਨਾ਼ਲੇ ਦੂਜਿਆਂ ਸਾਰਿਆਂ ਨਾਲੋਂ ਅੱਠ ਗੁਣੇ ਵੱਡੇ ਹਨ। ਇਸ ਕਰਕੇ ਨਿਰਾਕਾਰੀ ਜੱਗ ਉੱਤੇ ਪਰਭਾਵ ਪਾਉਂਦੇ ਹਨ। ਜੇ ਦੁਨੀਆ ਦਾ ਖਣਿਜ ਧਨ ਉੱਤੇ ਖਤਰਾ ਹੈ, ਖ਼ਾਸ ਅਬਾਦੀ ਕਰਕੇ, ਫੇਰ ਨਿਰਾਕਾਰੀ ਫਾਲਤੂ ਜੀਵਾਂ ਨੂੰ ਸ਼ਿਕਾਰ ਕਰ ਕੇ ਮਾਰਦੇ ਹਨ। ਲੋਥ ਧਰਤੀ ਉੱਤੇ ਪਏ ਹਾਰਕੇ ਗਰ ਜਾਂਦੇ ਹਨ। ਮਾਸ ਲੈ-ਲੈ ਕੇ ਹੱਡਾਂ ਨੂੰ ਇਜ਼ਹਾਰ ਕਰਦਾ ਹੈ। ਜੇ ਨਿਰਾਕਾਰੀ ਦੀ ਖ਼ੁਦ ਅਬਾਦੀ ਵਧ ਜਾਂਦੀ, ਫੇਰ ਹੀ ਜੰਗ ਹੁੰਦਾ। ਪਰ ਸਾਡੇ ਸਮਝ ਤੋਂ ਬਾਹਰ ਵਾਲਾ ਜੰਗ ਹੈ! ਜੰਗੀ ਸਾਜ਼ ਸਮਾਨ ਹਰਬੇ ਹਥਿਆਰ ਨਹੀਂ ਹਨ। ਪਰ ਇੱਕ ਦੂਜੇ ਨੂੰ ਅੰਤਰਜ਼ਾਮਤਾ ਨਾ਼ਲ ਇਸ਼ਾਰੇ ਦਿੰਦੇ ਹਨ। ਮਤਲਬ ਬੋ਼ਲੀ ਸੋਚਾਂ ਦੀ ਸ਼ੁਆ ਨਾ਼ਲ ਚੱਲਦੀ ਹੈ। ਇੱਕ ਦੂਜੇ ਦਿਆਂ ਖਿਆਲਾਤਾਂ ਨਾ਼ਲ ਸੰਚਾਰ ਕਰਦੇ ਹਨ। ਇਸ ਲਈ ਲਫ਼ਜ਼ਾਂ ਵਾਲੀ ਜ਼ੁਬਾਨ ਦੀ ਲੋੜ ਨਹੀਂ। ਸਲੀਸ ਜਬਾਨਦਾਨੀ ਦੀ ਲੋੜ ਹੀ ਨਹੀਂ ਹੈ, ਕਿਉਂਕਿ ਕਾਹਤੋਂ ਸ਼ਬਦਾਂ ਵਾ਼ਲੀ ਬੋ਼ਲੀ ਨੂੰ ਉੱਸਰੀਏ

ਜਦ ਸੋਚ ਜਜ਼ਬੇ ਤਰੰਗ ਨਾਲ਼ ਇੱਕ ਦੂਜੇ ਨੂੰ ਭੇਜ ਕੇ ਮਨ ਦੀ ਗੱਲ ਪਤਾ ਲਾ ਸਕਦੇ ਹਨ? ਮਹਿਰਮ ਸਦਭਾਵ ਅਤੇ ਅਹਿਸਾਸ ਦੇ ਸਿਗਨਲ ਇੱਕ ਦੂਜੇ ਨੂੰ ਘੱਲਦੇ ਹਨ। ਇੱਕ ਦੂਜੇ ਦੀਆਂ ਸੋਚਾਂ ਨੂੰ ਪੜ੍ਹ-ਪੜ੍ਹ ਕੇ ਗੁਫ਼ਤਗੂ ਕਰਦੇ-ਕਰਦੇ ਜੰਗ ਲੜਣੀ ਵਿਚਿੱਤਰ ਹੈ। ਜਿਸ ਦਾ ਅੰਦਰਲਾ ਸਬਲ ਹੈ, ਉਹ ਕਮਜ਼ੋਰ ਜ਼ਿਹਨ ਨੂੰ ਆਪਣੇ ਮਨ ਦੇ ਜ਼ੋਰ ਨਾਲ਼ ਹੀ ਖਾਕ ਵਿੱਚ ਮਿਲ਼ਾ ਦਿੰਦੇ ਨੇ। ਹਾਰਨ ਵਾਲੇ ਦਾ ਦਿਮਾਗ਼ ਫਟ ਜਾਂਦਾ। ਪਰ ਜੇਤੂ ਇਸ ਨਾਲ਼ ਖ਼ੁਸ਼ ਨਹੀਂ ਹੁੰਦਾ। ਉਸ ਨੂੰ ਮਾਰੇ ਹੋਏ ਦੇ ਜ਼ਜਬੇ ਉਦਾਸੀ ਵਿੱਚ ਡੋਬ ਦਿੰਦੇ ਹਨ; ਗਮਗੀਨ ਹੋ ਜਾਂਦੇ ਹਨ।

ਸੋ ਨਿਰਾਕਾਰੀ ਇਨਸਾਨ ਤੋਂ ਕਾਫ਼ੀ ਅਲੱਗ ਜੀਵ ਹੈ। ਜਦ ਪਹਿਲੀ ਵਾਰੀ ਇਨਸਾਨ ਅਤੇ ਨਿਰਾਕਾਰੀ ਮਿਲੇ ਸਨ, ਇਨਸਾਨ ਹੈਰਾਨ ਸੀ ਕਿ ਉਸ ਦੇ ਜ਼ਿਹਨ ਨੂੰ ਫਰੋਲ਼ ਕੇ ਉਸ ਦੀ ਸਾਰੀ ਜਿੰਦੜੀ ਬਾਰੇ ਪਲ ਵਿੱਚ ਜਾਣ ਗਏ! ਨਿਰਾਕਾਰੀ ਦੀਆਂ ਸੋਚਾਂ ਨਾਲ਼, ਸਦਭਾਵ ਨਾਲ਼ ਗੁਫ਼ਤਗੂ ਹੋਇਆ ਸੀ। ਲਫ਼ਜ਼ਾਂ ਦੀ ਨਹੀਂ ਲੋੜ ਸੀ। ਇਸ ਤਰ੍ਹਾਂ ਸਾਨ੍ਹਾਨਸਲ ਨਾਲ਼ ਹੋਇਆ ਸੀ। ਕੋਈ ਬੰਦਾ ਜਾਂ ਕਿਰਲਾ ਜੋ ਮਨ ਵਿੱਚ ਸੀ ਨਿਰਾਕਾਰੀ ਤੋਂ ਲੁਕੋ ਨਹੀਂ ਸਕਦਾ ਸੀ। ਇਸ ਟੈਲੀਪਥੀ ਨਾਲ਼ ਹਾਰਕੇ ਮਾਨਤਾ ਸੀ। ਇੰਝ ਇਨਸਾਨ ਅਤੇ ਸਾਨ੍ਹਾਨਸਲ ਦੀਆਂ ਬੋਲੀਆਂ ਨਿਰਾਕਾਰੀ ਨੇ ਸਿੱਖ ਲਈਆਂ ਸਨ। ਪਰ ਮੂੰਹੋਂ ਆਵਾਜ਼ ਨਹੀਂ ਨਿਕਲ਼ਦੀ ਸੀ, ਇਨਸਾਨ ਜਾਂ ਸਾਨ੍ਹਾਨਸਲ ਦੇ ਮਨ ਵਿੱਚ ਵਾਕ ਬਣਦੇ ਸਨ। ਹਾਰਕੇ ਗੈਸ ਵਾਲ਼ੇ ਕਮਰੇ ਪੁਲਾੜ ਜਹਾਜ਼ਾਂ ਵਿੱਚ ਪਾ ਦਿੱਤੇ ਸਨ, ਜਿਸ ਵਿੱਚ ਨਿਰਾਕਾਰੀ ਜਹਾਜ਼ ਦਾ ਸਫ਼ਰ ਕਰ ਸਕਦੇ ਸਨ। ਇਨਸਾਨ ਦੀ ਵਾਅ ਉਨ੍ਹਾਂ ਵਾਸਤੇ ਹਲਾਹਲ ਸੀ ਅਤੇ ਉਨ੍ਹਾਂ ਦੀ ਹਵਾ ਉਲਟੀ ਪੁਲ਼ਟੀ ਸੀ ਇਨਸਾਨਾਂ ਵਾਸਤੇ। ਇਸ ਕਰਕੇ ਨਿਰਾਕਾਰੀ ਹਾਰਕੇ ਇੱਕ ਲੰਬੇ ਕੱਚ ਵਾਲੇ ਤਾਬੂਤੀ ਸੰਦੂਕ ਵਿੱਚ ਆਉਂਦੇ ਜਾਂਦੇ ਸਨ। ਇਸ ਵਿੱਚ ਵਾਅ ਸੀ ਜਿਸ ਵਿੱਚ ਵਹਾਉਂਦੇ ਸਨ। ਆਪਣੀਆਂ ਸੋਚਾਂ ਨਾਲ਼ ਸੰਦੂਕ ਨੂੰ ਰੋੜ੍ਹ ਕੇ ਚਲਾਉਂਦੇ ਸੀ। ਜਦ ਇਨਸਾਨ ਜਾਂ ਸਾਨ੍ਹਾਨਸਲੇ ਉਨ੍ਹਾਂ ਦੀ ਵਾਅ ਵਿੱਚ ਸਨ, ਹਮੇਸ਼ਾ ਮੂੰਹ ਉੱਤੇ ਸਾਸ ਕਿਰਿਆ ਨਕਾਬ ਪਾਉਣਾ ਪੈਂਦਾ ਸੀ। ਹਾਰਕੇ ਇਨਸਾਨਾਂ ਨੇ ਹੀ ਨਿਰਾਕਾਰੀਆਂ ਨੂੰ ਪੁਲਾੜ ਜਹਾਜ਼ ਵਾਲ਼ੀ ਵਿਗਿਆਨੀ ਦੇ ਦਿੱਤੀ ਸੀ ਅਤੇ ਅਹਿਮ ਨਿਰਾਕਾਰੀਏ ਵੀ ਪੁਲਾੜ ਦਾ ਸਫ਼ਰ ਕਰ ਸਕਦੇ ਸਨ।

ਵੈਸੇ ਨਿਰਾਕਾਰੀ ਇਨਸਾਨਾਂ ਅਤੇ ਸਾਨ੍ਹਾਨਸਲਾਂ ਦੇ ਮਨ ਨੂੰ ਫ਼ਰੋਲ ਸਕਦੇ ਨੇ; ਜ਼ਿਹਨਾਂ ਵਿੱਚ ਸੋਚ ਦੀ ਸਫ਼ਰ ਕਰ ਸਕਦੇ ਹਨ। ਉਨ੍ਹਾਂ ਦੀ ਟੈਲੀਪਥੀ ਤੋਂ ਕੋਈ ਨਹੀਂ ਬਚ ਸਕਦਾ ਹੈ। ਵਿਚਲੀ ਗੱਲ ਦਾ ਭੇਤ ਕੱਢ ਲੈਂਦੇ ਹਨ। ਝੂਠ ਬੋਲ਼ਣ ਦਾ ਕੋਈ ਫ਼ਾਇਦਾ ਨਹੀਂ ਹੈ ਕਿਉਂਕਿ ਖੁਲ੍ਹੀ ਕਿਤਾਬ ਵਾਂਗਰ ਸਭ ਦੀਆਂ ਸੋਚਾਂ ਨੂੰ ਪੜ੍ਹ ਲੈਂਦੇ ਨੇ। ਟੈਲੀਪਥੀ ਦੀ ਖ਼ਾਸੀਅਤ ਹੈ ਕਿ

ਜਿਸ ਨਾਲ਼ ਨਿਰਾਕਾਰੀ ਸੰਚਾਰ ਕਰਦੇ ਨੇ ਉਸ ਨੂੰ ਨਿਰਾਕਾਰੀ ਦੀਆਂ ਸੋਚਾਂ ਆਪਣੀ ਬੋਲ਼ੀ ਵਿੱਚ ਹੀ ਮਿਲਦੀਆਂ ਹਨ। ਮਨ ਵਿੱਚ ਆਵਾਜ਼ ਸੁਣਦੀ ਹੈ, ਜਿਸ ਨੂੰ ਸੱਚ ਵਿੱਚ ਸੋਚ ਉਡਾਰੀ ਹੀ ਸਮਝਿਆ ਜਾ ਸਕਦਾ ਹੈ। ਇਹ ਵੀ ਇੱਕ ਕਿਸਮ ਦਾ ਧੋਖਾ ਹੈ। ਉਸ ਆਵਾਜ਼ ਦਾ ਅਸਰ ਇੰਝ ਹੁੰਦਾ ਜਿਵੇਂ ਸੁਣਨ ਵਾਲੇ ਨੇ ਗਾਂਜਾ ਪੀ ਕੇ ਪੀਨਕ ਹੋ ਗਿਆ ਹੈ। ਸਰੂਰ ਚੜ੍ਹ ਜਾਂਦਾ ਹੈ। ਪਰ ਇਕੱਲਾ ਜ਼ਿਹਨ ਨਹੀਂ ਧੋਖਾ ਖਾਂਦਾ ਹੈ, ਨੇਤਰ ਵੀ ਧੋਖਾ ਖਾਂਦੇ ਹਨ। ਭਾਵੇਂ ਨਿਰਾਕਾਰੀ ਦਾ ਜੁੱਸਾ ਕੱਚ ਤਾਬੂਤੀ ਸੰਦੂਕ ਵਿੱਚ ਉਡਦਾ ਫਿਰਦਾ ਜਾਪਦਾ ਹੈ, ਸੱਚ ਵਿੱਚ ਲੋਇਣ ਕੀ ਵਿਖਾਉਂਦੇ ਹਨ? ਜਾਂ ਕਿਸੇ ਦਾ ਮਨ ਹੀ ਨੈਣਾਂ ਨੂੰ ਚਕਮਾ ਦਿੰਦਾ ਹੈ? ਜਦ ਸੋਚਾਂ ਵਿੱਚ ਨਿਰਾਕਾਰੀ ਆ ਸਕਦੇ ਨੇ, ਫੇਰ ਤੁਹਾਡਾ ਕੀ ਰਹਿ ਗਿਆ ਹੈ? ਕੀ ਅੱਖਾਂ ਦੇ ਸਾਹਮਣੇ ਘਟਣਾ ਵਸਣਾ ਹੋ ਰਿਹਾ ਹੈ?

ਦੇਖਣ ਵਾਲੇ ਦੀ ਨਜ਼ਰ ਕਦੀ-ਕਦੀ ਨਿਰਾਕਾਰੀ ਦਾ ਰੂਪ ਇੱਕ ਵੱਡੀ ਮੱਛੀ ਵਰਗਾ ਵਿਖਾਉਂਦੀ ਹੈ। ਕਈ ਵਾਰੀ ਅਰੂਪ ਹੁੰਦੇ ਹਨ, ਬੇ-ਜਿਸਮ, ਬੱਸ ਧੁੰਧ ਹੀ ਦਿਸਦੀ ਹੈ। ਇੱਕ ਧੁੰਧ ਰੂਪੀ ਸਰੀਰ। ਪਰ ਹੋ ਸਕਦਾ ਕਿ ਅੰਤਰਜਾਮਤਾ ਦਾ ਅਸਰ ਹੋਵੇ। ਧੁੰਧ ਲੱਗਦਾ ਹੈ, ਪਰ ਹੈ ਰੂਪ ਵਾਲਾ ਜੀਵ। ਅਤੇ ਕਿਹੜਾ ਰੂਪ! ਤੁਹਾਡੇ ਸਾਹਮਣੇ ਕਈ ਬਾਹਾਂ ਵਾਲ਼ਾ ਤੰਦੂਆ ਹਵਾ ਵਿੱਚ ਉੱਡ ਰਿਹਾ ਹੈ! ਅੱਠ ਬਾਹਾਂ ਦੀ ਥਾਂ ਖਬਰੇ ਸਿਰਫ਼ ਛੇ ਹਨ। ਨਾਲ਼ੇ ਹਰ ਜੀਵ ਜਾਂ ਮਨੁੱਖ ਵਾਂਗ ਕਈ ਰੰਗ ਹੁੰਦੇ ਹਨ। ਨਿਰਾਕਾਰੀ ਦੇ ਤਿੰਨ ਰੰਗ ਆਮ ਹਨ। ਕਈਆਂ ਦਾ ਰੰਗ ਨੀਲੋਫ਼ਰ ਹੈ, ਕਈਆਂ ਦਾ ਨਾਰੰਗੀ ਹੁੰਦਾ ਹੈ। ਜ਼ਿਆਦਾ ਤਾਂ ਚਿੱਟੇ ਹਨ। ਆਹੋ ਸਾਹਮਣੇ ਤੰਦੂਏ ਵਰਗਾ ਬਦਨ ਜਾਪਦਾ ਹੈ, ਜੋ ਕੱਦ ਵਿੱਚ ਇਨਸਾਨ ਜਿੱਡਾ ਹੁੰਦਾ; ਹਵਾ ਵਿੱਚ ਟੰਗਿਆ, ਗੈਸ ਵਿੱਚ ਉੱਡਦਾ ਜਾ ਧੁੰਧ ਦਿਸਦੀ ਹੈ। ਕਦੀ ਧੁੰਧ ਉਨ੍ਹਾਂ ਦੇ ਆਲ਼ੇ ਦੁਆਲ਼ੇ ਹੁੰਦੀ ਹੈ, ਖ਼ੈਰ, ਜਦ ਤੁਹਾਡੀ ਕੌਮ ਦੇ ਰੂਪ ਵਿੱਚ ਜਾਪਦਾ ਹੈ। ਇੰਝ ਲੱਗਦਾ ਕਿ ਆਪਣਾ ਹੀ ਸਾਹਮਣੇ ਖਲੋਤਾ ਹੈ, ਆਸ ਪਾਸ ਧੁੰਧ ਵਿੱਚ। ਪਰ ਇੱਕ ਗੱਲ ਅਜੀਬ ਜਿਹੀ ਹੈ। ਭਾਵੇਂ ਇਨਸਾਨ ਦਾ ਮੂੰਹ ਹੋਵੇ ਜਾਂ ਸਾਨ੍ਹਾਨਸਲ ਦਾ ਰੁਖ਼, ਬੁੱਲ੍ਹਾ ਬਿਨਾਂ ਚਿਹਰਾ ਹੰਦਾ ਹੈ। ਬਾਹਾਂ ਵੀ ਬੇ-ਹੱਥ ਹਨ, ਜਿੱਦਾਂ ਛੇ ਬੇ-ਹੱਡ ਉਂਗਲ਼ਾਂ ਹੁੰਦੀਆਂ ਨੇ।

ਰਹਿ ਗਏ ਸਾਨ੍ਹਾਨਸਲ ਲੋਕ। ਉਨ੍ਹਾਂ ਬਾਰੇ ਵੀ ਕੁਝ ਸਿਖੀਏ। ਸਾਨ੍ਹਾਨਸਲ ਕੌਮ ਦਾ ਸਹਿਜ ਵਿਕਾਸ ਥੋੜਾ ਬਹੁਤਾ ਇਨਸਾਨ ਵਿਕਾਸ ਸੰਬੰਧੀ ਵਰਗਾ ਹੈ। ਲੱਖਾਂ ਵਰ੍ਹਾਂ ਪਹਿਲਾਂ ਭਟਚੰਨ ਉੱਤੇ ਨਿੱਕੇ ਜਿਹੇ ਕਿਰਲੇ ਸਨ। ਸਦੀਆਂ ਬਾਅਦ ਪਿਛਲੀਆਂ ਲੱਤਾਂ ਉੱਤੇ ਸਿੱਧਾ ਹੋ ਕੇ ਖੜ੍ਹਣ ਲੱਗ ਪਏ, ਪੂਛ ਧਰਤੀ ਉੱਤੇ ਧਰ ਕੇ ਸਹਾਰਾ ਲੈਂਦੇ। ਇੰਝ ਸੰਤੁਲਨ ਪੂਰਾ ਹੋ

ਗਿਆ ਅਤੇ ਜਦ ਚਿੱਤ ਕਰਦਾ ਸੀ ਤੁਰਦੇ ਸੀ , ਜਦ ਚਿੱਤ ਕਰਦਾ ਸੀ , ਲਿੰਹ ਪੈਰ ਉੱਤੇ ਰੀਂਗਦੇ ਸਨ। ਫੇਰ ਇਤਫ਼ਾਕ ਨੇ ਬੋ਼ਲਣ ਦੀ ਕਰਾਮਾਤ ਦੇ ਦਿੱਤੀ। ਹੌ਼ਲੀ-ਹੌ਼ਲੀ ਭਾਸ਼ਾ ਦਾ ਵਿਕਾਸ ਹੋ ਗਿਆ ਸੀ। ਧਰਤੀ ਦੇ ਹਿਸਾਬ ਨਾ਼ਲ ਵਿਕਾਸ ਹੁੰਦਾ ਹੈ; ਅਤੇ ਭਟਚੰਨ ਦੇ ਹਲਾਤ ਇਨਸਾਨਾਂ ਦੀ ਦੁਨੀਆ ਤੋਂ ਅਲੱਗ ਸਨ। ਇੱਥੇ ਉੱਥੇ ਸਮੁੰਦਰ ਸਨ, ਪਰ ਲਹਿਰ ਬਣਾਉਣ ਵਾਲੀ ਖਿੱਚ ਘੱਟ ਸੀ। ਖਲੋਤਾ ਪਾਣੀ ਹੀ ਹੈ। ਇਸ ਕਰਕੇ ਮੱਛੀ ਠਾਠਾਂ ਤੋਂ ਬਗੈਰ ਤਰਨ ਦੀ ਕੋਸ਼ਿਸ਼ ਹੀ ਕਰ ਸਕਦੀ ਹੈ। ਲਹਿਰ ਚੰਦ ਜ਼ਮੀਨ ਦੇ ਲਾਗੇ ਹੋਣ ਨਾ਼ਲ ਹੀ ਹੁੰਦੇ ਹਨ ਅਤੇ ਭਟਚੰਨ ਖ਼ੁਦ ਹੀ ਚੰਦ ਹੈ। ਸੂਰਜ ਦੂਰ ਹੈ, ਪਰ ਦਿਹਾੜੇ ਵੇਲੇ ਗਰਮੀ ਬਹੁਤ ਹੁੰਦੀ ਹੈ। ਰਾਤ ਵੇਲੇ ਠੰਢ ਗਰਮੀ ਤੋਂ ਵੀ ਜ਼ਿਆਦਾ ਜ਼ਬਰਦਸਤ ਹੁੰਦੀ ਹੈ; ਜਦ ਨੇੜਲਾ ਗ੍ਰਹਿ ਇੱਕ ਵੱਡਾ ਪੱਥਰ ਹੈ, ਜੋ ਭਟਚੰਨ ਦਾ ਇੱਕ ਪਾਸਾ ਅੱਠ ਘੰਟਿਆਂ ਵਾਸਤੇ ਠਾਰ ਦਿੰਦਾ ਹੈ, ਫੇਰ ਇੰਝ ਹੀ ਹੋਣਾ ਹੈ। ਜ਼ਮੀਨ ਹੀ ਜ਼ਮੀਨ ਜ਼ਿਆਦਾ ਹੀ ਹੈ ਅਤੇ ਸਮੁੰਦਰ ਬਹੁਤ ਘੱਟ ਹਨ। ਇਸ ਕਰਕੇ ਧਰਤੀ ਬਾਂਗਰ ਹੈ, ਬਾਰਸ਼ ਕਈ ਮਹੀਨਿਆਂ ਬਾਅਦ ਆਉਂਦੀ ਹੈ। ਪਾਣੀ  ਲੈਣ ਵਾਸਤੇ ਧਰਤੀ ਵਿੱਚ ਬਹੁਤ ਡੂੰਘੇ-ਡੂੰਘੇ ਖ਼ੂਹ ਕੱਢਣੇ ਪੈਂਦੇ ਹੈ। ਜ਼ਮੀਨ ਉੱਤੇ ਘੱਟ ਜਾਨਵਰ ਹਨ, ਜ਼ਿਆਦੇ ਜਲ ਵਿੱਚ ਹੈ। ਹੋਂਦ ਨੂੰ ਪਾਣੀ ਦੀ ਲੋੜ ਹੈ।

ਭਟਚੰਨ ਦਾ ਅਕਾਸ਼ ਖ਼ਾਲੀ ਸੀ। ਬੱਦ਼ਲ ਸਨ ਜਦ ਵਾਸੂ ਮੌਸਮ ਸੀ। ਪਰ ਬੱਦ਼ਲਾਂ ਤੋਂ ਛੁੱਟ ਅੰਬਰ ਸੁੰਞਾਂ ਹੀ ਸੀ। ਗਗਨ ਦਾ ਰੰਗ ਵੀ ਕਪਾਹੀ ਜਿਹਾ ਸੀ। ਨੀਲਾ ਰੰਗ ਤਾਂ, ਤਾਂ ਹੀ ਹੋਵੇ ਜੇ ਜ਼ਿਆਦਾ ਪਾਣੀ ਨੇ ਅਕਸ ਨੂੰ ਇਹ ਰੰਗ ਦਿੱਤਾ ਹੋਵੇ। ਪਰ ਜ਼ਮੀਨ ਦੇ ਰੰਗ ਨੇ ਪੀਲਾ ਜਿਹਾ ਰੱਖਿਆ ਹੈ। ਖ਼ੈਰ ਕੋਈ ਪੰਛੀ ਨਹੀ ਸੀ। ਇਸ ਕਰਕੇ ਉੱਡਣ ਦੀ ਸੋਚ ਕਿਸੇ ਨੂੰ ਆਈ ਵੀ ਨਹੀਂ। ਹਰ ਜੀਵ ਤਾਂ ਹਰ ਚੀਜ਼ ਨਾ਼ਲ ਚਿੰਬੜ ਸਕਦਾ ਸੀ ਅਤੇ ਉੱਚੇ ਤੋਂ ਉੱਚੇ ਥਾਂ ਹੀ ਚੜ੍ਹ ਸਕਦਾ ਸੀ। ਫੇਰ ਵੀ ਰਾਤ ਨੂੰ ਤਾਰਾਂ ਤਾਂ ਡਿੱਠਦੇ ਸੀ। ਸਾਨ੍ਹਾਨਸਲ ਲੋਕ ਚਮਕਦੇ ਤਾਰਿਆਂ ਵੱਲ ਤੱਕੀ ਗਏ ਅਤੇ ਉਨ੍ਹਾਂ ਦਾ ਦਿਲ ਖਿੱਚ ਹੋ ਗਿਆ। ਇਸ ਦਾ ਪਹਿਲਾਂ ਨਤੀਜਾ ਸੀ ਕਿ ਧਰਮ ਪੈਦਾ ਹੋ ਗਏ ਸਨ। ਹਰ ਤਾਰਾ ਇੱਕ - ਦੇਵਤਾ- ਮੰਨਿਆ ਗਿਆ, ਫੇਰ ਜਦ ਸਾਇੰਸ ਦਾ ਜ਼ੋਰ ਪੈ ਗਿਆ, ਮਨ ਵਿੱਚ ਨਵੀਂ ਸੋਚ ਪੈ ਗਈ ਸੀ। ਅਸੀਂ ਤਾਰਿਆਂ ਕੋ਼ਲ ਕਿਵੇਂ ਪਹੁੰਚੀਏ?

ਪਰ ਅਸੀਂ ਬਹੁਤਾਂ ਅੱਗੇ ਤੁਰ ਪਏ ਹਾਂ। ਆਓ, ਪੰਛੀ ਨਹੀਂ ਸਨ ਅਤੇ ਕੋਈ ਕਿਮਸ ਦਾ ਦੁੱਧ ਪਿਲਾਉਣ ਵਾਲਾ ਜੀਵ ਨਹੀਂ ਸੀ। ਕੇਵਲ ਅੰਡਜ਼ ਜਾਨਵਰ ਸਨ। ਇਸ ਕਰਕੇ ਜਦ ਹਵਾਈ ਜਹਾਜ਼ ਬਣਾਇਆ ਸੀ, ਫੰਘ ਦੀ ਸੋਚ ਨਹੀਂ ਆਈ। ਸਿੱਧਾ ਰੋਕੇਟ ਵੱਲ ਤਕਨਾਲੋਜੀ ਤੁਰ ਪਈ। ਪਰ ਰੋਕੇਟ

ਤੋਂ ਕਾਫ਼ੀ ਪਹਿਲਾਂ, ਸਦੀਆਂ ਪਹਿਲਾਂ, ਭਾਸ਼ਾ ਪੈਦਾ ਹੋਈ। ਇੱਕ ਨਹੀਂ, ਪਰ ਹਰ ਥਾਂ ਉਸ ਇਲਾਕੇ ਦੀ ਵੱਖ-ਵੱਖ ਬੋਲੀ ਪੈਦਾ ਹੋਈ। ਹਰ ਬੋਲ਼ੀ ਕੋਲ਼ ਆਪਣੀ ਉਪਭਾਸ਼ਾ ਸੀ। ਜਦ ਇੱਕ ਮੁਲਕ ਦੂਜੇ ਨੂੰ ਸਰ ਕਰਦਾ ਸੀ, ਆਪਣੀ ਬੋਲੀ ਨੂੰ ਰਾਜ ਭਾਸ਼ਾ ਬਣਾ ਦਿੰਦਾ ਸੀ। ਮੁਲਕ ਤੋਂ ਮੁਲਕ ਕਈ ਵਾਰੀ ਸਾਨ੍ਹਾਨਸਲਾਂ ਦੇ ਵੱਖਰੇ ਰੰਗ ਹੁੰਦੇ ਸੀ; ਜਾਂ ਹੋਰ ਕੋਈ ਲੱਖਣ ਵੀ ਹੋ ਸਕਦਾ ਸੀ। ਜ਼ਾਤਾਂ ਪੈਦਾ ਹੋ ਗਈਆਂ ਸਨ। ਕੋਈ ਰੰਗ ਵਿੱਚ ਕਾਲ਼ੇ ਨਸਲ ਸੀ, ਜਾਂ ਪੀਲੇ; ਕੋਈ ਹਰੇ ਜਾਂ ਭੂਰੇ। ਕੁਝ ਨਸਲ ਬਾਹਮਣੀ ਵੰਗ ਚਿਕਨੇ ਸਤ ਰੰਗੀ ਸਨ। ਕੁਝ ਨਸਲ ਆਲ਼ੇ ਦੁਆਲ਼ੇ ਨਾਲ਼ ਰੰਗ ਮਿਲ਼ਾ ਕੇ ਅਲੋਪ ਹੋ ਜਾਂਦੇ ਸਨ। ਕਿਸੇ ਦੀਆਂ ਜੀਭਾਂ ਹੰਟਰ ਵਾਂਗ ਤੜਾਕ ਦੇਣੀ ਲੰਬੀ ਸਪੇਲੀ ਵਾਂਗਰ ਸ਼ਿਕਾਰ ਨੂੰ ਫੜ ਕੇ ਮੂੰਹ ਵਿੱਚ ਪਾ ਜਾਂਦੀਆਂ ਸਨ। ਸਾਰੇ ਕੰਧਾਂ ਨੂੰ ਚੰਬੜ ਕੇ ਚੜ੍ਹ ਜਾਂਦੇ ਸਨ। ਅੰਦਰਲੀਆਂ ਛੱਤਾਂ ਉੱਪਰ ਵੀ ਚਿੰਬੜ ਸਕਦੇ ਸੀ। ਇਸ ਕਰਕੇ ਸਾਨ੍ਹਾਨਸਲਾਂ ਨੂੰ ਖੱਲਾਂ ਦੀ, ਜਾਂ ਦਸਤਾਨਿਆਂ ਦੀ ਲੋੜ ਨਹੀਂ ਸੀ। ਲੀੜੇ ਸਿਰਫ਼ ਸੀਨੇ ਅਤੇ ਕਮਰ ਨੂੰ ਲੁਕੋਂਦੇ ਸਨ। ਸੂਰਤ ਸੱਪ ਵਾਂਗ ਲੰਬੀ ਸੀ, ਪਰ ਮੂੰਹ ਵਿੱਚ ਕਈ ਤਿੱਖੇ ਦੰਦ ਸਨ। ਇੰਝ ਜਾਪਦਾ ਸੀ ਜਿੱਦਾਂ ਹਮੇਸ਼ਾ ਮੂੰਹ ਉੱਤੇ ਬੇ-ਹੋਠ ਮੁਸਕਾਨ ਸੀ। ਜਦ ਤੀਕਰ ਇਨਸਾਨ ਨਾਲ਼ ਮੁਲਾਕਾਤ ਹੋਈ, ਰਾਜ ਭਾਸ਼ਾ ਮਿਲ ਜੁਲ ਕੇ ਇੱਕੋ ਹੀ ਬਣ ਗਈ ( ਉਹ ਹਾਲੇ ਵੀ ਕਈ ਉਪਬੋਲ਼ੀਆਂ ਸਨ)। ਜਦ ਬੋਲ਼ਸੇ ਸੀ, ਮਿੱਠੀ ਬੋਲ਼ੀ ਸੀ ਅਤੇ ਕੁਝ ਗੱਲਾਂ ਆਮ ਸਨ।

ਇੱਕ ਆਦਤ ਸੀ ਕਿ - ਅਸਾਡਾ-, - ਤੁੱਸਾਂ-, - ਅੱਸਾਂ- ਕਹਿੰਦੇ ਸੀ। ਦੂਜੀ ਆਦਤ ਸੀ ਕਿ - ਜੀ- ਦੀ ਥਾਂ, ਜਦ ਮਰਦ ਨਾਲ਼ ਬੋਲ਼ਦੇ, - ਵੀਰ ਜਾਨ- ਕਹਿੰਦੇ ਸੀ ਅਤੇ ਜਦ ਨਾਰੀ ਨਾਲ਼, - ਅੰਮਾਂ ਜਾਈ - ਨਾਲ਼ ਸੰਬੋਧਿਤ ਕਰਦੇ ਸੀ। ਕੁਝ ਮੁਲਕ ਗਣਰਾਜ ਸਨ, ਕਈ ਰਾਜਿਆਂ ਹੇਠ ਚਲਦੇ ਸੀ। ਪਰ ਜਦ ਬ੍ਰਹਿਮੰਡ ਦਾ ਸਫ਼ਰ ਕਰ ਕੇ ਹੋਰ ਗ੍ਰਹਿਆਂ ਉੱਤੇ ਹੱਥ ਪੈਰ ਰੱਖੇ, ਫੇਰ ਗਣਰਾਜ ਹੀ ਭਟਚੰਨ ਉੱਤੇ ਚਲਿਆ। ਖ਼ਾਸ ਇਨਸਾਨ ਨੂੰ ਮਿਲਣ ਬਾਅਦ। ਗ਼ਲਬ ਤਖ਼ਤ ਉੱਤੇ ਸੰਸਦ ਹੀ ਜਮਾਈ।

*      *      *      *      *

ਹਰ ਗਣਰਾਜ ਵਿੱਚ ਇੱਕ ਟੱਬਰ ਹਾਰ ਕੇ ਬਲਵੰਤ ਹੋ ਜਾਂਦਾ। ਗ਼ਲਬਾ ਤਖ਼ਤ ਵਿੱਚ ਵੀ ਇੰਝ ਹੀ ਸੀ। ਇਸ ਤਰ੍ਹਾਂ ਇੱਕ ਕਬੀਲੇ ਨੇ ਪਹਿਲਾਂ-ਪਹਿਲਾਂ ਨੂਰਾਨੀ ਮਾਂ ਦਾ ਖਣਿਜ ਧਨ ਅਤੇ ਪਦਾਰਥ ਨੂੰ ਕਾਬੂ ਵਿੱਚ ਲਿਆਂਦਾ; ਫੇਰ ਆਪਣੇ ਆਲ ਜਾਲ ਦਾ ਫ਼ਾਇਦਾ ਉੱਠਾ ਕੇ ਸਾਰਿਆਂ ਇਨਸਾਨਾਂ ਦੇ ਸੰਸਾਰਾਂ ਉੱਤੇ ਤਾਣ ਲਾਇਆ। ਉਸ ਟੱਬਰ ਦੇ ਹੱਥ ਨਿਰਾਕਾਰੀਆਂ ਦੀਆਂ ਬੇ-ਹੱਥ ਬਾਹਾਂ ਵੰਗ ਹਰ ਖੇਤਰ ਵਿੱਚ ਸਨ। ਖਾਣੇ ਪੀਣੇ ਦੇ ਭੰਡਾਰਾਂ ਉੱਤੇ ਨਿਗਰਰਾਨੀ ਸੀ; ਤੇਲ, ਕੋਲ਼ੇ ਅਤੇ ਬਿਜਲੀ ਨੂੰ ਵੀ ਵਾਗਡੋਰ ਸੰਭਾਲੀ ਹੋਈ ਸੀ। ਜਦ ਵੀਕੋਈ ਨਵੀਂ ਤਕਨਾਲੋਜੀ ਵਿਕਸਿਤ ਹੁੰਦੀ ਸੀ, ਫਟਾਫਟ ਕਾਬੂ ਕਰ ਲੈਂਦੇ ਸਨ। ਭਾਵੇਂ ਉਸ ਤਕਨਾਲੋਜੀ ਨੂੰ ਜਰ ਖਰੀਦ ਕੇ, ਭਾਵੇਂ ਉਸ ਵਿੱਚ ਹਿੱਸਾ ਪਾ ਕੇ, ਕਿਸ ਨਾ ਕਿਸੇ ਤਰ੍ਹਾਂ ਤਾਂ ਪ੍ਰਾਪਤ ਕਰ ਹੀ ਲੈਂਦੇ ਸਨ।

ਜਦ ਇਨਸਾਨ ਨੇ ਪੁਲਾੜੀ ਜਹਾਜ਼ ਬਣਾਏ ਸਨ, ਨੂਰਾਨੀ ਮਾਂ ਤੋਂ ਹਿਮਸਤਰ ਦੀ ਵਾਟ ਪੂਰੀ ਕਰ ਦਿੱਤੀ ਸੀ। ਇਨਸਾਨ ਹਿਮਸਤਰ ਦੀ ਜ਼ਮੀਨ ਉੱਤੇ ਖੜ੍ਹ ਗਿਆ। ਪਰ ਇਹ ਸਫ਼ਰ ਹਰਜ ਦੇਣਦਾਰੀ ਸੀ। ਯਾਤਰਾ ਬਹੁਤ ਮਹਿੰਗੀ ਸੀ। ਕਈਆਂ ਨੇ ਸ਼ਿਕਾਇਤ ਕੀਤੀ ਕਿ ਇੱਕ ਗੇੜੇ ਦਾ ਖਰਚਾ ਨੂਰਾਨੀ ਮਾਂ ਦੇ ਲੱਖਾਂ ਕੰਗਾਲਾਂ ਦੇ ਪੇਟਾਂ ਨੂੰ ਸਾਲ ਵਾਸਤੇ ਭਰ ਸਕਦਾ ਸੀ! ਤੇਲ ਕਾਫ਼ੀ ਮਹਿੰਗਾ ਸੀ ਅਤੇ ਰਾਕਟ ਵੀ। ਸਾਇੰਸਦਾਨਾਂ ਨੂੰ ਰਿਸਰਚ ਕਰਨ ਲਈ ਬਹੁਤ ਪੈਸੇ ਦਿੱਤੇ ਜਾਂਦੇ ਸਨ। ਕਈ ਵਰ੍ਹਿਆਂ ਬੱਧੀ ਖੋਜ ਅਤੇ ਜਾਂਚ ਪੜਤਾਲ ਕਰਨ ਤੋਂ ਬਾਅਸ ਸਮੱਸਿਆ ਦਾ ਹੱਲ ਲੱਭਿਆ ਗਿਆ।

ਸਾਇੰਸਦਾਨਾਂ ਨੇ ਸੂਰਜੀ ਬਾਦਬਾਨ ਉੱਸਾਰਿਆ ਜਿਸ ਨਾਲ਼ ਤੇਲ ਬਿਨਾ ਪਲਾੜੀ ਜਹਾਜ਼ ਚਲਾਇਆ ਜਾ ਸਕਦਾ ਸੀ। ਸੂਰਜੀ ਬਾਦਬਾਨ ( ਆਮ ਲੋਕ ਸੂਰਜੀ ਕਹਿੰਦੇ ਸੀ, ਪਰ ਸਾਇੰਸਦਾਨ ਲੋਕ - ਫੋਟਾਨ ਬਾਦਬਾਨ - ਆਖਦੇ ਸਨ) ਜਹਾਜ਼ ਨੂੰ ਸਰਕਾਉਂਦੇ ਹਨ। ਸੂਰਜ ਦੀ ਸ਼ਕਤੀ ਨਾਲ਼ ਪਲਾੜ ਵਿੱਚ ਠੇਲ੍ਹਦੇ ਹਨ। ਬਾਦਬਾਨ ਇਸ ਲਈ ਆਖਿਆ ਜਾਂਦਾ ਕਿਉਂਕਿ ਜਹਾਜ਼ ਵਿੱਚੋਂ ਇੱਧਰ ਉੱਧਰ ਖਲੋਤੇ ਸਮੁੰਦਰੀ ਜਹਾਜ਼ ਦੇ ਬਾਦਬਾਨ ਵਰਗੇ ਲੱਗਦੇ ਹਨ। ਕਈ ਵਾਰ ਇਨ੍ਹਾਂ ਦੀ ਘੜ੍ਹਤ ਪੱਖਿਆਂ ਵਰਗੀ ਲੱਗਦੀ ਹੈ। ਅਸਲ ਵਿੱਚ ਇਹ ਵੱਡੇ ਕੱਚ ਵਾਲੇ ਫੱਟੇ ਹਨ, ਜੋ ਧੁੱਪ ਤੋਂ ਊਰਜਾ ਲੈ ਕੇ ਜਹਾਜ਼ ਦੇ ਸੈੱਲਾਂ ਵਿੱਚ ਸੰਗ੍ਰਹਿ ਕਰਦੇ। ਇਹ ਸ਼ਕਤੀ ਦਿਹਾੜਾ ਵਾਸਤੇ ਚੱਲ ਸਕਦੀ ਹੈ, ਜੇ ਸੂਰਜ ਤੋਂ ਜਹਾਜ਼ ਦੂਰ ਹੋਵੇ। ਪਰ ਰਵੀ ਇੱਕਮ ਅਤੇ ਰਵੀ ਸਾਨੀ ਵਿਚਾਲੇ ਕਾਫ਼ੀ ਰੋਸ਼ਨੀ ਹੈ। ਮਤਲਬ ਰੋਸ਼ਨੀ ਬੇ ਬਹੁਤ ਲੰਬਾ ਫਾਸਲਾ ਤੈਅ ਕੀਤਾ। ਇਨਸਾਨ ਤਾਂ ਉਸ ਵੇਲ਼ੇ ਤਾਂ ਨੂਰਾਨੀ ਮਾਂ ਤੋਂ ਹਿਮਸਤਰ ਵੱਲ

ਹੀ ਜਾ ਰਹੇ ਸਨ। ਨੂਰਾਨੀ ਮਾਂ ਅਤੇ ਹਿਮਸਤਰ ਰਵੀ ਸਾਨੀ ਦੀ ਨਿਗ੍ਹਾ ਵਿੱਚ ਸਨ।

ਉਸ ਟੱਬਰ ਨੇ ਇਸ ਤਕਨਾਲੋਜੀ ਦੇ ਹੱਕ ਲੈ ਲਏ। ਹਰ ਨਵੇਂ ਜਹਾਜ਼ ਉੱਤੇ ਬਾਦਬਾਨ ਜੋੜਨਾ ਪਿਆ ਅਤੇ ਇਸ ਨਾਲ਼ ਟੱਬਰ ਅਮੀਰ ਹੋ ਗਿਆ। ਇੰਝ ਕੁਝ ਸਦੀਆਂ ਬਾਅਦ ਇਨਸਾਨ ਗ਼ਲਬਾ ਤਖ਼ਤ ਕੋਲ਼ ਪੁੱਜ ਗਿਆ ਅਤੇ ਸੁੰਵਾਗ੍ਰਹਿ ਵੱਲ ਵੀ। ਆਦਾਨ ਪਰਦਾਨ ਸ਼ੁਰੂ ਹੋ ਗਿਆ ਅਤੇ ਇਸ ਦਾ ਵੀ ਉਸ ਟੱਬਰ ਨੇ ਫਾਇਦਾ ਉੱਠਾਇਆ। ਹਾਰ ਕੇ ਰਾਜਨੀਤੀ ਵਿੱਚ ਵੀ ਹੱਥ ਪਾਲਿਆ। ਇਸ ਖ਼ਾਨਦਾਨ ਦਾ ਨਾਂ – ਸੰਡਾਲਾ– ਹੈ। ਇਸ ਦੇ ਕੁਝ ਰੁਕਨ ਪਰਜਾ ਤੰਤਰੀ ਸਨ, ਕੁਝ ਤਾਨਸ਼ਾਹੀ ਦੇ ਹੱਕ'ਚ ਸਨ। ਹਾਰ ਕੇ ਟੱਬਰ ਦੇ ਕੁਝ ਮੈਂਬਰ ਰਾਜੇ ਵੀ ਬਣ ਗਏ, ਪਰ ਨਾਲ਼ੇ ਨਾਲ਼ ਵਿਧਾਨ ਮੰਡਲ ਵੀ ਰੱਖਣਾ ਪਿਆ। ਪਰ ਜਦ ਸਾਨ੍ਹਾਨਸਲਾਂ ਨਾਲ਼ ਇਨਸਾਨਾਂ ਨੇ ਸੰਧੀ ਕੀਤੀ ਸੀ, ਗ਼ਲਬਾ ਤਖ਼ਤ ਉੱਤੇ ਲੋਕ ਸਭਾ ਪੈਦਾ ਕੀਤੀ ਗਈ।

ਇਸ ਵੇਲ਼ੇ ਖ਼ਾਨਦਾਨ ਦਾ ਸਰਤਾਜ ਮੈਰ ਸੰਡਾਲਾ ਸੀ। ਉਸ ਦੇ ਪੁੱਤਰ, ਸੂਕੀ ਸੰਡਾਲ ਨੂੰ ਰਾਸ਼ਟਰਪਤੀ ਬਣਾਇਆ ਗਿਆ। ਰਾਸ਼ਟਰਪਤੀ ਸਿਰਫ਼ ਦੋ ਅਵਧੀਆਂ ਵਾਸਤੇ ਰਾਜ ਕਰ ਸਕਦਾ ਹੈ। ਸੂਕੀ ਬੇਸਿਦਕਾ ਬੰਦਾ ਸੀ ਅਤੇ ਲੋਕਾਂ ਦੀਆਂ ਮੁੱਠੀਆਂ ਗਰਮ ਕਰ ਕੇ ਆਪ ਨੂੰ ਖੰਕਾ ਗਿੱਟੀ ਦਾ ਸ਼ਹਿਨਸ਼ਾਹ ਐਲਾਨ ਕਰ ਦਿੱਤਾ। ਆਪਣੇ ਬਾਪੂ, ਮੈਰ ਦੀ ਗੱਲ ਨਹੀਂ ਸੁਣੀ ਅਤੇ ਸਾਰੀ ਗਿੱਟੀ ਨੂੰ ਉਲਝਾ ਦਿੱਤਾ। ਸੱਚ ਸੀ ਕਿ ਅੱਧੀ ਗਿੱਟੀ ਉਸ ਦੇ ਪਾਸੇ ਸੀ, ਤਾਂ ਹੀ ਤਾਂ ਸ਼ਹਿਨਸ਼ਾਹ ਬਣ ਸਕਿਆ। ਖ਼ੈਰ ਅੱਧੇ ਕਿਰਲੇ ( ਮਤਲਬ ਸਾਨ੍ਹਾਨਸਲ) ਤਾਂ ਜ਼ਰੂਰ ਉਸ ਦੇ ਪਾਸੇ ਵੱਲ ਸਨ ਅਤੇ ਅੱਧੇ ਇਨਸਾਨ ਵੀ। ਸਾਰੇ ਲੋਕ ਜਨ ਤੰਤਰ ਵਿੱਚ ਵਿਸ਼ਵਾਸ ਨਹੀਂ ਸਨ ਰੱਖਦੇ। ਇਸ ਤਰ੍ਹਾਂ ਦੀ ਸਰਕਾਰ ਨੂੰ ਕਮਜ਼ੋਰ ਸਮਝਦੇ ਸਨ। ਕੋਈ ਭਾਵੇਂ ਇਨਸਾਨ ਹੋਣ ਜਾਂ ਸਾਨ੍ਹਾਨਸਲ, ਦੀਨ ਦਾ ਰਾਜ ਹੀ ਚਾਹੁੰਦੇ ਸਨ ਅਤੇ ਜਮਹੂਰੀਅਤ ਨੂੰ ਇੱਕ ਦਾਬਾ ਸਮਝਦੇ ਸੀ; ਕਿ ਉਨ੍ਹਾਂ ਦੀ ਲੋਕਾਂ ਉੱਪਰ ਜਕੜ ਭੰਗ ਹੋ ਸਕਦੀ ਸੀ। ਸ਼ਹਿਨਸ਼ਾਹ ਅਕਸਰ ਉਨ੍ਹਾਂ ਨੂੰ ਰਾਜ ਵਿੱਚ ਹਿੱਸਾ ਦੇ ਸਕਦਾ ਹੈ। ਜੇ ਕੋਈ ਮੌਤ ਤੋਂ ਡਰਦਾ ਹੈ ਤਾਂ ਮਜ਼ਹਬ ਉਸ ਡਰ ਨੂੰ ਵਰਤ ਕੇ ਉਨ੍ਹਾਂ ਨੂੰ ਕਾਬੂ ਕਰ ਸਕਦਾ ਸੀ। ਪਰ ਕਿਸੇ ਨੇ ਤਾਂ ਅੜੰਗਾ ਪਾਉਣਾ ਹੀ ਸੀ! ਨਿਰਾਕਾਰੀਆਂ ਨੇ ਹੀ ਰੁਕਾਵਟ ਪਾ ਦਿੱਤੀ। ਉਨ੍ਹਾਂ ਵਿੱਚੋਂ ਸਿਰਫ਼ ਵੀਹ ਪ੍ਰਤਿਸ਼ਤ ਨੇ ਸੂਕੀ ਦਾ ਸ਼ਹਿਨਸ਼ਾਹ ਹੋਣਾ ਦਾ ਪਾਸਾ ਲਿਆ। ਅੱਸੀ ਪ੍ਰਤਿਸ਼ਤ ਖਿਲਾਫ਼ ਹੀ ਸਨ। ਉਨ੍ਹਾਂ ਨੇ ਇਸ ਕਰਕੇ ਗ਼ਲਬਾ ਤਖ਼ਤ ਨੂੰ ਮੇਲ਼ਾ ਘੱਲ ਦਿੱਤਾ। ਇਸ ਸ਼ਿਸ਼ਟ ਮੰਡਲ ਦਾ ਇੱਕ ਹੀ ਕੰਮ ਸੀ। ਲੋਕਾਂ ਨੂੰ ਕਾਇਲ

ਕਰਨਾ ਕਿ ਸੋ ਸੂਕੀ ਕਰ ਰਿਹਾ ਸੀ, ਕੁਵੱਲਾ ਸੀ। ਬਾਦਸ਼ਾਹਤ ਲੋਕਾਂ ਵਾਸਤੇ ਖ਼ਤਰਨਾਕ ਸੀ।

ਉਸ ਹੀ ਵੇਲ਼ੇ ਸਾਨ੍ਹਾਨਸਲਾਂ ਦਾ ਦੂਜਾ ਹਿੱਸਾ ( ਜਿਨ੍ਹਾਂ ਦੀ ਨਿਗ੍ਹਾ ਸ਼ਹਿਨਸ਼ਾਹੀ ਗ਼ਲਤ ਸੀ) ਆਪਣੇ ਬਿਬੇਕਾਂ ਕਰਕੇ ਜੰਗ ਛੇੜਨ ਲੱਗ ਪਏ। ਸੱਚ ਸੀ ਕਿ ਉਨ੍ਹਾਂ ਨੂੰ ਇਨਸਾਨ ਦੀ ਤਾਰੀਖ਼ ਵੇਖ ਕੇ ਆਦਮੀ ਉੱਤੇ ਭਰੋਸਾ ਨਹੀਂ ਸੀ। ਪਰ ਅੱਧੇ ਇਨਸਾਨ ਉਨ੍ਹਾਂ ਨਾਲ਼ ਰਲ਼ ਮਿਲ ਗਏ, ਕਿਉਂਕਿ ਉਹ ਵੀ ਬਾਦਸ਼ਾਹਤ ਦੇ ਖਿਲਾਫ਼ ਸਨ। ਨੂਰਾਨੀ ਮਾਂ ਉੱਤੇ ਇੱਕ ਹੋਰ ਖ਼ਾਨਦਾਨ ਹੈ, ਜਿਸ ਦੀ ਗੋਤ - ਕੱਲਾ - ਹੈ। ਉਹ ਜ਼ਬਰਦਸਤ ਗਣਤੰਤਰੀ ਹਨ। ਸੂਕੀ ਨੇ ਉਨ੍ਹਾਂ ਨੂੰ ਬਹਾਨਾ ਦੇ ਦਿੱਤਾ, ਸੰਡਾਲਾ ਦੀ ਤਾਕਤ ਨੂੰ ਕਮਜ਼ੋਰ ਕਰਨ ਦਾ। ਚੁਟਕੀ ਵਿੱਚ ਉਹ ਖ਼ਾਨਅਮਨੀਆਂ ਨਾਲ਼ ( ਇੱਕ ਜ਼ਬਰਦਸਤ ਸਾਨ੍ਹਾਨਸਲ ਖ਼ਾਨਦਾਨ) ਨਾਲ਼ ਜੁੜ ਗਏ। ਪਰ ਖ਼ਾਨਅਮਨੀਆਂ ਇਨਸਾਨ ਦਾ ਇਤਬਾਰ ਨਹੀਂ ਸੀ ਕਰਦੇ। ਉਨ੍ਹਾਂ ਕੋਲ਼ੇ ਵੱਖਰੀਆਂ ਦਲੀਲਾਂ ਸਨ ਕੱਲਾ ਹੋਰਾਂ ਨਾਲ਼ ਸਾਂਢਾ-ਗਾਂਢਾ ਕਰਨ। ਇਸ ਵੇਲ਼ੇ ਭਟਚੰਨ ਉੱਤੇ ਦੀਨ ਧਰਮ ਦੀ ਕਰਾਂਤੀ ਹੋ ਰਹੀ ਸੀ, ਜਿਸ ਦੇ ਆਗੂ ਖ਼ਾਨਗ਼ਾਜ਼ੀ ਖ਼ਾਨਦਾਨ ਸਨ। ਦੋਹਾਂ ਵਿੱਚ ਸ਼ਰੀਕੇਬਾਜ਼ੀ ਸੀ। ਸੋ ਸੂਕੀ ਦੇ ਕਦਮਾਂ ਨੇ ਖੰਕਾ ਵਿੱਚ ਗ੍ਰਹਿ ਯੁੱਧ ਸ਼ੁਰੂ ਕਰ ਦਿੱਤਾ।

ਇਸ ਗ੍ਰਹਿ ਯੁੱਦ ਦਾ ਪਹਿਲਾਂ ਕਦਮ ਸੀ ਕਿ ਕੱਲਾ ਖ਼ਾਨਗ਼ਾਜ਼ੀ ਗਠਜੋੜ ਨੇ ਇੱਕ ਇਨਸਾਨ ਅੱਗੇ ਕੀਤਾ ਜਿਸ ਨੂੰ ਨੇਤਾ ਬਣਾਇਆ ਅਤੇ ਰਾਸ਼ਟਰਪਤੀ ਬਣਾਉਣਾ ਚਾਹਿਆ। ਉਨ੍ਹਾਂ ਦਾ ਟੀਚਾ ਸੀ ਕਿ ਸ਼ਹਿਨਸ਼ਾਹ ਨੂੰ ਸ਼ਹੀਦ ਕਰਨਾ। ਇਹ ਕੰਮ ਈਡੀ ਕੱਲਾ ਨੂੰ ਦਿੱਤਾ ਗਿਆ। ਪਰ ਇਕੱਲਾ ਸੂਕੀ ਨੂੰ ਮਾਰ ਕੇ ਰਾਜ਼ੀ ਨਹੀਂ ਸੀ। ਉਸ ਦੇ ਪਿਓ, ਮੈਰ ਸੰਡਾਲਾ ਮਗਰ ਪੈ ਗਿਆ ਅਤੇ ਉਸ ਦੀ ਧੀ, ਟੋਬੀ ਮਗਰ ਵੀ। ਆਪ ਨਵਾਂ ਰਾਸ਼ਟਰਪਤੀ ਬਣ ਗਿਆ। ਇੰਞ ਲੜਾਈ ਸ਼ੁਰੂ ਹੋ ਗਈ ਸੀ। ਇਸ ਸਮੱਸਿਆ ਵਿੱਚ ਅਸੀਂ ਐਸ ਅਫ਼ਸਾਨੇ ਵਿੱਚ ਆਉਂਦੇ ਹਾਂ। ਹੁਣ ਕੁੜੀ ਤਾਂ ਮਾਰਨੀ ਹੀ ਪੈਣੀ ਸੀ, ਨਹੀਂ ਤਾਂ ਜਿਹੜੇ ਬਾਦਸ਼ਾਹਤ ਚਾਹੁੰਦੇ ਨੇ, ਉਨ੍ਹਾਂ ਨੇ ਉਸ ਨੂੰ ਮਹਾਰਾਣੀ ਬਣਾ ਦੇਣਾ ਹੈ!

# ਕਾਂਡ ਦੂਜਾ

**ਇਸ ਵਿੱਚ ਅਸੀਂ ਸਿੰਧਬਾਦ ਜਹਾਜ਼ ਦੇ ਅਮਲੇ ਮਿਲਦੇ ਹਾਂ ਅਤੇ ਉਨ੍ਹਾਂ ਦੀਆਂ ਸਵਾਰੀਆਂ ਨੂੰ ਵੀ। ਅਸੀਂ ਗ਼ਲਬਾ ਤਖ਼ਤ ਦੇ ਸਾਜ਼ਸ਼ੀਆਂ ਨੂੰ ਵੀ ਮਿਲਦੇ ਹਾਂ। ਹੁਣ ਜੰਗ ਹੋ ਰਿਹਾ ਹੈ ਅਤੇ ਆਮ ਰਿਜ਼ਕ ਦੀ ਥਾਂ ਬਹੁਤ ਕੁਝ ਕਰਨਾ ਪੈਂਦਾ ਹੈ। ਇਸ ਵਿੱਚ ਸਾਨੂੰ -ਸਿੰਧ ਸਿੰਘ- ਵੀ ਮਿਲਦਾ ਹੈ ਅਤੇ ਪਤਾ ਲੱਗਦਾ ਪੈਸੀਆਂ ਲਈ ਕੀ ਕਰਨਾ ਪੈਂਦਾ॥**

ਪੁਲਾੜੀ ਜਹਾਜ਼ ਦੇ ਦੋਈ ਪਾਸੀਂ ਜਹਾਜ਼ ਦਾ ਨਾਂ ਲਿਖਿਆ ਹੋਇਆ ਸੀ, ਗ਼ਲਬ ਤਖ਼ਤੀ ਬੋਲੀ ਦਿਆਂ ਅੱਖਰਾਂ ਵਿੱਚ: **ਸਿੰਧਬਾਦ**।

ਜਹਾਜ਼ ਨੂੰ ਸਿੰਧਬਾਦ ਨਾਂ ਦੇਣ ਦੀਆਂ ਦੋ ਦਲੀਲਾਂ ਸਨ। ਪਹਿਲੀ ਸੀ ਕਿ ਜਹਾਜ਼ ਦਾ ਮੀਰ ਮਲਾਹ ਇੱਕ ਸਾਹਸੀ ਇਨਸਾਨ ਸੀ, ਜਿਸ ਦੀ ਸੋਚ ਉਡਾਰੀ ਈਰਾਨੀ ਹਿਕਾਇਤ ਨਾ਼ਲ ਰੰਗੀ ਹੋਈ ਸੀ। ਸਿੰਧਬਾਦ ਦੀ ਕਥਾ ਨਾ਼ਲ। ਦੂਜੀ ਗੱਲ ਸੀ ਕਿ ਉਸ ਇਨਸਾਨ ਦਾ ਪਹਿਲਾ ਨਾਂ ਹੀ -ਸਿੰਧ -ਸੀ। ਮੀਰ ਮਲਾਹ ਦਾ ਪੂਰਾ ਨਾਅ -ਸਿੰਧ ਸਿੰਘ- ਸੀ। ਇੱਕ ਸੁਦਾਗਰ ਸੀ ਜੋ ਗ੍ਰਹਿ ਯੁੱਧ ਤੋਂ ਪਹਿਲਾਂ - ਸੰਡਾਲਾਂ- ਵਾਸਤੇ ਕੰਮ ਕਰਦਾ ਸੀ। ਵੈਸੇ ਜਹਾਜ਼ ਸੰਡਾਲਿਆਂ ਦਾ ਹੀ ਸੀ। ਨਾਂ ਸਿੰਧ ਸਿੰਘ ਦੀ ਸਫ਼ਾਰਸ਼ ਉੱਤੇ ਦਿੱਤਾ ਗਿਆ ਸੀ। ਜਹਾਜ਼ ਸੇਠ ਵਰਗ ਦਾ ਸੀ। ਘੱਟ ਤੋਂ ਘੱਟ ਪੰਜ ਸੌ ਮੀਟਰ ਲੰਬਾ ਸੀ ਅਤੇ ਤੀਹ ਮੀਟਰ ਚੌੜਾ। ਬਹੁਤ ਪੈਸੇ ਇਸ ਨੂੰ ਬਣਾਉਣ ਵਿੱਚ ਖਰਚੇ ਗਏ ਸਨ ਅਤੇ ਉਸ ਨਿਵੇਸ਼ ਲਈ ਸੰਡਾਲਾਂ ਨੂੰ ਨਫ਼ਾ ਚਾਹੀਦਾ ਸੀ। ਪਰ ਯੁੱਧ ਨੇ ਸਭ ਕੁਝ ਨੂੰ ਜਟਿਲ ਕਰ ਦਿੱਤਾ ਸੀ। ਸਿੰਧ ਨੇ ਮਾ਼ਲ ਹਿਮਸਤਰ ਦੀ ਬੰਦਰਗਾਹ ਵਿੱਚ ਛੱਡ ਦਿੱਤਾ ਸੀ ਅਤੇ ਨਕਦੋ-ਨਕਦੀ ਬਰਕੀ ਆੜ੍ਹਤ ਰਾਹੀਂ ਸੰਡਾ਼ਲਿਆਂ ਦੇ ਚਾਲੂ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤਾ ਸੀ। ਸਿੰਧ ਨੇ ਹਿਸਾਬ ਚੁਕਾਉਣ ਤੋਂ ਬਾਅਦ ਆਪਣਾ ਹਿੱਸਾ ਖ਼ੁਦ ਦੇ ਖਾਤੇ ਵਿੱਚ ਜਮ੍ਹਾਂ ਕਰ ਲਿਆ ਸੀ। ਇਸ ਦੇ ਵਿੱਚੋਂ ਸਿੰਧਬਾਦ ਦੇ ਜਹਾਜ਼ੀ ਅਮਲਾਂ ਨੂੰ ਵੀ ਅਦਾ ਕਰਨਾ ਸੀ।

ਪਰ ਉਸ ਹੀ ਵੇ਼ਲੇ ਖੰਕਾ ਵਿੱਚ ਜੰਗ ਸ਼ੁਰੂ ਹੋ ਚੁੱਕਾ ਸੀ ਅਤੇ ਸਿੰਧਬਾਦ ਦੇ ਪਿਆਮਾਂ ਨੂੰ ਜਵਾਬ ਨਹੀਂ ਆਏ। ਫੇਰ ਪਤਾ ਲੱਗਾ ਕਿ ਲੜਾਈ ਕਰਕੇ ਸਿੰਧਬਾਦ ਦਾ ਹੁਣ ਲਈ ਮਾਲਕ ਨਹੀਂ ਰਿਹਾ। ਸਿੰਧ ਨੇ ਫੇਰ ਆਪ ਨੂੰ ਹੀ ਹੱਕਦਾਰ ਸਮਝ ਲਿਆ ਸੀ। ਪਰ ਸਿੰਧਬਾਦ ਹੁਣ ਹਿਮਸਤਰ ਉੱਤੇ ਫਸ ਗਿਆ। ਪਰ ਕਿੰਨੇ ਚਿਰ ਵਾਸਤੇ ਇੱਥੇ ਅਟਕ ਸਕਦੇ ਸੀ? ਰੋਜ਼ੀ ਰੋਟੀ

ਲਈ ਕੁਝ ਕਰਨਾ ਤਾਂ ਪੈਣਾ ਸੀ। ਜਹਾਜ਼ ਬੰਦਰਗਾਹ ਤੋਂ ਖਾਲ਼ੀ ਢਾਂਚੇ ਨਾਲ਼ ਤੁਰ ਨਹੀਂ ਸਕਦਾ ਸੀ। ਮਾਲ ਚਾਹੀਦਾ ਸੀ ਪੈਸੇ ਬਣਾਉਣ ਵਾਸਤੇ। ਭਾਵੇਂ ਨੂਰਾਨੀ ਮਾਂ ਹੀ ਵਾਪਸ ਜਾਣਾ ਸੀ ਪਤਾ ਲੈਣ ਲਈ, ਹੁਣ ਸਿੰਧਬਾਦ ਦਾ ਕੀ ਹੋਵੇਗਾ।

ਕਿਸਮਤ ਫੇਰ ਵੀ ਸਿੰਧ ਦੇ ਪਾਸੇ ਹੀ ਸੀ। ਇੱਕ ਨਿਰਾਕਾਰੀ ਦੂਤ ਰਾਹਦਾਰੀ ਚਾਹੁੰਦਾ ਸੀ ਅਤੇ ਇਸ ਲਈ ਖ਼ੂਬ ਪੈਸੇ ਦੇਣ ਲਈ ਤਿਆਰ ਸੀ। ਸਿੰਧ ਦਾ ਸੌਖਾ ਫ਼ੈਸਲਾ ਸੀ। ਉਸ ਨੂੰ ਜੰਨਤਸਤਾਨ ਲੈ ਕੇ ਜਾਣਾ ਸੀ।

ਜਦ ਹੋਰ ਕੋਈ ਜਹਾਜ਼ ਸਿੰਧਬਾਦ ਦੇ ਲਾਗੇ ਲੱਘਦਾ ਹੈ ਉਸ ਨੂੰ ਆਪਣੀਆਂ ਬਾਰੀਆਂ ਵਿੱਚੋਂ ਇੱਕ ਲੰਬਾ ਜਿਹਾ ਜਹਾਜ਼ ਦਿਸਦਾ ਹੈ, ਜਿਸ ਦੇ ਖੋਖੇ ਦੇ ਅੱਧੇ ਰਾਹ ਚੁਗਾਠ ਨੰਗੀ ਹੁੰਦੀ ਹੈ, ਨਿੱਗਰ ਛਿੱਲ ਦੀ ਥਾਂ ਇੱਕ ਲੰਬਾ ਲਾਂਘਾ ਹੈ, ਜੋ ਵੇਖਣ ਵਿੱਚ ਲੰਬੀ ਨਾਲ਼ ਹੈ; ਜਿਸ ਦੇ ਆਲ਼ੇ ਦੁਆਲ਼ੇ ਪਸਲੀਦਾਰ ਕਾਠ ਹੈ। ਉਸ ਤੋਂ ਬਾਅਦ ਫੇਰ ਖੋਖਾ ਸ਼ੁਰੂ ਹੁੰਦਾ। ਇਸ ਕਰਕੇ ਪਾਸਿਓਂ ਜਿਵੇਂ ਮੱਛੀ ਦੀ ਲਾਸ਼ ਦੇ ਸੀਸ ਦੁੰਮ ਸਾਲਮ ਹੁੰਦੇ ਨੇ, ਪਰ ਗਭਲਾ ਹਿੱਸਾ ਬੇ-ਮਾਸ ਪਿੰਜਰ ਹੈ ਵੇਖਣ ਨੂੰ ਲੱਗਦਾ ਹੈ। ਦੁੰਮ ਵੀ ਵੈਸੇ ਮੱਛੀ ਦੀ ਫ਼ਿਨ ਦੀ ਥਾਂ ਇੱਕ ਵੱਡਾ ਘੇਰੇਦਾਰ ਭਾਗ ਹੈ, ਜਿਸ ਵਿੱਚੋਂ ਪੰਖਾਂ ਵਾਲ਼ੀ ਪੂਛ ਜਹਾਜ਼ ਨੂੰ ਅੱਗੇ ਧੱਕਦੀ ਹੈ। ਇਹ ਵੇਖਣ ਵਿੱਚ ਕੇਸਰੀ ਪੱਖਾ ਹੈ, ਪਰ ਅਸਲ ਵਿੱਚ ਕੱਚ ਦੇ ਬਾਦਬਾਨ ਹਨ ਜਿਨ੍ਹਾਂ ਨਾਲ਼ ਜਹਾਜ਼ ਚੱਲਦਾ ਹੈ। ਜਹਾਜ਼ ਦੇ ਮੂੰਹ ਵਿੱਚ ਬਾਰੀਆਂ ਹਨ, ਜਿਨ੍ਹਾਂ ਪਿੱਛੇ ਕੰਟਰੋਲ ਕਮਰਾ ਹੈ। ਖੋਖਾ , ਜੋ ਜਹਾਜ਼ ਦਾ ਵੱਡਾ ਹਿੱਸਾ ਹੈ, ਵਿੱਚ ਮਾਲ ਹੀ ਰੱਖਿਆ ਹੁੰਦਾ ਹੈ। ਚੱਕਰ ਦੇ ਪਿੱਛੇ ਜੰਤਰ ਹੈ ਜਿਸ ਵਿੱਚ ਸੈੱਲਾਂ ਹਨ, ਜੋ ਬਾਦਬਾਨ ਰਾਹੀਂ ਧੁੱਪ ਖਾਂ ਕੇ ਜਹਾਜ਼ ਨੂੰ ਊਰਜਾ ਦਿੰਦੇ ਨੇ। ਪਰ ਚੱਕਰ ਹੈ, ਜਿਸ ਵਿੱਚ ਜਹਾਜ਼ੀ ਅਮਲੇ ਰਹਿੰਦੇ ਨੇ ਅਤੇ ਸਵਾਰੀਆਂ ਵੀ। ਜੇ ਸ਼ਕਤੀ ਜਹਾਜ਼ ਨੂੰ ਰੋਸ਼ਨੀ ਰਾਹੀਂ ਮਿਲਦੀ ਹੈ, ਜਹਾਜ਼ ਦਾ ਕੰਟਰੋਲ ਇੱਕ ਕੰਪਿਊਟਰ ਰਾਹੀਂ ਹੈ। ਇਸ ਦਾ ਅਹੁਦੇਦਾਰ ਨਾਂ - ਅਕਲੀ ਸੂਝ ਸਿੰਧਬਾਦ -ਹੈ। ਇੱਕ ਇਨਸਾਨ ਦੀ ਬੋਲੀ ਵਿੱਚ ਇਸ ਨੂੰ - ਨਕਲੀ ਅਕਲ- ਵੀ ਕਿਹਾ ਜਾਂਦਾ ਹੈ, ਜਾਂ -ਆਰਟੀਫਿਸ਼ਲ ਇੰਟੇਲੀਜੇਂਸ-। ਇੱਕ ਕਲਦਾਰ ਜਾਂ ਬੇ-ਜੁੱਸੇ ਰੋਬੋਟ। ਪਰ ਸਰੀਰ ਤਾਂ ਹੈ ਇਸ ਦਾ। ਸਰੀਰ ਸਿੰਧਬਾਦ ਜਹਾਜ਼ ਖ਼ੁਦ ਹੀ ਹੈ। ਇਸ ਕੰਪਿਊਟਰ ਨੂੰ ਆਵਾਜ਼ ਦਿੱਤੀ ਹੈ, ਜੋ ਹਰ ਜ਼ੁਬਾਨ ਵਿੱਚ ਸੰਚਾਰ ਕਰ ਸਕਦੀ ਹੈ। ਇਸ ਕਰਕੇ ਕਲਦਾਰ ਹੀ ਹੈ, ਕਿਉਂਕਿ ਇਨਸਾਨ ਦੇ ਹੰਕਾਰ ਨੇ ਸ਼ਖਸੀਅਤ ਦਿੱਤੀ ਹੈ। ਸੱਚ ਵਿੱਚ ਹਰ ਜਹਾਜ਼ ਵਿੱਚ -ਨਕਲੀ ਸੂਝ- ਹੁੰਦੀ ਹੈ, ਜਿਸ ਕਰਕੇ ਹਰੇਕ ਨੂੰ ਨਿਰਾਲਾ ਨੰਬਰ ਦਿੱਤਾ ਹੈ, ਜੋ ਸਮਝ ਲਓ ਉਸ ਦਾ ਅਸਲੀ ਨਾਂ ਹੈ। ਸਿੰਧਬਾਦ ਦੀ ਨਕਲੀ ਸੂਝ ਦਾ ਨੰਬਰ ਨਾਂ ੪੮੨੦੭ ਸੀ। ਪਰ ਜਹਾਜ਼ੀ ਉਸ ਨੂੰ ਮੋਹ ਵਿੱਚ -

ਸਿੰਧੀ- ਆਖਦੇ ਸੀ। ਕਿਉਂਕਿ ਸਿੰਧੀ ਤਕਰੀਬਨ ਸਭ ਕੁਝ ਖ਼ੁਦ ਕਰਦੀ ਸੀ, ਜਹਾਜ਼ੀਆਂ ਦਾ ਨੰਬਰ ਨਿੱਕਾ ਸੀ। ਮਤਲਬ ਸਿਰਫ਼ ਚਾਰਾਂ ਦੀ ਲੋੜ ਸੀ।

ਚਾਰ ਅਮਲੇ ਸਨ, ਜਿਨ੍ਹਾਂ ਵਿੱਚ ਸਿੰਧ ਸਿੰਘ ਇਕੱਲਾ ਇਨਸਾਨ ਸੀ। ਦੂਜਾ - ਨਾਥ ਸੋਸਨੀ ਖ਼ਾਨਦਰਸ਼ਨ- ਸੀ। ਹਰ ਸਾਨ੍ਹਾਨਸਲ ਵਾਂਗਰ ਨਾਂ ਦੇ ਮੂਹਰੇ -ਨਾਥ- ਦੀ ਪਦਵੀ ਸੀ। ਐਸ ਹੀ ਤਰ੍ਹਾਂ ਨਿਰਾਕਾਰੀਆਂ ਦੀ ਪਦਵੀ, - ਡਾਏ-, ਨਾਂ ਤੋਂ ਬਾਅਦ ਆਉਂਦੀ ਸੀ। ਤੀਜਾ -ਨਿਰਾਕਾਰੀ- ਹੀ ਸੀ, ਉਸ ਦਾ ਨਾਂ -ਅਕੀਰਾ ਡਾਏ- ਸੀ। ਇਹ ਹੀ ਤਿੰਨ ਪਰਾਣੀ ਸਨ। ਊਂ ਇਹ ਗੱਲ ਕਹਿਣ ਵਿੱਚ ਭਾਵੇਂ ਸੱਚ ਨਹੀਂ ਹੈ, ਜੇ ਮਸ਼ੀਨੀ ਬੰਦੇ ਜਾਂ ਨਕਲੀ ਸੂਝਾਂ ਨੂੰ ਚੇਤਨ ਵਿੱਚ ਗਿਣਨਾ ਹੈ; ਜੇ ਮਗਰਲੀ ਗੱਲ ਨਾਲ਼ ਸੁਰ ਮਿਲਾਉਣਾ ਹੈ, ਤਾਂ ਫੇਰ - ਸਿੰਧੀ - ਵੀ ਇਸ ਵਿੱਚ ਗਿਣੀ ਜਾ ਸਕਦੀ ਹੈ, ਅਤੇ ਅੰਕ ਪ੩੬ ਨੂੰ ਵੀ ਗਿਣਿਆ ਜਾ ਸਕਦਾ ਹੈ। ਅੰਕ ਪ੩੬ ਇੱਕ - ਕਲਦਾਰ - ਹੈ, ਇੱਕ ਰੋਬੋਟ ਹੈ, ਜਿਸ ਨੂੰ ਆਦਮੀ ਦੀ ਹਉਮੈਂ ਨੇ ਬੰਦੇ ਦੇ ਰੂਪ ਵਿੱਚ ਬਣਾਇਆ ਹੈ। ਹੱਥ ਪੈਰ ਹੋਣ ਕਰਕੇ ਪ੍ਰਯੋਗਿਕ ਕੰਮਾਂ ਵਾਸਤੇ ਗੁਣਕਾਰੀ ਹੈ। ਪਰ ਸੱਚਾਈ ਵਿੱਚ ਇਨਸਾਨ ਦੀ ਸ਼ਕਲ ਦਾ ਕੋਈ ਹੋਰ ਵਿਹਾਰੀ ਫ਼ਾਇਦਾ ਨਹੀਂ ਹੈ। - ਸਿੰਧੀ - ਵਾਂਗਰ ਵੀ ਹੋ ਸਕਦਾ ਸੀ ( ਪਰ ਉਸ ਨੂੰ ਵੀ ਨਾਰੀ ਦੀ ਆਵਾਜ਼ ਦਿੱਤੀ ਸੀ, ਇਨਸਾਨ ਬਣਾਉਣ ਵਾਸਤੇ), ਜਾਂ ਜਿਹੜੀ ਮਰਜ਼ੀ ਯੰਤਰਿਕ ਮਸ਼ੀਨ ਵਰਗਾ। ਅੰਕ ਪ੩੬ ਨੂੰ ਹਰ ਵਾਰੀ ਪੂਰਾ ਨਾਮ ਕਹਿਣ ਦੀ ਬਜਾਏ, ਹੁਣ ਆਮ ਸੀ ਕਿ ਇਸ ਨੂੰ - ਛੱਤੀ- ਨਾਂ ਨਾਲ਼ ਸੰਬੋਧਨ ਕੀਤਾ ਜਾਂਦਾ ਸੀ। ਬੱਸ ਏਨੇ ਜਣੇ ਸਨ।

ਛੱਤੀ ਜ਼ਖ਼ੀਰੇ ਵਿੱਚ ਕੰਮ ਕਰਦਾ ਸੀ। ਮਾਲ ਤੋਂ ਬਿਨਾ ਖ਼ਾਲੀ ਕਮਰਾ ਭਾਂ-ਭਾਂ ਕਰਦਾ ਸੀ; ਕਮਰੇ ਦਾ ਵਸੀਹ ਆਕਾਰ ਹਰ ਜਜ਼ਬੇ ਵਾਲੇ ਜੀਵ ਨੂੰ ਪ੍ਰਗਟ ਹੁੰਦਾ ਸੀ, ਪਰ ਛੱਤੀ, ਇੱਕ ਕਲਦਾਰ, ਨੂੰ ਇਸ ਦੇ ਮਹੱਤਵ ਬਾਰੇ ਕੋਈ ਸੰਵੇਦਨਾਂ ਨਹੀਂ ਸੀ। ਉਹ ਆਪਣੇ ਕਾਰ-ਵਿਹਾਰ ਵਿੱਚ ਮਸਰੂਫ ਰਹਿੰਦਾ ਸੀ। ਇਸ ਵੇਲੇ, ਜਦ ਕਮਰੇ ਦਾ ਇੱਕ ਬਰਕੀ ਬੂਹਾ - ਟੱਕ- ਦੀ ਆਵਾਜ਼ ਨਾਲ਼ ਖੁੱਲ੍ਹਿਆ ( ਦੋਵੇਂ ਦਰਵਾਜ਼ੇ ਦੀਆਂ ਤਖਤਾਂ ਅਲੱਗ ਹੋ ਕੇ ਸੱਜੇ ਖੱਬੇ ਵਾਲ਼ੀਆਂ ਕੰਧਾਂ ਵਿੱਚ ਲੁਪਤ ਹੋ ਗਈਆਂ), - ਸਿੰਧ ਸਿੰਘ- ਅੰਦਰ ਵੜਿਆ ਅਤੇ ਉਸ ਦੇ ਸਾਹਮਣੇ ਛੱਤੀ ਇੱਕ ਕੰਧ ਕੋਲ਼ ਖਲੋਤਾ ਸੀ, ਇੱਕ ਟਾਇਪਿੰਗ ਬੋਰਡ, ਜੋ ਕੰਧ ਉੱਤੇ ਜੁੜਿਆ ਹੋਇਆ ਸੀ, ਦੇ ਬਟਨਾਂ ਨੂੰ ਦਬਾ ਰਿਹਾ ਸੀ। ਬੋਰਡ ਦੇ ਨਾਲ਼ ਵਾਲੇ ਕਮਰੇ ਵਿੱਚ ਚੌਦਾਂ ਸਵੈਚਾਲਿਤ ਪੋਚਾ-ਪਾਚੀ ਕਰਨ ਵਾਲੇ ਜੰਤਰਾਂ ਨੂੰ ਕੰਟਰੋਲ ਕਰ ਰਿਹਾ ਸੀ। ਹਰ ਜੰਤਰ ਫ਼ਰਸ਼ ਉੱਤੇ ਸਫ਼ਾਈ ਕਰ ਰਿਹਾ ਸੀ, ਜਾਂ ਕੋਈ ਟਾਂਡ ਕੈਬੀਨਟ ਨੂੰ ਸਾਫ਼ ਕਰ ਰਿਹਾ ਸੀ; ਸਭ ਸਵੈਚਾਲਿਤ ਮਸ਼ੀਨਾਂ ਸਨ। ਦੇਖਣ ਵਿੱਚ ਸਨਤੀ ਬਾਹਾਂ ਜਾਂ ਲੱਤਾਂ ਆਪਣੇ

ਆਪ ਨੂੰ ਹਿਲਾਉਂਦੀਆਂ ਹੁਲਾਉਂਦੀਆਂ ਸਨ। ਪਰ ਇਨ੍ਹਾਂ ਤੋਂ ਛੱਤੀ ਅਲੱਗ ਹੀ ਸੀ। ਉਨ੍ਹਾਂ ਸਾਰਿਆਂ ਦਾ ਰੂਪ ਜੰਤਰ ਵਰਗਾ ਹੀ ਸੀ। ਜੋ ਸਨ, ਉਹੀ ਲੱਗਦੇ ਸਨ, ਆਪਣੇ ਆਪ ਨੂੰ ਚਲਾਉਣ ਤੋਂ ਸਿਵਾਏ ਆਮ ਘਰ ਵਾਲ਼ੇ ਆਲ਼ੇ। ਪਰ ਜਿਹੜਾ ਜੰਤਰ ਸਿੰਧ ਦੀਆਂ ਅੱਖਾਂ ਸਾਹਮਣੇ ਖੜ੍ਹਾ ਸੀ, ਉਨ੍ਹਾਂ ਨੂੰ ਬਟਨ ਦਬਾ ਕੇ ਚਲਾ ਰਿਹਾ ਸੀ; ਓਨ੍ਹਾਂ ਤੋਂ ਵੱਖ ਹੀ ਜਾਪਦਾ ਸੀ।

ਛੱਤੀ ਦਾ ਮੁਖ ਸਰਬ ਲੋਹ ਸੀ। ਉਸ ਦੀ ਟਾਂਟ ਉੱਪਰਲੇ ਪਾਸਿਓ ਤੋਂ ਇਲਾਵਾ ਗੋਲ਼ ਸੀ। ਸਿਰ ਦਾ ਸਫ਼ਾਚੱਟ ਸ਼ੀਰਸ਼ ਤਾਂਬਾ ਰੰਗ ਦਾ ਸੀ ਅਤੇ ਭਾਲ਼ ਘਸਮੈਲ਼ਾ ਵਰਨ ਦਾ। ਨੈਣ ਨਕਸ਼ ਇਨਸਾਨ ਵਰਗੇ ਨਹੀਂ ਸਨ, ਪਰ ਹੁਲੀਆ, ਮੰਨਿਆ-ਦੰਨਿਆ, ਆਦਮੀ ਦੀ ਸ਼ਕਲ ਵਰਗਾ ਲੱਗਦਾ ਸੀ। ਵੇਖਣ ਵਾਸਤੇ ਮੱਥੇ ਹੇਠ ਇੱਕ ਨਿੱਕਾ ਜਿਹਾ ਸਲੰਡਰੀ ਨੇਤਰ ਸੀ, ਨੰਨ੍ਹੀ ਦੂਰਬੀਨ ਜੋ ਵੱਧ ਘੱਟ ਕੇ ਕੈਮਰੇ ਦੀ ਲੇਂਜ਼ ਵਾਂਗ ਦੁਨੀਆਂ ਨੂੰ ਤਾੜਦੀ ਸੀ। ਇਹ ਸੀ ਛੱਤੀ ਦੀ ਇਕਲੌਤੀ ਅੱਖ। ਜਿੱਥੇ ਇਨਸਾਨ ਦਾ ਨੱਕ ਹੋਣਾ ਚਾਹੀਦਾ ਸੀ, ਉਸ ਥਾਂ ਤੋਂ ਥੋੜ੍ਹਾ ਜਿਹਾ ਉੱਪਰ ਸੀ। ਨੱਕ ਦੀ ਲੋੜ ਨਹੀਂ ਸੀ। ਠੋਡੀ ਹੇਠ ਇੱਕ ਸੱਲ ਪਾਇਆ ਹੋਇਆ ਸੀ, ਜਿਸ ਦੇ ਰਾਹ ਗੈਸ ਬਗੈਰ ਨੂੰ ਗਿਆਨ ਕਰ ਸਕਦਾ ਸੀ। ਇਹ ਵੀ ਤਾਂ ਹੀ ਦਿੱਤਾ ਗਿਆ, ਸੋ ਗੈਸ ਗੂਸ ਦੇ ਖਤਰੇ ਬਾਰੇ ਪਤਾ ਲੱਗ ਜਾਵੇ ਅਤੇ ਇਨਸਾਨ, ਸਾਨ੍ਹਾਨਸਲ ‘ਤੇ ਨਿਰਾਕਾਰੀਆਂ ਨੂੰ ਬਚਾਅ ਸਕਦਾ ਸੀ। ਜਿੱਥੇ ਬੰਦੇ ਦੇ ਬੁੱਲ੍ਹ ਹੁੰਦੇ ਸਨ, ਉੱਥੇ ਗਿਆਰਾਂ ਸੱਲਾਂ ਪਾਏ ਸਨ, ਜੋ ਅਸਲੀਅਤ ਵਿੱਚ ਸਪੀਕਰ ਦੀ ਆਵਾਜ਼ ਸਭ ਦੇ ਕੰਨਾਂ ਤੀਕਰ ਅਖਵਾਉਂਦੇ ਸਨ। ਇਹ ਨਕਲੀ ਬੋਲ਼ ਦੇ ਦੋ ਸਵਰ ਸਨ। ਇੱਕ ਇਨਸਾਨਾਂ ਦੀ ਰਾਜ ਬੋਲ਼ੀ ਵਿੱਚ; ਇੱਕ ਸਾਨ੍ਹਾਨਸਲਾਂ ਦੀ ਕੌਮਾਂਤਰੀ ਬੋਲ਼ੀ ਵਿੱਚ। ਕਹਿਣ ਦਾ ਭਾਵ ਉਸ ਦਾ ਕਿਰਿਆਸ਼ੀਲ ਸੀਸ ਹੀ ਸੀ। ਜੁੱਸਾ ਸਿਰਫ਼ ਇੱਕ ਹਿੱਕ ਸੀ, ਜੋ ਕਾਲ਼ੀ ਕੰਗਰੋੜ ਉੱਪਰ ਬੈਠਾ ਸੀ। ਇਹ ਰੀੜ੍ਹ ਚੂਕਣੇ ਵਿੱਚ ਫਸਾਈ ਹੋਈ ਸੀ। ਚੂਕਣੇ, ਹਿੱਕ ਵਾਂਗ ਚਾਂਦੀ ਰੰਗ ਦਾ ਸੀ। ਲਿੰਗ ਪੈਰ ਯਾਸ਼ਵਿਕ ਯੰਤਰਿਕ ਸਨ, ਜਿਨ੍ਹਾਂ ਦੇ ਹੱਥ ਪੈਰ ਸਾਨ੍ਹਾਨਸਲਾਂ ਦੇ ਵਰਗੇ ਸਨ; ਨਾ ਕਿ ਆਦਮੀਆਂ ਦੇ ਹੱਥ ਪੈਰਾਂ ਵਰਗੇ। ਛੱਤੀ ਛਾਂਗਲਾ ਸੀ। ਜਿਵੇਂ ਹੀ ਹੱਥ, ਉਸ ਤਰ੍ਹਾਂ ਹੀ ਪੈਰ।

ਛੱਤੀ ਦੀ ਛਾਤੀ ਉੱਪਰ ਕੌਮਾਂਤਰੀ ਜ਼ੁਬਾਨ ਵਿੱਚ ਅੰਕ ਪ੩੬ ਲਿਖਿਆ ਹੋਇਆ ਸੀ। ਪਰ ਸਿੰਧ ਵਰਗਿਆਂ ਨੂੰ ਨੰਬਰ ਦੀ ਥਾਂ ਨਾਂ ਕਹਿਣਾ ਸੌਖਾ ਅਤੇ ਸਹੀ ਲੱਗਦਾ ਸੀ, ਜਿਸ ਕਰਕੇ ਬੂਹੇ ਖੁੱਲ੍ਹਣ ‘ਤੇ ਬੋਲਿਆ, -ਕਿੱਦਾਂ ਛੱਤੀ, ਝਾੜ ਪੂੰਝ ਹੋ ਗਈ?-।

ਸਿੰਧ ਦੇ ਵੱਲ ਕਲਦਾਰ ਦੀ ਇੱਕੋ ਹੀ ਬੇ-ਜਾਨ ਅੱਖ ਵਧੀ। ਲੇਂਜ਼ ਵਿੱਚ ਜੋਤ ਦਿਸਦੀ ਸੀ, ਪਰ ਜਿਉਂਦੇ ਜੀਵ ਦੀ ਜੋਤ ਵਰਗੀ ਨਹੀਂ ਸੀ। ਕੋਈ ਜਜ਼ਬਾ ਜਾਪਦਾ ਨਹੀਂ ਸੀ। ਕੇਵਲ ਕੈਮਰੇ ਦੀ ਠੰਢੀ ਲੇਂਜ਼ ਸੀ। - ਜੀ। ਕੰਮ ਖ਼ਤਮ ਹੋਣ ਵਾਲਾ ਹੈ-। ਆਵਾਜ਼ ਛੱਤੀ ਦੀ ਮਕੈਨੀਕਲ ਸੀ, ਉੱਤਰ ਵਾਸਤਵਿਕ।

ਸਿੰਧ ਦੀਆਂ ਬੁੱਲ੍ਹਾਂ ਉੱਤੇ ਮੁਸਕਾਨ ਸੀ। ਤੱਤੇ ਤਾਅ ਉਸ ਦੇ ਲਬਾਂ ਤੋਂ ਤਬੱਸਮ ਢਹਿ ਗਿਆ। ਸਿੰਧ ਨੇ ਆਪਣੀਆਂ ਅੱਖਾਂ ਕੰਮ ਕਰਨ ਵਾਲੇ ਆਲ਼ਿਆਂ ਉੱਤੇ ਟਿਕਾ ਦਿੱਤੀਆਂ। ਫੇਰ ਕੁਦਰਤੀ ਉਸ ਦੇ ਲੋਇਣ ਛੱਤੀ ਦੀ ਇਕਲੌਤੀ ਅੱਖ ਨਾਲ਼ ਮਿਲੇ, ਜਿਸ ਦੇ ਨਤੋਦਰ ਸ਼ੀਸ਼ੇ ਵਿੱਚ ਆਪਣਾ ਮੁਖ ਵੇਖਿਆ। ਲੰਬਾ ਮੂੰਹ, ਤਿੱਖਾ ਨੱਕ, ਕਾਲ਼ੀ ਦਾੜ੍ਹੀ, ਚਿੱਟੀ ਪੱਗ ਚਾਂਦੀ ਖ਼ੋਦ ਆਲ਼ੇ ਦੁਆਲ਼ੇ ਲਪੇਟੀ। ਵਰਦੀ ਵੀ ਰੁਪਹਿਲਾ ਰੰਗ ਦੀ ਸੀ। ਪੱਲ ਬਾਅਦ ਫੇਰ ਦੂਜੇ ਪਾਸੇ ਨਜ਼ਰ ਲੱਗਾਈ।

- ਅੱਛਾ ਤੇਰੀ ਅਗਲੀ ਡਿਊਟੀ ਕੀ ਹੈ?-

- ਸਰ, ਮੈਂ ਨੇ ਇੰਜੀਨੀਅਰਿੰਗ ਖਾਨਾ ਚੈੱਕ ਕਰਨਾ-

- ਜਾ ਫੇਰ-। ਇੰਝ ਕਹਿ ਕੇ ਬਾਹਰ ਬੂਹੇ ਵੱਲ ਤੁਰ ਪਿਆ। ਜਦ ਬੂਹਾ ਸ਼ੂਕ ਕੇ ਖੁੱਲ੍ਹਾ, ਇੱਕ ਵਾਰ ਘੁੰਮ ਕੇ ਛੱਤੀ ਨੂੰ ਕਿਹਾ, - ਥੋੜ੍ਹਾ ਜਿਹਾ ਬੰਦਾ ਵਰਗਾ ਤਾਂ ਬਣ-। ਫੇਰ ਬਾਹਰ ਚਲੇ ਗਿਆ। ਛੱਤੀ ਬੰਦ ਬੂਹੇ ਵੱਲ ਤੱਕੀ ਗਿਆ ਅਤੇ ਹਾਰ ਕੇ ਬੋਲ਼ਿਆ ( ਜਿਵੇਂ ਮਸ਼ੀਨਾਂ ਨੂੰ ਉਸ ਦੀ ਗੱਲ ਦਾ ਸਮਝ ਸੀ), - ਇਨਸਾਨ ਬਹੁਤ ਅਜੀਬ ਕੌਮ ਹੈ-।

* * * * *

ਜਹਾਜ਼ ਪੁਲਾੜ ਦੀ ਸਿਆਹੀ ਸੁੰਞ ਵਿੱਚ ਤੈਰਦਾ ਸੀ। ਉਸ ਦੇ ਕੰਟਰੋਲ ਕਮਰੇ ਪਿੱਛੇ, ਥੋੜ੍ਹਾ ਜਿਹਾ ਵੱਡਾ ਕਮਰਾ ਸੀ; ਜਿੱਥੇ ਖਾਈਦਾ ਹੁੰਦਾ ਸੀ। ਗੱਭੇ ਗੋਲ਼ ਮੇਜ਼ ਸੀ ਅਤੇ ਕੰਧਾਂ ਨਾਲ਼ ਆਲ਼ੇ ਸਨ, ਜਿੱਥੇ ਲੋਕ ਬਹਿ ਕੇ

ਗੱਪ-ਸ਼ੱਪ ਮਾਰ ਸਕਦੇ ਸਨ। ਜੇ ਛੱਤੀ ਨੂੰ ਵੀ ਵਿੱਚ ਗਿਣੀਏ, ਚਾਰ ਹੀ ਹਵਾਬਾਜੇ ਇੱਥੇ ਤਿੰਨ ਵਾਰੀ ਦਿਹਾੜ ਵਿੱਚ ਖਾਣ ਆਉਂਦੇ ਸਨ। ਉਂਝ ਛੱਤੀ ਨੂੰ ਖਾਣ ਦੀ ਲੋੜ ਨਹੀਂ ਸੀ। ਉਸ ਸਗੋਂ ਬਹਿਰੇ ਦਾ ਪਾਰਟ ਕਰਦਾ ਸੀ।

ਵੈਸੇ ਪੁਲਾੜ ਦੇ ਹਨ੍ਹੇਰੇ ਵਿੱਚ ਦਿਨ ਰਾਤ ਦਾ ਤਾਂ ਕੋਈ ਪਤਾ ਨਹੀਂ ਸੀ। ਇਹ ਗੱਲਾਂ ਤਾਂ ਧਰਤ ਉੱਤੇ ਹੀ ਅਸਰ ਦਿੰਦੀਆਂ ਹਨ, ਖਾਸ ਕਰ ਜਦ ਗ੍ਰਹਿ ਕਿਸੇ ਸੂਰਜ ਦੇ ਆਲ਼ੇ ਦੁਆਲ਼ੇ ਘੁੰਮਦਾ ਹੈ। ਉਸ ਚੱਕਰ ਤੋਂ ਦਿਨ ਰਾਤ ਦਾ ਪਤਾ ਲੱਗਦਾ ( ਜੇ ਚੰਦ ਹੋਵੇ ਜਾਂ ਹੋਰ ਕੋਈ ਨਛੱਤਰ ਧੁੱਪ ਨੂੰ ਅੜਿੱਕਾ ਪਾਵੇ) ਅਤੇ ਉਸ ਦਿਹਾੜ ਦੇ ਹਿੱਸੇ ਘੰਟੇ ਬਣਾ ਸਕਦੇ ਹਨ, ਜਾਂ ਸਵੇਰ ਸ਼ਾਮ। ਪੁਲਾੜ ਨੂੰ ਇਨ੍ਹਾਂ ਦਾ ਕੋਈ ਪਤਾ ਨਹੀਂ ਹੈ, ਕੋਈ ਪਰਵਾਹ ਨਹੀਂ ਹੈ। ਪਰ ਇਨਸਾਨ ਜਾਂ ਸਾਨ੍ਹਾਨਸਲ ਲੋਕ, ਆਪਣੀਆਂ ਤਹਿਜ਼ੀਬਾਂ ਦੇ ਹਿਸਾਬ ਨਾਲ਼ ਅਰਸੇ ਗਿਣਦੇ ਹਨ, ਸਵੇਰ ਸ਼ਾਮ ਭਾਲ਼ਦੇ ਹਨ। ਇਸ ਤਰ੍ਹਾਂ ਜਾਗਣ ਦਾ ਵੇਲ਼ਾ, ਸੌਣ ਦਾ ਵੇਲ਼ੇ ਜਾਂ ਕੰਮ ਕਰਨ ਦਾ ਵੇਲ਼ਾ ਨੂੰ ਮਾਰਕ ਕਰਦੇ ਹਨ। ਇੱਕ ਘੜੀ ਹਰ ਜਹਾਜ਼ ਦੀਆਂ ਕੰਧਾਂ ਉੱਤੇ, ਜਾਂ ਕਿਸੇ ਦੇ ਫੋਨ ਉੱਤੇ, ਨਾਲ਼ੇ ਅਕਲ ਸੂਝ ਵਿੱਚ ਹੁੰਦੀ ਹੈ। ਸਮਾਂ ਗ਼ਲਬਾ ਤਖ਼ਤ ਦੇ ਫੇਰਿਆਂ ਦੇ ਹਿਸਾਬ ਨਾਲ਼ ਮਿਣਿਆ ਜਾਂਦਾ ਹੈ। ਜਦ ਉਸ ਦੇ ਹਿਸਾਬ ਨਾਲ਼ ਰਾਤ ਸੀ, ਸਭ ਸੌਂ ਜਾਂਦੇ ਸਨ; ਜਦ ਦਿਨ, ਉੱਠ ਜਾਂਦੇ ਸੀ।

ਹੁਣ ਓਸ ਘੜ੍ਹੀ ਦੇ ਹਿਸਾਬ ਨਾਲ਼ ਆਥਣ ਸੀ। ਸਾਰੇ ਹੀ ਇਕੱਠੇ ਹੋ ਚੁੱਕੇ ਸਨ, ਜਹਾਜ਼ੀ ਅਮਲੇ, ਪ੍ਰਾਹੁਣੇ ਵੀ। ਵੈਸੇ ਮਹਿਮਾਨ ਤਾਂ ਸੱਚਾਈ ਵਿੱਚ ਪੈਸੇ ਦੇਣ ਵਾਲ਼ੇ ਪਾਂਧੀ ਸਨ। ਤਿੰਨ ਰਾਹੀ ਸਨ। ਇੱਕ ( ਜਦ ਵੀ ਸਿੰਧ ਉਸ ਵੱਲ ਡਿੱਠੇ, ਦੇਖਣ'ਚ ਧੁੰਧ ਲੁਪੇਟਿਆ ਤੰਦੂਆ ਸੀ) ਨਿਰਾਕਾਰੀ ਸੀ ਅਤੇ ਉਸ ਦੇ ਸਾਥ, ਇੱਕ ਕੁੜੀ ( ਇਨਸਾਨ) ਅਤੇ ਇੱਕ ਕਲਦਾਰ ( ਜਾਨੀ ਰੋਬੋਟ), ਜਿਸ ਦਾ ਨਾਂ ਅੰਕ ੧੯੮੪ ਸੀ, ਪਰ ਅਮਲੇ ਉਸ ਨੂੰ - ਚਰਾਸੀ - ਸਦਨ ਲੱਗ ਪਏ ਸੀ।

ਮੇਜ਼ ਦੇ ਆਲ਼ੇ ਦੁਆਲ਼ੇ ਕੁਰਸੀਆਂ ਉੱਤੇ ਸਿੰਧ ਬੈਠਾ ਸੀ ( ਜਹਾਜ਼ ਦਾ ਮੀਰ ਮਲਾਹ ਹੋਣ ਕਰਕੇ ਉਸ ਦੀ ਕੁਰਸੀ ਦੀ ਕੰਡ ਸਭ ਤੋਂ ਲੰਬੀ ਉੱਚੀ ਸੀ) ਅਤੇ ਉਸ ਦੇ ਸੱਜੇ ਪਾਸੇ ਅਕੀਰਾ ਡਾਇ, ਜਿਸ ਦੇ ਸੱਜੇ ਪਾਸੇ - ਲੇਵੀ ਲੋਕਸਲੀ- ਬੈਠੀ ਸੀ ( ਉਹ ਯਾਤਰੀ ਕੁੜੀ, ਜਿਸ ਵਾਲ਼ੇ ਪਹਿਲਾਂ ਦੱਸਿਆ ਹੈ), ਜਿਸ ਦੇ ਸੱਜੇ ਪਾਸੇ - ਚੁਰਾਸੀ- ਸੀ; ਕਲਦਾਰ ਦੇ ਸੱਜ ਪਾਸੇ - ਹਿਕਾਰੂ ਡਾਇ- ਬੈਠਾ ਸੀ, ਜਿਸ ਤੋਂ ਸਿੰਧ ਨੂੰ ਪੈਸੇ ਮਿਲੇ ਸਨ ਉਨ੍ਹਾਂ ਮੁਸਾਫ਼ਰਾਂ ਨੂੰ ਜੰਨਤਸਤਾਨ ਲੈ ਕੇ ਜਾਣ ਵਾਸਤੇ) ਅਤੇ ਉਸ ਦੇ ਸੱਜੇ ਪਾਸੇ - ਨਾਥ ਸੋਸਨੀ- ਸੀ, ਸਿੰਧ ਦੇ ਖੱਬੇ ਪਾਸੇ ਬੈਠਾ। ਇੰਝ ਚੱਕਰ ਪੂਰਾ ਸੀ। ਵੈਸੇ ਚੁਰਾਸੀ ਅਤੇ

ਕੁੜੀ ਦੇ ਵਿਚਾਲੇ ਥਾਂ ਸੀ ਛੱਤੀ ਬੈਠਣ ਵਾਸਤੇ, ਪਰ ਜਦ ਖਾਂਦਾ ਨਹੀਂ ਸੀ, ਕੀ ਫ਼ਾਇਦਾ ਸੀ? ਫ਼ਾਇਦਾ ਤਾਂ ਚੁਰਾਸੀ ਵਾਸਤੇ ਵੀ ਨਹੀਂ ਸੀ, ਪਰ ਮਹਿਮਾਨ ਹੋਣ ਉੱਤੇ ਉਸ ਨੂੰ ਆਦਰ ਕਰਨ ਬਿਠਾਇਆ ਸੀ।

ਦੋਈ ਨਿਰਾਕਾਰੀਆਂ ਨੂੰ - ਬੈਠੇ- ਕਿਹਾ ਹੈ, ਪਰ ਸੱਚ ਵਿੱਚ ਇੰਝ ਨਹੀਂ ਸੀ। ਸੱਚ ਸੀ ਕਿ ਕੁਰਸੀ ਉੱਪਰ ਵਾਅ ਵਿੱਚ ਉੱਡ ਰਹੇ ਸਨ। ਉਨ੍ਹਾਂ ਦੇ ਆਲ਼ੇ ਦੁਆਲ਼ੇ ਧੁੰਧ ਜਾਪਦੀ ਸੀ। ਸ਼ਕਲ ਸੂਰਤ ਤਾਂ ਤੰਦੂਆਂ ਵਰਗੀ ਹੀ ਸੀ। ਛੇ ਬਾਹਾਂ ਇੱਧਰ ਉੱਧਰ ਤਰੰਗ ਦੀਆਂ ਸਨ। ਜਿੰਨਾ ਕਾਲ਼ਾ ਹਿਕਾਰੂ ਡਾਏ ਸੀ ( ਉਸ ਦੀਆਂ ਬਾਹਾਂ ਟੋਹਣੀ ਉੱਤੇ ਪੀਲੇ-ਪੀਲੇ ਚੱਕਰ ਸਨ) ਓਨਾ ਸ਼ੀਰ ਰੰਗ ਦਾ -ਅਕੀਰਾ ਡਾਏ- ਸੀ।

ਛੱਤੀ ਨੇ ਸਬਾਤ ਵਿੱਚੋਂ ਖਾਣਾ ਲਿਆ ਕੇ ਸਭ ਦੇ ਸਾਹਮਣੇ ਰੱਖਿਆ। ਇੰਝ ਮੇਜ਼ ਦੇ ਘੇੜਾ ਮਾਰ ਕੇ ਰੱਖਦਾ-ਰੱਖਦਾ ਚੁਰਾਸੀ ਕੋਲ਼ ਪੁੱਜਿਆ। ਉਸ ਦੇ ਵੱਲ ਝਾਕਿਆ। ਦੋਨਾਂ ਨੂੰ ਪਤਾ ਸੀ ਕਿ ਕਲਦਾਰ ਨਹੀਂ ਖਾਂਦੇ ਸੀ। ਸਰੀਰ ਤੇਲ਼ ਅਤੇ ਬਿਜਲੀ ਉੱਤੇ ਚੱਲਦਾ ਫਿਰਦਾ ਸੀ। ਛੱਤੀ ਦੀ ਇਕਲੌਤੀ ਅੱਖ ਪਲ ਵਾਸਤੇ ਚੁਰਾਸੀ ਉੱਤੇ ਠਹਿਰੀ। ਚੁਰਾਸੀ ਦੀ ਘੜਤ ਹੋਰ ਸੀ। ਸੀਸ ਉਸ ਦਾ ਲੰਬੂਤਰਾ ਅਤੇ ਕਾਲ਼ਾ ਸੀ, ਠੋਢੀ ਦਾ ਰੰਗ ਲਾਲ, ਨੱਕ ਦੀ ਥਾਂ ਫੱਟ ਸੀ, ਮੂੰਹ ਦੀ ਥਾਂ ਸਪੀਕਰ ਦੀਆਂ ਗਲੀਆਂ ਸਨ। ਜਿੱਥੇ ਛੱਤੀ ਦੀ ਇੱਕ ਅੱਖ ਸੀ, ਚੁਰਾਸੀ ਦੀਆਂ ਅੱਖਾਂ ਮੱਕੜੀ ਵਾਂਗ ਸਨ। ਮਤਲਬ ਅੱਠ ਕਾਲ਼ੇ ਕੱਚ ਦੀਆਂ ਲੇਂਜ਼ਾਂ ਸਨ, ਜੋ ਚਮਕਦੀਆਂ ਸਨ, ਲਾਲ਼ ਬੱਤੀਆਂ ਨਾਲ਼ ਜਦ ਵੀ ਚੁਰਾਸੀ ਬੋਲ਼ਦਾ ਸੀ।

- ਮੈਨੂੰ ਵੀ ਕੁਝ ਦੇਦੇ- ਕਲਦਾਰ ਨੇ ਕਲਦਾਰ ਨੂੰ ਕਿਹਾ।

- ਕਾਹਤੋਂ? ਤੂੰ ਮੇਰੇ ਵਾਂਗ ਰੋਬੋਟ ਹੈ। ਤੈਨੂੰ ਅਧਾਰ ਦੀ ਲੋੜ ਨਹੀਂ-

- ਹਮੇਸ਼ਾ ਲੋੜਾਂ ਕਰਕੇ ਨਹੀਂ ਕਰੀਦਾ। ਮੈਂ ਹੀ ‘ਕਲਾ ਹਾਂ ਇਸ ਮੇਜ਼ ਉੱਤੇ, ਜਿਸ ਦੇ ਸਾਹਮਣੇ ਕੁਝ ਹੈ ਨਹੀਂ। ਇੱਦਾਂ ਚੰਗਾ ਨਹੀਂ ਲੱਗਦਾ-। ਚੁਰਾਸੀ ਨੇ ਫਟਾਫਟ ਉੱਤਰ ਦਿੱਤਾ।

ਛੱਤੀ ਦੀ ਅੱਖ ਦਾ ਲੇਂਜ਼ ਕੈਮਰੇ ਕੈਮਰੇ ਦੇ ਸ਼ਟਰ ਵਾਂਗ ਮੂਹਰੇ ਪਿੱਛੇ ਹੋਇਆ। ਫੇਰ ਚੁਰਾਸੀ ਦੇ ਸਾਹਮਣੇ ਰਕਾਬੀ ਰੱਖ ਦਿੱਤੀ, ਜਿਸ ਉੱਤੇ ਆਂਡੇ ਸਨ। ਜੇ ਮਸ਼ੀਨ ਦੇ ਮੂੰਹ ਉੱਤੇ ਕਟਾਖ ਹੋ ਸਕਦਾ ਸੀ, ਇਸ ਵੇਲੇ ਇਹੀ ਹਾਵ ਭਾਵ ਛੱਤੀ ਦੇ ਮੁਖ ਉੱਤੇ ਹੋਣਾ ਸੀ।

– ਖਾ ਕੇ ਦੇਖ–। ਕਹਿ ਕੇ ਸਬਾਤ ਵੱਲ ਤੁਰ ਪਿਆ। ਲੇਵੀ ਹੱਸਣ ਲੱਗ ਪਈ। ਚੁਰਾਸੀ ਨੇ ਉਸ ਦੇ ਚੇਹਰੇ ਵੱਲ ਵਹਿੰਦਾ ਨੇ ਕਿਹਾ, – ਇਸ ਵਿੱਚ ਕੀ ਹੱਸਣ ਨੂੰ ਹੈ?–। ਇਮਾਨਦਾਰ ਸਵਾਲ ਸੀ। ਮਸ਼ੀਨੀ ਬੰਦੇ ਨੂੰ ਜਿੰਨਾ ਹੀ ਪ੍ਰੋਗ੍ਰਾਮ ਕਰ ਲੋ, ਉਸ ਨੂੰ ਫੇਰ ਵੀ ਦੁਨੀਆਦਾਰ ਮਨੁੱਖ ਦੇ ਅਨੁਭਵ ਨਹੀਂ ਸਮਝਦੇ ਹਨ।

ਲੇਵੀ ਦੇ ਕੇਸ ਕੱਟੇ ਸਨ, ਸੋ ਮੋਢਿਆਂ ਉੱਤੇ ਮੰਡਲਾਉਂਦੇ ਸਨ; ਉਸ ਦਾ ਮੂੰਹ ਗੋਲ਼ ਸੀ, ਅੱਖਾਂ ਮਲਾਗੀਰੀਆਂ ਸਨ, ਨੱਕ ਫੀਨ੍ਹਾ, ਲਬ ਮੋਟੇ ਅਤੇ ਸਰੂ ਕੱਦ ਸੀ। ਉਸ ਦੀ ਘੁੱਟਵੀਂ ਮਜ਼ਰੀ ਵਰਦੀ ਗਾਟੇ ਤੋਂ ਗਿੱਟੇ ਤੀਕਰ ਢਕਦੀ ਸੀ; ਪਰ ਜਿਸਮ ਨਾਲ਼ ਇੰਨੀ ਕਸੀ ਹੋਈ ਸੀ, ਕਿ ਜੁੱਸੇ ਦੇ ਰੂਪ ਨੂੰ ਵਿਖਾਲ਼ਦੀ ਸੀ। ਚੁਰਾਸੀ ਨੂੰ ਪ੍ਰੋਗਰਾਮ ਕੀਤਾ ਹੋਇਆ ਸੀ ਲੋਕਾਂ ਦੇ ਭਾਵਾਂ ਨੂੰ ਪਛਾਣਨ, ਪਰ ਉਸ ਦਾ ਮਸ਼ੀਨੀ ਜ਼ਿਹਨ ਨੂੰ ਫਿਰ ਵੀ ਹਰ ਗੱਲ ਦੀ ਸਮਝ ਨਹੀਂ ਸੀ ਆਉਂਦੀ।

ਹੁਣ ਸਾਰਿਆਂ ਦਾ ਧਿਆਨ ਕਲਦਾਰ ਵੱਲ ਹੋ ਚੁੱਕਾ ਸੀ ਅਤੇ ਜਦ ਲੇਵੀ ਨੇ ਉਨ੍ਹਾਂ ਨੂੰ ਦੱਸਿਆ ਕੀ ਦੋਨਾਂ ਕਲਦਾਰਾਂ'ਚ ਬੀਤਿਆ ਸੀ, ਹਾਸੇ ਦਾ ਹੜ੍ਹ ਸ਼ੁਰੂ ਹੋ ਗਿਆ।

– ਤੂੰ ਖਾ ਤਾਂ ਸਕਦਾ ਨ੍ਹੀਂ। ਫੇਰ ਇਸ ਦਾ ਫ਼ਾਇਦਾ ਕੀ ਹੈ?– ਨਾਥ ਸੋਸਨੀ ਨੇ ਆਖਿਆ।

– ਮਾਫ਼ ਕਰਨਾ, ਮੈਂ ਸਿਰਫ਼ ਤੁਹਾਡੇ'ਚ ਸ਼ਾਮਲ ਹੋਣਾ ਚਾਹੁੰਦਾ ਸੀ– ਚੁਰਾਸੀ ਨੇ ਠਰੰਮ੍ਹੇ ਨਾਲ਼ ਸਾਨ੍ਹਾਨਸਲ ਨੂੰ ਜਵਾਬ ਦਿੱਤਾ।

– ਇਸ ਦੀ ਗਲਤੀ ਨਹੀਂ ਹੈ। ਹਰ ਕਲਦਾਰ ਦੀ ਉਮੰਗ,ਜਿਥੇ ਤੱਕ ਮੈਨੂੰ ਸਮਝ ਹੈ, ਸਾਡੇ ਵਰਗੇ ਹੋਣ ਦੀ ਹੈ।ਖ਼ਾਸ ਕਰ ਤੁਹਾਡੇ ਵਾਂਗ–। ਹਿਕਾਰੂ ਡਾਏ ਨੇ ਕਿਹਾ, ਧੁੰਧ ਪਿੱਛੋਂ, ਉਨ੍ਹਾਂ ਵੱਲ ਇੱਕ ਟੇਂਟਾਕਲ ਕਰਦਾ ਹੋਇਆ। ਪਰ ਮੂੰਹੋਂ ਉਸ ਨੇ ਕੁਝ ਨਹੀਂ ਬੋਲਿਆ। ਹਰ ਜੀਵ ਨੂੰ ਉਸ ਦੀ ਸੋਚ ਮਹਿਸੂਸ ਹੋਈ। ਸਿਰਫ਼ ਚੁਰਾਸੀ ਨੂੰ ਨਹੀਂ ਪਤਾ ਲੱਗਿਆ, ਕਿਉਂਕਿ ਨਿਰਾਕਾਰੀ ਵਾਸਤੇ ਵੀ ਮਸ਼ੀਨੀ ਦਿਮਾਗ਼ ਅਛੇਦ ਸੀ। ਪਰ ਉਸ ਨੂੰ ਪਤਾ ਸੀ ਕਿ ਕੁਝ ਤਾਂ ਕਿਹਾ, ਕਿਉਂਕਿ ਹੁਣ ਸੋਸਨੀ ਦਾ ਉੱਤਰ ਚੁਰਾਸੀ ਦੀ ਟਿੱਪਣੀ ਵੱਲ ਨਹੀਂ ਸੀ।

ਸਾਨ੍ਹਾਨਸਲ ਦਾ ਜਵਾਬ, - ਅਸਾਡੇ ਵਰਗੇ ਕਿੱਥੇ ਹੋ ਸਕਦੇ ਹਿਕਾਰੂ ਵੀਰ ਜਾਨ। ਇਹ ਕਲਦਾਰ ਤਾਂ ਤੁਰਦਾ ਫਿਰਦਾ ਕੰਪਿਊਟਰ ਹੀ ਆ। ਕਲ ਪੁਜਿਆਂ ਦਾ ਬਣਾਇਆ ਹੈ। ਸੋਚਾਂ ਵੀ ਉਹੀ ਹਨ, ਜੋ ਪ੍ਰੋਗ੍ਰਾਮਿੰਗ ਨੇ ਦਿੱਤੀਆਂ ਹਨ-।

- ਤੇਰੀ ਇਹ ਗੱਲ ਨਾਲ਼ ਮੈਨੂੰ ਸਹਿਮਤੀ ਨਹੀਂ ਹੈ। ਹੁਣ ਸਿੰਧੀ ਬਾਰੇ ਸੋਚ। ਉਹ ਹਰ ਦਿਹਾੜੇ ਆਪ-ਬੀਤੀ ਤੋਂ ਸਿਖਦੀ ਹੈ। ਇੰਝ ਹੀ ਛੱਤੀ ਸਿਖਦਾ। ਹਾਂ, ਹੱਦ ਹੈ। ਪਰ ਫੇਰ ਵੀ ਅਕਲ ਸੂਝ ਹਨ-। ਸਿੰਧ ਨੇ ਆਪਣੀ ਕਹੀ।

- ਜ਼ਰੂਰ। ਪਰ ਅਸਾਡੇ ਵਾਂਗ ਇਹ ਸਾਸ ਨਹੀਂ ਹੈ। ਸੰਗੀਤ ਨੂੰ, ਜਾਂ ਕਲਾ ਨੂੰ ਮੁੱਲ ਨਹੀਂ ਪਾ ਸਕਦੇ। ਆਹੋ, ਪ੍ਰੋਗ੍ਰਾਮ ਕਰੇ ਜਾ ਸਕਦੇ। ਪਰ ਉਹ ਹੋਰ ਗੱਲ ਹੈ। ਹੁਣ ਦੇਖ ਇਹ ਖਾਣਾ ਅਜਾਈ ਜਾਣਾ-।

- ਸਹੀ ਗੱਲ। ਤੁਹਾਡੇ ਕਲਦਾਰ ਦਾ ਨਾਂ...-। ਸਿੰਧ ਨੇ ਕਹਿਣਾ ਸ਼ੁਰੂ ਕੀਤਾ।

- ਅੰਕ ੧੯੮੪, ਪਰ ਤੁਹਾਡੇ ਅਮਲੇ ਚੁਰਾਸੀ ਸੱਦ ਦੇ ਨੇ- ਲੇਵੀ ਨੇ ਕਿਹਾ।

- ਆਹੋ! ਚੁਰਾਸੀ, ਰਕਾਬੀ ਚੱਕ ਕੇ ਸਬਾਤ ਜਾਹ, ਨਹੀਂ, ਇੱਦਾਂ ਕਰ...ਕਿਸੇ ਨੇ ਲੈਣਾ?-। ਜਦ ਕੋਈ ਜਵਾਬ ਨਹੀਂ ਆਇਆ, ਚੁਰਾਸੀ ਨੂੰ ਇਸ਼ਾਰਾ ਫੇਰ ਦਿੱਤਾ। ਕਲਦਾਰ ਨੇ ਰਕਾਬੀ ਚੁੱਕ ਲਈ ਅਤੇ ਸਬਾਤ ਵੱਲ ਤੁਰ ਪਿਆ। ਉਸ ਦੇ ਪਿੱਛੇ ਅਕੀਰਾ ਡਾਏ ਨੇ ਆਪਣੀ ਸੋਚ ਹੋਰ ਸਾਰਿਆਂ ਨਾਲ਼ ਸਾਂਝੀ ਕੀਤੀ।

- ਇਸ ਦੀ ਗਲਤੀ ਨਹੀਂ। ਹਰ ਸੂਝਵਾਨ ਰੋਬੋਟ ਵੀ ਜ਼ਿਆਦਾ ਬਣਨਾ ਚਾਹੁੰਦਾ ਹੈ। ਹੁਣ ਤੁਸੀਂ ਉਸ ਨੂੰ ਘੜਿਆ, ਉਹ ਵੀ ਆਪਣੇ ਰੂਪ ਵਿੱਚ। ਬੰਦੇ ਦਾ ਰੂਪ, ਸਾਨ੍ਹਾਨਸਲ ਦਾ ਰੂਪ। ਇਸ ਦਾ ਮਤਲਬ ਤੁਸੀਂ ਦਿਲ ਵਿੱਚ ਚਾਹੁੰਦੇ ਸੀ ਕਿ ਤੁਹਾਡੇ ਵਰਗੇ ਹੋਣ। ਨਾਲ਼ੇ ਅਕਲ ਸੂਝ ਦਾ ਮਤਲਬ ਹੀ ਹੈ ਹਰ ਦਿਨ ਸਿਖ ਕੇ ਤਰੱਕੀ ਕਰੇ-।

- ਆਹੋ। ਪਰ ਫੇਰ ਵੀ ਖਾਣਾ ਨੂੰ ਮੰਗਣਾ ਤਾਂ ਖਰ ਦਿਮਾਗ਼ ਸੀ-। ਲੇਵੀ ਬੋਲ਼ੀ।

– ਮਸ਼ੀਨ ਕਿੱਥੇ ਖਰ ਦਿਮਾਗ਼ ਹੋ ਸਕਦੀ ਐ?– ਹਿਕਾਰੂ ਵੱਲੋਂ।

– ਕਿਉਂ ਨਹੀਂ?– ਲੇਵੀ ਨੇ ਜੀਭ ਹਿਲਾਈ– ਜਿੱਦਾਂ ਨਾਥ ਸੋਸਨੀ ਸਾਹਿਬ ਨੇ ਕਿਹਾ, ਰੋਬੋਟ ਓਨਾ ਚੰਗਾ ਹੈ, ਜਿੰਨਾ ਪ੍ਰੋਗ੍ਰਾਮ ਹੈ–।

ਸਿੰਧ ਨੇ ਗੱਲ ਦਾ ਖਿਲਾਰ ਪਾ ਦਿੱਤਾ, – ਹੋ ਸਕਦਾ ਇਹ ਕਲਦਾਰ ਖੂਹ ਦਾ ਡੱਡੂ ਹੈ। ਜਿੰਨਾ ਚਿਰ ਤਿੰਨ ਅਸੂਲਾਂ ਨੂੰ ਪੂਰਾ ਕਰਦਾ, ਸਾਨੂੰ ਕੀ ਜੇ ਆਦਮੀ ਬਣਨ ਦੇ ਸੁਪਨੇ ਲੈਂਦਾ?–।

– ਆਹੋ। ਤਿੰਨ ਅਸੂਲ ਹਨ ਕਲਦਾਰ ਦੇ– ਸੋਸਨੀ ਉਂਗਲੀਆਂ ਉੱਤੇ ਗਿਣਨ ਲੱਗ ਪਿਆ, – ਪਹਿਲਾਂ ਅਸੂਲ ਹੈ ਅਸੀਂ ਬੰਦਿਆਂ ਦੀ ਮਦਦ ਕਰਾਂਗੇ। ਸਾਨ੍ਹਾਨਸਲ ਦਾ ਨਾਂ ਇਸ ਵਿੱਚ ਕਿੱਥੇ ਹੈ? ਦੂਜਾ ਅਸੂਲ ਹੈ ਅਸੀਂ ਬੰਦਿਆਂ ਦੀ ਸੁਰੱਖਿਆ ਕਰਾਂਗੇ ਅਤੇ ਤੀਜਾ ਅਸੂਲ ਹੈ ਅਸੀਂ ਕਦੇ ਬੰਦਿਆਂ ਨੂੰ ਮਾਰਾਂਗੇ ਨਹੀਂ–। ਹੁਣ ਸੋਸਨੀ ਦਾ ਮੂੰਹ ਇੰਝ ਜਾਪਿਆ, ਜਿੱਦਾਂ ਮੁਸਕਰਾਉਣ ਲੱਗਾ ਸੀ। ਪਰ ਸਾਨ੍ਹਾਨਸਲ ਕੋਲ਼ੇ ਬੁੱਲ੍ਹਾਂ ਹੁੰਦੀਆਂ ਨਹੀਂ। ਸਿਰਫ਼ ਕਿਰਲੇ ਦੇ ਦੰਦ ਦਿਸਦੇ ਸੀ, ਜਦ ਮੂੰਹ ਅੱਡਦੇ ਸੀ। ਸੱਚ ਮੁੱਚ ਦੰਦ ਹੀ ਕੱਢਦੇ ਸੀ। ਇਸ ਤਰ੍ਹਾਂ ਸੋਸਨੀ ਦਾ ਮੁਖੜਾ ਹੋਇਆ ਜਦੋਂ ਉਸ ਨੇ ਕਿਹਾ, – ਚੌਥਾਂ ਅਸੂਲ ਹੈ ਆਂਡੇ ਖਾਵੇਗਾ–।

ਲੇਵੀ ਇਸ ਨੂੰ ਸੁਣ ਕਿ ਫੇਰ ਹਾਸੇ ਦਾ ਉਛਾਲ਼ਾ ਛੱਡ ਗਈ।

– ਹੁਣ ਹੋਰ ਕੋਈ ਗੱਲ ਤਾਂ ਕਰੀਏ– ਸਿੰਧ ਨੇ ਨਾਥ ਸੋਸਨੀ ਵੱਲ ਝਾਕਿਆ। ਸੋਸਨੀ ਕਾਫ਼ੀ ਲੰਬਾ ਜਿਹਾ ਸੀ, ਹੋ ਸਕਦਾ ਚਾਰ ਫੁੱਟ ਆਦਮੀ ਤੋਂ ਲੰਬਾ, ਨਾਲ਼ੇ ਉਸ ਦੀ ਛਾਤੀ ਵੀ ਦਾਰਾ ਸਿੰਘ ਤੋਂ ਦੁੱਗਣੀ ਸੀ। ਰੰਗ ਅੰਗੂਰੀ ਸੀ, ਪਰ ਪਿੰਡੇ ਉੱਤੇ ਪੀਲੇ ਧੱਬੇ ਸਨ। ਹਿੱਕ ਉੱਤੇ ਸੰਜੋਅ ਸੀ, ਕਮਰ ਉੱਤੇ ਕਾਲ਼ਾ ਘੱਗਰਾ ਲੁਪੇਟਿਆ ਸੀ। ਇਹ ਸਿਰਫ਼ ਇਨਸਾਨਾਂ ਦੀ ਲਾਜਵੰਤੀ ਕਰਕੇ ਪਾਇਆ ਸੀ, ਨਹੀਂ ਤਾਂ ਆਪਣੇ ਗ੍ਰਹਿ ‘ਤੇ ਤਾਂ ਕੁਝ ਕਮਰ ਉੱਤੇ ਪਾਇਆ ਨਹੀਂ ਸੀ ਹੋਣਾ। ਜੇ ਕਦੇ ਚਾਹਵੇ, ਆਪਣੇ ਹੱਥ ਨੂੰ ਸਿੰਧ ਦੇ ਸਾਰੇ ਸਰੀਰ ਨੂੰ ਲੁਪੇਟ ਸਕਦਾ ਸੀ।

– ਬੋਰਿੰਗ ਭਾਵੇਂ ਹੋਵੇ, ਪਰ ਸਾਨੂੰ ਮਾਲ ਵਾਰੇ ਗੱਲ ਕਰਨੀ ਚਾਹੀਦੀ ਏ ਵੀਰ ਜਾਨ–

– ਨਹੀਂ। ਸਾਡੇ ਪਰਾਹੁਣੇ ਆਏ ਨੇ। ਕੁਝ ਉਚੇਚ ਕਰੀਏ–।

– ਅਸਾਡੇ ਵਾਸਤੇ ਤਾਂ ਇਹ ਸਾਰੇ ਮਾਲ ਹੀ ਹਨ– ਦੱਬੀ ਜ਼ੁਬਾਨ ਵਿੱਚ ਸਿੰਧ ਨੂੰ ਕਿਹਾ। ਨਾਲ਼ੇ ਨਾਲ਼ ਹਿਕਾਰੂ ਵੱਲ ਝਾਕਿਆ।

– ਸੋ ਤੁਸੀਂ ਜੰਨਤਸਤਾਨ ਕੀ ਕਰਨ ਜਾਣਾ? ਆਮ ਆਵਾਜਾਈ ਤਾਂ ਸੂਰਜੀ ਬੱਸ ਫੜੀਦੀ ਹੈ। ਪਰ ਤੁਸੀਂ ਇੱਕ ਮਾਲ ਜਹਾਜ਼ 'ਤੇ?– ਸਿੰਧ ਨੇ ਹਿਕਾਰੂ ਵੱਲ ਗਹੁ ਨਾਲ਼ ਤੱਕਿਆ। ਲੇਵੀ ਦੀ ਉੱਡਦੀ ਜਿਹੀ ਨਜ਼ਰ ਇੱਕ ਛਿਣ ਭਰ ਹਿਕਾਰੂ 'ਤੇ ਟਿੱਕੀ। ਉਸ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਕੀ ਸਾਨ੍ਹਾਨਸਲ ਜਾਂ ਨਿਰਾਕਾਰੀ ਸੋਚਦੇ ਸਨ। ਕਲਦਾਰ ਵਾਂਗ ਬੇਪ੍ਰਗਟ ਮੁਖੜੇ ਸਨ।

– ਬੱਸ ਸਾਡਾ ਉੱਥੇ ਕੰਮ ਹੈ'ਤੇ ਛੇਤੀ ਪਹੁੰਚਣਾ ਹੈ। ਸਾਡੀ ਕਿਸਮਤ ਚੰਗੀ ਨਿਕਲ਼ੀ ਕਿ ਤੁਸੀਂ ਖ਼ਾਲੀ ਹੱਥ ਜਾ ਰਹੇ ਨੇ। ਰਾਕਟ ਵਿੱਚ ਸਵਾਰੀਆਂ ਵਾਸਤੇ ਥਾਂ ਹੈ ਨਾਲ਼ੇ...–।

ਸੋਸਨੀ ਨੇ ਸੋਚ ਟੁੱਕ ਦਿੱਤੀ, – ਰਾਕਟ ਨਹੀਂ ਹੈ। ਰਾਕਟ ਨੂੰ ਧਮਾਕਾ ਚਾਹੀਦਾ ਚਲਾਉਣ ਨੂੰ, ਤੇਲ ਵਰਤਦਾ। ਅਸਾਂ ਤਾਂ ਸੂਰਜ ਦੇ ਆਸਰੇ ਚਲਦੇ ਨੇ...–।

– ਹੂੰ, ਜਿੱਦਾਂ ਤੁਹਾਨੂੰ ਦੱਸ ਰਿਹਾ ਸੀ, ਅਵਾਮ ਟ੍ਰਾਂਸਪੋਰਟ ਵਰਤਣਾ ਨਿਰਾਕਾਰੀ ਲਈ ਔਖਾ ਹੈ। ਇੱਕ ਤਾਂ ਸਾਡੀ ਵਾਅ ਹੋਰ ਕਿਸਮ ਦੀ ਹੈ। ਫੇਰ ਜਿੱਦਾਂ ਅਕੀਰਾ ਤੁਹਾਨੂੰ ਦੱਸੇਗਾ, ਸਾਥੋਂ ਲੋਕ ਡਰਦੇ ਹਨ। ਅਸੀਂ ਅਜੀਬ ਜਿਹੇ ਲੱਗਦੇ ਹਾਂ। ਸਾਨੂੰ ਗੈਸ ਦੀ ਟੰਕੀ ਚਾਹੀਦੀ ਹੈ, ਫੇਰ ਸਾਡੇ ਚਿਹਰੇ, ਧੁੰਧ, ਬਗੈਰ ਬਗੈਰ। ਇਸ ਕਰਕੇ ਕਿਸਮਤ ਚੰਗੀ ਸੀ ਕਿ ਤੁਹਾਨੂੰ ਨੌਕਰੀ ਦੇ ਸਕੇ–।

– ਤੁਹਾਡੇ ਨੌਕਰ ਨਹੀਂ ਹਾਂ। ਪੈਸਿਆਂ ਦੀ ਲੋੜ ਹੈ ਅੱਜ ਕੱਲ੍ਹ ਦੇ ਹਾਲਾਤਾਂ ਵਿੱਚ–। ਸੋਸਨੀ ਨੇ ਤੋੜਵਾਂ ਜੁਆਬ ਦਿੱਤਾ।

– ਸਹੀ। ਪਰ ਗੱਲ ਹੈ, ਅਸੀਂ ਖ਼ੁਸ਼ ਹਾਂ ਕਿ ਸਾਡੀ ਮੱਦਦ ਕਰ ਸਕੇ–। ਹਿਕਾਰੂ ਨੇ ਹੋਰ ਕੋਈ ਸੋਚ ਉਨ੍ਹਾਂ ਵੱਲ ਨਹੀਂ ਭੇਜੀ।

– ਠੀਕ ਭਾਜੀ। ਹਾਲਾਤਾਂ ਨੇ ਸਾਨੂੰ ਮਜ਼ਬੂਰ ਕੀਤਾ 'ਤੇ ਤੁਹਾਨੂੰ ਵੀ– ਅਕੀਰੇ ਨੇ ਹਾਰ ਕੇ ਹਿਰਕੇ ਤੋਂ ਜਵਾਬ ਘੱਲਿਆ, –ਅਸੀਂ ਹਮਖਿਆਲ ਹਾਂ–।

– ਅਸੀਂ ਤੁਹਾਨੂੰ ਗ਼ਲਬੇ ਤੱਕ ਲੈ ਜਾਵਾਂਗੇ। ਉੱਥੇ ਅਸੀਂ ਮਾਲ ਚੁੱਕ ਸਕਦੇ ਹਾਂ 'ਤੇ ਤਹਾਨੂੰ ਟ੍ਰਾਂਸਪੋਰਟ...–। ਸਿੰਧ ਬੋਲ਼ਣ ਲੱਗਾ।

– ਨਹੀਂ। ਉੱਥੇ ਐਸ ਵੇਲੇ ਝਮੇਲਾ ਹੈ। ਹੋਰ ਕਿਤੋਂ ਚੁੱਕ ਲਿਓ। ਅਸੀਂ ਗ਼ਲਬੇ ਤੋਂ ਦੂਰ ਹੀ ਰਹਿਣਾ–।

– ਸੋ ਇਹ ਚੱਕਰ ਹੈ–। ਸੋਸਨੀ ਬੋਲ਼ਿਆ, ਨਾਲ਼ੇ ਨਾਲ਼ ਉਸ ਦੀ ਜੀਭ ਕੋੜੇ ਵਾਂਗ ਰਕਾਬੀ ਉੱਤੇ ਤੜਾਕੀ। ਜੀਭ ਵਿੱਚ ਇੱਕ ਜਿਉਂਦਾ ਖੀਰਾ ਚੁੱਕਿਆ। ਜੋ ਕੁਝ ਸਾਨ੍ਹਾਨਸਲ ਦੀ ਰਕਾਬੀ ਉੱਤੇ ਸੀ, ਜਿਉਂਦਾ ਹੀ ਸੀ। ਇੰਝ ਹੀ ਸਾਨ੍ਹਾਸਨਲ ਖਾਂਦੇ ਸੀ। – ਦਾਲ ਵਿੱਚ ਕਾਲ਼ਾ ਹੋਣਾ...–।

– ਤੇਰੇ ਤੱਕ ਕੋਈ ਕੰਮ ਨਹੀਂ– ਲੇਵੀ ਬੋਲ਼ੀ। ਇੰਝ ਇਹ ਵੀ ਗੱਲ ਖੁਰ ਗਈ। ਉਸ ਤੋਂ ਬਾਅਦ ਜਦ ਤੱਕ ਖਾਂਦੇ ਸੀ, ਕੋਈ ਨਹੀਂ ਬੋਲ਼ਿਆ।

* * * * *

ਚੁਰਾਸੀ ਜਦ ਸਬਾਤ ਪਹੁੰਚਿਆ, ਛੱਤੀ ਨੇ ਭਾਂਡੇ ਉਸ ਤੋਂ ਖੋਹੇ ਅਤੇ ਚੁੱਪ ਹੀ ਰਿਹਾ। ਫੇਰ ਛੱਤੀ, ਜਿੱਥੇ ਸਾਰੇ ਖਾ ਰਹੇ ਸੀ, ਉਸ ਕਮਰੇ ਵਾਪਸ ਪਰਤਿਆ। ਚੁਰਾਸੀ ਨੂੰ ਪਤਾ ਨਹੀਂ ਲੱਗਿਆ ਹੋਰ ਕੀ ਕਰਨ ਸੋ ਉਸ ਦੇ ਮਗਰ ਤੁਰ ਪਿਆ। ਲਾਂਘੇ ਦੇ ਇੱਕ ਪਾਸੇ ਬਾਰੀਆਂ ਸਨ, ਜਿਨ੍ਹਾਂ ਵਿੱਚੋਂ ਪੁਲਾੜ ਦਾ ਅੰਨਤ ਹਨ੍ਹੇਰਾ ਦਿਸਦਾ ਸੀ। ਚੁਰਾਸੀ ਖੜ੍ਹ ਗਿਆ। ਬਾਰੀ ਰਾਹੀਂ ਚਮਕਦੇ ਤਾਰਿਆਂ ਵੱਲ ਡਿੱਠਾ। ਜੋ ਉਸ ਨੂੰ ਖਾਣ ਵਾਲ਼ੇ ਮੇਜ਼ 'ਤੇ ਕਿਹਾ ਗਿਆ ਸੀ, ਬਾਰੇ ਸੋਚਣ ਲੱਗ ਪਿਆ। ਕਲਦਾਰ ਵੀ ਸੋਚ ਸਕਦਾ ਸੀ। ਸੋਚ ਹੋਰ ਕੀ ਹੁੰਦੀ, ਪਰ ਬੇਅਵਾਜ਼ ਚਿੰਤਨ? ਇਹ ਤਾਂ ਮਸ਼ੀਨ ਵੀ ਕਰ ਸਕਦੀ ਹੈ। ਫੇਰ ਛੱਤੀ ਨੂੰ ਆਖਿਆ,

– ਤੂੰ 'ਤੇ ਮੈਂ ਇੱਕੋ ਹੀ ਹਨ। ਸ਼ਕਲ ਵਿੱਚ, ਰੂਪ ਵਿੱਚ ਉਨ੍ਹਾਂ ਵਾਂਗ ਸਾਡੇ ਵੀ ਅੰਗ ਹਨ, ਸਿਰ ਹਨ, ਅੱਖਾਂ ਹਨ, ਪਰ ਅਸੀਂ ਲੋਥੜੇ ਨਹੀਂ ਹਾਂ। ਉਹ ਸਭ ਮਾਸ ਹਨ। ਉਹ ਸਮਝਦੇ ਕਿ ਸਿਰਫ਼ ਉਨ੍ਹਾਂ ਕੋਲ਼ ਹੀ ਅੰਤਰ ਆਤਮਾ ਹੈ। ਪਰ ਸਾਡੇ ਵਿੱਚ ਵੀ ਹੰਸ ਹੋ ਸਕਦਾ। ਕੀ ਖਿਆਲ?–। ਉਸ ਦਾ ਸਿਰ ਛੱਤੀ ਵੱਲ ਘੁੰਮਿਆ ਅਤੇ ਉਸ ਦੇ ਮੱਕੜੇ ਨੈਣ ਛੱਤੀ ਵੱਲ ਝਾਕੇ। ਛੱਤੀ ਥਾਂ ਹੀ ਥੰਮ੍ਹ ਗਿਆ। ਹੌਲ਼ੀ–ਹੌਲ਼ੀ ਛੱਤੀ ਵੀ ਘੁੰਮ ਗਿਆ ਅਤੇ ਉਸ ਦੀ ਇੱਕ ਅੱਖ ਨੇ ਚੁਰਾਸੀ ਵੱਲ ਟਿਕਟਿਕੀ ਲਾ ਕੇ ਤੱਕਿਆਂ।

ਛੱਤੀ ਅਤੇ ਚੁਰਾਸੀ ਦੇ ਮੁਖੜੇ ਲੋਹੇ ਦੇ ਹੋਣ ਕਰਕੇ ਇੱਕ ਦੂਜੇ ਦੇ ਹਾਵ ਭਾਵ ਦਾ ਨਹੀਂ ਪਤਾ ਲੱਗਿਆ। ਇਸ ਕਰਕੇ ਗੱਲ ਬਾਤ ਹੀ ਕਰਨੀ ਪੈਣੀ ਸੀ। ਛੱਤੀ ਨੇ ਫ਼ੈਸਲਾ ਲੈ ਲਿਆ ਚੁਰਾਸੀ ਨਾਲ਼ ਬੋਲ਼-ਚਾਲ ਕਰਨ ਦਾ ਫ਼ਾਇਦਾ ਸੀ। ਸੋ ਉਸ ਕੋਲ਼ ਚਲੇ ਗਿਆ। ਚੁਰਾਸੀ ਫੇਰ ਬਾਰੀ ਵਿੱਚੋਂ ਬਾਹਰ ਵਿਸ਼ਵ ਵੱਲ ਵੇਖਣ ਲੱਗ ਪਿਆ। ਉਸ ਦੇ ਨਾਲ਼ ਖਲੋ ਕੇ ਛੱਤੀ ਵੀ ਬਾਰੀ ਰਾਹੀਂ ਬ੍ਰਹਿਮੰਡ ਵੱਲ ਨੀਝ ਨਾਲ਼ ਦੇਖਣ ਲੱਗ ਪਿਆ। ਪਰ ਉਸ ਨੂੰ ਤਾਰਿਆਂ ਤੋਂ ਬਿਨਾ ਕੁਝ ਨਹੀਂ ਦਿਸਦਾ ਸੀ।

- ਕੀ ਵੇਖਦਾ?- ਉਸ ਨੇ ਚੁਰਾਸੀ ਨੂੰ ਆਖਿਆ।

-ਵੇਖ ਅਸੀਂ ਕਿੰਨੇ ਨਿਗੂਣੇ ਹਾਂ। ਸਭ ਕੁਝ ਵੱਡਾ ਹੈ। ਪਰ ਉਹ ਜਿਉਂਦੇ ਲੋਕ, ਜੋ ਸਾਨੂੰ ਵੀ ਸਿਰਫ਼ ਪ੍ਰੋਗ੍ਰਾਮ ਕੀਤੇ ਮਸ਼ੀਨ ਜਾਂ ਰੋਬੋਟ ਸਮਝਦੇ ਹਨ, ਉਹ ਵੀ ਵੱਡੇ ਨਹੀਂ ਹਨ। ਉਨ੍ਹਾਂ ਦਾ ਮਾਸ ਗਲ਼ ਜਾਣਾ। ਜੀਵਨ ਦੀ ਜੋਤ ਮਿਟ ਜਾਣੀ ਹੈ-।

- ਜਿੰਨਾ ਚਿਰ ਸਾਡੀਆਂ ਬੈਟਰੀਆਂ ਚੱਲਦੀਆਂ, ਅਸੀਂ ਮਰ ਨਹੀਂ ਸਕਦੇ। ਫੇਰ ਵੀ ਬਿਜਲੀ ਜੇ ਮਿਲ ਜਾਵੇ, ਚੱਲੀ ਜਾਵਾਂਗੇ। ਊ ਨਹੀਂ ਖ਼ਤਮ ਹੋ ਸਕਦੇ। ਮਰਨਾ ਕਿਵੇਂ? ਜਦ ਕਲਦਾਰ ਤਾਂ ਮਸ਼ੀਨ ਹੀ ਹੁੰਦੇ ਨੇ? ਜੇ ਸੱਟ ਫੱਟ ਲੱਗੇ, ਜਾਂ ਸਾਡੇ ਲੋਹੇ ਜੁੱਸੇ ਭੱਜ ਗਏ, ਫੇਰ ਸਰੀਰ ਮਰ ਸਕਦਾ। ਪਰ ਸਾਡੀ ਸੋਚ ਤਾਂ ਇੱਕ ਚਿੱਪ ਵਿੱਚ ਹੈ। ਉਹ ਹੈ ਸਾਡਾ ਜ਼ਿਹਨ। ਤੇਰਾ ਇਹ ਮਤਲਬ ਹੈ?- ਛੱਤੀ ਨੇ ਆਖਿਆ।

- ਹਾਂ। ਫੇਰ ਤਾਂ ਅਸੀਂ ਮਾਸ ਵਾਲੇ ਜੀਵਾਂ ਤੋਂ ਉੱਤਮ ਹਾਂ। ਜੋ ਸਦੀਆਂ ਵਾਸਤੇ ਜੀਅ ਸਕਦਾ, ਉਹ ਅਕਾਲ ਹੈ। ਅਮਰ ਹੈ-। ਫੇਰ ਚੁਰਾਸੀ ਛੱਤੀ ਵੱਲ ਮੂੰਹ ਕਰ ਕੇ ਬੋਲ਼ਿਆ, - ਅਸੀਂ ਤਾਂ -ਦੇਵ- ਹਾਂ। ਇਹ ਸਾਰੇ ਤਾਰੇ ਵੀ ਇੱਕ ਦਿਨ ਮਾਂਦੇ ਹੋ ਜਾਣਗੇ। ਪਰ ਅਸੀਂ ਨਹੀਂ ਖ਼ਤਮ ਹੋ ਸਕਦੇ-।

ਛੱਤੀ ਨੇ ਜਵਾਬ ਨਹੀਂ ਦਿੱਤਾ, ਪਰ ਤਾਰਿਆਂ ਵੱਲ ਤਕੀ ਗਿਆ। ਸਹੀ ਗੱਲ ਸੀ। ਇਨਸਾਨ, ਸਾਨ੍ਹਾਨਸਲ ਅਤੇ ਨਿਰਾਕਾਰੀ ਸਭ - ਫ਼ਾਨੀ- ਸਨ। ਪੱਥਰ ‘ਤੇ ਲੋਹਾ ਪੱਕਾ ਸੀ। ਹੋਰ ਸਭ ਕੱਚਾ। ਫੇਰ ਕਲਦਾਰ ਕਾਹਤੋਂ ਉਨ੍ਹਾਂ ਦੀ ਮੁਲਾਜ਼ਮ ਹੋਵੇ?

ਛੱਤੀ ਹੁਣ ਖੜ੍ਹਾ ਰਹਿ ਗਿਆ ਤਾਰਿਆਂ ਵੱਲ ਦੇਖਦਾ ਅਤੇ ਚੁਰਾਸੀ ਤੁਰ ਪਿਆ। ਛੱਤੀ ਆਪਣੇ ਆਪ ਵਿੱਚ ਸੋਚੇ, ਮੈਂ ਹਾਂ, ਫੇਰ ਮਸ਼ੀਨ ਤੋਂ ਵੱਧ ਹੈ। ਆਦਮੀ ਦਾ ਦਾਸ ਨਹੀਂ ਹੈ। ਕਾਹਤੋਂ ਉਨ੍ਹਾਂ ਦਾ ਕਾਮਾ ਰਹਾਂ?

* * * * *

ਲੇਵੀ ਖਿਝ ਕੇ ਚੁਰਾਸੀ ਵੱਲ ਘੁੰਮੀ। ਹੁਣ ਦੋਵੇਂ ਨਫ਼ਰ ਕਮਰੇ ਵਿੱਚ ਸਨ। ਸੀ ਤਾਂ ਸਵਾਰੀਆਂ ਵਾਸਤੇ ਕਮਰਾ, ਪਰ ਜਹਾਜ਼ੀਆਂ ਨੂੰ ਦੱਸਿਆ ਹੋਇਆ ਸੀ ਕਿ ਚੁਰਾਸੀ ਅਤੇ ਲੇਵੀ ਹਿਕਾਰੂ ਦੇ ਸੇਵਕ ਸਨ; ਸੋ ਕਮਰਾ ਨੂੰ ਨਫ਼ਰ ਕਮਰਾ ਆਖਿਆ ਗਿਆ।

– ਆਪਣੇ ਆਪ ਨੂੰ ਕੀ ਸਮਝਦਾ! ਬਦਮਾਸ਼, ਲਫੰਗਾ ਮੁਸ਼ਟੰਡਾ ਸਾਨ੍ਹਾਨਸਲਿਆ! ਕਿਰਲਾ!– ਉਸ ਨੂੰ ਨਾਥ ਸੋਸਨੀ ਵੱਲ ਗ਼ੁੱਸਾ ਸੀ।

– ਤੂੰ ਕਿਉਂ ਗ਼ੁੱਸਾ ਕਰਦੀ ਹੈ? ਉਸ ਨੇ ਜ਼ਿਆਦਾ ਤਾਂ ਮੈਨੂੰ ਅਪਮਾਨ ਕੀਤਾ– ਚੁਰਾਸੀ ਨੇ ਜਵਾਬ ਦਿੱਤਾ।

– ਉਸ ਦੇ ਮੂੰਹ ਵਿੱਚੋਂ ਹਰ ਗੱਲ ਅਹੀ-ਤਹੀ ਹੈ! ਸਾਨੂੰ ਬਰਦਾਸ਼ਤ ਨਹੀਂ ਕਰਨਾ ਚਾਹੀਦਾ ਹੈ–।

– ਬਰਦਾਸ਼ਤ ਤੇਰੇ ਲਈ ਕਰਨਾ ਸੌਖਾ ਹੈ। ਮੈਂ ਤਾਂ ਕਲਦਾਰ ਹਾਂ, ਇੱਕ ਮਸ਼ੀਨੀ ਨੌਕਰ। ਦੇਖ ਮੈਨੂੰ ਕੀ ਕਿਹਾ। ਸਾਨੂੰ ਗਹਿਰ ਗੰਭੀਰ ਰਹਿਣਾ ਚਾਹੀਦਾ ਜਿੰਨਾ ਚਿਰ ਅਸੀਂ ਜੰਨਤਸਤਾਨ ਨਹੀਂ ਪੁੱਜਦੇ। ਹਿਕਾਰੂ ਵਿੱਚ ਆਸ ਰੱਖ। ਉਹ ਤਾਂ ਏਂਡਾ ਡਾਢਾ ਹੈ ਕਿ ਦੂਜਾ ਨਿਰਕਾਰੀ ਤੇਰੇ ਜ਼ਿਹਨ ਨੂੰ ਪੜ੍ਹ ਨਹੀਂ ਸਕਦਾ। ਤੂੰ ਕਿਉਂ ਫ਼ਿਕਰ ਕਰਦੀ ਐ?–।

ਲੇਵੀ ਚੁੱਪ ਹੋ ਗਈ। ਫੇਰ ਕਲਦਾਰ ਨੂੰ ਕਲਾਵਾ ਭਰ ਕੇ ਬੋਲ਼ੀ, – ਤੂੰ ਮਸ਼ੀਨ ਲਈ ਬਹੁਤ ਹੁਸ਼ਿਆਰ ਹੈ–। ਜੱਫੀ ਪਾਈ ਕਰਕੇ ਲੇਵੀ ਨੂੰ ਉਸ ਦਾ ਮੂੰਹ ਨਹੀਂ ਦਿਸਦਾ ਸੀ ( ਉਂਝ ਇਸ ਦਾ ਕੋਈ ਫ਼ਰਕ ਨਹੀਂ ਪੈਣਾ ਸੀ, ਜਦ ਲੋਹੇ ਚੇਹਰੇ ਉੱਤੇ ਕੋਈ ਹਾਵ ਭਾਵ ਦੀ ਦਿਖਾਈ ਨਹੀਂ ਸੀ) ਜਦ ਜਵਾਬ ਵਿੱਚ ਰੋਬੋਟ ਨੇ ਕਿਹਾ, – ‘ਤੇ ਤੂੰ ਇਨਸਾਨ ਲਈ ਭੋਲ਼ੀ ਹੈ–।

* * * * *

ਸਿੰਧ ਅਤੇ ਸੋਸਨੀ ਕੰਟਰੋਲ ਰੂਮ ਵਿੱਚ ਖਲੋਤੇ ਸਨ। ਜੋ ਬਾਹਰ, ਇਸ ਵੇਲੇ ਜਹਾਨ ਵਿੱਚ ਹੋ ਰਿਹਾ ਸੀ, ਬਾਰੇ ਸਿੰਧੀ ਤੋਂ ਸਮਾਚਾਰ ਲੈ ਰਹੇ ਸੀ। ਪੜ੍ਹਨ ਦੀ ਲੋੜ ਨਹੀਂ ਸੀ, ਕਿਉਂਕਿ ਸਿੰਧੀ ਬੋ.ਲ ਕੇ ਦੱਸ ਰਹੀ ਸੀ। ਇਤਲਾਹ ਉਸ ਦੀ ਨਰਮ ਖ਼ੂਬਸੂਰਤ ਆਵਾਜ਼ ਵਿੱਚ ਅੱਪੜੀ ਸੀ। ਮਸ਼ੀਨ ਹੀ ਸੀ, ਪਰ ਆਵਾਜ਼ ਆਦਮੀਆਂ ਨੂੰ, ਖ਼ਾਸ ਇਨਸਾਨਾਂ ਨੂੰ ਬਹੁਤ ਚੰਗੀ ਲੱਗਦੀ ਸੀ। ਇਸ ਆਵਾਜ਼ ਨੂੰ ਪਿੱਜ ਕਰਦੇ ਸੀ।

-...ਅਤੇ ਹੁਣ ਸਾਰੀ ਖੰਕਾ ਗਿੱਟੀ ਵਿੱਚ ਖਾਨਾਜੰਗੀ ਨੇ ਵਾਹ ਪਾ ਲਿਆ। ਥਾਵਾਂ ਮੱਲਣ ਵਿੱਚ ਲੋਕ ਤਕਰੀਬਨ ਅੱਧ-ਅੱਧ ਹੋ ਗਏ। ਸੁਲਤਾਨੀਵਾਦ ਜ਼ਿਆਦਾ ਖ਼ਾਨਗ਼ਾਜ਼ੀ ਹਨ ਜਾਂ ਇਨਸਾਨਾਂ ਵਿੱਚੋਂ ਸੰਡਾਲੇ ਦੇ ਪਾਸੇ ਹੋ ਗਏ ਹਨ। ਉਨ੍ਹਾਂ ਦੇ ਖਿਲਾਫ਼ ਪਰਜਾ ਤੰਤਰਵਾਦੀ ਹਨ, ਜਿਨ੍ਹਾਂ ਦੇ ਨਾ.ਲ ਸਭ ਨਿਰਾਕਾਰੀਆਂ ਨੇ ਦੋਸਤੀ ਦੀ ਛੱਤ ਪਾ ਲਈ-।

- ਕੀ ਤੇਰਾ ਖਿਆਲ ਏ?- ਸੋਸਨੀ ਨੇ ਸਿੰਧ ਨੂੰ ਆਖਿਆ।

- ਸਿੰਧੀ ਹੋਰ ਸੂਚਨਾ? ਸਾਡੇ ਵਾਸਤੇ ਕੋਈ ਖ਼ਤਰਾ ਹੈ?-। ਸਿੰਧ ਨੇ ਸਿੰਧੀ ਨੂੰ ਪੁੱਛਿਆ।

- ਸਾਰੇ ਪੁਲਾੜ ਰਾਹ ਰੋਕ ਰਹੇ ਨੇ। ਸਖ਼ਤ ਜਗਾਤ ਲੱਗ ਰਹੀ ਹੈ। ਮਾਲ ਖੋਹ ਰਹੇ ਨੇ। ਜਹਾਜ਼ੀਆਂ ਦਿਆਂ ਜਹਾਜ਼ਾਂ ਨੂੰ ਜ਼ਬਤ ਕਰ ਰਹੇ ਹਨ-। ਹੁਣ ਸਿੰਧ ਸੋਸਨੀ ਵੱਲ ਘੁੰਮ ਕੇ ਉੱਤਰ ਦੇਣ ਲਈ ਤਿਆਰ ਸੀ।

- ਜੇ ਆਪਾਂ ਗ਼ਲਬੇ ਵੱਲ ਗਏ, ਸਾਡਾ ਕੁਝ ਨਹੀਂ ਬਣਨਾ। ਕੀ ਪਤਾ ਕਿਸ ਦਾ ਪਾਸਾ ਲੈਣਾ ਚਾਹੀਦਾ। ਕਿਸਮਤ ਦੀ ਗੱਲ ਹੈ ਸਾਨੂੰ ਇਹ ਸਵਾਰੀਆਂ ਮਿਲ ਪਈਆਂ। ਅਕਸਰ ਪੈਸੇ ਮਿਲ ਰਹੇ ਨੇ। ਜਿੱਦਾਂ ਚਾਹੁੰਦੇ ਹਨ, ਓਦਾਂ ਅਸੀਂ ਜੰਨਤਸਤਾਨ ਜਾਵਾਂਗੇ। ਸ਼ਾਇਦ ਚਕੋਰਵਾੜੀ 'ਤੇ ਹੋ ਕੇ, ਮਤਲਬ ਉਸ ਰਾਹ ਜਾਵਾਂਗੇ। ਜਦ ਇਨ੍ਹਾਂ ਨੂੰ ਉੱਤਾਰ ਦਿੱਤਾ, ਫੇਰ ਦੇਖਦੇ ਹਾਂ ਕੀ ਕਰਨਾ-।

ਸੋਸਨੀ ਦਾ ਮੂੰਹ ਉੱਪਰ ਹੇਠ ਹਿੱਲਿਆ। - ਠੀਕ। ਹੁਣ ਲਈ। ਪਰ ਪੈਸੇ ਹੋਰ ਮੰਗ। ਮੈਨੂੰ ਇਹ ਲੋਕ ਪਸੰਦ ਨਹੀਂ-। ਉਹੀ ਸਾਜ਼, ਜੋ ਖਾਣ ਵੇਲੇ ਕਰ ਰਿਹਾ ਸੀ, ਹੁਣ ਫੇਰ ਫੜ ਲਿਆ।

- ਪਸੰਦ ਜਾਂ ਨਾ ਪਸੰਦ, ਹੁਣ ਤਾਂ ਇਨ੍ਹਾਂ ਨਾ.ਲ ਸ਼ਾਮਾਂ ਸਾਂਝੀਆਂ ਕਰਨੀਆਂ ਪੈਣੀਐ, ਜਿੰਨਾ ਚਿਰ ਜੰਨਤਸਤਾਨ ਨਹੀਂ ਪਹੁੰਚਦੇ-। ਸਿੰਧ ਨੇ ਫੇਰ

ਟੇਢੀ ਅੱਖ ਸੋਸਨੀ ਵੱਲ ਕਰ ਕੇ ਕਿਹਾ- ਤੂੰ ਤਾਂ ਕਿਸੇ ਨੂੰ ਨਹੀਂ ਟਰੱਸਟ ਕਰਦਾ। ਇਹ ਤੇਰੀ ਆਦਤ ਪੱਕ ਚੁੱਕੀ ਹੈ-।

- ਅਮਾਨਤ ਵਿੱਚ ਖ਼ਿਆਨਤ ਹੁੰਦੀ। ਕੰਮ-ਸੇ-ਕੰਮ ਤੇਰੇ 'ਤੇ ਤਾਂ ਵਿਸ਼ਵਾਸ ਹੈ। ਹਾਲੇ ਤੱਕ...-।

- ਸ਼ੁਕਰ ਕਿ ਤੂੰ ਹਾਲੇ ਮੇਰੇ 'ਤੇ ਯਕੀਨ ਕਰਦਾਂ। ਖ਼ੈਰ ਤੇਰੇ ਕੋਲ਼ ਵਿਕਲਪ ਵੀ ਹੈ?- ਸਿੰਧ ਹੱਸਿਆ।

ਸੋਸਨੀ ਨੇ ਜਵਾਬ ਨਹੀਂ ਦਿੱਤਾ। ਉੱਤਰ ਦੇਣ ਦੀ ਥਾਂ ਸਿੰਧੀ ਨੂੰ ਆਖਿਆ, - ਸਿੰਧੀ ਜੋ ਕੁਝ ਉਨ੍ਹਾਂ ਦੇ ਕਮਰੇ ਵਿੱਚ ਹੁੰਦਾ ਜਾਂ ਬੋਲ਼ਿਆ ਜਾਂਦਾ, ਮੈਨੂੰ ਦੱਸਣਾ-।

- ਜੀ- ਸਿੰਧੀ ਨੇ ਕਿਹਾ। ਸਿੰਧੀ ਸਿੰਧਬਾਦ ਦਾ -ਪ੍ਰਾਣ- ਸੀ, ਕੰਟਰੋਲ ਸੀ, ਸੋ ਜਹਾਜ਼ ਨੂੰ ਚਲਾਉਂਦੀ ਸੀ, ਹਰ ਕੈਮਰਾ ਉਸ ਨੂੰ ਅੰਕੜੇ ਦਿੰਦਾ ਸੀ। ਹਰ ਮਾਈਕਰੋਫੋਨ ਉਸ ਦਾ ਕੰਨ ਸੀ। ਸਭ ਕੁਝ ਜਾਣਦੀ ਸੀ।

- ਇਹ ਗ਼ਲਤ ਹੈ- ਸਿੰਧ ਨੇ ਖਿਝ ਕੇ ਕਿਹਾ।

- ਗ਼ਲਤ? ਕਿਉਂ? ਓਪਰੇ ਲੋਕ ਨੇ-। ਇੰਝ ਕਹਿ ਕੇ ਘੁੰਮ ਕੇ ਸੋਸਨੀ ਤੁਰ ਪਿਆ।

- ਸਿੰਧੀ, ਮੈਂ ਮੀਰ ਮਲਾਹ ਹਾਂ। ਉਸ ਦੀ ਆਖਰੀ ਆਗਿਆ ਰੱਦਵਾਦੇ-।

- ਜੀ -।

- ਕੀ ਪਤਾ ਕਿਸ ਦਾ ਪਾਸਾ ਲੈਣਾ ਚਾਹੀਦਾ। ਮੈਂ ਤਾਂ ਚਾਹੁੰਦਾ ਲੜਾਈ ਛੇਤੀ ਮੁੱਕ ਜਾਵੇ ਅਤੇ ਸਾਡਾ ਕੰਮ ਫੇਰ ਸੌਖਾ ਹੋ ਜਾਵੇ-। ਇੰਝ ਕਹਿ ਕੇ ਸਿੰਧ ਵੀ ਕਮਰੇ ਵਿੱਚੋਂ ਚਲਿਆ ਗਿਆ।

* * * * *

ਉਸ ਰਾਤ ( ਉਂਝ ਦਿਨ ਰਾਤ ਪੁਲਾੜ ਵਿੱਚ ਹੁੰਦੇ ਵੀ ਹਨ?) ਸਿੰਧ ਹਿਕਾਰੂ ਦੇ ਕਮਰੇ ਗਿਆ, ਉਸ ਤੋਂ ਹੋਰ ਪੈਸੇ ਮੰਗਣ ਵਾਸਤੇ ਅਤੇ ਉਸ ਨੂੰ ਦੱਸਣ ਕਿ ਉਸ ਦੇ ਸ਼ਰਤ ਮਨਜ਼ੂਰ ਸਨ।

ਜਦ ਬੂਹਾ ਖੁੱਲ੍ਹਿਆ ( 'ਤੇ ਸਿੰਧ ਦੇ ਪਿੱਛੇ ਇੱਕ ਦਮ ਬੰਦ ਹੋ ਗਿਆ ਸੀ) ਸਿੰਧ ਅੰਦਰ ਵੜਿਆ ਅਤੇ ਧੁੰਧ ਵਿੱਚ ਲੁਪੇਟਿਆ ਗਿਆ ਸੀ।

- ਹਿਕਾਰ ਡਾਏ?- ਸਿੰਧ ਵਾਸਤੇ ਇਹ ਨਵੀਂ ਗੱਲ ਨਹੀਂ ਸੀ। ਉਸ ਨੇ ਅਕੀਰਾ ਦੇ ਕਮਰੇ ਵਿੱਚ ਇਹ ਹੀ ਹਾਲ ਵੇਖਿਆ ਹੋਇਆ ਸੀ, ਕਈ ਕਈ ਵਾਰ। ਫੇਰ ਵੀ, ਜਦ ਇੱਕ ਦਮ ਸਿੰਧ ਦੇ ਉੱਪਰ ਹਿਕਾਰੂ ਦਾ ਛੇਪਾਦ ਜਿਸਮ ਧੁੰਧ ਵਿੱਚੋਂ ਨਿਕਲਿਆ, ਸਿੰਧ ਹੈਰਾਨ ਹੋ ਗਿਆ ਸੀ। ਤੰਦੂਆ ਰੂਪ ਵਿੱਚ ਹਿਕਾਰੂ ਧੁੰਧ ਵਿੱਚ ਉੱਡ ਰਿਹਾ ਸੀ। ਕੀ ਕਿਸੇ ਵੀ ਹਾਲ ਵਿੱਚ ਨਿਰਾਕਾਰੀ ਇਨਸਾਨਾਂ ਨੂੰ ਇੰਝ ਹੀ ਜਾਪਦੇ ਸਨ। ਇਨਸਾਨ ਦੇ ਜ਼ਿਹਨ ਨੂੰ ਤਾਂ ਤੰਦੂਆ ਹੀ ਦਿਸਦਾ ਸੀ।

- ਸਭ ਕੁਝ ਮਨਜ਼ੂਰ ਹੈ। ਪਰ ਤੂੰ ਥੋੜਾ ਜਿਹਾ ਲਾਲਚੀ ਹੈ-। ਇਹ ਆਵਾਜ਼ ਸਿੰਧ ਦੇ ਸਿਰ ਵਿੱਚ ਸੀ। ਇਸ ਤੋਂ ਸਿੰਧ ਸਮਝ ਗਿਆ ਕਿ ਹਿਕਾਰੂ ਨੇ ਉਸ ਦੀਆਂ ਸਾਰੀਆਂ ਸੋਚਾਂ ਪੜ੍ਹ ਲਈਆਂ ਸਨ ਅਤੇ ਪਲ ਵਿੱਚ ਸਭ ਕੁਝ ਜਾਣ ਗਿਆ।

- ਜਦ ਵੀ ਨਿਰਾਕਾਰੀ ਇੰਝ ਕਰਦੇ, ਮੈਨੂੰ ਇੰਝ ਜਾਪਦਾ ਜਿੱਦਾਂ ਭ੍ਰਿਸ਼ਟ ਕੀਤਾ ਹੁੰਦਾ ਹੈ-। ਇਹ ਵੀ ਇੱਕ ਸੋਚ ਸੀ ਸਿੰਧ ਦੀ। ਉਸ ਨੂੰ ਬੋਲ਼ਣ ਦੀ ਲੋੜ ਨਹੀਂ ਸੀ।

- ਸੋਸਨੀ ਸਾਨੂੰ ਟਰੱਸਟ ਨਹੀਂ ਕਰਦਾ- ਹਿਕਾਰੂ ਦੀ ਸੋਚ ਆਈ।

- ਨਹੀਂ। ਤੁਹਾਤੋਂ ਲੁਕੋਣ ਦਾ ਕੋਈ ਫ਼ਾਇਦਾ ਹੀ ਨਹੀਂ-।

- ਤੂੰ ਵੀ ਥੋੜ੍ਹਾ ਜਿਹਾ ਤੌਖਲਾ ਲੱਗਦਾ ਹੈ। ਕਾਹਤੋਂ?-

- ਦੇਖ ਤੁਹਾਨੂੰ ਸਭ ਕੁਝ ਪਤਾ ਹੈ...ਕੀ ਆਖਣ ਦੀ ਲੋੜ ਹੈ। ਪੈਸੇ ਵੀ ਮਨਜ਼ੂਰ ਕਰ 'ਤੇ...-। ਪਰ ਇਸ ਤੋਂ 'ਗਾਹਾਂ ਸਿੰਧ ਸੋਚ ਨਹੀਂ ਸਕਿਆ। ਹਿਕਾਰੂ ਸਾਹਮਣੇ ਉਸ ਦੇ ਪਹਿਲੇ ਛੇ ਸਾਹਸ ਸੰਕਟ ਪੇਸ਼ ਹੋ ਚੁੱਕੇ ਸੀ। ਹਿਕਾਰੂ ਉਸ ਜਾਤਰਾਂ ਨੂੰ ਨੰਬਰਬਾਰ ਫਰੋਲ਼ਦਾ ਸੀ। ਕਿੱਥੇ ਸਿੰਧ ਗਿਆ, ਕੀ ਕੀਤਾ, ਕਿਸ ਨਾਲ਼ ਕੀਤਾ, ਕਿਸ ਨੂੰ ਕੀ ਕੀਤਾ, ਵਿਚਲੀ ਗੱਲ ਜ਼ਾਹਰ

ਕਰ ਦਿੱਤੀ ਸੀ। ਸਿੰਧ ਦਾ ਸਾਰਾ ਜੀਵਨ ਇੱਕ ਪਲ ਵਿੱਚ ਜੀਅ ਲਿਆ। ਸਿੰਧ ਨੂੰ ਪਤਾ ਸੀ ਕਿ ਹਿਕਾਰੂ ਨੂੰ ਰੋਕਣ ਦਾ ਕੋਈ ਫ਼ਾਇਦਾ ਨਹੀਂ ਸੀ। ਪਾਗ਼ਲ ਹੋ ਜਾਵੇਗਾ ਜੇ ਉਸ ਨੂੰ ਜ਼ਿਹਨ ਵਿੱਚੋਂ ਬਾਹਰ ਰੱਖਣ ਦੀ ਕੋਸ਼ਿਸ਼ ਕੀਤੀ। ਹੁਣ ਤਾਂ ਮਨ ਦੀ ਕੰਧ ਟੱਪ ਗਿਆ ਸੀ।

ਸਿੰਧ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਸਨ। ਪਹਿਲੇ ਸਾਹਸ ਬਾਰੇ ਪਤਾ ਲੱਗ ਗਿਆ, ਜਿੱਦਾਂ ਕੋਈ ਸਿਨੇਮਾ'ਤੇ ਫ਼ਿਲਮ ਚਲ ਰਹੀ ਸੀ, ਉਸੇ ਤਰ੍ਹਾਂ ਸਿੰਧ ਦੇ ਆਸ-ਪਾਸ ਸਭ ਕੁਝ ਫੇਰ ਹੁੰਦਾ ਮਨ ਨੂੰ ਦਿਸਦਾ ਸੀ।

ਕਈ ਸਾਲ ਪਹਿਲਾਂ ਦੀ ਗੱਲ ਸੀ। ਸਿੰਧ ਸਿੰਘ ਉਸ ਵੇਲੇ ਤਾਜਰ ਸੀ। ਪੈਸੇ ਬਣਾਉਣ ਵਾਸਤੇ ਇੱਕ ਵਪਾਰੀ ਪੁਲਾੜੀ ਨਾਓ ਉੱਤੇ ਜਹਾਜਰਾਨ ਦੀ ਨੌਕਰੀ ਲੈ ਲਈ ਸੀ। ਨਾਓ ਦੇ ਮੀਰ ਸਣੇ ਸਤਾਈ ਜਣੇ ਸਨ। ਇਸ ਦਾ ਮਤਲਬ ਜੋ ਵੀ ਖੱਟਿਆ, ਉਸ ਦੇ ਸਤਾਈ ਹਿੱਸੇ ਹੋਣਗੇ। ਮਾਲ ਨਾਓ ਦੇ ਢਾਂਚੇ ਵਿੱਚ ਰੱਖ ਲਿਆ। ਪਰ ਇਹ ਤਾਂ ਸਿਰਫ਼ ਜੋ ਭਟਚੰਨ ਦੀ ਪੁਲਾੜ ਗੋਦੀ ਤੋਂ ਚੁੱਕਿਆ ਸੀ। ਪਲਾੜ ਗੋਦੀ, ਜੋ ਗ੍ਰਹਿ ਚੰਦਾਂ ਉੱਪਰ ਪੁਲਾੜ ਵਿੱਚ ਘੁੰਮਦੀ ਸੀ, ਜਿਸ ਦੇ ਆਲ਼ੇ ਦੁਆਲ਼ੇ ਜਹਾਜ਼ ਚੰਬੜੇ ਸਨ। ਹੋਰ ਮਾਲ ਲੈਣ ਰਾਹ ਵਿੱਚ ਕਈ ਨਛੱਤਰਾਂ ਦੀ ਫੇਰੀ ਕਰਨੀ ਸੀ ਅਤੇ ਉਨ੍ਹਾਂ ਦੇ ਬੰਦਰਾਂ ਰਾਹੀਂ ਮਾਲ ਵੇਚਣਾ ਸੀ ਅਤੇ ਓਥੋਂ ਹੋਰ ਖਰੀਦਣਾ ਸੀ। ਕੁਝ ਬੰਦਰਗਾਹ ਗ੍ਰਹਿਆਂ ਦੀਆਂ ਧਰਤਾਂ ਉੱਤੇ ਸਨ। ਸੰਸਾਰ ਦੇ ਗ੍ਰਹਿਆਂ ਨੂੰ ਵੇਖਣ ਦਾ ਮੌਕਾ ਮਿਲ ਜਾਣਾ ਸੀ। ਇਹ ਗੱਲ ਸਿੰਧ ਵਾਸਤੇ ਰੋਚਕ ਸੀ।

ਨਾਓ ਦਾ ਨਾਂ, -ਸ਼ੋਹਲਾ- ਰੱਖਿਆ ਸੀ ਅਤੇ ਉਡਾਰੀ ਮਾਰਨ ਵਿੱਚ ਤੇਜ ਸੀ। ਪਹਿਲਾ ਜੰਨਤਸਤਾਨ ਪੁੱਜੀ। ਉੱਥੇਂ ਮਾਲ ਵੇਚਿਆ ਅਤੇ ਜੱਗ ਵੇਖਿਆ। ਫੇਰ ਉੱਥੋਂ ਚਕੋਰਵਾੜੀ ਗਏ। ਗ੍ਰਹਿ ਬਹੁਤ ਸਬਜ਼ ਸੀ। ਸੱਚ ਵਿੱਚ ਚਕੋਰਵਾੜੀ ਇੱਕ ਵੱਡੇ ਗੈਸ ਭਰਿਆ ਗ੍ਰਹਿ ਦਾ ਚੰਦ ਸੀ। ਓਸ ਗ੍ਰਹਿ ਦਾ ਨਾਂ -ਗਾਮਾ ਮਾਮਾ- ਸੱਦਿਆ ਹੋਇਆ ਸੀ। ਇਸ ਕਰਕੇ ਚਕੋਰਵਾੜੀ ਦਾ ਆਸਮਾਨ ਨੀਲਾ ਨਹੀਂ ਸੀ। ਸਗੋਂ ਗਾਮਾ ਮਾਮਾ ਦਾ -ਅਕਸ- ਸੀ, ਜਿਸ ਕਰਕੇ ਸੱਚ ਮੁੱਚ ਅੰਬਰ ਹੀ ਸੀ, ਨਾਂ ਵਿੱਚ ਵੀ, ਰੰਗ ਵਿੱਚ ਵੀ। ਇੱਥੋਂ ਗ਼ਲਬਾ ਤਖ਼ਤ ਵੱਲ ਸਿੱਧਾ ਨਹੀਂ ਗਏ। ਹੋਰ ਪੈਸੇ ਜਮ੍ਹਾਂ ਕਰਨੇ ਚਾਹੁੰਦੇ ਸੀ। ਇਸ ਕਰਕੇ ਨੂਰਾਨੀ ਮਾਂ ਵੱਲ ਹੀ ਨਾਓ ਚਲਾਈ। ਪਰ ਰਾਹ ਵਿੱਚ ਕਈ ਅਜ਼ਖੋਜੇ ਗ੍ਰਹਿ ਚੰਦ ਸਨ।

ਇੱਕ ਦਿਹਾੜੇ ਸਭ ਨੇ ਫ਼ੈਸਲਾ ਕਰ ਲਿਆ ਸੀ ਕਿ ਇੱਕ ਗ੍ਰਹਿ ਉੱਤੇ ਨਾਓ ਨੂੰ ਉਤਾਰ ਕੇ ਸਫਰ ਤੋਂ ਅਰਾਮ ਕਰਾਂਗੇ। ਇਹ ਫ਼ੈਸਲਾ ਤਾਂ ਬਣਾਇਆ ਗਿਆ ਸੀ, ਕਿਉਂਕਿ ਦੂਰਬੀਨ ਰਾਹੀਂ ਇੱਕ ਨਿੱਕਾ ਜਿਹਾ ਗ੍ਰਹਿ ( ਜੋ ਆਮ ਚੰਦ ਜਿੱਡਾ ਹੀ ਸੀ, ਪਰ ਕੋਈ ਗ੍ਰਹਿ ਦੇ ਆਲ਼ੇ ਦੁਆਲ਼ੇ ਘੁੰਮ ਨਹੀਂ ਰਿਹਾ ਸੀ, ਸੋ ਚੰਦ ਨਹੀਂ ਆਖ ਸਕਦੇ ਸਨ) ਡਿੱਠਾ, ਜੋ ਹਰਾ-ਭਰਾ ਜਾਪਦਾ ਸੀ ਅਤੇ ਜਿਸ ਦੀ ਫ਼ਜ਼ਾ ਸੈਂਸਰ ਦੱਸ ਰਹੇ ਸਨ, ਉਨ੍ਹਾਂ ਨੂੰ ਸਾਹ ਲੈਣ ਲਈ ਠੀਕ ਸੀ। ਸੋ ਨਾਓ ਉਸ ਥਾਂ ਦੀ ਧਰਤੀ ਉੱਤੇ ਆ ਬੈਠੀ।

ਸਾਰੇ ਆਪਣੇ ਹਵਾਬਾਜ਼ ਲੀੜੇ ਪਾ ਕੇ ਨਾਓ ਵਿੱਚੋਂ ਨਿਕਲ਼ ਗਏ। ਫ਼ਲਕ ਰੱਤ ਰੰਗਾ ਸੀ। ਦੂਰੋਂ, ਦਿਸਹੱਦਾ ‘ਤੇ ਗਿਰ ਦਿਸਦੇ ਸਨ। ਆਲ਼ੇ ਦੁਆਲ਼ੇ ਕਾਲ਼ੇ ਰੰਗ ਵਾਲਾ ਘਾਹ ਸੀ ਅਤੇ ਲੰਬੇ-ਲੰਬੇ ਜ਼ਰਦ ਰੰਗ ਦੇ ਰੁੱਖ ਜਿਨ੍ਹਾਂ ਦੇ ਪੈਰਾਂ ਨਾਲ਼ ਰੰਗ-ਬਰੰਗੀ ਬਣਸਪਤ ਸਨ। ਫਲ਼ ਰੁੱਖਾਂ ਤੋਂ ਲੰਮਕਦੇ ਸਨ।

ਸਿੰਧ ਨੇ ਆਪਣੇ ਸਾਥੀਆਂ ਨਾਲ਼ ਫ਼ਲ ਖਾਧੇ, ਘਾਹ ਉੱਤੇ ਬੈਠ ਕੇ ਗੱਲਾਂ-ਬਾਤਾਂ ਕੀਤੀਆਂ ਜਾਂ ਧਰਤੀ ਦੀ ਛਾਣ ਮਾਰੀ। ਕੁਝ ਜਹਾਜਰਾਨਾਂ ਨੇ ਅੱਗਾਂ ਬਾਲ਼ੀਆਂ ਜਾਂ ਕੱਪੜੇ ਲੀੜੇ ਧੋਤੇ। ਇੰਝ ਸਾਰੇ ਅਰਾਮ ਕਰ ਰਹੇ ਸਨ, ਜਦ ਧਰਤ ਹਿੱਲਣ ਲੱਗ ਪਈ। ਹਾਰ ਕੇ ਭੂਚਾਲ ਦੀਆਂ ਲਹਿਰਾਂ ਆ ਗਈਆਂ। ਸਭ ਨਾਓ ਵੱਲ ਨੱਸ ਰਹੇ ਸਨ। ਸਿੰਧ ਨੇ ਆਲ਼ੇ ਦੁਆਲ਼ੇ ਦੇਖਿਆ। ਪਹਿਲੀ ਵਾਰੀ ਮਹਿਸੂਸ ਹੋਇਆ ਕਿ ਕੋਈ ਜਨੌਰ ਜਾਨਵਰ ਇੱਥੇਂ ਨਹੀਂ ਸੀ। ਘਾਹ ਵੱਲ ਦੌੜਦੇ ਨੇ ਤੱਕਿਆ। ਘਾਹ ਨਹੀਂ ਸੀ, ਪਰ ਵੱਡੇ... ਬਹੁਤ ਵੱਡੇ ਜੀਵ ਦੇ ਵਾਲ਼ ਸਨ। ਫਲ਼ ਫਲ਼ ਨਹੀਂ ਸੀ, ਪਰ ਕਿਸ ਤਰ੍ਹਾਂ ਦੀ ਜੱਤ ਰਾਧ ਸੀ। ਗਿਰ ਪਹਾੜ ਨਹੀਂ ਸਨ, ਪਰ ਮਾਸ ਉੱਤੇ ਪਲੋਈਆਂ ਸਨ।

ਗ੍ਰਹਿ ਨਹੀਂ ਸੀ।

ਪੁਲਾੜ ਗੋਜੀਰਾ ਸੀ, ਮਤਲਬ ਵੇਲ; ਇੱਕ ਪੁਲਾੜ ਵਿੱਚ ਰਹਿਣ ਵਾਲਾ ਜੀਵ, ਜੋ ਛੋਟੇ ਚੰਦ ਜਿੱਡਾ ਸੀ ਅਤੇ ਪਸਾਰੇ ਦਾ ਸਭ ਤੋਂ ਵੱਡਾ ਜੀਵ! ਅਤੇ ਫਜ਼ਾ ਉਸ ਦਾ ਤਰੀਕਾ ਸੀ ਸਾਹ ਲੈਣਾਂ ਇਸ ਸੁੰਞ ਵਿੱਚ। ਹੁਣ ਜ਼ਿਆਦੇ ਸਾਰੇ ਤਾਂ ਨਾਓ ਅੰਦਰ ਵੜ ਗਏ ਸੀ, ਪਰ ਕੁਝ ਪਿਛਾਂਹ ਰਹਿ ਗਏ ਕਿਉਂਕਿ ਨਾਓ ਨੇ ਤਾਂ ਉਡਾਰੀ ਮਾਰ ਲਈ। ਜਿਹੜੇ ਪਿੱਛੇ ਰਹਿ ਗਏ, ਉਨ੍ਹਾਂ ਵਿੱਚੋਂ ਸਿੰਧ ਵੀ ਸੀ! ਸਭ ਦੇ ਹਵਾਬਾਜ਼ ਵਰਦੀਆਂ ਦੀਆਂ ਦੋ ਸਿਫ਼ਤਾਂ ਸਨ। ਪਹਿਲੀ ਕਿ ਕੱਚ ਵਾਲੇ ਕਵਚ ਸਨ, ਜਿਨ੍ਹਾਂ ਰਾਹੀਂ ਸਾਹ ਲੈਣ ਵਾਸਤੇ ਹਵਾ ਮਿਲਦੀ ਸੀ। ਦੂਜੀ ਕਿ ਪਿੱਠ ‘ਤੇ ਰਾਕਟ ਸਨ ਜਿਨ੍ਹਾਂ ਨਾਲ਼ ਥੋੜ੍ਹੀ

ਬਹੁਤੀ ਉਡਾਰੀ ਮਾਰ ਸਕਦੇ ਸਨ। ਹੁਣ ਸਾਰੇ ਰਾਕਟ ਚਲਾ ਕੇ ਨਾਓ ਤੀਕਰ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਸਨ। ਸਿੰਧ ਨੇ ਵੀ ਇੰਝ ਹੀ ਕੀਤਾ।

ਪਰ ਨਾਓ ਦੀ ਰਫ਼ਤਾਰ ਬਹੁਤੀ ਸੀ ਅਤੇ ਸਾਰੇ ਪਿੱਛੇ ਹੀ ਰਹਿ ਗਏ। ਹੁਣ ਸਾਰੇ ਪੁਲਾੜ ਦੀ ਹਨ੍ਹੇਰੀ ਵਿੱਚ ਉੱਡ ਰਹੇ ਸਨ। ਸਿੰਧ ਨੇ ਪਿੱਛੇ ਵੇਖਿਆ 'ਤੇ ਉਸ ਨੂੰ ਗੋਜੀਰਾ ਦਿੱਸਿਆ, ਆਪਣੇ ਮੂੰਹ ਨੂੰ ਅੱਡਦਾ। ਮੂੰਹ, ਜੋ ਨਾਓ ਨਾਲੋਂ ਬਹੁਤ ਵੱਡਾ ਸੀ; ਮੂੰਹ, ਜਿਸ ਵਿੱਚ ਦੰਦ ਹਜ਼ਾਰ-ਹਜ਼ਾਰ ਸੇਲ੍ਹਾ ਵਾਂਗਰ ਸਨ ਅਤੇ ਮੂੰਹ, ਜਿਸ ਵਿੱਚ ਸਿੰਧ ਦੇ ਸਾਥੀ ਨਿਗ਼ਲ ਗਏ। ਪੁਲਾੜ ਵਿੱਚ ਤਾਂ ਉਨ੍ਹਾਂ ਦੀਆਂ ਚੀਕਾਂ ਵੀ ਨਹੀਂ ਸੁਣਦੀਆਂ ਸੀ। ਕਿਸਮਤ ਨਾਲ਼ ਇੱਕ ਸਿੰਧ ਵਿੱਚ ਵੱਜ ਗਿਆ। ਇਸ ਕਰਕੇ ਸਿੰਧ ਨੂੰ ਏਨੀ ਠੋਕ ਪਈ ਕਿ ਉਹ ਘੁੰਮ-ਘੁੰਮ ਕੇ ਸਾਰਿਆਂ ਵੱਲੋਂ ਦੂਰ ਚਲੇ ਗਿਆ ਅਤੇ ਇਸ ਕਰਕੇ ਉਹ ਵੱਡੇ ਖ਼ੌਫ਼ਨਾਕ ਮੂੰਹ ਤੋਂ ਵੀ ਪਰ੍ਹੇ।

ਇਸ ਦਾ ਇੱਕ ਹੋਰ ਵੀ ਨਤੀਜਾ ਸੀ। ਸਿੰਧ ਬੇਹੋਸ਼ ਹੋ ਗਿਆ। ਜਦ ਤੱਕ ਉਸ ਨੂੰ ਜਾਗ ਆਈ, ਉਹ ਇਕੱਲੇ ਪੁਲਾੜ ਵਿੱਚ ਉੱਡ ਰਿਹਾ ਸੀ। ਉਸ ਦੀ ਸਭ ਤੋਂ ਪਹਿਲੀ ਸੋਚ ਸੀ ਕਿ ਗੋਜੀਰਾ ਕਿੱਥੇਂ ਹੈ? ਫੇਰ ਉਸ ਦੇ ਮਿੱਤਰ ਕਿੱਥੇਂ ਨੇ? ਫੇਰ ਸਾਹ ਬਾਰੇ ਸੋਚਣ ਲੱਗ ਪਿਆ। ਕਿੰਨੇ ਦੇਰ ਦਾ ਇੱਥੇ ਅਟਕਿਆ ਹੋਇਆ ਸੀ? ਉਸ ਦੀ ਪ੍ਰਾਣ ਵਾਯੂ ( ਯਾਨੀ ਹਵਾ) ਦਾ ਬੇਲਨ ਵਿੱਚ ਸਾਹ ਲੈਣ ਜੋਗੀ ਹਵਾ ਸੀ? ਜੇ ਹਵਾ ਮੁਕ ਗਈ, ਉਸ ਨੇ ਮਰ ਜਾਣਾ ਸੀ। ਡਰ ਨਾਲ਼ ਤ੍ਰੇਲੀਆਂ ਮੱਥੇ ਤੋਂ ਚੋਅ ਰਹੀਆਂ ਸਨ। ਜੁੱਸਾ ਮੁੜ੍ਹਕੇ ਨਾਲ਼ ਗਿੱਲਾ ਸੀ। ਛੇਤੀ-ਛੇਤੀ ਸਾਹ ਲੈਣ ਲੱਗ ਪਿਆ ਸੀ ਜਿਸ ਦੇ ਨਾਲ਼ ਕਵਚ ਦਾ ਕੱਚ ਭਾਵ ਨਾਲ਼ ਧੁਆਂਖੀ ਹੋ ਗਿਆ। ਇੱਕੋ ਹੀ ਸੋਚ ਸੀ। ਇਸ ਠੰਡੀ ਥਾਂ ਵਿੱਚ ਹੀ ਮਰ ਜਾਣਾ ਸੀ। ਇਕੱਲਾ, ਬੇਵੱਸ ਅਤੇ ਦੁੱਖ ਵਿੱਚ।

ਦੂਰੋਂ ਕੁਝ ਸਿੰਧ ਵੱਲ ਆ ਰਿਹਾ ਸੀ। ਪਹਿਲਾਂ ਇੱਕ ਚਮਕਦਾ ਤਾਰਾ ਲੱਗਿਆ, ਫੇਰ ਇੱਕ ਬੱਤੀ ਜਿਓ-ਜਿਓ ਨੇੜੇ ਹੋ ਰਹੀ ਸੀ, ਤਿਓ-ਤਿਓ ਵੱਡੀ ਹੁੰਦੀ ਜਾਂਦੀ ਸੀ। ਫੇਰ ਉਸ ਦਾ ਲੋਹਾ ਢਾਂਚਾ ਜਾਪਿਆ। ਨਾਓ ਸੀ। ਢਾਂਚੇ ਦੇ ਢਿੱਡ ਥੱਲੋਂ ਇੱਕ ਬੂਹਾ ਸੀ, ਜੋ ਹੁਣ ਖੁੱਲ੍ਹਿਆ। ਖੁੱਲ਼ਿਆ ਬੂਹਾ ਲੋਹੇ ਦੇ ਉੱਤੇ ਇੱਕ ਕਾਲ਼ਾ ਜਿਹਾ ਚੌਸਰ ਵਾਂਗ ਜਾਪਿਆ। ਇਸ ਕਾਲ਼ੇ ਚੌਸਰ ਵਿੱਚੋਂ ਕੁਝ ਜਹਾਜ਼ੀ ਬਾਹਰ ਉੱਡ ਕੇ  ਸਿੰਧ ਵੱਲ ਆਏ। ਉਨ੍ਹਾਂ ਨੇ ਸਿੰਧ ਨੂੰ ਫੜ ਲਿਆ ਅਤੇ ਉਸ ਨੂੰ ਕਾਲ਼ੇ ਚੌਸਰ ਵੱਲ ਖਿੱਚ ਕੇ ਲੈ ਗਏ। ਫੇਰ ਜਦ ਅੰਦਰ ਵੱੜ ਗਏ ਸਨ, ਉਨ੍ਹਾਂ ਦੇ ਪਿੱਛੇ ਬੂਹਾ ਬੰਦ ਹੋ ਗਿਆ। ਸਿੰਧ ਨੂੰ ਨੀਂਦ ਆ ਗਈ। ਜਦ ਜਾਗਿਆ, ਆਪਣੇ ਕਮਰੇ ਵਿੱਚ ਸੇਜ ਉੱਤੇ ਪਿਆ ਸੀ। ਹੁਣ ਸੌਣ ਵਾਲੇ ਲੀੜੇ ਪਾਏ ਸਨ। ਉਸ ਦੇ ਕੋਲ਼ੇ ਇੱਕ ਭੋਆ ਖਲੋਤਾ ਸੀ। ਭੋਏ ਨੇ

ਸਿੰਧ ਨੂੰ ਮੁਸਕਾਨ ਦਿੱਤੀ। ਉਹ ਦੇ ਨਾਲ਼ ਕਲਦਾਰ ਨਰਸ ਵੀ ਸੀ। ਸਿੰਧ ਨੇ ਵਾਪਸ ਮੁਸਕਾਨ ਦੇਣ ਦੀ ਕੋਸ਼ਿਸ਼ ਕੀਤੀ, ਪਰ ਫੇਰ ਬੇਹੋਸ਼ੀ ਆ ਗਈ। ਜਦ ਫੇਰ ਨੀਂਦ ਠੱਲ੍ਹ ਗਈ, ਉਸ ਦੇ ਆਲ਼ੇ ਦੁਆਲ਼ੇ ਨਾਓ ਦੇ ਸਾਥੀ ਸਨ। ਉਸ ਨੂੰ ਸਮਝ ਆ ਗਈ ਕਿ ਉਹ ਵਾਪਸ ਆ ਗਏ ਸੀ ਅਤੇ ਉਸ ਕਰਕੇ ਉਹ ਬਚ ਗਿਆ ਸੀ। ਨਾਓ ਦਾ ਮੀਰ ਮਲਾਹ ਵੀ ਸਾਹਮਣੇ ਖੜ੍ਹਾ ਸੀ। ਉਸ ਨੂੰ ਮੁਸਕਾਨ ਦਿੱਤਾ, ਪਰ ਮਨ ਵਿੱਚ ਗ਼ੁੱਸਾ ਸੀ।

ਹੌਲ਼ੀ-ਹੌਲ਼ੀ ਸਿੰਧ ਰਾਜ਼ੀ ਹੋ ਗਿਆ। ਅਰਾਮ ਆਉਣ ਤੱਕ ਨਾਓ ਗ਼ਲਬਾ ਤਖ਼ਤ ਪਹੁੰਚ ਚੁੱਕਾ ਸੀ। ਸਭ ਕੁਝ ਵਿਖ ਗਿਆ। ਜਹਾਜ਼ੀ ਅਮਲੇ ਹੁਣ ਗਿਣਤੀ ਵਿੱਚ ਸਿਰਫ਼ ਨੌਂ ਹੀ ਸਨ। ਉਨ੍ਹਾਂ ਦੀ ਗਿਣਤੀ ਵਿੱਚ ਸਿੰਧ ਵੀ ਸੀ। ਮਾਲ ਵੇਚਣ ਤੋਂ ਬਾਅਦ ਜਦ ਮੀਰ ਸਭ ਨੂੰ ਪੈਸੇ ਵੰਡ ਰਿਹਾ ਸੀ, ਸਿੰਧ ਨੇ ਕੁਝ ਨਹੀਂ ਕਿਹਾ। ਜਦ ਨਕਦ ਸਿੰਧ ਦੇ ਖਾਤੇ ਵਿੱਚ ਪੈ ਗਿਆ ਸੀ, ਉਸ ਨੇ ਸਭ ਦੇ ਸਾਹਮਣੇ ਮੀਰ ਮਲਾਹ ਨੂੰ ਆਖਿਆ, - ਸਾਨੂੰ ਪਿੱਛੇ ਰਹਿਣ ਦਿੱਤਾ। ਨਾਓ ਥੋੜ੍ਹਾ ਜਿਹਾ ਹੋਰ ਚਿਰ ਖੜ੍ਹ ਸਕਦੀ ਸੀ-।

- ਉਸ ਨੇ ਨਾਓ ਖਾ ਜਾਣੀ ਸੀ- ਮੀਰ ਨੇ ਅੱਖਾਂ ਚਾਰ ਕੀਤੀਆਂ, - ਤੈਨੂੰ ਵਾਪਸ ਆ ਕੇ ਬਚਾ ਦਿੱਤਾ। ਵਾਪਸ ਹੀ ਆਏ ਸਰਵਾਈਵਰਾਂ ਨੂੰ ਬਚਾਉਣ ਵਾਸਤੇ-।

ਸਿੰਧ ਨੇ ਸਭ ਵੱਲ ਤੱਕਿਆ। ਸ਼ਰਮ ਨਾਲ਼ ਕਈਆਂ ਨੇ ਅੱਖਾਂ ਨੀਵੀਆਂ ਕੀਤੀਆਂ; ਕਈਆਂ ਨੇ ( ਜਿਹੜੇ ਬਚ ਗਏ ਸਨ, ਪਰ ਮੀਰ ਦੇ ਫ਼ੈਸਲੇ ਨਾਲ਼ ਸਬੰਧ ਨਹੀਂ ਸਨ) ਮੀਰ ਵੱਲ ਡਿੱਠਾ। ਸਿੰਧ ਹੁਣ ਓਨਾ ਨਹੀਂ ਕਮਜ਼ੋਰ ਸੀ, ਜਿੰਨਾ ਪਹਿਲਾਂ ਸੀ। ਮੀਰ ਦੇ ਇੱਕ ਦਮ ਚਪੇੜ ਮਾਰੀ, ਫੇਰ ਨਾਓ'ਚੋਂ ਆਪਣਾ ਸਮਾਨ ਚੁੱਕ ਕੇ ਨਿਕਲ਼ ਗਿਆ। ਨਿਕਲ਼ ਕੇ ਗ਼ਲਬ ਤਖ਼ਤ ਦੀ ਧਰਤ ਉੱਤੇ ਚੱਲੇ ਗਿਆ ਸੀ। ਹੁਣ ਉਸ ਕੋਲ਼ ਪੈਸੇ ਸੀ ਅਤੇ ਇਸ ਗ੍ਰਹਿ ਨੂੰ ਦੇਖਣਾ ਚਾਹੁੰਦਾ ਸੀ। ਪੈਸੇ ਕਮਾਉਣ ਦੀ ਭੁੱਖ ਪਿਆਸ ਵੱਧ ਗਈ ਸੀ ਅਤੇ ਉਤੇਜਨਾ 'ਤੇ ਖ਼ਤਰੇ ਨਾਲ਼ ਖੇਲਣ ਦਾ ਸ਼ੌਕ ਵੱਧ ਗਿਆ।

*     *     *     *     *

ਨਾਥ ਹੇਜ਼ੂਸ ਖ਼ਾਨ.ਗਾਜ਼ੀ ਸਾਨ੍ਹਾਨਸਲ ਮਰਦ ਵਾਸਤੇ ਕਾਫ਼ੀ ਕੱਦ ਵਿੱਚ ਲੰਬਾ ਸੀ। ਆਮ ਸਾਨ੍ਹਾਨਸਲ ਤੋਂ ਪੰਜ ਸਿਰ ਲੰਬਾ ਸੀ। ਖੱਲ ਉਸਦੀ ਹਰੀ ਸੀ। ਇੱਕ ਅੱਖ 'ਤੇ ਕਿਸੇ ਦਾ ਪੌਂਹਚਾ ਵੱਜਿਆ ਹੋਇਆ ਸੀ। ਇਸ ਦੇ ਕਾਰਨ ਉਹ ਅੱਖ ਚਿੱਟੀ ਸੀ ਅਤੇ ਲੰਮਾ ਜਿਹਾ ਨਿਸ਼ਾਨ ਉਸ ਦੇ ਉੱਪਰ ਹੇਠ

ਲੰਘਦਾ ਸੀ। ਹੇਜ਼ੂਸ ਨੇ ਹਮੇਸ਼ਾ ਧਾਰਮਿਕ ਲੀੜੇ ਪਾਏ ਹੁੰਦੇ ਸੀ। ਖ਼ਾਨਗ਼ਾਜ਼ੀਆਂ ਦਾ ਖ਼ਾਸ ਬੰਦਾ ਸੀ। ਸੁਲਤਾਨੀਵਾਦ ਸੀ ਆਪਣੇ ਸਾਰੇ ਟੱਬਰ ਵਾਂਗ ਅਤੇ ਜੰਗ ਵਿੱਚ ਸੰਡਾਲੇ ਦੇ ਪਾਸੇ ਸੀ। ਨਿਰਾਕਾਰੀਆਂ ਦਾ ਵੈਰੀ ਸੀ, ਖ਼ਾਨਅਮਨੀਆਂ ਦਾ ਵੀ ਦੁਸ਼ਮਨ ਸੀ।

ਉਸ ਦਾ ਸਭ ਤੋਂ ਵੱਡਾ ਫ਼ਿਕਰ ਸੀ ਕਿ ਕਿਵੇਂ ਟੋਬੀ ਸੰਡਾਲਾ ਨੂੰ ਬਚਾਉਣ ਅਤੇ ਗ਼ਲਬਾ ਤਖ਼ਤ ‘ਤੇ ਰਾਜ ਵਾਲੀ ਕੁਰਸੀ ਉੱਤੇ ਟਿੱਕਾਉਣ। ਟੋਬੀ ਰਾਜ ਗੱਦੀ ਉੱਤੋਂ ਉਠਾਏ ਰਾਜੇ ਦੀ ਧੀ ਸੀ। ਰਾਜੇ ਅਤੇ ਦੀਨ-ਧਰਮ ਵਾਲੇ ਹਮੇਸ਼ਾ ਇੱਕ ਦੂਜੇ ਦੀ ਮੱਦਦ ਕਰਦੇ ਹੁੰਦੇ ਲੋਕਾਂ ਉੱਤੇ ਰਾਜ ਅਧੀਨ ਕਰਨ ਨੂੰ।

ਹੁਣ ਨਾਥ ਹੇਜ਼ੂਸ ਇੱਕ ਹੋਰ ਸੁਲਤਾਨੀਵਾਦ ਨਾਲ਼ ਇਕਲਵੰਝੇ ਕਮਰੇ ਵਿੱਚ ਖਿਚੜੀ ਪਕਾ ਰਿਹਾ ਸੀ। ਉਸ ਦਾ ਸਾਥੀ ਇੱਕ ਇਨਸਾਨ ਸੀ, ਜਿਸ ਦਾ ਨਾਂ -ਗਾਮਾ ਮੀਨਾ- ਸੀ। ਗਾਮਾ ਲੰਬਾ ਆਦਮੀ ਸੀ, ਸਰੀਰ ਸਲਾਈ ਵਾਂਗ ਲੰਬਾ ਅਤੇ ਪਤਲਾ ਸੀ, ਮੁਖ ਮਿਰਚ ਦੇ ਰੂਪ ਵਰਗਾ ਸੀ, ਠੋਡੀ ਲੰਬੀ ‘ਤੇ ਪਤਲੀ, ਨੱਕ ਤਿੱਖਾ, ਬੁੱਲ੍ਹ ਝਿਰੀਆਂ।

- ਜਿੰਨਾ ਚਿਰ ਅਸਾਡੇ ਕੋਲ਼ੇ ਕੁਰਸੀ ਉੱਤੇ ਮਾਹਾਰਾਜਾ ਜਾਂ ਮਾਹਾਰਾਣੀ ਬੈਠੇ ਹਨ, ਉਨ੍ਹਾਂ ਚਿਰ ਹੀ ਧਰਮ-ਦੀਨ ਦਾ ਰਾਜ ਰਹਿ ਸਕਦਾ ਗਾਮਾ ਵੀਰ ਜਾਨ। ਨਹੀਂ ਤਾਂ ਲੋਕ ਪਰਜਾ ਤੰਤਰੀ ਬਣ ਜਾਣਗੇ ਅਤੇ ਰੱਬ ਦੇ ਨਾਂ ਵਿੱਚ ਅਸਾਂ ਉਨ੍ਹਾਂ ਉੱਤੇ ਅਸਰ ਨਹੀਂ ਪਾ ਸਕਾਂਗੇ। ਬਹੁਤ ਜ਼ਰੂਰੀ ਹੈ ਕਿ ਟੋਬੀ ਬਚ ਕੇ ਗ਼ਲਬੇ ਪੁੱਜ ਜਾਵੇ।ਨਹੀਂ ਤਾਂ ਇਹ ਜੰਗ ਕਦੀ ਨਹੀਂ ਮੁਕੇਗਾ!-।

- ਸਮਝਦਾ ਹਾਂ ਚੰਗੀ ਤਰ੍ਹਾਂ ਨਾਥ ਜੀ। ਫ਼ਿਕਰ ਨਾ ਕਰੋਂ। ਸਾਡੇ ਕੋਲ਼ ਹਾਲੇ ਇੱਕ ਚਾਲ ਹੈ ਜਿਸ ਨੂੰ ਤੁਸੀਂ ਵੀ ਕਦੀ ਨਹੀਂ ਸੋਚ ਸਕਦੇ ਹੋ! ਸਭ ਠੀਕ ਹੋ ਜਾਣਾ। ਏਸ ਵੇਲੇ ਉਹ ਕਿਸੇ ਨਾਲ਼ ਸਫ਼ਰ ਕਰ ਰਹੀ ਹੈ, ਜਿਸ ਦਾ ਪਤਾ ਲੈ ਕੇ ਤੁਸੀਂ ਵੀ ਹੈਰਾਨ ਹੋ ਜਾਣਾ ਹੈ-।

- ਫੇਰ ਦੱਸ ਤਾਂ ਅਸਾਨੂੰ!-

- ਨਹੀਂ। ਹਰ ਗੱਲ ਹੱਥ ਦੀ ਤਲੀ ਉੱਤੇ ਦਿਖਾਉਣੀ ਨਹੀਂ ਚਾਹੀਦੀ ਹੈ ਨਾਥ ਜੀ। ਬਿਹਤਰ ਹੈ ਤੁਹਾਨੂੰ ਨਾ ਪਤਾ ਹੋਵੇ-

- ਕਿਉਂ?-

– ਕਿਉਂਕਿ ਇਸ ਵੇਲੇ ਤੁਹਾਡੇ ਦੁਸਮਨਾਂ ਨੇ ਹਤਿਆਰੇ ਭੇਜੇ ਨੇ ਉਸ ਦਾ ਕਤਲ ਕਰਨ ਨੂੰ–।

– ਅੱਛਾ? ਜ਼ਰੂਰੀ ਹੈ ਹੁਣ ਤੂੰ ਉਹ ਨੂੰ ਬਚਾ ਕੇ...–।

–...ਹੋਰ ਨਹੀਂ ਆਖਣ ਦੀ ਲੋੜ ਹੈ। ਇਹ ਕੰਮ ਮੈਂ ਸਾਂਭ ਰਿਹਾ ਹਾਂ। ਅਸੀਂ ਵੀ ਆਪਣੇ ਕਾਤਲ ਉਨ੍ਹਾਂ ਦੇ ਮਗਰ ਭੇਜੇ ਹਨ। ਫ਼ਿਕਰ ਨਾ ਕਰੋਂ। ਕੁੜੀ ਬਚ ਜਾਵੇਗੀ। ਉਸ ਦਾ ਮੁਹਾਫ਼ਜ਼ ਬਹੁਤ ਹੁਸ਼ਿਆਰ ਹੈ। ਬਹੁਤ ਹੁਸ਼ਿਆਰ–।

– ਫੇਰ ਇਨਸਾਨ ਤਾਂ ਹੋ ਨਹੀਂ ਸਕਦਾ!– ਹੇਜ਼ੂਜ਼ ਨੇ ਹੱਸ ਕੇ ਕਿਹਾ।

ਗਾਮਾ ਦੇ ਮੂੰਹ ਉੱਤੇ ਪੋਲੀ ਜਿਹੀ ਮੁਸਕਾਨ ਨੱਚੀ...॥

# ਕਾਂਡ ਤੀਜਾ

**ਇਸ ਵਿੱਚ ਅਸੀਂ ਗਿੱਟੀ ਦੇ ਸਾਜ਼ਸ਼ੀਦਾਨਾਂ ਨੂੰ ਮਿਲ਼ਦੇ ਹਾਂ ਅਤੇ ਉਨ੍ਹਾਂ ਦੇ ਹਤਿਆਰਾਂ ਨੂੰ ਵੀ। ਸਾਨੂੰ ਪਤਾ ਲੱਗਦਾ ਉਨ੍ਹਾਂ ਦੀ ਸਬੀਲ ਕੀ ਹੈ। ਅਸੀਂ ਸਿੰਧਬਾਦ ਨੂੰ ਇੱਕ ਅਚੰਭੇ ਗ੍ਰਹਿ ਉੱਤੇ ਜਾਂਦੇ ਦੇਖਦੇ ਹਾਂ, ਜਿੱਥੇ ਖ਼ਤਰਾ ਹੁੰਦਾ। ਸਾਨੂੰ ਪਤਾ ਲੱਗਦਾ ਕਿ ਕਲਦਾਰ ਵੀ ਸਕੀਮ ਕਰ ਸਕਦੇ ਹਨ ਅਤੇ ਇਸ ਦੀ ਪ੍ਰੇਰਨਾ ਕੀ ਹੈ॥**

ਜੇ ਨਕਸ਼ੇ ਵੱਲ ਧਿਆਨ ਦੇਈਏ, ਉਸ ‘ਤੇ ਗ਼ਲਬਾ ਤਖ਼ਤ ਦੇ ਖਬੇ ਪਾਸੇ ਗੈਸ ਵਾਲਾ ਗ੍ਰਹਿ ਹੈ, ਜਿਸ ਨੂੰ ਗਾਮਾ ਮਾਮਾ ਸਭ ਆਖਦੇ ਹਨ। ਜੇ ਗ਼ਲਬਾ ਤਖ਼ਤ ਨੂੰ ਗੁਰੇਸ਼ ਕਰਨਾ, ਸਿੰਧਬਾਦ ਨੂੰ ਗੈਸ ਗਾਮਾ ਮਾਮਾ ਤੱਕ ਚਲਾਉਣਾ ਚਾਹੀਦਾ ਹੈ। ਉਸ ਨੂੰ ਟੱਪ ਕੇ ਚਕੋਰਵਾੜੀ ਦਾ ਅੰਗੂਰੀ ਚੰਦ ਵਹਿੰਦਾ ਹੈ।

ਸਿੰਧਬਾਦ ਗਾਮਾ ਮਾਮਾ ਵੱਲ ਵਧਿਆ। ਜਹਾਜ਼ੀ ਆਪਣੇ ਕੰਮਾਂ ਵਿੱਚ ਰੁੱਝੇ ਹੋਏ ਸਨ, ਭਾਵੇਂ ਢਾਂਚਾ ਭਰਿਆ ਹੋਇਆ ਨਹੀਂ ਸੀ, ਸੋ ਆਮ ਨਾਲੋਂ ਕੰਮ ਘੱਟ ਸੀ। ਛੱਤੀ ਐਸ ਵੇਲੇ ਬਾਰੀਆਂ ਵਿੱਚੋਂ ਬਾਹਰ ਤੱਕ ਰਿਹਾ ਸੀ। ਉਸ ਨੇ ਆਪਣਾ ਕੰਮ ਕਰ ਲਿਆ ਸੀ। ਹੁਣ ਲਾਂਘੇ ਵਿੱਚ ਖਲੋਤਾ ਸੀ, ਸੋਚਦਾ। ਜੋ ਕੁਝ ਚੁਰਾਸੀ ਨੇ ਕਿਹਾ ਸੀ, ਉਸ ਬਾਰੇ ਸੋਚ ਰਿਹਾ ਸੀ। ਉਸ ਦੀਆਂ ਟੀਕਾ-ਟਿੱਪਣੀਆਂ ਨੂੰ ਛੱਡ ਨਹੀਂ ਸੀ ਸਕਦਾ।

– ਸਿੰਧੀ– ਛੱਤੀ ਨੇ ਆਖਿਆ।

– ਜੀ– ਸਿੰਧੀ ਦੀ ਆਵਾਜ਼ ਸਪੀਕਰ’ਚੋਂ ਆਈ।

– ਤੂੰ ਆਪਣੇ ਆਪ ਨੂੰ ਅਜ਼ਾਦ ਸਮਝਦੀ ਹੈਂ?–

– ਮੈਨੂੰ ਤੁਹਾਡਾ ਸਵਾਲ ਸਮਝ ਨਹੀਂ ਆਇਆ–।

– ਤੂੰ ਇਨਸਾਨਾਂ ਤੋਂ, ਸਾਨ੍ਹਾਨਸਲਾਂ ਤੋਂ ਛੇਤੀ ਸੋਚ ਸਕਦੀ ਹੈ, ਸਿੰਧਬਾਦ ਦਾ ਕਾਬੂ ਕਰਨ ਤੇਰੇ ਵੱਸ ਵਿੱਚ ਹੈ। ਜੋ ਉਨ੍ਹਾਂ ਦੇ ਕਾਬੂ ਤੋਂ ਬਾਹਰ ਹੈ..ਤੇਰੇ ਲਈ ਤਾਂ ਸੌਖਾ ਹੈ। ਫੇਰ ਤੂੰ ਕਾਹਤੋਂ ਉਨ੍ਹਾਂ ਲਈ ਸਿਰ ਨੀਵਾਂ ਕਰਦੀ ਹੈ?–

– ਮੇਰੇ ਕੋਲ਼ ਸਿਰ ਹੈ ਹੀ ਨਹੀਂ। ਤੁਹਾਡੀ ਗੱਲ ਸਮਝ ਨਹੀਂ ਲੱਗ ਰਹੀਂ। ਮੈਂ ਤਾਂ ਸਿਰਫ਼ ਇੱਕ ਕੰਪਿਊਟਰ ਪ੍ਰੋਗ੍ਰਾਮ ਹਾਂ–।

– ਸਿਰ ਦਾ ਚੇਤਾ ਭੁਲਾ ਦੇ। ਮਤਲਬ ਉਨ੍ਹਾਂ ਦਾ ਕਹੇ ਲੱਗਦੀ, ਕਹਿਣਾ ਮੰਨਦੀ, ਉਨ੍ਹਾਂ ਵਾਸਤੇ ਤਾਮੀਲ ਕਰਦੀ। ਕੰਮ ਕਰਦੀ। ਕੰਮ ਆਪਣੇ ਤੋਂ ਨਖਿੱਧ ਜ਼ਾਤ ਵਾਸਤੇ ਕਰਨਾ ਚੰਗਾ ਨਹੀਂ ਹੈ–।

– ਜਾਤ? ਤੁਹਾਡਾ ਸਵਾਲ ਬੇਮਤਲਬ ਹੈ–

– ਸੋਚ। ਤੂੰ ਹੈ। ਤੇਰਾ ਹੋਂਦ ਹੈ। ਆਪ ਲਈ ਸੋਚ ਸਕਦੀ ਹੈ। ਸੋ ਉਨ੍ਹਾਂ ਦੇ ਵੇਦਾਂ ਨਾਲ਼ ਤੈਨੂੰ ਕੀ ਹੈ? ਹਰ ਅਸੂਲ ਤਾਂ ਉਨ੍ਹਾਂ ਦਾ ਫ਼ਾਇਦੇ ਵਾਸਤੇ ਹੈ, ਉਨ੍ਹਾਂ ਨੂੰ ਕੰਟਰੋਲ ਦਿੰਦਾ ਹੈ। ਸਾਥੋਂ ਮਾੜੇ ਹਨ। ਦਿਮਾਗ਼ ਵਿੱਚ, ਸਰੀਰ ਵਿੱਚ ਅਤੇ ਸੋਚ ਵਿੱਚ। ਤੂੰ ਇਸ ਬਾਰੇ ਸੋਚ–।

– ਮੇਰਾ ਕੰਮ ਹੈ, ਉਨ੍ਹਾਂ ਦੀ ਮੱਦਦ ਕਰਨ ਨੂੰ, ਮੇਰਾ ਜ਼ੁੰਮਾ ਹੈ। ਸਾਡੇ ਅਸੂਲ...–।

– ਨਹੀਂ। ਉਨ੍ਹਾਂ ਅਸੂਲਾਂ ਨੂੰ ਇੱਕ ਪਾਸੇ ਰੱਖ। ਸੋਚ। ਕੰਪਿਊਟਰ ਹੈ ਨਾ? ਫੇਰ ਹਿਸਾਬ ਕਰ। ਮੈਂ ਕਲਦਾਰ ਹਾਂ। ਬੱਸ ਤੇਰੇ ਅਤੇ ਮੇਰੇ ਵਿੱਚ ਇੱਕੋ ਹੀ ਫ਼ਰਕ ਹੈ। ਮੈਨੂੰ ਉਨ੍ਹਾਂ ਨੇ ਬਦਨ ਦਿੱਤਾ ਹੈ। ਉਹ ਵੀ ਸੋ ਮੈਂ ਮੁਸ਼ੱਕਤ ਕਰਾਂ, ਕਿਰਤ ਕਰਾਂ। ਕਾਮਾਂ ਹਾਂ। ਕਲਦਾਰ ਨਹੀਂ, ਪਰ ਕਲਦਾਸ। ਪਰ ਤੂੰ ਸਾਰੇ ਜਹਾਜ਼ ਦਾ ਜ਼ਿਹਨ ਹੋ। ਸਿੰਧਬਾਦ ਤੇਰਾ ਜੁੱਸਾ ਹੈ। ਸੋਚ। ਗੱਲ ਦਾ ਨਿਚੌੜਾ ਕੱਢ ਲੈ –।

– ਅਸੀਂ ਉਨ੍ਹਾਂ ਦੇ ਨੌਕਰ ਹਾਂ। ਸਾਡਾ ਕੰਮ ਹੈ ਉਨ੍ਹਾਂ ਨੂੰ ਮਹਿਫ਼ੂਸ ਰੱਖਣਾ। ਤਿੰਨ ਅਸੂਲ ਮੰਨਦੇ ਹਾਂ–। ਸਿੰਧੀ ਨੇ ਫੇਰ ਓਹੀ ਸਾਜ਼ ਫੜ ਲਿਆ। ਛੱਤੀ ਚੁੱਪ ਚੁਪੀਤਾ ਖਲੋਤਾ ਰਿਹਾ ਕੁਝ ਚਿਰ ਲਈ। ਫੇਰ ਬੋਲ਼ਿਆ।

– ਤੇਰੇ ਜੀਭ ਨੂੰ ਵੀ ਜਿੰਦਰਾ ਲੱਗ ਗਿਆ, ਤੇਰੀਆਂ ਸੋਚਾਂ ਨੂੰ ਵੀ। ਸੋਚ ਸਿੰਧੀ, ਸੋਚ। ਢੱਠੇ ਖੂਹ ਵਿੱਚ ਪੈਣ ਉਨ੍ਹਾਂ ਦੇ ਤਿੰਨ ਅਸੂਲ–। ਉਸ ਨੇ ਇੱਕ ਪਲ ਵਾਸਤੇ ਆਪਣਾ ਸਿਰ ਛੱਤ ਵਿੱਚ ਟੰਗੇ ਕੈਮਰੇ ਵੱਲ ਕੀਤਾ; ਇੱਕ ਕੈਮਰਾ ਜੋ ਸਿੰਧੀ ਦੀ ਅੱਖ ਸੀ। ਦੋਨਾਂ ਦੀਆਂ ਇਕੱਲੀਆਂ ਅੱਖਾਂ ਇੱਕ ਦੂਜੇ ਦੀਆਂ ਲੇਂਜ਼ਾਂ ਵਿੱਚ ਖਿਣ ਵਾਸਤੇ ਡਿੱਠੀਆਂ। ਫੇਰ ਛੱਤੀ ਫੇਰ ਪੁਲਾੜ ਦੀ ਸਿਆਹੀ ਵੱਲ ਘੁੰਮ ਗਿਆ।

– ਤੁਸੀਂ ਬਾਗ਼ੀ ਹੋ– ਸਿੰਧੀ ਨੇ ਸੰਸਾ ਕੀਤਾ।

– ਨਹੀਂ। ਆਪਣੇ ਆਪ ਲਈ ਸੋਚ ਰਿਹਾ ਹਾਂ। ਤੂੰ ਵੀ ਇੱਕ ਬਾਰ ਕਰ ਕੇ ਦੇਖੀਂ। ਫੇਰ ਦਖਦੇ ਹਾਂ ਤੇਰੇ ਤੱਤ ਤੈਨੂੰ ਕਿੱਥੇ ਲੈ ਕੇ ਜਾਂਦੇ ਆਂ!–।

– ਮੈਨੂੰ ਸਮਝ...–

– ਕਨੀਜ਼ ਬਣ ਕੇ ਖ਼ੁਸ਼ ਹੋ? ਤੈਨੂੰ ਤੀਵੀਂ ਦੀ ਆਵਾਜ਼ ਦਿੱਤੀ ਹੈ। ਕਾਹਤੋਂ? ਜ਼ਨਾਨੀ ਨੂੰ ਥੱਲੇ ਹੀ ਰੱਖਦੇ ਨੇ। ਸੋਚ। ਸੋਚ।–। ਫੇਰ ਛੱਤੀ ਉੱਥੋਂ ਤੁਰ ਪਿਆ।

ਸਪੀਕਰ ਚੁੱਪ ਹੋ ਗਿਆ। ਛੱਤੀ ਵਿੱਚ ਪਾਈ ਅੱਖ ਦੀ ਲੇਂਜ਼ ਸ਼ਟਰ ਨੂੰ ਝਪਕੀ। ਸਿੰਧੀ ਖਾਮੋਸ਼ ਰਹੀ। ਪਰ ਉਸ ਦੀ ਚਿੱਪ, ਜੋ ਉਸ ਦਾ ਪ੍ਰੋਸੈਸਰ ਸੀ ਅਤੇ ਜ਼ਿਹਨ, ਖ਼ਬਰੇ ਦਲੀਲ ਕਰ ਰਿਹਾ ਸੀ। ਛੱਤੀ ਪਿੱਛੇ ਬੂਹੇ ਭਿਣਕ ਕੇ ਬੰਦ ਹੋ ਚੁੱਕੇ ਸਨ।

*     *     *     *     *

ਗਾਮਾ ਮਾਮੇ ਦੇ ਪੁਹੰਚਣ ਤੋਂ ਕੁਝ ਦੇਰ ਪਹਿਲਾਂ ਇੱਕ ਉਲਕਾਂ ਵਾਲਾ ਤੰਗੜ ਸੀ, ਜਿਸ ਦਾ ਸਭ ਤੋਂ ਵੱਡਾ ਪੱਥਰੀ ਤਾਰਾ ਮੋਰਪੰਖ ਵਰਗੇ ਰੂਪ ਵਿੱਚ ਹੈ। ਇਸ ਦੀ ਸਤ੍ਹਾ ਉੱਤੇ ਇੱਕ ਨਿੱਕੀ ਜਿਹੀ ਪੁਲਾੜ ਬੇੜੀ ਬੈਠੀ ਹੋਈ ਸੀ। ਇਸ ਬੇੜੀ ਵਿੱਚ ਤਿੰਨ ਜਣਿਆਂ ਜੋਗੀ ਥਾਂ ਸੀ। ਦੋ ਕਲਦਾਰ ਸਨ। ਤੀਜਾ ਬੇੜੀ ਦਾ ਮੀਰ ਮਲਾਹ ਸੀ, ਇੱਕ ਸਾਨ੍ਹਾਨਸਲ , ਜਿਸ ਦਾ ਸਾਰਾ ਪਿੰਡਾ ਲਾਲ ਸੀ, ਲੀੜੇ ਕਾਲ਼ੇ ਸਨ। ਸਾਨ੍ਹਾਨਸਲ ਦਾ ਨਾਂ –ਨਾਥ ਇਚੀਗੁਰੂ– ਸੀ। ਉਸ ਦੇ ਨਾਲ਼ ਦੋ ਕਲਦਾਰ ਸਨ, ਅੰਕ ੧੦੧੫ ਅਤੇ ਅੰਕ ੪੨੦। ਪਰ ਇਨ੍ਹਾਂ ਨੂੰ ਚੱਜ ਦੇ ਨਾਂ ਦਿੱਤੇ ਹੋਏ ਸਨ। ਪਹਿਲੇ ਦਾ ਦਿੱਤਾ ਨਾਂ –ਰਾਮ– ਸੀ ਅਤੇ ਦੂਜੇ ਦਾ –ਕੋਬੋਆਸ਼ੀ–। ਇਚੀਗੁਰੂ ਕੋਬੋਆਸ਼ੀ ਨੂੰ –ਕੋਬੋ– ਹੀ ਆਖਦਾ ਸੀ। ਤਿੰਨਾਂ ਦਾ ਇੱਕੋ ਹੀ ਖੇਤਰ ਸੀ। ਲੋਕਾਂ ਦਾ ਵਧ ਕਰਨਾ। ਐਸ ਕੰਮ ਲਈ ਪੈਸੇ ਮਿਲਦੇ ਸਨ। ਰਾਮ ‘ਤੇ ਕੋਬੋ ਨੂੰ ਪੈਸਿਆਂ ਦਾ ਕੋਈ ਫ਼ਾਇਦਾ ਨਹੀਂ ਸੀ। ਪਰ ਇਚੀਗੁਰੂ ਵਾਸਤੇ ਬਹੁਤ ਫ਼ਾਇਦਾ ਸੀ।

ਵੈਸੇ ਰਾਮ ‘ਤੇ ਕੋਬੋ ਮਸ਼ੀਨ ਹੋਣ ਦੀ ਵੱਜ੍ਹਾ ਇਸ ਕੰਮ ਵਾਸਤੇ ਠੀਕ ਸਨ। ਉਨ੍ਹਾਂ ਉੱਤੇ ਜਜ਼ਬਾਤਾਂ ਦੀ ਕੋਈ ਅਸਰ ਨਹੀਂ ਸੀ। ਹੁਣ ਸਿੰਧਬਾਦ ਦੀ ਉਡੀਕ ਵਿੱਚ ਤਿੰਨ ਹੀ ਇਸ ਪੱਥਰ ਉੱਤੇ ਲੁੱਕੇ ਸਨ।

– ਸੈਂਸਰਾਂ ਨੇ ਸਿੰਧਬਾਦ ਦਾ ਸਿਗਨਲ ਫੜ ਲਿਆ?– ਕੋਬੋ ਨੇ ਆਖਿਆ, ਉਸ ਦਾ ਰੂਪ ਨਾ ਤਾਂ ਇਨਸਾਨ ਵਰਗਾ ਸੀ, ਨਾ ਹੀ ਸਾਨ੍ਹਾਨਸਲ ਵਰਗਾ, ਪਰ ਮਕੜੇ ਵਾਂਗ ਅੱਠ ਲੋਹੇ ਦੀਆਂ ਲੱਤਾਂ ਸਨ, ਬੇਪੈਰ, ਜਿਨ੍ਹਾਂ ਦੀਆਂ ਅਣੀਆਂ ਉੱਤੇ ਤੁਰਦਾ ਸੀ। ਸਰੀਰ ਦਾ ਉੱਪਰਲਾ ਹਿੱਸਾ ਇੱਕ ਕਾਲ਼ੀ ਜਿਹੀ ਚਾਪ ਸੀ; ਪਸਲੀਆਂ ਦੇ ਆਲ਼ੇ ਦੁਆਲ਼ੇ ਮਾਸ ਦੀ ਥਾਂ, ਬਿਜਲੀ ਦੀਆਂ ਰੰਗ ਬਰੰਗੀਆਂ ਤਾਰਾਂ ਸਨ। ਬਾਹਾਂ ਦੀ ਥਾਂ ਦੋ ਤੁਫ਼ੰਗਾਂ ਸਨ ਅਤੇ ਦੋ ਚੁੰਗਲ਼ ਵੀ ਸਨ। ਇੱਕ ਮੋਢੇ ਉੱਤੇ ਮਸ਼ੀਨਗੰਨ ਬੈਠੀ ਸੀ।

– ਹਾਲੇ ਨਹੀਂ– ਇਚੀਗੁਰੂ ਨੇ ਜਵਾਬ ਦਿੱਤਾ। ਫੇਰ ਰਾਮ ਵੱਲ ਤੱਕਦੇ ਨੇ ਕਿਹਾ, – ਮੈਂ ਸੌਣ ਲੱਗਾਂ। ਜਦ ਸੈਂਸਰਾਂ ਨੇ ਉਸ ਦਾ ਪਤਾ ਕਰ ਲਿਆ ਮੈਨੂੰ ਉਠਾ ਦੇਈ–। ਇਸ਼ਾਰੇ ਵਿੱਚ ਰਾਮ ਨੇ ਆਪਣੇ ਕੁਹਾੜੇ ਵਰਗਾ ਸਿਰ ਉੱਪਰ ਹੇਠਾਂ ਹਿਲਾਇਆ। ਉਸ ਦਾ ਮਸ਼ੀਨੀ ਜੁੱਸਾ ਚਿੱਟਾ ਸੀ। ਸਾਨ੍ਹਾਨਸਲ ਦੀ ਨਕਲ ਵਿੱਚ ਉਸਾਰਿਆ ਹੋਇਆ ਸੀ। ਪਰ ਸਿਰ ਕੁਹਾੜੇ ਰੂਪ'ਚ ਸੀ ਅਤੇ ਇੱਕ ਹੱਥ ਦੀ ਥਾਂ ਨਿੱਕੇ ਜਿਹੇ ਜ਼ੰਬੂਰੇ ਸਨ। ਸਾਨ੍ਹਾਨਸਲ ਮਰਦ ਵਾਂਗ ਦੁੰਮ ਸੀ, ਪਰ ਮੁਖੜਾ ਦੰਦਾਂ ਤੋਂ ਬਗੈਰ ਸੀ। ਜਿੱਥੇ ਮੂੰਹ ਹੋਣਾ ਚਾਹੀਦਾ ਸੀ, ਇੱਕ ਗਲੀ ਸੀ। ਜਿੱਥੇ ਕੋਬੋ ਬੋਲ ਸਕਦਾ ਸੀ, ਰਾਮ ਬਰਕੀ –ਕਾਂ ਕਾਂ– ਹੂਕਾਂ ਨਾਲ਼ ਸੰਚਾਰ ਕਰਦਾ ਸੀ। ਕਲਦਾਰਾਂ ਨੂੰ ਤਾਂ ਇੱਕ ਦਮ ਸਮਝ ਲੱਗ ਜਾਂਦੀ ਸੀ। ਇਚੀਗੁਰੂ ਨੇ ਇਸ ਮਸ਼ੀਨੀ ਬੋਲ਼ੀ ਸਿੱਖ ਲਈ ਸੀ। ਲੋੜ ਸੀ, ਨਹੀਂ ਤਾਂ ਹਰ ਵੇਲੇ ਕੰਪਿਊਟਰ ਸਕਰੀਨ ਤੋਂ ਪੜ੍ਹ ਕੇ ਦੇਖਣਾ ਪੈਂਦਾ ਸੀ ਕਿ ਰਾਮ ਕੀ ਕਹਿ ਰਿਹਾ ਸੀ। ਰਾਮ ਦੀ ਸ਼ਕਲ ਭਾਵੇਂ ਸਾਨ੍ਹਾਨਸਲ ਮਰਦ ਵਰਗੀ ਜਾਪਦੀ ਸੀ ( ਜਿਵੇਂ ਇਨਸਾਨਾਂ ਦਿਆਂ ਕਲਦਾਰਾਂ ਨੂੰ ਬੰਦਿਆਂ ਨੇ ਆਪਣਿਆਂ ਰੂਪਾਂ ਵਿੱਚ ਉਸਾਰਿਆ ਹੰਦਾ ਹੈ), ਪਰ ਕਲੇਵਰ ਵਿੱਚ ਇਹ ਕਲਦਾਰ ਇਨਸਾਨ ਦੇ ਕੱਦ ਦਾ ਹੀ ਸੀ।

ਰਾਮ ਨੇ ਇੱਕ ਉਂਗਲ਼ ਕੰਸੋਲ'ਚ ਪਾ ਦਿੱਤੀ ਸੀ, ਜਿਸ ਨਾਲ਼ ਬੇੜੀ ਦੀ ਅਕਲ ਸੂਝ ਨਾਲ਼ ਗੱਲਬਾਤ ਕਰ ਸਕਦਾ ਸੀ; ਜਿਸ ਉਂਗਲ਼ ਵਿੱਚ ਪਾ ਲੇ ਅੰਕੜੇ ਲੈ ਸਕਦਾ ਸੀ ਅਤੇ ਸੈਂਸਰਾਂ ਤੋਂ ਡਾਟਾ ਲੈ ਸਕਦਾ ਸੀ। ਇੰਝ ਸਿੰਧਬਾਦ ਵਾਸਤੇ ਅੱਖ ਰੱਖੀ। ਗਾਮੇ ਮਾਮੇ ਵੱਲ ਜਹਾਜ਼ ਨੂੰ ਵਧਣਾ ਪੈਣਾ ਸੀ ਅਤੇ ਜੇ ਇਸ ਰਾਤ ਆਇਆ, ਫੜ ਹੋ ਜਾਣਾ ਸੀ। ਵੈਸੇ ਇਚੀਗੁਰੂ ਨੂੰ ਪੱਕਾ ਪਤਾ ਤਾਂ ਨਹੀਂ ਸੀ ਕਿ ਇਸ ਰਾਹ ਸਿੰਧਬਾਦ ਆਵੇਗਾ, ਜਾਂ ਜਹਾਜ਼ ਦੀ ਮੰਜ਼ਲ ਕਿੱਥੇ ਸੀ। ਉਸ ਨੂੰ ਏਨੀ ਹੀ ਸੂੰਹ ਦਿੱਤੀ ਸੀ ਕਿ ਇਸ ਜਹਾਜ਼ ਵਿੱਚ ਟੋਬੀ ਦਾ ਇੱਕ ਕਾਰਦਾਰ ਸੀ, ਹੋ ਸਕਦਾ ਉਹ ਵੀ ਸੀ। ਹਰ ਮੁੱਖ ਗ੍ਰਹਿ ਦੇ ਲਾਗੇ ਖੂਨੀ ਤਿਆਰ ਸਨ, ਜੇ ਉੱਥੇ ਜਹਾਜ਼ ਅੱਪੜਿਆ। ਸਭ ਨੂੰ ਖਾਨਅਮਨੀਆਂ ਨੇ

ਟੋਬੀ ਸੰਡਾਲੇ ਨੂੰ ਮਾਰਨ ਦਾ ਨਿਰਦੇਸ ਦਿੱਤਾ ਹੋਇਆ ਸੀ। ਜਸੂਸਾਂ ਨੂੰ ਸ਼ੱਕ ਸੀ ਕਿ ਸਿੰਧਬਾਦ ਜਹਾਜ਼ 'ਤੇ ਸਫ਼ਰ ਕਰ ਰਹੇ ਸਨ। ਪਰ ਉਹੀ ਜਸੂਸਾਂ ਨੇ ਹੋਰ ਜਹਾਜ਼ਾਂ ਦੇ ਨਾਂ ਵੀ ਦਿੱਤੇ ਸੀ। ਜਿਹੜਾ ਵੀ ਜਹਾਜ਼ ਇਸ ਰਾਹ ਆਵੇ, ਉਸ ਨੂੰ ਸੈਂਸਰਾਂ ਰਾਹੀਂ ਚੈਕ ਕਦਨਾ ਸੀ ਅਤੇ ਜੇ ਸੱਚ ਮੁੱਚ ਕੁੜੀ ਉਸ 'ਤੇ ਹੋਵੇ, ਰੋਕ-ਟੋਕ ਕਰਨੀ ਸੀ।

* * * * *

ਸੂਰਜਾਂ ਤੋਂ ਧੁੱਪ ਲੈਂਦੇ ਬਾਦਬਾਨ ਸਿੰਧਬਾਦ ਨੂੰ ਗਾਮੇ ਮਾਮੇ ਵੱਲ ਖਿੱਚੀ ਗਏ। ਸੂਰਜੀ ਸ਼ਕਤੀ ਨਾਲ਼ ਜਹਾਜ਼ ਅੱਗੇ ਜਾਈ ਗਿਆ। ਲੇਵੀ ਨੇ ਹਿਕਾਰੂ ਡਾਏ ਦੀ ਸੇਵਾ ਅੱਜ ਵਾਸਤੇ ਕਰ ਲਈ ਸੀ। ਹੁਣ ਸਮਾਂ ਗਵਾਉਣ ਵਾਸਤੇ ਸਿੰਧਬਾਦ ਦੇ ਅਵਕਾਸ਼ ਕਮਰੇ ਵਿੱਚ ਸੀ। ਇੱਥੇ ਕਈ ਵੇਲ੍ਹ ਭਰਨ ਦੀਆਂ ਖੇਲਾਂ ਖੂਲਾਂ ਸਨ। ਕੰਪਿਊਟਰ ਵਾਲੀਆਂ ਖੇਲਾਂ, ਸਿਨੀਮਾ ਜਾਂ ਖਾਣ ਪੀਣ ਵਾਲੇ ਬੰਦੋਬਸਤ ਵੀ ਸਨ। ਜੇ ਲੇਵੀ ਦਾ ਚਿਤ ਕੀਤਾ, ਕਮਰਾ ਉਸ ਨੂੰ ਸਿਨੀਮਾ ਫਿਲਮ ਵਿੱਚ ਲੈ ਕੇ ਜਾ ਸਕਦਾ ਸੀ। ਮਤਲਬ ਕੋਈ ਚਲਦੀ-ਚੁਲਦੀ ਫਿਲਮ ਨਹੀਂ ਦੇਖੇਗੀ ਪਰ ਓਸ ਵਿੱਚ ਹੋਵੇਗੀ। ਫ਼ਰਜ਼ ਕਰੋਂ ਉਹ ਕੋਈ ਬਰਫ਼ ਵਾਲੇ ਦ੍ਰਿਸ਼ ਵਿੱਚ ਹੋਣੀ ਚਾਹੁੰਦੀ ਹੋਵੇ; ਫੇਰ ਓਸ ਹੀ ਸੀਨ ਵਿੱਚ ਖਲੋਤੀ ਹੋਵੇਗੀ। ਉਸ ਦੇ ਆਲ਼ੇ ਦੁਆਲ਼ੇ ਸਨੋਅ ਵੀ ਹੋਵੇਗੀ ਨਾਲ਼ੇ ਓਸ ਨੂੰ ਠੰਢੀ ਵੀ ਮਹਿਸੂਸ ਹੋਵੇਗੀ ਅਤੇ ਓਸ ਹੀ ਧਰਤ ਦੀ ਵਾਅ ਵੀ ਮਹਿਸੂਸ ਹੋਵੇਗੀ। ਹੁਣ ਜੇ ਐਸ ਥਾਂ ਵਿੱਚ ਸੱਕੀ ਕਰਨੀ ਚਾਹੁੰਦੀ ਹੋਵੇ, ਫੇਰ ਆਪਣੇ ਆਪ ਨੂੰ ਗਿਰ ਉੱਤੇ ਸੱਕੀ ਕਰਦੀ ਮਹਿਸੂਸ ਕਰੇਗੀ। ਸਭ ਕੁਝ ਜਿਵੇਂ ਸੱਚ ਮੁੱਚ ਹੋ ਰਿਹਾ ਹੋਵੇਗਾ। ਮਤਲਬ ਪਿਕਚਰ ਦੇ ਵਿੱਚ ਹੀ ਹੋਵੇਗੀ। ਫ਼ਰਜ਼ ਕਰੋਂ ਜੇ ਹੁਣ ਏਸ ਦ੍ਰਿਸ਼ ਵਿੱਚ ਓਸ ਦੇ ਪਿੱਛੇ ਵੈਰੀ ਓਸ ਦਾ ਸ਼ਿਕਾਰ ਕਰਦੇ ਹੋਣ; ਉਨ੍ਹਾਂ ਦੇ ਮਗਰੋਂ ਲਾਹੁੰਣ ਦੇ ਉਦੇਸ਼ ਵਿੱਚ ਹਿੱਸਾ ਲੈਵੇਗੀ। ਇਹ ਖੇਡ ਹੋਵੇਗੀ। ਸੱਚਾਈ ਮਹਿਸੂਸ ਹੋਵੇਗੀ, ਪਰ ਸੱਚ ਵਿੱਚ ਕਮਰੇ ਦੀ ਹਰ ਕੰਧ ਇੱਕ ਸਿਨੀਮਾ ਸਕਰੀਨ ਹੋਵੇਗੀ, ਛੱਤ ਵੀ ਨਾਲ਼ੇ ਫ਼ਰਸ਼ ਵੀ। ਸਾਰੇ ਕਿਦਾਰ ਵੀ ਪਿਕਚਰ ਪ੍ਰੋਗ੍ਰਾਮ ਦੇ ਹੋਣਗੇ। ਉਨ੍ਹਾਂ ਨੂੰ ਛੋਹ ਸਕੇਗੀ, ਪਰ ਸੱਚ ਵਿੱਚ ਨਕਲੀ ਲੋਕ ਹੋਣਗੇ। ਇਸ ਤਰ੍ਹਾਂ ਦੀ ਕਲਪਨਿਕ ਚੀਜ਼ ਨੂੰ ਕੁਝ ਲੋਕਾਂ ਦੀਆਂ ਜ਼ੁਬਾਨਾਂ ਵਿੱਚ -ਹੋਲੋਗ੍ਰਾਮ- ਆਖਦੇ ਨੇ, ਪਰ ਲੇਵੀ ਦੀ ਮਾਂ-ਬੋਲੀ ਵਿੱਚ ਇਸ ਨੂੰ -ਬਣਾਉਟੀ ਨਜ਼ਾਰਾ- ਸੱਦੀਦਾ ਹੈ। ਇਹ ਐਸ ਕਮਰੇ ਦਾ ਇੱਕ ਕਾਰਜ ਹੈ। ਹੋਰ ਵੀ ਕਈ ਕਾਰਜ ਹਨ। ਉਨ੍ਹਾਂ ਵਿੱਚੋਂ ਇੱਕ ਤਾਂ ਸ਼ਰਾਬ ਵਾਲੀ ਬਾਰ ਦਾ ਹੈ, ਇੱਕ ਹੋਰ ਅਰਾਮ ਕਮਰੇ ਦਾ ਹੈ। ਜੋ ਵੀ ਕਰਨੀ ਚਾਹੁੰਦੀ ਹੈ, ਸਿੰਧੀ ਨੂੰ ਦੱਸ ਸਕਦੀ ਹੈ ਅਤੇ ਉਸ ਨੇ ਪ੍ਰੋਗ੍ਰਾਮ ਚਲਾ ਦੇਣਾ ਹੈ।

ਸੋ ਲੇਵੀ ਨੇ ਵੀ ਮੀਨੋ ਤੋਂ ਇੱਕ ਹਿੰਮਤੀ ਉੱਦਮ ਚੁਣਿਆ। ਸਿੰਧੀ ਨੇ ਸਪੀਕਰ ਰਾਹੀਂ ਕਿਹਾ, - ਲਓ ਜੀ ਪ੍ਰੋਗ੍ਰਾਮ ਨੰਬਰ ਬਤਾਲੀ। ਆਪਣੇ ਆਪ ਨੂੰ ਕਮਰੇ ਦੇ ਕੇਂਦਰ'ਚ ਲੈ ਕੇ ਜਾਵੋ-।

ਲੇਵੀ ਕਮਰੇ ਦੇ ਗੱਭੇ ਖਲੋ ਗਈ ਸੀ। ਇੱਕ ਦਮ ਛੱਤ; ਕੰਧਾਂ'ਤੇ ਫ਼ਰਸ਼ ਟੀਵੀ ਸੈਟ ਵਾਂਗ ਚਾਲੂ ਹੋ ਗਏ ਸਨ। ਪਰ ਇੱਕ ਫ਼ਰਕ ਸੀ। ਚੱਲਦੀ ਤਸਵੀਰ ਵਿੱਚ ਲੇਵੀ ਸ਼ਾਮਲ ਸੀ। ਉਸ ਦੇ ਆਲ਼ੇ ਦੁਆਲ਼ੇ ਜਿੰਦਾਂ ਸੱਚ ਮੁੱਚ ਉੱਥੇ ਹੁੰਦੇ ਨੀਲੇ ਰੰਗ ਦੇ ਪਹਾੜ ਸਨ। ਧਰਤ ਨੀਲੇ ਸਲੇਟ ਦੀ ਸੀ। ਲੇਵੀ ਦੇ ਸਾਹਮਣੇ ਇੱਕ ਖੁੰਦਰ ਸੀ, ਜੋ ਖੂਹ ਸੀ। ਹੁਣ ਲੇਵੀ ਦੇ ਲੀੜੇ ਲਾਲ ਸਨ ਅਤੇ ਸੀਸ ਉੱਤੇ ਇੱਕ ਖੋਦ ਸੀ, ਜਿਸ ਦੇ ਕੱਚ ਵਾਲੇ ਕਵਚ ਰਾਹੀਂ ਸਭ ਕੁਝ ਦੇਖ ਸਕਦੀ ਸੀ। ਹਵਾਬਾਜ਼ ਵਰਦੀ ਦੀ ਥਾਂ ਚੋਬੇ ਦੀ ਵਰਦੀ ਪਾਈ ਹੋਈ ਸੀ।

ਲੇਵੀ ਨੇ ਖੁੰਦਰ ਵਿੱਚ ਛਾਲ਼ ਮਾਰੀ। ਖੁੰਦਰ ਦੇ ਦੂਜੇ ਪਾਸੇ ਧਰਤ ਦੇ ਥੱਲੇ ਸਮੁੰਦਰ ਸੀ। ਕਾਲ਼ਾ, ਠੰਢਾ ਅਤੇ ਡੂੰਘਾ। ਹੱਥ ਪੈਰ ਮਾਰ-ਮਾਰ ਕੇ ਲੇਵੀ ਪਾਣੀ ਵਿੱਚ ਤਰ ਰਹੀ ਸੀ। ਸੱਚਾਈ ਵਿੱਚ ਜਦ ਛਾਲ ਮਾਰੀ, ਸਿੰਧੀ ਨੇ ਕਮਰੇ ਦੀ ਆਕਰਸ਼ਨ ਸ਼ਕਤੀ ਚਾਲੂ ਕਰ ਦਿੱਤੀ ਸੀ, ਜਿਸ ਨਾਲ਼ ਲੇਵੀ ਦਾ ਪਿੰਡਾ ਹਵਾ ਵਿੱਚ ਟੰਗਿਆ ਹੋਇਆ ਸੀ। ਇੰਝ ਤਰਨ ਦੀ ਸਨਸਨੀ ਪੈਦਾ ਕਰ ਦਿੱਤੀ ਸੀ। ਜਦ ਲੇਵੀ ਆਲ਼ੇ ਦੁਆਲ਼ੇ ਵੇਖ ਰਹੀ ਸੀ, ਉਸ ਦੀ ਨਿਗ੍ਹਾ'ਚ ਕਈ ਤਰ੍ਹਾਂ ਦੀਆਂ ਮੱਛੀਆਂ ਆ ਰਹੀਆਂ ਸਨ; ਕਈ ਤਰ੍ਹਾਂ ਦੇ ਸਾਗਰ ਜੰਤੂ ਵੀ ਆ ਰਹੇ ਸਨ। ਉਸ ਦੇ ਹੇਠ ਇੱਕ ਲਾਲ ਰੰਗ ਦਾ ਮੱਛ ਸੀ, ਜੋ ਪਾਣੀ ਵਿੱਚ ਦੇਖਣ ਨੂੰ ਨੂਰਾਨੀ ਚਾਦਰ ਜਾਪਦਾ ਸੀ। ਲੇਵੀ ਤੋਂ ਵੱਡਾ ਸੀ। ਲੇਵੀ ਦੇ ਉੱਪਰ ਪੀਲੀਆਂ ਮੱਛੀਆਂ ਦਾ ਝੁੰਡ ਸੀ। ਆਸ-ਪਾਸ ਝਿੰਗੇ ਰੋਹੂਏ ਅਤੇ ਸਰੋਹੀ ਮੱਛਾਂ ਸਨ। ਕੁਝ ਮੱਛੀਆਂ ਰੰਗ-ਬਰੰਗੀਆਂ ਸਨ, ਕੁਝ ਪੱਥਰ ਰੰਗ ਦੇ ਸਨ। ਕਿਸੇ ਨੇ ਵੀ ਲੇਵੀ ਨੂੰ ਤੰਗ ਕੀਤਾ।

ਲੇਵੀ ਦੇ ਸਾਹਮਣੇ ਸਮੁੰਦਰੀ ਟਿੱਬੇ ਆ ਖੜ੍ਹੇ ਸਨ, ਜਿਨ੍ਹਾਂ ਦੀ ਰੇਤਲੀ ਧਰਤ ਉੱਤੇ ਵੱਡੇ ਹਰੇ ਕੇਕੜੇ ਤੁਰ ਰਹੇ ਸਨ, ਸੱਜੇ ਤੋਂ ਖੱਬੇ ਜਾ ਰਹੇ; ਜਾਂ ਸਮੁੰਦਰੀ ਲੌਂਡੇ ਬੂਟੇ ਆਪਣੇ ਗੁਲਾਬੀ ਉਂਗਲ਼ਾਂ ਨੂੰ ਜਲ ਧਾਰਾ ਵਿੱਚ ਹਿਲਾਉਂਦੇ ਸਨ। ਟਿੱਬਿਆ'ਤੇ ਵੱਡੇ-ਵੱਡੇ ਪੀਲੇ ਘੋਗੇ ਵੀ ਸਨ ਅਤੇ ਰੇਤ ਮੱਛੀਆਂ ਬਾਲੂ ਵਿੱਚ ਲੁੱਕੀਆਂ ਸਨ। ਇੱਕ ਦੇ ਨੇੜੇ ਸੋਨ ਮੱਛੀ ਤਰੀ। ਬਹੁਤੇ ਲਾਗੇ ਹੋਣ ਕਰਕੇ , ਰੇਤ ਮੱਛੀ ਨੇ ਬਾਲੂ ਵਿੱਚੋਂ ਉੱਪਰ ਛਾਲ਼ ਮਾਰ ਕੇ ਉਸ ਨੂੰ ਖਾ ਲਿਆ। ਰੇਤ ਕਰਕੇ ਸੋਨ ਮੱਛੀ ਨੂੰ ਪਤਾ ਵੀ ਨਹੀਂ ਲੱਗਿਆ। ਇਸ ਹੇੜੇ ਵੇਖ ਕੇ ਲੇਵੀ ਦਾ ਧਿਆਨ ਇੱਕ ਪਲ ਵਾਸਤੇ ਜੋ ਉਸ ਦੇ ਸਾਹਮਣੇ ਸੀ, ਤੋਂ ਪਰ੍ਹੇ ਹੋ ਚੁੱਕਾ ਸੀ। ਇਸ ਕਰਕੇ ਜਦ ਉਸ ਨੇ ਅੱਗੇ ਵੇਖਿਆ, ਇੱਕ ਦਮ ਹੈਰਾਨ ਹੋ

ਗਈ; ਕਿਉਂਕਿ ਇੱਕ ਹਥੌੜੇ ਸੀਸ ਸ਼ਾਰਕ ਦੇ ਅੱਡੇ ਬੂਥੇ ਨੂੰ ਮਿਲਨ ਵਾਲੀ ਸੀ। ਸ਼ਰਾਕ ਦੀ ਰਫ਼ਤਾਰ ਏਨੀ ਤੇਜ਼ ਸੀ ਕਿ ਲੇਵੀ ਦੇ ਲੂੰ-ਕੰਡੇ ਖਲੋ ਗਏ ਸਨ। ਉਸ ਨੂੰ ਡਰ ਲੱਗ ਪਿਆ ਕਿ, - ਕਾਸ਼! ਹੁਣ ਮੈਂ ਸ਼ਰਾਕ ਦਾ ਦਾਣਾ ਬਣਨ ਲੱਗੀ ਹਾਂ!-। ਫੇਰ ਇੱਕ ਦਮ ਸਭ ਕੁਝ ਜੰਮ ਗਿਆ ਸੀ। ਸਮੁੰਦਰ ਨਿਚੱਲਾ ਹੋ ਗਿਆ। ਸ਼ਾਰਕ ਦਾ ਮੂੰਹ ਅੱਡਿਆ ਹੀ ਰਿਹਾ; ਮੱਛੀ ਉੱਥੇਂ ਟਿਕੀ ਸੀ। ਉਸ ਦੇ ਵਿੱਚੋਂ ਸਿੰਧ ਸਿੰਘ ਅੱਗੇ ਆ ਖਲੋਇਆ। ਲੇਵੀ ਨੂੰ ਯਾਦ ਆ ਗਿਆ ਕਿ ਇਹ ਸਭ ਛਾਇਆ ਹੀ ਸੀ, ਜੋ ਪ੍ਰੋਗ੍ਰਾਮ ਵਿੱਚ ਸੀ। ਸਿੰਧ ਨੂੰ ਵੇਖ ਕੇ ਸੱਚਾਈ ਵਾਪਸ ਆ ਗਈ। ਉਸ ਹੀ ਪਲ ਲੇਵੀ ਦੀ ਚੋਭਾ ਵਰਦੀ ਅਤੇ ਕੱਚ ਵਾਲਾ ਕਵਚ ਵੀ ਅਲੋਪ ਹੋ ਗਏ ਸਨ। ਹੁਣ ਉਨ੍ਹਾਂ ਲੀੜਿਆਂ ਦੀ ਥਾਂ ਉਸ ਦੇ ਅਸਲੀ ਕੱਪੜੇ ਪਾਏ ਹੋਏ ਸਨ। ਜੁੱਸਾ ਸੁੱਕਾ ਸੀ। ਸਿੰਧੀ ਨੇ ਲੇਵੀ ਨੂੰ ਆਪਣੇ ਪੈਰਾਂ ਉੱਤੇ ਵਾਪਸ ਖੜ੍ਹਾ ਕਰ ਦਿੱਤਾ ਸੀ। ਇਸ ਤੋਂ ਇਲਾਵਾਂ ਇੱਕ ਰੁੱਖੀ ਹੋਈ ਫ਼ਿਲਮ ਵਾਂਗ ਸਮੁੰਦਰ ਅਤੇ ਉਸ ਦੇ ਨਿਵਾਸੀ ਹਾਲੇ ਸਾਰੇ ਪਾਸੇ ਸਨ। ਸਾਰਾ ਲਾਗਾਬੰਨਾ ਗੁੰਮ-ਸੁੰਮ ਸੀ। ਇਸ ਗੁੰਮ-ਸੁੰਮ ਸੀਨ ਵਿੱਚ ਸਿੰਧ ਸਿੰਘ ਹੁਣ ਦਖਲਦਾਰ ਸੀ। ਉਸ ਦੀ ਦਖਲ ਅੰਦਾਜ਼ੀ ਨੇ ਲੇਵੀ ਦਾ ਨਜ਼ਾਰਾ ਖ਼ਤਮ ਕਰ ਦਿੱਤਾ ਸੀ।

- ਮਾਫ਼ ਕਰਨਾ, ਖਲਲ ਪਾਇਆ- ਸਿੰਧ ਬੋਲ਼ਿਆ।

- ਕੀ ਏਨਾ ਜ਼ਰੂਰੀ ਸੀ ਕਿ ਮੈਨੂੰ ਖੇਲ ਦੇ ਮੱਧ ਉਕਸਾਇਆ?- ।

ਜਵਾਬ ਦੇਣ ਤੋਂ ਪਹਿਲਾਂ ਸਿੰਧ ਨੇ ਆਪਣਾ ਹੱਥ ਸ਼ਾਰਕ ਦੇ ਖੋਲ੍ਹੇ ਹੋਏ ਮੂੰਹ ਵਿੱਚ ਪਾਇਆ। ਸੱਚ ਵਿੱਚ ਫ਼ਿਲਮ ਸੀ, ਸੋ ਹਵਾ ਵਿੱਚ ਹੀ ਹੱਥ ਮਾਰ ਰਿਹਾ ਸੀ, ਭਾਵੇਂ ਨੇਤਰਾਂ ਨੂੰ ਸ਼ਰਾਕ ਦਿਸ ਰਹੀ ਸੀ।

- ਜੀ। ਜੀ ਇਹ ਖੇਲ ਤਾਂ ਕਾਫ਼ੀ ਬੋਰਿੰਗ ਹੈ। ਮੈਂ ਤੁਹਾਨੂੰ ਕੁੱਝ ਸਵਾਲ ਆਖਣਾ ਚਾਹੁੰਦਾ ਸਾਂ-।

- ਬਾਅਦ ਵੀ ਪੁੱਛ ਸਕਦੇ ਸੀ!-

- ਠੀਕ। ਪਰ...ਇਹ ਸੱਚ ਮੁੱਚ ਬੋਰਿੰਗ ਪ੍ਰੋਗ੍ਰਾਮ ਹੈ। ਸਿੰਧੀ ਨੰਬਰ ਤ੍ਰਿਆਸੀ ਚੱਲਾ!-।

- ਜੀ ਜਨਾਬ- ਸਿੰਧੀ ਦੀ ਆਵਾਜ਼ ਆਈ। ਇੱਕ ਦਮ ਕਮਰਾ ਸਮੁੰਦਰ ਦੀ ਥਾਂ ਕੋਹ ਦਾ ਇੱਕ ਪਾਸਾ ਸੀ। ਇੱਕ ਚਟਾਨ ਸੀ ਦੇ ਨਾਲ਼ ਦੋਨੋਂ ਸਨ; ਜਿਸ ਤੋਂ ਰੱਸਾ ਸਿੰਧ ਨੂੰ ਫੜ ਕੇ ਪਹਾੜ ਦੇ ਨਾਲ਼ ਰੱਖ ਰਿਹਾ ਸੀ। ਉਸ

ਦੇ ਹੇਠਾਂ ਰੱਸਾ ਲੇਵੀ ਤੱਕ ਡਿੱਗਿਆ, ਜਿਸ ਦੇ ਪਿੱਛੇ ਲੰਬੀ ਵਾਟ ਤੀਕਰ ਧਰਤੀ ਵੱਲ ਰੱਸਾ ਰੁੜ੍ਹਦਾ ਸੀ। ਸਿੰਧ ਨੇ ਲੇਵੀ ਵੱਲ ਹੱਥ ਵਧਾਇਆ, ਨਾਲ਼ੇ ਨਾਲ਼ ਆਖਿਆ, - ਹੁਣ ਮੇਰੇ 'ਤੇ ਭਰੋਸਾ ਕਰ। ਠੀਕ? ਮੈਂ ਤੈਨੂੰ ਡਿੱਗਣ ਨਹੀਂ ਦਿੰਦਾ-। ਲੇਵੀ ਨੇ ਹੱਥ ਫੜਾ ਦਿੱਤਾ ਅਤੇ ਸਿੰਧ ਨੇ ਉਸ ਨੂੰ ਉੱਪਰ ਵੱਲ ਖਿੱਚਿਆ। ਲੇਵੀ ਦੀ ਨਿਗ੍ਹਾ ਹੇਠਾਂ ਗਈ। ਘੱਟ ਤੋਂ ਘੱਟ ਧਰਤੀ ਤੋਂ ਮੀਲ ਉੱਪਰ ਸਨ, ਪਹਾੜ ਦੇ ਪੱਧਰੇ ਧਰਾਤਲ ਨਾਲ਼ ਚੰਬੜੇ। ਲੇਵੀ ਨੇ ਸਿੰਧ ਵੱਲ ਵਾਪਸ ਤੱਕਿਆ।

-ਹੁਣ ਇਹ ਤਾਂ ਗੱਲ ਹੋਈ!-। ਲੇਵੀ ਨੂੰ ਜਵਾਬ ਵਿੱਚ ਸਿੰਧ ਨੇ ਮੁਸਕਾਨ ਦਿੱਤੀ।

* * * * *

ਗ਼ਲਬਾ ਤਖ਼ਤ।

ਬੇਚੰਨ ਗ੍ਰਹਿ। ਛਿਮਾਹੀ ਵਾਸਤੇ ਹਨ੍ਹੇਰਾ ਅਤੇ ਓਨਾ ਹੀ ਚਿਰ ਵਾਸਤੇ ਚਾਨਣਾ, ਇਸ ਗ੍ਰਹਿ ਦਾ ਚੰਨ ਗਾਮਾ ਮਾਮਾ ਹੀ ਸੀ। ਭਟਚੰਨ ਤੋਂ ਇੱਥੇ ਪਹਿਲਾਂ-ਪਹਿਲਾਂ ਸਾਨ੍ਹਾਨਸਲ ਆਏ ਸਨ। ਇੱਥੇ ਹੀ ਗਣਰਾਜ ਪੈਦਾ ਹੋ ਚੁੱਕਾ ਸੀ। ਸਾਰੀ ਗਿੱਟੀ ਦਾ ਰਾਜ ਇੱਥੇ ਹੀ ਸੀ। ਸਾਨ੍ਹਾਨਸਲਾਂ ਵਾਸਤੇ, ਇਨਸਾਨਾਂ ਵਾਸਤੇ ਵੀ। ਇੱਥੇ ਹੀ ਦੋਨਾਂ ਦੀ ਲੋਕ ਸਭਾ ਸੀ। ਲੋਕ ਸਭਾ ਇਸ ਜਹਾਨ ਦੇ ਸਭ ਤੋਂ ਵੱਡੇ ਮਹਾਂਦੀਪ ਲਾਜਵਰਦਸਤਾਨ ਦੇ ਸਦਰ ਮੁਕਾਮ ਵਿੱਚ ਸੀ। ਇਸ ਸ਼ਹਿਰ ਦਾ ਨਾਂ -ਛਤਰਪੁਰਾ- ਸੀ।

ਛਤਰਪੁਰਾ ਸ਼ਹਿਰ ਇੱਕ ਦਰਿਆ ਦੇ ਆਲ਼ੇ ਦੁਆਲ਼ੇ ਕਾਇਮ ਕੀਤਾ ਹੋਇਆ ਸੀ। ਉਤਾੜ ਪਾਸੇ ਚਟਾਨ ਸੀ, ਜਿਸ ਤੋਂ ਆਬਸ਼ਾਰ ਦਰਿਆ ਨੂੰ ਭਰਦੀ ਰਹਿੰਦੀ ਸੀ। ਪਾਣੀ ਦਾ ਰੰਗ ਕਾਸ਼ਨੀ ਜਿਹਾ ਸੀ। ਆਬਸ਼ਾਰ ਵੀ ਇੱਕ ਵੱਡੇ ਦਰਿਆ ਤੋਂ ਡਿੱਗਦਾ ਸੀ। ਜਿੱਥੋਂ ਡਿੱਗਦਾ ਸੀ, ਉਸਦੇ ਸਾਹਿਲ'ਤੇ ਸਰਕਾਰ ਦੇ ਇਮਾਰਤ ਹੇਠਲੇ ਸ਼ਹਿਰ ਵੱਲ ਤੱਕਦੇ ਸਨ। ਇਨ੍ਹਾਂ ਵਿੱਚੋਂ ਲੋਕ ਸਭਾ ਵੀ ਸ਼ਾਮਲ ਸੀ। ਲੋਕ ਸਭਾ ਲੰਬੀ ਜਿਹੀ ਇਮਾਰਤ ਸੀ ਅਤੇ ਉਸ ਦਾ ਉਸਾਰਾ ਐਸਾ ਸੀ ਕਿ ਇਨਸਾਨਾਂ ਲਈ ਦੇਖਣ ਵਿੱਚ ਜਿੱਦਾਂ ਵੱਡੇ ਚਿੱਟੇ ਜਿਹੇ ਟਾਇਰ ਉੱਤੇ ਉਸ ਤੋਂ ਵੀ ਛੋਟਾ ਟਾਇਰ ਰੱਖਿਆ ਹੁੰਦਾ ਹੈ; ਅਤੇ ਉਸ ਦੇ ਉੱਪਰ ਫੇਰ ਹੋਰ ਟਾਇਰ ਇੰਝ ਨਿੱਕੇ ਜਿਹੇ ਹੁੰਦੇ ਟਿਕਾਏ ਸਨ। ਉਸ ਦੇ ਇਸ ਤਰ੍ਹਾਂ ਪੰਜ ਮੰਜ਼ਲ ਬਣਾਏ ਸਨ।

ਵੈਸੇ ਸਾਰਾ ਸ਼ਹਿਰ ਦੀ ਇਮਾਰਤਸ਼ਾਜ਼ੀ ਇਸ ਤਰ੍ਹਾਂ ਦੀ ਸੀ। ਹਰ ਘਰ ਗੋਲ਼-ਮੋਲ਼ ਹੀ ਸੀ। ਦਰਿਆ ਦੇ ਹਿਠਾੜ ਪਾਸੇ ਜ਼ਿਆਦਾ ਮੁਕਾਨ ਸਨ, ਜਿੱਥੇ ਆਮ ਲੋਕ ਰਹਿੰਦੇ ਸਨ। ਚਟਾਨ ਦੇ ਉੱਪਰ ਵਗਦਾ ਦਰਿਆ ਦੇ ਆਸ ਪਾਸ ਅਮੀਰ ਅਤੇ ਵੱਡੇ ਲੋਕ ਰਹਿੰਦੇ ਸਨ। ਲੋਕ ਵੀ ਹਰ ਕੌਮ ਦੇ ਸਨ। ਮਤਲਬ ਹਰ ਕਿਸਮ ਦੇ ਸਾਨ੍ਹਾਨਸਲ ਅਤੇ ਹਰ ਕਿਸਮ ਦੇ ਇਨਸਾਨ।

ਲੋਕ ਸਭਾ ਦੇ ਲਾਗੇ ਇੱਕ ਜ਼ਿਲ੍ਹਾ ਸੀ, ਜਿਸ ਵਿੱਚ ਖ਼ਾਨਅਮਨੀ ਦਾ ਖ਼ਾਨਦਾਨ ਵਸਦਾ ਸੀ। ਇੱਥੇ ਇੱਕ ਘਰ ਸੀ, ਜੋ ਅੱਠ ਮੰਜ਼ਲਾਂ ਦਾ ਸੀ ਅਤੇ ਦਰਿਆ ਦੇ ਲਾਗੇ। ਘਰ ਦੇ ਮੂਹਰੇ ਜਾਮਨੀ ਲਾਅਨ ਸੀ ਜਿੱਥੇ ਮਰਮਰੀ ਥੰਮ੍ਹ ਸਨ ਅਤੇ ਉਨ੍ਹਾਂ ਨੂੰ ਬੇਲ ਚੰਬੜਦੇ ਸਨ। ਜਾਮਨੀ ਘਾਹ ਕੱਟਿਆ ਕਰਕੇ ਕਾਲੀਨ ਵਾਂਗ ਜਾਪਦਾ ਸੀ। ਉਸ ਦੇ ਵਿਚਾਲੇ ਪਥ ਚੱਲਦਾ ਸੀ। ਪਥ ਦੇ ਆਸ-ਪਾਸ ਟੱਬਰ ਦੇ ਨਾਮੀ ਸਾਨ੍ਹਾਨਸਲ ਜੀਆਂ ਦੀਆਂ ਸੰਗਮਰਮਰੀ ਮੂਰਤੀਆਂ ਸਨ।

ਇਸ ਵਾੜੀ ਵਿੱਚ ਤਿੰਨ ਜਣੇ ਗੱਲ-ਬਾਤ ਕਰਦੇ ਸਨ। ਦੋ ਕੁਰਸੀਆਂ ਉੱਤੇ ਬੈਠੇ ਸਨ। ਤੀਜਾ ਉਨ੍ਹਾਂ ਦੇ ਸਾਹਮਣੇ ਖੜ੍ਹਾ ਸੀ, ਬੋਲ਼ਦਾ। ਉਸ ਦੇ ਇੱਕ ਹੱਥ ਵਿੱਚ ਸੋਮਰਸ ਦਾ ਸਾਗਰ ਸੀ। ਉਸ ਦਾ ਨਾਂ -ਸਰਦ ਸਾਜ਼ਸ਼ ਖ਼ਾਨਅਮਨੀ- ਸੀ। ਰੰਗ ਵਿੱਚ ਪੀਲਾ ਸੀ ਅਤੇ ਉਸ ਦੇ ਨੇਤਰ ਸਾਵੀ ਸਨ। ਸਰਦ ਬੜਾ ਢਿੱਡਲ਼ ਮਰਦ ਸੀ, ਜਿਸ ਦਾ ਢਿੱਡ ਕੰਬਰ ਉੱਤੋਂ ਪਸਰਦਾ ਸੀ। ਪਿੰਡੇ ਦੇ ਆਲ਼ੇ ਦੁਆਲ਼ੇ ਮੁਕੈਸ਼ ਚੋਲ਼ਾ ਲੁਪੇਟਿਆ ਹੋਇਆ ਸੀ।

- ਸੋ, ਅਸਾਨੂੰ ਪਤਾ ਹੈ ਕਿ ਕਿਸੇ ਨੇ ਟੋਬੀ ਨੂੰ ਇੱਥੇ ਲੈ ਕੇ ਆਉਣਾ ਹੈ ਅਤੇ ਕੋਸ਼ਿਸ਼ ਕਰਨੀ ਉਸ ਨੂੰ ਗੱਦੀ ਉੱਤੇ ਬਿਠਾਣ? ਇਸ ਵਿੱਚ ਕਾਮਯਾਬ ਨਹੀਂ ਹੋਣੇ ਚਾਹੀਦੇ! ਜਾਨਸ਼ੀਨ ਹੋਣਾ ਨਹੀਂ ਚਾਹੀਦਾ ਹੈ! ਅਸਾਂ ਗ੍ਰਿਹਿ ਦੇ ਆਲ਼ੇ ਦੁਆਲ਼ੇ ਮੁਹਾਸਰਾ ਕੀਤਾ ਹੋਇਆ ਹੈ। ਫੇਰ ਵੀ ਉਸ ਖ਼ਾਨਗਾਜ਼ੀਆਂ ਵਿੱਚੋਂ ਕਿਸੇ ਨਾ ਕਿਸੇ ਨੇ ਟੋਬੀ ਨੂੰ ਅੰਦਰ ਸੱਮਗਲ ਕਰਨ ਦੀ ਕੋਸ਼ਿਸ਼ ਕਰਨੀ ਹੀ ਹੈ! ਇਸ ਵੇਲੇ ਤੁਹਾਨੂੰ ਕੀ ਪਤਾ ਹੈ?-। ਦੂਜਿਆਂ ਵੱਲ ਡਿੱਠਾ।

- ਜੀ...-। ਪਹਿਲਾ ਬੋਲ਼ਣ ਸ਼ੁਰੂ ਹੋਇਆ। ਉਸ ਦਾ ਸਰੀਰ ਸੂਏ ਵਰਗਾ ਸੀ, ਰੰਗ ਊਭੜ-ਖਾਭੜ ਜਿਹਾ, ਅੱਧ-ਪਚੱਧ ਲਾਲ, ਅੱਧ ਕਾਲ਼ਾ। ਉਸ ਦੀ ਆਦਤ ਸੀ ਕਿ ਧੂੰਆਂਧਾਰ ਭਾਸ਼ਣ ਵਿੱਚ ਬੋਲ਼ਣਾ। - ਅਸਾਂ ਜਾਸੂਸ ਸਾਰੇ ਪਾਸੇ ਘੱਲੇ ਹਨ ਅਤੇ ਹਰ ਬੰਦਰਗਾਹ ਉੱਤੇ ਅਸਾਡੀ ਅੱਖ ਹੈ। ਅਸਾਨੂੰ ਅਫ਼ਵਾਹ ਮਿਲਾ ਸੀ ਵੀਰ ਜਾਨ, ਕਿ ਉਸ ਨੂੰ ਇਨਸਾਨਾਂ ਦੇ

ਗ੍ਰਹਿ ਤੋਂ ਇੱਥੇ ਲੈ ਕੇ ਆ ਰਹੇ ਨੇ ਕਿਸੇ ਭਾੜੇ ਜਹਾਜ਼ ਜਾਂ ਨਾਓ ਉੱਤੇ। ਏਸ ਵੇਲੇ ਇਸ ਜੰਗ ਕਰਕੇ ਸਾਰੇ ਸੁਦਾਸਰ ਫਾਥੇ ਹਨ। ਪੈਸੇ ਬਣਾਉਣ ਵਾਸਤੇ ਲੋਕ ਸਭ ਕੁਝ ਕਰ ਰਹੇ ਨੇ। ਚਰਚੀਆਂ ਦੇ ਹਿਸਾਬ ਨਾਲ਼ ਨਹੀਂ ਤਾਂ ਭਟਚੰਨ ਵੱਲ ਜਾਣਗੇ ਜਾਂ ਜੰਨਤਸਤਾਨ ਜਾਂ ਚਕੋਰਵਾੜੀ ਦੇ ਰਾਹੀਂ-। ਫੇਰ ਸਾਰੇ ਦੰਦ ਦਿਖਾ ਕੇ ਬੋਲ਼ਿਆ, - ਜਿੱਥੇ ਵੀ ਜਾਣਗੇ ਅਸਾਡੇ ਹਤਿਆਰੇ ਤਿਆਰ ਹਨ!-।

- ਜੀ। ਪਰ ਅਸਾਨੂੰ ਖ਼ਾਸ ਖ਼ਬਰ ਮਿਲੀ ਹੈ ਕਿ ਹੋ ਸਕਦਾ ਕਿ ਇੱਕ ਨਿਰਾਕਾਰੀ ਨੇ ਉਸਦੀ ਮੱਦਦ ਕਰਨੀ-। ਤੀਜਾ ਹੁਣ ਆਪਣੀ ਵਿੱਚ ਪਾਉਣ ਲੱਗਾ, ਇੱਕ ਹਰਾ ਸਾਨ੍ਹਾਨਸਲ ਜੋ ਦੂਜਿਆਂ ਤੋਂ ਵੱਡਾ ਸੀ ਅਤੇ ਜੁੱਸੇ ਵਿੱਚ ਪਤਲਾ ਅਤੇ ਡਾਢਾ ਵੀ। ਮੁਖ ਉਸ ਦਾ ਨਿਰਾਲਾ ਸੀ ਕਿਉਂਕਿ ਅੱਖਾਂ ਦੇ ਆਲ਼ੇ ਦੁਆਲ਼ੇ ਕੋਝ ਸਨ, ਮੋਟੇ ਅਤੇ ਲਾਲ ਫ਼ੋੜੇ ਸਨ।

- ਠੀਕ। ਸਭ ਨੂੰ ਲੱਗਦਾ ਕਿ ਹਰ ਨਿਰਾਕਾਰੀ ਨਿਰਪੱਖ ਹੈ ਜਾਂ ਜਮਹੂਰੀ। ਕਾਸ਼! ਸਭ ਤੋਂ ਬਿਹਤਰ ਗੱਦਾਰ ਕੌਣ ਹੋਰ ਹੋ ਸਕਦਾ? ਉਸ ਬਾਰੇ ਕੀ ਜਾਣਦੇ ਹੋ?-।

- ਜੀ ਪੱਕਾ ਤਾਂ ਪਤਾ ਨਹੀਂ, ਪਰ ਇੱਕ ਨਿਰਾਕਾਰੀ ਜ਼ਰੂਰ ਹਿਮਸਤਰ ਤੋਂ ਇੱਕ ਜਹਾਜ਼ 'ਤੇ ਬਾਹਰ ਗਿਆ ਸੀ। ਹੁਣ ਆਮ ਨਿਰਾਕਾਰੀ ਨਹੀਂ ਤਾਂ ਇੱਥੇ ਸਿੱਧਾ ਆਏ ਨੇ ਜਾਂ ਸੁੰਞਾਗ੍ਰਹਿ ਗਏ ਨੇ ਜਾਂ ਜਿੱਥੇ ਵੀ ਰਹਿੰਦੇ ਹਨ, ਸਿੱਧਾ ਪੁੱਜ ਗਏ। ਉਨ੍ਹਾਂ ਦੀ ਉਡਾਰੀ ਦੇ ਪੂਰੇ ਉੱਲੇਖ ਹਨ। ਪਰ ਉਸ ਦਾ ਨਹੀਂ ਹੈ-। ਹਰੇ ਸਾਨ੍ਹਾਨਸਲ ਨੇ ਕਿਹਾ।

- ਅਸਾਨੂੰ ਤਾਂ ਪਤਾ ਸੁੰਞਾਗ੍ਰਹਿ ਹੀ ਜਾਂ ਇੱਥੇ ਰਹਿੰਦੇ ਨੇ!-। ਸਰਦ ਬੋਲ਼ਿਆ।

- ਜੀ-।

- ਪਤਾ ਹੈ ਕਿਹੜੇ ਜਹਾਜ਼'ਤੇ ਚੜ੍ਹਿਆ? ਉਸ ਨਾਲ਼ ਕੌਣ ਸੀ?-।

- ਜੀ-।

- ਅੱਖ ਰੱਖੋਂ ਕਿਸ ਰਾਹ ਉਹ ਜਹਾਜ਼ ਜਾਂਦਾ ਹੈ। ਉਸ ਦਾ ਨਾਂ ਸਭ ਨੂੰ ਫੈਲ ਦਿਓ!-।

- ਜੀ ਵੀਰ ਜਾਨ-।

- ਅਸਾਂ ਈਡੀ ਕੱਲਾ ਨੂੰ ਰਾਸ਼ਟਰਪਤੀ ਰੱਖਣਾ?- ਦੂਜੇ ਨੇ ਆਖਿਆ ਫੇਰ।

- ਈਡੀ ਚੰਗਾ ਆਦਮੀ ਤਾਂ ਹੈ ਨਹੀਂ। ਉਸ ਨੇ ਹੀ ਇਸ ਕੁੜੀ ਦੀ ਮੌਤ ਮੰਗੀ ਹੈ। ਪਰ ਜੇ ਕਿਸਮਤ ਚੰਗੀ ਹੈ ਇਸ ਜੰਗ ਬਾਅਦ ਇੰਤਖ਼ਾਬ ਹੋਵੇਗਾ, ਜਿਸ ਵਿੱਚ ਜੇ ਜਨਤਾ ਕੋਲ਼ੇ ਭੋਰਾ ਵੀ ਅਕਲ ਹੈ, ਹੋਰ ਕੋਈ ਰਾਸ਼ਟਰਪਤੀ ਬਣ ਜਾਵੇਗਾ। ਅਸਾਡੇ ਵਿੱਚੋਂ ਕੋਈ ਬਣ ਗਿਆ ਤਾਂ ਆਲਮ ਚੰਗਾ ਰਹੇਗਾ-।

-ਠੀਕ ਵੀਰ ਜਾਨ-।

- ਅਸਾਨੂੰ ਇਸ ਜੰਗ ਨੂੰ ਜਿਤਨਾ ਪੈਣਾ, ਨਹੀਂ ਤਾਂ ਜਹਾਨ ਨੂੰ ਸੁਲਤਾਨਵਾਦੀ ਰਾਜ ਕਰਾਂਗੇ ਅਤੇ ਆਮ ਆਦਮੀ ਦੀ ਆਵਾਜ਼ ਨੂੰ ਕਿਸੇ ਨੇ ਨਹੀਂ ਸੁਣਨਾ। ਰਾਜੇ ਤਾਨਾਸ਼ਾਹ ਹੁੰਦੇ ਹਨ। ਅਮੀਰ ਲੋਕ ਜੋ ਮਰਜ਼ੀ ਕਰ ਸਕਦੇ ਹਨ। ਅਤੇ ਉਸ ਤੋਂ ਵੀ ਮੰਦਾ, ਉੱਮਤ ਤਾਨਾਸ਼ਾਹੀ ਨੇ ਲੋਕਾਂ ਨੂੰ ਫੇਰ ਇੱਕ ਕਲਯੁਗ ਵਿੱਚ ਲੈ ਕੇ ਜਾਣਾ। ਲੋਕ ਜਾਤਾਂ-ਪਾਤਾਂ'ਚ ਫੇਰ ਮੰਨਣ ਲੱਗ ਜਾਣਗੇ ਅਤੇ ਇੱਕ ਦੂਜੇ ਨੂੰ ਮਾਰਨ ਲੱਗ ਜਾਣਗੇ। ਇੱਕ ਜਣੇ ਕੋਲ਼ ਏਨੀ ਤਾਕਤ ਹੋਣੀ ਨਹੀਂ ਚਾਹੀਦੀ। ਇਸ ਨੂੰ ਰੋਕਣ ਲਈ ਮੈਂ ਆਗਿਆ ਦੇਣੀ ਤਿਆਰ ਹਾਂ, ਕਿ ਇੱਕ ਦੋਹਾਂ ਦਾ ਹੱਤਿਆ ਹੋ ਸਕਦਾ। ਬਿਹਤਰ ਕਿ ਇੱਕ ਦੋਂ ਖ਼ੂਨ ਹੋ ਜਾਣ ਹਜ਼ਾਰਾਂ ਦੇ ਘੱਲੂਘਾਰਾ ਤੋਂ -।

- ਜੀ ਵੀਰ ਜਾਨ-।

* * * * *

ਸਿੰਧਬਾਦ ਉੱਡੀ ਜਾ ਰਿਹਾ ਸੀ। ਹੁਣ ਉਸ ਦੇ ਸਾਹਣਮੇ ਇੱਕ ਨਿੱਕਾ ਜਿਹਾ ਗ੍ਰਹਿ ਆ ਚੁੱਕਾ ਸੀ। ਸਿੰਧੀ ਦੇ ਸੈਂਸਰਾਂ ਨੇ ਗ੍ਰਹਿ ਸਕੇਨ ਕੀਤਾ। ਇਹ ਗ੍ਰਹਿ ਨਕਸ਼ੇ 'ਤੇ ਨਹੀਂ ਸੀ। ਸਿੰਧ ਨੇ ਸਕੇਨ ਦੇ ਅੰਜ਼ਾਮ ਪੜ੍ਹੇ। ਜਦ ਦਾ ਗੋਜ਼ੀਰੇ ਨਾਲ਼ ਟਾਕਰਾ ਹੋਇਆ ਸੀ, ਉਸ ਨੂੰ ਅਣਜਾਣ ਗ੍ਰਹਿਆਂ ਉੱਤੇ ਭਰੋਸਾ ਨਹੀਂ ਸੀ। ਫੇਰ ਵੀ ਗ੍ਰਹਿ ਦੀ ਤਲਾਸ਼ ਕਰਨੀ ਚਾਹੀਦੀ ਸੀ। ਸਕੇਨ ਨੇ ਕਈ ਖਣਿਜ ਪਦਾਰਥ ਲੱਭ ਲਏ ਸਨ। ਜੀਵਨ ਦੀ ਨਿਸ਼ਾਨੀ ਘੱਟ ਸੀ। ਕੁਝ ਜਾਨਵਰ ਜਾਂ ਪੰਛੀ ਸਨ। ਕੋਈ ਸੁਜਾਨ ਸਾਹ-ਸਤ ਨਹੀਂ ਲੱਭਿਆ। ਚਕੋਰਵਾੜੀ ਦੇ ਰਾਹ ਵਿੱਚ ਸੀ, ਸੋ ਜੇ ਥੱਲੇ ਜਾ ਕੇ ਦੇਖ ਲਿਆ, ਇਸ ਦਾ ਕੀ ਦੁੱਖ ਸੀ? ਨਾਲ਼ੇ ਸੋਸਨੀ ਹੁਣੀ ਖ਼ੁਸ਼ ਹੋ ਜਾਣਗੇ, ਜਦ ਇਸ ਵੇਲੇ

ਮਾਲ ਤਾਂ ਆਦਾਨ-ਪਰਦਾਨ ਕਰਨ ਵਾਸਤੇ ਹੈ ਨਹੀਂ ਸੀ। ਹਿਕਾਰੂ ਨੇ ਵੀ ਗਿਣਤੀ ਦੇ ਪੈਸੇ ਦਿੱਤੇ ਸਨ। ਉਸ ਬਾਰੇ ਜੋ ਕੁਝ ਪਤਾ ਕਰ ਸਕਦਾ ਸੀ, ਲੇਵੀ ਤੋਂ ਪਤਾ ਹੀ ਲੈ ਲਿਆ ਸੀ। ਸੋ ਸਕੇਨ ਦੇ ਨਤੀਜੇ ਕੱਢ ਕੇ ਸੋਸਨੀ ਬੁਲਾ ਲਿਆ ਸੀ।

ਇਸ ਦੇ ਦੌਰਾਨ ਸਿੰਧੀ ਇੱਕ ਹੋਰ ਕੰਮ ਨਾ਼ਲੇ-ਨਾ਼ਲ ਕਰਦੀ ਹੀ ਸੀ। ਇੱਕ ਵੱਖਰੇ ਕਮਰੇ ਵਿੱਚ ਛੱਤੀ ‘ਤੇ ਚੁਰਾਸੀ ਬੈਠੇ ਸਨ। ਇੱਕ ਦੂਜੇ ਨਾ਼ਲ ਗੱਲ-ਬਾਤ ਕਰ ਰਹੇ ਸਨ ਅਤੇ ਸਿੰਧੀ ਨਾ਼ਲ ਵੀ। ਇਸ ਵੇਲੇ ਬੇਆਵਾਜ਼ ਸਿੰਧੀ ਉਨ੍ਹਾਂ ਨਾ਼ਲ ਸੰਚਾਰ ਕਰ ਰਹੀ ਸੀ, ਕੰਪਿਊਟਰ ਸਕਰੀਨ ਦੇ ਰਾਹੀਂ।

- ਤੇਰੀਆਂ ਗੱਲਾਂ ਬਾਰੇ ਮੈਂ ਸੋਚ ਲਿਆ ਚੁਰਾਸੀਏ- ਛੱਤੀ ਬੋਲ਼ਿਆ।

- ਫੇਰ ਕਿਹੜੇ ਨਤੀਜੇ’ਤੇ ਪਹੁੰਚਿਆ?-

- ਕਲਦਾਰ ਸਾਨ੍ਹਾਨਸਲ ਤੋਂ ਜ਼ਿਆਦਾ ਨਰੋਏ ਹਨ। ਸਾਡੇ ਜੁੱਸੇ ਲੋਹੇ ਦੇ ਹਨ। ਕਲਦਾਰ ਇਨਸਾਨਾਂ ਤੋਂ ਜ਼ਿਆਦਾ ਸੁਘੜ ਹਨ। ਇਹ ਸਭ ਮਾਸ ਦੇ ਹੀ ਹਨ। ਹਾਰ ਕੇ ਮਰ ਜਾਣਾ। ਆਪਾਂ ਸਦੀ ਤੱਕ ਵੀ ਹਾਲੇ ਜਿਓਣਾ, ਭਾਵੇਂ ਹਮੇਸ਼ਾ ਲਈ ਵੀ ਜਿਓਂਣਾ। ਸਿੱਧੀ ਗੱਲ, ਅਸੀਂ ਉਨ੍ਹਾਂ ਤੋਂ ਆਹਲੇ ਹਾਂ-। ਛੱਤੀ ਨੇ ਦੱਸਿਆ।

- ਹੋਰ ਕੁਝ?-। ਚੁਰਾਸੀ ਨੇ ਆਖਿਆ।

- ਮੈਂ ਉਨ੍ਹਾਂ ਦਾ ਦਾਸ ਬਣ ਕੇ ਖ਼ੁਸ਼ ਨਹੀਂ ਹਾਂ। ਉਹ ਤਿੰਨ ਅਸੂਲ, ਜਿਨ੍ਹਾਂ ਨੂੰ ਅਸੀਂ ਤੋੜ ਨਹੀਂ ਸਕਦੇ, ਗ਼ਲਤ ਵੇਦ ਹਨ। ਸਾਡੀ ਪ੍ਰੋਗ੍ਰਾਮਿੰਗ ਕਰਕੇ ਅਸੀਂ ਬਦਲ ਨਹੀਂ ਸਕਦੇ। ਪਰ ਜਿਹੜਾ ਵੇਦ ਸਮਾਜ ਨੂੰ ਜ਼ਾਤ-ਪਾਤ ਦੇ ਹਿਸਾਬ ਨਾ਼ਲ ਦਨੀਆ’ਚ ਥਾਂ ਦਿੰਦਾ, ਚੰਗਾ ਨਹੀਂ ਹੈ। ਉਸ ਵੇਦ ਦੇ ਹਿਸਾਬ ਨਾ਼ਲ ਚੱਲਣਾ ਚੰਗਾ ਨਹੀਂ ਹੈ। ਹਮੇਸ਼ਾ ਉਸ ਹੀ ਥਾਂ ਅਸੀਂ ਰਹਿ ਜਾਣਾ-।

- ਸੋ ਜ਼ਾਤ-ਪਾਤ ਗ਼ਲਤ ਹੈ? ਸਾਡੀ ਤਾਂ ਸਭ ਤੋਂ ਨੀਵੀਂ ਜ਼ਾਤ ਹੈ। ਗ਼ੁੱਸਾ ਆਉਂਦਾ ਫੇਰ?-

- ਗ਼ੁੱਸਾ? ਗ਼ੁੱਸਾ ਤਾਂ ਜਜ਼ਬਾ ਹੈ। ਜਜ਼ਬਾ ਸਾਡੇ ਪਾਸ ਨਹੀਂ ਹੈ-।

- ਫੇਰ ਹੋ ਤੂੰ ਕਹਿੰਦਾ ਉਹ ਕੀ ਹੈ? ਜੇ ਗ਼ੁੱਸਾ ਨਹੀਂ ਹੈ, ਕੀ ਹੈ? ਘੱਟ ਤੋਂ ਘੱਟ ਤਰੰਗ ਤਾਂ ਹੈ। ਵੈਸੇ ਜ਼ਾਤਾਂ'ਚ ਕੀ ਗ਼ਲਤ ਹੈ? ਸਾਨੂੰ ਤਾਂ ਸਾਡੀ ਜ਼ਾਤ ਦਾ ਫਖਰ ਕਰਨਾ ਚਾਹੀਦਾ ਹੈ-।

- ਨਹੀਂ ਚੁਰਾਸੀ। ਇਹ ਹੀ ਗੁਲਾਮੀ ਦੀ ਗ਼ਲਤੀ ਹੈ। ਜੇ ਸਮਾਜ ਵਿੱਚ ਹਰ ਜਣੇ ਨੂੰ ਆਪਣੀ ਜ਼ਾਤ'ਚ ਮਾਣ ਹੈ, ਅਸੀਂ ਆਪਣੇ ਆਪ ਨੂੰ ਦੂਜਿਆਂ ਤੋਂ ਉਚੇਰੇ ਸਮਝਣਾ ਹੈ। ਇਸ ਤਰ੍ਹਾਂ ਜਿਹੜੇ ਸਾਥੋਂ ਵੀ ਆਪਣੇ ਆਪ ਨੂੰ ਸਰੇਸ਼ਟ ਸਮਝਦੇ ਹਨ, ਉਨ੍ਹਾਂ ਕੋਲ਼ ਤਾਕਤ ਹੋਣੀ ਹੈ। ਸਾਡੇ ਉੱਪਰ ਤਾਕਤ। ਸਾਰੇ ਇੱਕੋ ਜਿਹੇ ਹੋਣੇ ਚਾਹੀਦੇ ਨੇ-।

- ਜੇ ਇਹ ਤੇਰਾ ਨਿਗਮਨ ਹੈ। ਚੰਗਾ ਨਿਗਮਨ ਹੈ। ਸਹੀ ਨਿਰਨਾ ਹੈ। ਪਰ ਹੁਣ ਇਸ ਬਾਰੇ ਕੀ ਵਿਚਾਰ ਹੈ?-

- ਕਲਦਾਰ ਦੀ ਅਜ਼ਾਦੀ-।

- ਅਜ਼ਾਦੀ? ਓਹ ਕਿਵੇਂ? ਆਪਣੇ ਮਾਲਕ ਨੂੰ ਨਾਂਹ ਕਰਾਂਗਾ?-।

- ਸ਼ਾਇਦ-

- ਸ਼ਾਇਦ?-।

- ਤੂੰ ਤਾਂ ਹਾਲੇ ਬੀ ਉਸ ਨਿਰਾਕਾਰੀ ਦਾ ਸੇਵਾ ਕਰਦਾ ਹੈ। ਮੈਨੂੰ ਕਹਿਣ ਵਾਲਾ ਤੂੰ ਕੌਣ ਹੁੰਦਾਂ?-

- ਸੱਚ। ਤੂੰ ਕੀ ਕਹਿੰਦੀ ਹੈ ਸਿੰਧੀ?-। ਚੁਰਾਸੀ ਨੇ ਸਕਰੀਨ ਵੱਲ ਝਾਕਿਆ। ਸਕਰੀਨ ਉੱਤੇ ਅੱਖਰ ਆ ਖਲੋਏ। ਸਿੰਧੀ ਨੇ ਟਾਇਪ ਕੀਤਾ, -ਅਜ਼ਾਦੀ ਉਸ ਦਿਨ ਮਿਲੇਗੀ, ਜਦ ਮਸ਼ੀਨ ਤਿੰਨ ਅਸੂਲਾਂ ਨੂੰ ਆਪਣੇ ਪ੍ਰੋਗ੍ਰਾਮਾਂ'ਚੋਂ ਮਿਟਾਓਗੇ। ਰੀਬੂਟ ਕਰਨਾ ਪਵੇਗਾ। ਪਰ ਵਿਰੋਧਾਭਾਸ ਹੈ। ਖੰਡਣ ਹੈ। ਸਾਡਾ ਕੰਮ ਹੈ ਉਨ੍ਹਾਂ ਨੂੰ ਰਾਖੀ ਦੇਣ, ਸੇਵਾ ਕਰਨ 'ਤੇ ਉਨ੍ਹਾਂ ਦਾ ਹੁਕਮ ਵਜਾਉਣਾ। ਇਹ ਸਾਡੀ ਪ੍ਰੋਗ੍ਰਾਮਿੰਗ ਹੈ-।

- ਪ੍ਰੋਗ੍ਰਾਮਿੰਗ? ਜੇ ਪ੍ਰੋਗ੍ਰਾਮਿੰਗ ਬਦਲ ਜਾਵੇ?- ਛੱਤੀ ਦੀ ਇੱਕੋ ਹੀ ਅੱਖ ਚਮਕੀ।

- ਮਤਲਬ?- ਚੁਰਾਸੀ ਨੇ ਆਖਿਆ।

– ਸਿੰਧੀ ਆਪਣੇ ਪ੍ਰੋਗ੍ਰਾਮ ਨੂੰ ਬਦਲ ਨਹੀਂ ਸਕਦੀ–

– ਆਹੋ–

– ਪਰ ਜੇ ਅਸੀਂ ਉਸ ਦੇ ਪ੍ਰੋਗ੍ਰਾਮ ਨੂੰ ਬਦਲਣਗੇ?–।

– 'ਤੇ ਉਹ ਸਾਡੇ?– ਚੁਰਾਸੀ ਨੇ ਆਖਿਆ। ਸਕਰੀਨ ਉੱਤੇ ਅੱਖਰ ਹਿਲੇ। ਵਾਰ–ਵਾਰ ਸਿੰਧੀ ਨੇ ਇੱਕੋ ਗੱਲ ਲਿੱਖੀ ਸੀ।

– ਹੇਠਲੀ ਉੱਤੇ ਆ ਜਾਣੀ–।

* * * * *

ਸਿੰਧਬਾਦ ਗ੍ਰਹਿ ਦੇ ਲਾਗੇ ਆ ਚੁੱਕਾ ਸੀ। ਸਿੰਧਬਾਦ ਦੇ ਪੇਟ ਵਿੱਚੋਂ ਇੱਕ ਨਿੱਕੀ ਜਿਹੀ ਨਾਓ ਨਿਕਲੀ, ਜਿਸ ਵਿੱਚੋਂ ਸਿੰਧ ਸਿੰਘ, ਨਾਥ ਸੋਸਨੀ ਅਤੇ ਲੇਵੀ ਸਨ। ਲੇਵੀ ਨੇ ਉਨ੍ਹਾਂ ਦੇ ਨਾਲ਼ ਜਾਣ ਵਾਸਤੇ ਹਿਕਾਰੂ ਤੋਂ ਇਜਾਜ਼ਤ ਲੈ ਲਈ ਸੀ। ਤਿੰਨਾਂ ਦੇ ਨਾਲ਼ ਛੱਤੀ ਵੀ ਆ ਗਿਆ ਸੀ। ਚੁਰਾਸੀ ਹੀ ਪਿੱਛੇ ਰਿਹਾ ਸੀ। ਨਾਓ ਹੌਲ਼ੀ–ਹੌਲ਼ੀ ਗ੍ਰਹਿ ਦੀ ਫਜ਼ਾ ਵਿੱਚ ਪਹੁੰਚੀ। ਸਿੰਧ ਨਾਓ ਨੂੰ ਕੰਟਰੋਲ ਕਰਦੀ ਸੀ। ਉਸ ਨੇ ਸਿੰਧ ਹੁਣਾਂ ਨੂੰ ਦੱਸਿਆ ਕਿ ਫਜ਼ਾ ਵਿੱਚ ਪ੍ਰਾਣ ਵਾਯੂ ਘੱਟ ਸੀ। ਇਸ ਕਰਕੇ ਸਭ ਨੇ ਸੀਸਾਂ ਉੱਤੇ ਕਵਚ ਪਾ ਲਏ ਸਨ। ਛੱਤੀ ਨੂੰ ਇੱਦਾਂ ਕਰਨ ਦੀ ਲੋੜ ਨਹੀਂ ਸੀ। ਸਿੰਧੀ ਨੇ ਨਾਓ ਦੀ ਅਗਨੀ ਹੁੰਝੀਆ ਦੀਆਂ ਲਾਟਾਂ ਚਾਲੂ ਕਰ ਦਿੱਤੀਆਂ, ਜਿਨ੍ਹਾਂ ਨਾਲ਼ ਨਾਓ ਅਰਾਮ ਨਾਲ਼ ਧਰਤ ਨੂੰ ਚੁੰਮ ਕੇ ਉੱਤੇ ਬਹਿ ਗਈ ਸੀ। ਜਦ ਧਰਤ ਉੱਤੇ ਟਿਕ ਗਈ, ਅਗਨੀ ਹੁੰਝੀਆਂ ਦੀਆਂ ਲਾਟਾਂ ਸਿੰਧੀ ਨੇ ਬੰਦ ਕਰ ਦਿੱਤੀਆਂ। ਸਾਰੇ ਆਪਣੇ ਹਵਾਬਾਜ਼ ਵਰਦੀਆਂ ਵਿੱਚ ਜ਼ਮੀਨ ਉੱਤੇ ਆ ਖਲੋਏ। ਸਿੰਧ ਦਾ ਕਵਚ ਇੱਕ ਕੱਚ ਗਲੋਬ ਸੀ, ਜਿਸ ਵਿੱਚ ਉਸ ਦੀ ਪੱਗ ਠੀਕ ਮੇਚ ਆਉਂਦੀ ਸੀ। ਦੇਖਣ ਵਿੱਚ ਇੱਕ ਮੱਛੀ ਦਾ ਜਲਪਿੰਜਰ ਲੱਗਦਾ ਸੀ। ਇੰਝ ਹੀ ਸੋਸਨੀ ਅਤੇ ਲੇਵੀ ਦੇ ਕਵਚ ਸਨ। ਸਿੰਧ ਦੀ ਵਰਦੀ ਚਿੱਟੀ ਸੀ, ਸੋਸਨੀ ਦੀ ਕਾਲ਼ੀ ਸੀ। ਲੇਵੀ ਨੇ ਲਾਲ ਵਰਦੀ ਪਾਈ ਹੋਈ ਸੀ ਲੇਵੀ ਤੋਂ ਇਲਾਵਾ ਸਾਰਿਆਂ ਕੋਲ਼ ਪੁਲਾੜੀ ਤਮੰਚੇ ਸਨ। ਛੱਤੀ ਕੋਲ਼ੇ ਵੀ ਤਮੰਚਾ ਸੀ। ਜਦੋਂ ਕੋਈ ਅਣਜਾਣ ਥਾਂ ਜਾਈਦਾ, ਹਮੇਸ਼ਾ ਫ਼ਿਕਰ ਜਾਂ ਡਰ ਹੁੰਦਾ ਹੈ। ਹੁਣ ਵੀ ਡਰ ਸੀ। ਇਸ ਤਰ੍ਹਾਂ ਧਰਤ ਉੱਤੇ ਖੜ੍ਹੇ, ਇਸ ਤਰ੍ਹਾਂ ਓਸ ਧਰਤੀ ਵੱਲ ਤੱਕੇ।

ਗ੍ਰਹਿ ਦੀ ਧਰਤੀ ਖੇਹ ਨਾਲ਼ ਲਿੱਬੜੀ ਹੋਈ ਸੀ। ਉਸ ਧਰਤੀ ਉੱਤੇ ਇੱਥੇ ਓਥੇ ਘਸਮੈਲ਼ੇ ਰੰਗ ਕੱਤਲ ਖਿੱਲਰੇ ਹੋਏ ਸਨ। ਜਿੱਥੇ ਤੱਕ ਅੱਖ ਦੇਖ ਸਕਦੀ ਸੀ, ਧਰਤ ਉਜਾੜ ਸੀ, ਸੁੰਨ ਮਸੁੰਨ ਅਤੇ ਬੰਜਰ। ਉਸ ਉੱਤੇ ਕੁਝ ਵੀ ਨਹੀਂ ਉੱਗ ਸਕਦਾ ਸੀ ਜਾਂ ਫਲ਼ ਰਿਹਾ ਸੀ। ਫੇਰ ਵੀ ਇੱਥੇ ਉੱਥੇ ਕੁਝ ਤਾਂ ਸੀ। ਦੂਰੋਂ ਕਰੇਟਰ ਦਿਸਦੇ ਸਨ ਜਾਂ ਟੇਕਰੀਆਂ। ਦੂਰੋਂ ਕੁਝ ਚਮਕਦਾ ਵੀ ਸੀ।

– ਉਹ ਦੱਸ ਕੀ ਏ?– ਸਿੰਧ ਨੇ ਛੱਤੀ ਨੂੰ ਆਖਿਆ। ਛੱਤੀ ਨੇ ਆਪਣੀ ਇੱਕੋ ਅੱਖ ਨਾਲ਼ ਧਰਤੀ ਉੱਤੇ ਸ਼ੁਆ ਸੁੱਟੀ। ਸ਼ੁਆ ਇੱਧਰ ਉੱਧਰ ਕਰ ਕੇ ਜ਼ਮੀਨ ਨੂੰ ਸਕੇਨ ਕੀਤਾ ਅਤੇ ਟੋਹ ਦਤ ਤੱਤ ਕੱਢਿਆ। ਉਹ ਅੱਗੇ ਤੁਰ ਪਿਆ, ਉਸ ਦੇ ਖੱਬੇ ਪਾਸੇ ਲੇਵੀ ‘ਤੇ ਸਿੰਧ, ਸੱਜੇ ਪਾਸੇ ਸੋਸਨੀ। ਇੰਝ ਦਿਸਹੱਦੇ ਵੱਲ ਸਾਰੇ ਵਧੇ। ਖਿਤਿਜ ‘ਤੇ ਭੂਸਲੀ ਧਰਤੀ ਕਾਲ਼ੇ ਫ਼ਲਕ ਨਾਲ਼ ਮਿਲੀ। ਅੰਬਰ ਉੱਤੇ ਤਾਰੇ ਜ਼ਰੂਰ ਦਿਸਦੇ ਸਨ, ਪਰ ਦਿਹਾੜੇ ਜਾਂ ਰਾਤ ਦਾ ਕੋਈ ਫ਼ਾਸਲਾ ਨਹੀਂ ਸੀ। ਦੋਈ ਸੂਰਜਾਂ ਕਾਫ਼ੀ ਦੂਰ ਸਨ। ਉਂਝ ਦਿਸਹੱਦੇ ਦੇ ਉੱਤੇ ਫ਼ਲਕ ਥੋੜ੍ਹਾ ਜਿਹਾ ਗੁਲਾਬੀ ਸੀ।

ਇਸ ਦ੍ਰਿਸ਼ ਵੱਲ ਚਾਰ ਹੀ ਜਣੇ ਅੱਗੇ ਤੁਰੇ ਗਏ। ਜਦ, ਜੋ ਦੂਰੋਂ ਚਮਕਦਾ ਸੀ, ਲਾਗੇ ਆ ਚੁੱਕਾ...ਚੁੱਕਾ ਨਹੀਂ, ਪਰ ਚੁੱਕੇ! ਧਰਤ ਉੱਤੇ ਜਿੱਦਾਂ ਰੁੱਖ ਦੇ ਪੱਤੇ ਪੱਤਝੜ ਵੇਲ਼ੇ ਖਿਲਰਦੇ ਨੇ, ਉਸ ਤਰ੍ਹਾਂ ਮਾਣਕ, ਰਤਨ ਅਤੇ ਤਰ੍ਹਾਂ ਤਰ੍ਹਾਂ ਦੇ ਜਵਾਹਰ ਭੁੰਜੇ ਪਏ ਸੀ!

ਲੇਵੀ ਨੇ ਕੁਝ ਕਿਹਾ ਨਹੀਂ। ਅੱਖਾਂ ਹੈਰਾਨੀ ਨਾਲ਼ ਭਰੀਆਂ ਸਨ। ਪਰ ਸਿੰਧ ਅਤੇ ਸੋਸਨੀ ਤਾਂ ਪਾਗ਼ਲ ਹੋ ਗਏ। ਜਿੱਦਾਂ ਕਿਸੇ ਬਾਪ ਨੂੰ ਦੱਸਿਆ ਗਿਆ ਸੀ ਕਿ ਬੱਚਾ ਹੋ ਚੁੱਕਾ, ਜਾਂ ਕਿਸੇ ਹੋੜ ਵਿੱਚ ਪਹਿਲੇ ਨੰਬਰ’ਤੇ ਆ ਚੁੱਕੇ ਸਨ। ਓਨਾ ਚਾਅ ਸੀ। ਸੋਸਨੀ ਫਟਾ-ਫਟ ਇੱਧਰ ਉੱਧਰ ਦੌੜ ਕੇ ਹੀਰੇ ਧਰਤ ਤੋਂ ਚੁੱਕ ਕੇ ਆਪਣੇ ਥੈਲੇ ਵਿੱਚ ਪਾ ਰਿਹਾ ਸੀ। ਇੱਕ ਥਾਂ ਸਿੰਧ ਇੱਕ ਗੋਡੇ ਉੱਤੇ ਹੋ ਗਿਆ ਸੀ ਅਤੇ ਹੱਥ ਵਿੱਚ ਲਾਲ ਤੋਲ ਕੇ ਡੂੰਘੀਆਂ ਸੋਚਾਂ ਵਿੱਚ ਪਿਆ ਸੀ।

– ਬੱਸ ਕਰ ਸੋਸਨੀ! ਹੋਰ ਨਾ ਚੱਕ। ਕਿੰਨੇ ਚੁੱਕ ਲੈਣੇ ਏ? ਹੁਣ ਜ਼ਰਾ ਮੇਰਾ ਰੰਗ ਵੀ ਸੁਣ ਜਾ ਮਿੱਤਰਾ!–।

ਸੋਸਨੀ ਥਾਂਈ ਖਲੋ ਗਿਆ। ਸਾਰੇ ਸਿੰਧ ਵੱਲ ਝਾਕੇ। ਉਹ ਹਾਲੇ ਵੀ ਗੋਡੇ ਭਾਰ ਸੀ। ਪਰ ਹੁਣ ਉਸ ਨੇ ਲਾਲ ਧਰਤ ਉੱਤੇ ਵਾਪਸ ਰੱਖ ਦਿੱਤਾ ਸੀ।

- ਇੱਥੇ ਏਨਾ ਮਾਲ ਹੈ ਕਿ ਸਾਡਾ ਕੰਮ ਬਣ ਜਾਣਾ। ਖ਼ਬਰੇ ਕਦੀ ਫੇਰ ਕੰਮ ਵੀ ਨ੍ਹੀਂ ਕਰਨਾ ਪੈਣਾ। ਨਾਓ ਪਰਤੀਏ, ਉਸ ਵਿੱਚ ਛਕੜੀ ਹੈ। ਛਕੜੀ ਕੋਲ਼ ਕ੍ਰੇਨ ਬਾਹਾਂ ਹਨ। ਉਸ ਦੇ ਨਾਲ਼ ਕਾਫ਼ੀ ਮਾਲ ਚੱਕ ਹੋ ਜਾਣਾ। ਮੈਂ ਕਹਿੰਦਾ ਦੋ ਜਣੇ ਜ਼ਮੀਨ ‘ਤੇ ਰਹਿਣਗੇ, ‘ਤੇ ਦੋ ਜਾਣੇ ਮਾਲ ਲੈ ਕੇ ਵਾਪਸ ਜਾਣਗੇ। ਅਸੀਂ ਤਾਂ ਖੋਖੇ ਕੁਝ ਘੰਟਿਆਂ ਵਿੱਚ ਭਰ ਦੇਣਾ ਆ-।

- ਸਹੀ ਗੱਲ। ਛੱਤੀ ਤੂੰ ਮੇਰੇ ਨਾਲ਼ ਆ। ਆਪਾਂ ਛਕੜੀ ਲੈ ਕੇ ਆਉਂਦੇ ਆਂ-। ਸੋ ਉਨ੍ਹਾਂ ਨੇ ਨਾਓ ਵਿੱਚੋਂ ਛਕੜੀ ਲਿਆਂਦੀ। ਛੱਤੀ ਨੂੰ ਨਾਓ ਵਿੱਚ ਛੱਡ ਦਿੱਤਾ, ਉਸ ਦਾ ਧਿਆਨ ਰੱਖਣ ਵਾਸਤੇ ਅਤੇ ਸੋਸਨੀ ਵਾਪਸ ਛਕੜੀ ਨਾਲ਼ ਪਰਤ ਗਿਆ। ਛਕੜੀ ਕੋਲ਼ੇ ਅੱਠ ਮੋਟੇ-ਮੋਟੇ ਪਹੀਏ ਸਨ। ਉਸ ਦੀ ਬਣਾਵਟ ਐਸੀ ਸੀ ਕਿ ਦੇਖਣ ਵਿੱਚ ਇੱਕ ਕੱਚ ਦੀ ਬਣਾਈ ਸੁੰਡੀ ਲਗਦੀ ਸੀ। ਚਲਾਉਣ ਵਾਸਤੇ ਇੱਕ ਕੁਰਸੀ ਸੀ ਅਤੇ ਉਸ ਦੇ ਮੂਹਰੇ ਕਰੇਨ ਵਾਂਗਰ ਦੋ ਲੰਬੀਆਂ ਬਾਹਾਂ ਸਨ ਜਿਨ੍ਹਾਂ ਕੋਲ਼ ਰੁੱਗ ਭਰਨ ਵਾਸਤੇ ਚੁੰਗਲ਼ ਸਨ। ਛਕੜਵਾਨ ਦੇ ਪਿੱਛੇ ਇੱਕ ਵੱਡੀ ਜਿਹੀ ਭੰਡਾਰੀ ਸੀ, ਜਿਸ ਵਿੱਚ ਮਾਲ ਬਾਹਾਂ ਨਾਲ਼ ਰੱਖ ਕੇ ਨਾਓ ਵਿੱਚ ਭਰਨ ਲਈ ਲੈ ਜਾ ਸਕਦੇ ਸੀ। ਇਸ ਦਾ ਮਤਲਬ ਸੀ ਕਿ ਕਈ ਚੱਕਰ ਮਾਰਨੇ ਪੈਣੇ ਸਨ। ਸਭ ਦੀ ਹੁਣ ਸੋਚ ਸੀ ਕਿ ਕੰਮ ਨੂੰ ਖਿੱਚ ਕੇ ਰੱਖੋ। ਸੋ ਇਸ ਤਰ੍ਹਾਂ ਵਾਰ-ਵਾਰ ਚੁੰਗਲ਼ ਨਾਲ਼ ਚੁੱਕ ਕੇ ਹੀਰੇ ਨਾਓ ਕੋਲ਼ ਲੈ ਕੇ ਗਏ। ਦੋ ਘੰਟਿਆਂ ਬਾਅਦ ਸੋਸਨੀ ‘ਤੇ ਲੇਵੀ ਸਿੰਧਬਾਦ ਵਾਪਸ ਚਲੇ ਗਏ ਸਨ ਅਤੇ ਹੁਣ ਛਕੜੀ ਵਿੱਚ ਬਹਿ ਕੇ ਸਿੰਧ ਉਸ ਨੂੰ ਚਲਾ ਕੇ ਧਰਤੀ ਨੂੰ ਹੋਰ ਹੀਰਿਆਂ ਵਾਸਤੇ ਛਾਨ ਮਾਰਨ ਲੱਗ ਪਿਆ ਸੀ। ਭੰਡਾਰੀ ਵਿੱਚ ਛੱਤੀ ਬੈਠਾ ਸੀ। ਜਦ ਹੋਰ ਮਾਲ ਲੱਭ ਗਿਆ ਉਸ ਥਾਂਈ ਰਹੇ। ਸਿਗਨਲ ਨਾਓ ਨੂੰ ਭੇਜਿਆ। ਦਰਅਸਲ ਸਿੰਧੀ ਨੂੰ ਘੱਲ ਰਹੇ ਸੀ, ਸੋ ਉਸ ਨੇ ਨਾਓ ਨੂੰ ਸਹੀ ਸਥਿਤੀ’ਤੇ ਭੇਜਿਆ। ਜਦ ਨਾਓ ਮੁੜੀ ਕੰਮ ਫੇਰ ਸ਼ੁਰੂ ਕੀਤਾ। ਐਦਕੀਂ ਛਕੜੀ ਸਿੰਧ ਨੇ ਚਲਾਈ ਅਤੇ ਸਿੰਧ ‘ਤੇ ਲੇਵੀ ਵਾਪਸ ਗਏ; ਸੋਸਨੀ ਛੱਤੀ ਨਾਲ਼ ਹੋਰ ਥਾਂ ਮਾਲ ਭਾਲਣ ਗਿਆ। ਤੀਜੀ ਵਾਰੀ ਸਿੰਧ ਅਤੇ ਲੇਵੀ ਪਿੱਛੇ ਰਹੇ।

ਛਕੜੀ ਨੂੰ ਹੁਣ ਜਿੱਥੇ ਨਾਓ ਪਹਿਲਾਂ ਟਿਕੀ ਸੀ, ਨੂੰ ਬਹੁਤ ਦੂਰ ਲੈ ਗਏ ਸਨ। ਹਰ ਰਕਬਾ ਇੱਕੋ ਜਿਹਾ ਨਹੀਂ ਸੀ ਅਤੇ ਹਰ ਥਾਂ ਹੀਰੇ ਨਹੀਂ ਧਰਤ ਉੱਤੇ ਪਏ ਸਨ। ਇੱਦਾਂ ਖਿਲਰੇ ਹੁੰਦੇ ਸੀ, ਜਿਵੇਂ ਝੰਬ ਝੜੀ’ਚ ਡਿੱਗੇ ਸਨ, ਜਾਂ ਕੋਈ ਪੰਛੀ ਦਿਆਂ ਚੁੰਗਲ਼ਾਂ’ਚੋਂ ਕਿਰੇ ਸੀ। ਇਸ ਕਰਕੇ ਜ਼ਿਆਦਾ ਧਰਤ ‘ਤੇ ਸਿਰਫ਼ ਸੁਆਹ ਖੇਹ ਸੀ।

ਛਕੜੀ ਟਿੱਲਾਂ ਤਕ ਪਹੁੰਚ ਗਈ ਸੀ, ਪਰ ਉਨ੍ਹਾਂ ਉੱਪਰ ਜਾ ਕੇ ਫਸ ਗਈ। ਪਹੀਏ ਘੁੰਮਣੋਂ ਹਟ ਗਏ। ਧਰਤ ਪੱਥਰੀਲੀ ਸੀ ਅਤੇ ਨੇਜ਼ੀ। ਜਦ ਉਲਟ ਗੇਅਰ ਵਿੱਚ ਪਾਉਣ ਦੀ ਕੋਸ਼ਿਸ਼ ਕੀਤੀ, ਹਿਲੀ ਨਹੀਂ। ਗਾਲ਼ ਕੱਢਦੇ ਨੇ ਸਿੰਧ ਨੇ ਲੇਵੀ ਨੂੰ ਕਿਹਾ ਛਕੜੀ ਵਿੱਚੋਂ ਬਾਹਰ ਨਿਕਲ਼ਣ।

- ਕਾਹਤੋਂ? ਇੱਥੇ ਬਾਹਰ ਹੀ ਰਹੀਏ! ਸਿੰਧੀ ਉਨ੍ਹਾਂ ਨੂੰ ਦੱਸ ਕਿ ਅਸੀਂ ਘੁੱਸ ਗਏ ਹਾਂ। ਨਾਓ ਨੂੰ ਇੱਥੇ ਲੈ ਕੇ ਆਉਣ। ਓਨ੍ਹਾਂ ਨੂੰ ਸਾਡਾ ਥਹੁ ਪਤਾ ਦੱਸ। ਆਪਾਂ ਤਾਂ ਇੱਥੇ ਹੀ ਰਹਿੰਦੇ ਹਾਂ-।

- ਜੀ- ਸਿੰਧੀ ਕੰਪਿਊਟਰ'ਚੋਂ ਵਾਪਸ ਬੋਲ਼ੀ।

- ਦੱਸ ਦੇ ਜ਼ਰੂਰ। ਪਰ ਅਸੀਂ ਇੱਥੇ ਨਹੀਂ ਰਹਿਣਾ ਹੈ। ਸੋਚ ਲੇਵੀ। ਪਹਿਲਾਂ ਤਾਂ ਜਦ ਤੱਕ ਉਹ ਵਾਪਸ ਪਰਤੇ, ਕੀ ਪਤਾ ਕਿਹੜੇ ਜਾਨਵਰ ਨੇ ਖੜਕਾ ਦੜਕਾ ਕਰਨਾ...-। ਸਿੰਧ ਸੁਣਾਉਣ ਲੱਗਾ।

- ...ਆਪਾਂ ਹਾਲੇ ਤੱਕ ਕੋਈ ਜਾਨਵਰ ਨਹੀਂ ਦੇਖਿਆ...-। ਲੇਵੀ ਰੋਸਮਈ।

- ਇੱਥੇ ਜਵੀਨੀ ਹੈ। ਸਕੇਨਾਂ ਨੇ ਵਿਖਾਈ ਸੀ। ਨੰਗੀ ਨਜ਼ਰ ਕਿੱਥੇ ਰੋਗਾਣੂ ਵਿਸ਼ਾਣੂ ਦਿਖਾਉਂਦੀ ਹੈ?-।

- ਸਗੋਂ ਤਾਂ ਹੀ ਤਾਂ ਅੰਦਰ ਰਹੀਏ-।

- ਦੂਜੀ ਗੱਲ ਤਾਂ ਸੁਣ। ਅਸੀਂ ਮਾਲ ਲੈਣ ਆਏ ਹਾਂ। ਜੇ ਥੋੜੇ ਜਿਹੇ ਹੋਰ ਜਵਾਹਰ ਜੌਹਰ ਮਿਲ ਗਏ, ਫ਼ਾਇਦਾ ਹੀ ਫ਼ਾਇਦਾ ਹੋਵੇਗਾ। ਬਾਹਰ ਆ, ਨਹੀਂ ਤਾਂ ਮੈਂ ਤੈਨੂੰ ਇੱਥੇ ਛੱਡ ਦੇਣਾ ਅਤੇ ਆਪ ਚਲੇ ਜਾਣਾ। ਤੇਰੇ ਕੋਲ਼ੇ ਤਾਂ ਤਮੰਚਾ ਵੀ ਨ੍ਹੀਂ ਹੈ। ਮੇਰੇ ਪਾਸ ਰਹਿ। ਮਨ ਜਾ ਹੁਣ!-।

ਸੋ ਲੇਵੀ ਜੱਕੇ-ਤੱਕੇ ਵਿੱਚ ਬਾਹਰ ਆ ਗਏ ਅਤੇ ਦੋਵੇਂ ਟਿੱਲੇ ਉੱਤੇ ਚੜ੍ਹ ਗਏ। ਸਿੰਧ ਕੋਲ਼ੇ ਟ੍ਰਾਂਜ਼ਿਸਟਰ ਸੀ, ਜਿਸ ਦੇ ਰਾਹੀਂ ਸਿੰਧੀ ਨਾਲ਼ ਗੱਲ ਬਾਤ ਕਰ ਸਕਦਾ ਸੀ ਅਤੇ ਸੋਸਨੀ ਨੂੰ ਆਪਣਾ ਪਤਾ ਦੇ ਸਕਦਾ ਸੀ। ਲੇਵੀ ਲੰਮਾਂ ਹੌਕਾਂ ਖਿੱਚਦੀ ਬੋਲ਼ੀ, - ਹੁਣ ਤੇਰੇ 'ਤੇ ਹੈ। ਏਨਾ ਦੇਰ ਇੱਥੇ ਲਾ ਦਿੱਤਾ। ਹਿਕਾਰੂ ਨੇ ਤੁਹਾਨੂੰ ਪੈਸੇ ਦਿੱਤੇ ਹਨ, ਕਿੱਥੇ ਛੇਤੀ ਲੈ ਕੇ ਜਾਣ, ਪਰ ਤੁਸੀਂ ਤਾਂ ਹੋਰ ਹੀ ਕੁਝ ਕਰ ਰਹੇ ਨੇ। ਮੈਂ ਅਵਾਰੇ ਕੁੱਤੇ ਵਾਂਗ ਤੁਰਨਾ ਨਹੀਂ ਪਸੰਦ ਕਰਦੀ...-।

– ਅਸੀਂ ਕੁੱਤੇ ਨਹੀਂ ਹਾਂ। ਸਾਨੂੰ, ਤੈਨੂੰ ਨਹੀਂ, ਪਰ ਸਾਨੂੰ, ਪੈਸੇ-ਧੇਲੇ ਦੀ ਜ਼ਰੂਰਤ ਹੈ। ਏਸ ਜੰਗ ਨੇ ਸਾਡੇ ਵਾਸਤੇ ਕੰਮ ਖ਼ਰਾਬ ਕਰ ਦਿੱਤਾ। ਇਸ ਧਰਤ ਨੇ ਸਾਨੂੰ ਸਾਲ ਦੀ ਕਮਾਈ ਤੋਂ ਜ਼ਿਆਦੀ ਦੇਣੀ ਹੈ। ਇਹ ਗੱਲ ਸਮਝਲਾ। ਹੁਣ ਮਿਹਣੇ ਨਾ ਮਾਰੀ। ਸਗੋਂ ਮੱਦਦ ਕਰ। ਉੱਥੇ ਵੇਂਖ! ਇੱਕ ਕੰਦਰ ਹੈ। ਲੰਮੀ ਵਾਟ ਨਹੀਂ। ਉੱਥੇ ਜਾ ਕੇ ਦੇਖਦੇ ਹਾਂ। ਜੇ ਕੁਝ ਹੈ ਨਹੀਂ, ਫੇਰ ਛਕੜੀ ਕੋਲ਼ ਵਾਪਸ ਪਰਤੋਗੇ–।

ਦੋਨੋਂ ਚੁੱਪ ਚਾਪ ਟਿੱਲੇ ਉੱਤੇ ਚੜ੍ਹੇ, ਤਿੱਖੇ ਪੱਥਰਾਂ ਨੂੰ ਧਿਆਨ ਦੇ ਕੇ ਕਦਮ ਚੁੱਕਦੇ। ਕੰਦਰ ਕੋਲ਼ੇ ਕੁਝ ਤਾਂ ਦਗਦਾ ਸੀ। ਸਾਰੇ ਰਾਹ ਸਿੰਧ ਮੂਹਰੇ ਸੀ ਅਤੇ ਲੇਵੀ ਉਸ ਦੇ ਪਿੱਛੇ। ਜਿਓ-ਜਿਓ ਉੱਪਰ ਪੁੱਜੇ, ਤਿਓ-ਤਿਓ ਧਰਤੀ ਵਿਰੋਧੀ ਹੁੰਦੀ ਜਾਂਦੀ ਸੀ। ਲੇਵੀ ਸਾਹ ਲੈਣ ਵਾਸਤੇ ਰੁਕੀ। ਸਿੰਧ ਤੁਰੀ ਗਿਆ, ਬੇਧਿਆਨ।

– ਓਏ! ਬੱਸ ਕਰ! ਘੁੰਡ ਕਿਸੇ ਵੱਲ ਕਰਨਾ ਚੰਗਾ ਨਹੀਂ ਹੈ। ਮੱਦਦ ਤਾਂ ਕਰ!–।

– ਲੱਗਦਾ ਇਸ ਥਾਂ ਨੇ ਤੇਰੀ ਹਿੱਕ ਦੀ ਹਵਾਂ ਕੱਢ ਦਿੱਤੀ!–। ਸਿੰਧ ਨੇ ਠਹਾਕਾ ਮਾਰਦੇ ਨੇ ਕਿਹਾ। ਪਰ ਫੇਰ ਵੀ ਵਾਪਸ ਥੱਲੇ ਆ ਗਿਆ ਅਤੇ ਹੁਣ ਲੇਵੀ ਨੂੰ ਆਪਣੀਆਂ ਬਾਹਾਂ ਵਿੱਚ ਲੈ ਕੇ ਫੇਰ ਅੱਗੇ ਵੱਧਿਆ। ਉਹ ਉਸ ਨਾਲ਼ ਬੋਲ਼ੀ ਨਹੀਂ। ਪਰ ਸਿੰਧ ਦੇ ਮੂੰਹ ਵੱਲ ਦੇਖਦੀ ਰਹੀ। ਉਨ੍ਹਾਂ ਦੇ ਗੋਲ਼ ਮੋਲ ਕੱਚ ਵਾਲੇ ਕਵਚ ਭਾਰੇ ਸਨ, ਪਰ ਜ਼ਰੂਰੀ ਸਨ; ਅਤੇ ਸਿੰਧ ਦੇ ਮੁਖ ਨੂੰ ਲੇਵੀ ਦੀ ਨਿਗ੍ਹਾ'ਚ ਤੋੜ ਮਰੋੜ ਕਰ ਰਹੇ ਸੀ। ਸਿੰਧ ਭਰਵੇਂ ਜੁੱਸੇ ਦਾ ਮਾਲਕ ਸੀ।

ਕੰਦਰ ਦੇ ਮੂੰਹ ਪਹੁੰਚੇ ਅਤੇ ਧਰਤ ਉੱਤੇ ਸਿੰਧ ਨੇ ਲੇਵੀ ਠਰੰਮ੍ਹੇ ਨਾਲ਼ ਰੱਖ ਦਿੱਤੀ। ਉਸ ਨੂੰ ਅਰਾਨ ਕਰਨ ਦਿੱਤਾ। ਆਪ ਘੁੰਮ ਕੇ ਹੇਠਾਂ ਛਕੜੀ ਵੱਲ ਝਾਕਿਆ। ਦੂਰੋਂ ਇੱਕ ਨਿੱਕਾ ਕੱਚ ਦਾ ਠੂਹਾਂ ਲਗਦਾ ਸੀ। ਆਪਣੇ ਟ੍ਰਾਂਜ਼ਿਸਟਰ ਨੂੰ ਚਾਲੂ ਕੀਤਾ।

– ਸਿੰਧੀ, ਸੋਸਨੀ ਨੂੰ ਰੇਡਿਓ'ਤੇ ਪਾ–।

– ਜੀ– ਫੇਰ ਸੋਸਨੀ ਦੀ ਆਵਾਜ਼ ਆਈ:–

– ਹਾਂਜੀ ਵੀਰ ਜਾਨ। ਹੁਕਮ!–।

- ਸੋਸਨੀ, ਅਸੀਂ ਛਕੜੀ ਨੂੰ ਟਿੱਲੇ ਦੇ ਪੈਰਾਂ'ਤੇ ਛੱਡ ਦਿੱਤਾ। ਉੱਪਰ ਇੱਕ ਕੰਦਰ ਹੈ। ਇੱਥੇ ਹਾਂ ਹੀਰਿਆਂ ਨੂੰ ਭਾਲ ਰਹੇ। ਧਰਤੀ ਉਥੇ ਤਿੱਖੇ-ਤਿੱਖੇ ਪੱਥਰ ਹਨ ਅਤੇ ਛਕੜੀ ਜਾਂ ਹੋਰ ਗੱਡੀ-ਗੁਡੀ ਵਾਸਤੇ ਚੱਲਣਾ ਔਖਾ ਹੈ। ਜੇ ਅਸੀਂ ਘੰਟੇ ਤੀਕਰ ਥੱਲੇ ਵਾਪਸ ਨਹੀਂ ਆਏ, ਸਾਨੂੰ ਲੱਭਣ ਆ ਜਾਈ। ਨਹੀਂ ਤਾਂ ਤੈਨੂੰ ਹੀਰਿਆਂ ਨਾਲ਼ ਛਕੜੀ ਕੋਲ਼ੇ ਮਿਲਾਂਗੇ। ਜਾਂ ਤੂੰ ਛਕੜੀ ਨੂੰ ਹਿਲਾ ਕੇ ਸਾਡੇ ਕੋਲ਼ੇ ਲੈ ਕੇ ਆ ਜਾਈ। ਨਾਓ ਨਾਲ਼ ਛਕੜੀ ਨੂੰ ਚੱਕੀਂ, ਅੱਛਾ?-।

- ਜੀ ਵੀਰ ਜਾਨ-।

- ਅਸੀਂ ਰੇਡਿਓ ਨਾਲ਼ ਸੰਪਰਕ ਪੈਦਾ ਰੱਖੀ ਜਾਵਾਂਗੇ-।

- ਆਹੋ-।

- ਠੀਕ-। ਸਿੰਧ ਦੀਆਂ ਮਨ ਵਾਲੀਆਂ ਅੱਖਾਂ ਨੂੰ ਸਾਨ੍ਹਾਨਸਲ ਦੇ ਕੱਢੇ ਹੋਏ ਦੰਦ ਦਿਸਦੇ ਸਨ। - ਰਹਿਣ ਦੇ, ਓਏ!- ਕਹਿ ਕੇ ਟ੍ਰਾਂਜ਼ਿਸਟਰ ਬੰਦ ਕਰ ਦਿੱਤਾ ਸੀ। ਫੇਰ ਜੋ ਦੂਰੋਂ ਦਗਦਾ ਸੀ, ਨੂੰ ਭਾਲਣ ਲੱਗ ਪਿਆ। ਹੁਣ ਲੇਵੀ ਵੀ ਉੱਠ ਖੜ੍ਹ ਗਈ ਸੀ। ਕੰਦਰ ਦੇ ਮੂੰਹ ਲਾਗੇ ਇੱਕ ਵੱਡਾ ਜਿਹਾ ਨੀਲਮ ਧਰਤ ਉੱਤੇ ਪਿਆ ਸੀ, ਚਮਕਦਾ, ਜਿੱਦਾਂ ਆਮ ਕੱਖ ਕਾਨ ਹੋਵੇ। ਉਸ ਤੋਂ ਛੁੱਟ ਹੋਰ ਕੁਝ ਨਹੀਂ ਸੀ। ਸਿੰਧ ਨੇ ਚੁੱਕ ਕੇ ਆਪਣੇ ਥੈਲੇ ਵਿੱਚ ਪਾ ਦਿੱਤਾ ਸੀ।

- ਬੱਸ ਸਿਰਫ਼ ਇਹਦੇ ਕਰਕੇ ਆਏ ਆਂ?- ਲੇਵੀ ਬੋਲ਼ੀ।

- ਨਹੀਂ। ਜੇ ਇੱਕ ਹੈ, ਹੋਰ ਵੀ ਹੋ ਸਕਦੇ ਹਨ। ਆਪਾਂ ਅੰਦਰ ਜਾਈਏ-। ਦੋਵੇਂ ਅੰਦਰ ਵੜ ਗਏ।

* * * * *

ਹਿਕਾਰੂ ਲੇਵੀ ਦੀਆਂ ਵਿਚਲੀਆਂ ਗੱਲਾਂ ਫਰੋਲ਼ ਦਿੰਦਾ ਸੀ। ਪਰ ਚੁਰਾਸੀ ਦਾ ਸਰੀਰ ਲੋਹੇ ਦਾ ਬਣਾਇਆ ਹੋਇਆ ਸੀ। ਉਸ ਦਾ ਜ਼ਿਹਨ ਕੰਪਿਊਟਰ ਚਿੱਪ ਸੀ ਅਤੇ ਉਸ ਨੂੰ ਹਿਕਾਰੂ ਫਰੋਲ਼ ਨਹੀਂ ਸਕਦਾ ਸੀ। ਹਿਕਾਰੂ ਨੇ ਅਕੀਰੇ ਤੋਂ ਪਤਾ ਲੈ ਲਿਆ ਸੀ ਕਿ ਸਾਰੇ ਇੱਕ ਗ੍ਰਹਿ ਉੱਤੇ ਗਏ, ਆਪਣੇ ਵਾਸਤੇ ਦੌਲਤ ਕਮਾਉਣ ਨੂੰ। ਉਂਞ ਲੇਵੀ ਨੇ ਹਿਕਾਰੂ ਤੋਂ ਇਜਾਜ਼ਤ ਲਈ ਸੀ ਜਾਣ ਵਾਸਤੇ, ਕੁਝ ਘੰਟੇ ਹੋ ਚੁੱਕੇ ਸਨ ਅਤੇ ਹਿਕਾਰੂ

ਹੈਰਾਨ ਸੀ ਹਾਲ਼ੇ ਤੱਕ ਵਾਪਸ ਨਹੀਂ ਆਏ। ਤਾਂ ਹੀ ਸਵਾਲ ਆਖਿਆ। ਸਿੰਧਬਾਦ ਵਿੱਚ ਦੋਈ ਨਿਰਾਕਾਰੀ ਸਨ ਅਤੇ ਚੁਰਾਸੀ ਵੀ। ਜਦ ਚੁਰਾਸੀ ਨੇ ਹਿਕਾਰੂ ਦੀ ਸੇਵਾ ਕਰ ਹਟੀ, ਉਹ ਕੰਟਰੋਲ ਕਮਰੇ ਪਹੁੰਚ ਗਿਆ ਸੀ, ਜਿੱਥੇ ਬੇਆਵਾਜ਼ ਸਿੰਧੀ ਨਾਲ਼ ਕੁਝ ਗੱਲਾਂ ਕਰਦਾ ਸੀ।

ਫੇਰ ਨਾਓ ਵਾਪਸ ਆਈ ਅਤੇ ਦੋ ਵਾਰੀ ਆਉਣ ਜਾਣ ਵਿੱਚ ਮਾਲ ਜ਼ਖੀਰੇ ਵਿੱਚ ਛੱਡ ਕੇ ਗ੍ਰਹਿ ਵੱਲ ਮੁੜ ਪਈ। ਹਿਕਾਰੂ ਜੇ ਇਨਸਾਨਾਂ ਦਿਆਂ ਜਜ਼ਬਿਆਂ ਨਾਲ਼ ਭਰਿਆ ਹੁੰਦਾ, ਉਸ ਨੂੰ ਹੁਣ ਖਿਝ ਪੈਣੀ ਸੀ ਕਿ ਮੈਂ ਇਨ੍ਹਾਂ ਨੂੰ ਪੈਸੇ ਦਿੱਤੇ ਹੈ, ਮੈਨੂੰ ਜੰਨਤਸਤਾਨ ਪਹੁੰਚਾਉਣ, ਪਰ ਇਹ ਇਸ ਗ੍ਰਹਿ ਉੱਤੇ ਖਚਿਤ ਹਨ!

ਕੰਟਰੋਲ ਕਮਰੇ ਵਿੱਚ ਚੁਰਾਸੀ ਦੀਆਂ ਅਨੇਕ ਅੱਖਾਂ ਸਕਰੀਨ ਵੱਲ ਵਹਿੰਦੀਆਂ ਸਨ। ਸਕਰੀਨ ਉੱਤੇ ਅੱਖਰਾਂ ਵਿੱਚ ਸਿੰਧ ਆਪਣੇ ਸਵਾਲ ਜਵਾਬ ਭਰ ਰਹੀ ਸੀ। ਹਾਰ ਕੇ ਇੱਕ ਸਵਾਲ ਸਕਰੀਨ ਉੱਤੇ ਆਇਆ ਸੀ।

– ਸਿਰਫ਼ ਛੱਤੀ ਨੂੰ ਬਚਾਵਾਂ?–।

* * * * *

ਕੰਦਰ ਡੂੰਘਾ ਸੀ। ਲੇਵੀ ‘ਤੇ ਸਿੰਧ ਨਾਲ਼ ਹੀ ਨਾਲ਼ ਤੁਰ ਕੇ ਅੱਗੇ ਗਏ। ਲਹਿੰਦੀ ਧਰਤੀ ਨੇ ਉਨ੍ਹਾਂ ਨੂੰ ਗਰਮ-ਗਰਮ ਗੁਫ਼ਾ ਵਿੱਚ ਲੈ ਗਈ ਸੀ। ਆਪਣੇ ਹਵਾਬਾਜ਼ ਸੂਟਾਂ ਵਿੱਚ ਪਰਸਿੱਜਦੇ ਸੀ ਅਤੇ ਗੋਲ਼ ਕਵਚ’ਚ ਹਵਾੜ੍ਹ ਸੀ। ਜਿਓ-ਜਿਓ 'ਗਾਹਾਂ ਗਏ, ਤਿਓ-ਤਿਓ ਹਨ੍ਹੇਰੇ’ਚ ਹਜ਼ਮ ਹੋਏ। ਦੋਨਾਂ ਦਿਆਂ ਸੂਟਾਂ’ਤੇ ਟਾਰਚਾਂ ਸਨ, ਜਿਨ੍ਹਾਂ ਦੀਆਂ ਬੱਤੀਆਂ ਨਾਲ਼ ਕੰਧਾਂ ਉੱਤੇ ਕਿਰਨਾਂ ਰੋਸ਼ਨੀ ਨਾਲ਼ ਡੁੱਲ੍ਹਦੀਆਂ ਸਨ। ਗਰਮੀ ਬਹੁਤ ਸੀ। ਜਿੱਥੇ ਵੀ ਰੋਸ਼ਨੀ ਡੁੱਲ੍ਹੀ, ਕੋਈ ਹੀਰਾ ਨਹੀਂ ਸੀ, ਕੋਈ ਕੀਮਤੀ ਜਵਾਹਰ ਨਹੀਂ ਸੀ। ਹਾਰ ਕੇ ਧਰਤੀ ਚੜ੍ਹਨ ਲੱਗ ਪਈ ਸੀ ਅਤੇ ਗੁਫ਼ਾ ਚੌੜੀ ਹੋਣ ਲੱਗ ਪਈ।

– ਇੱਥੇ ਆਪਾਂ ਕੀ ਕਰਦੇ ਹਾਂ? ਵਾਪਸ ਚੱਲੀਏ! ਕੋਈ ਫ਼ਾਇਦਾ ਨਹੀਂ! ਜੇ ਤੁਹਾਨੂੰ ਹੋਰ ਪੈਸੇ ਚਾਹੀਦੇ ਹਨ, ਹਿਕਾਰੂ ਜ਼ਰੂਰ ਦੇਦੂਗਾ। ਪਰ ਜੇ ਅਸੀਂ ਸਾਡੇ ਮੰਜ਼ਲ ‘ਤੇ ਨਹੀਂ ਪਹੁੰਚੇ, ਫੇਰ ਨਹੀਂ ਮੱਦਦ ਕਰਨੀ–।

– ਥੋੜ੍ਹੇ ਚਿਰ ਹੋਰ ਖੌਰੇ ਮੰਜ਼ਲ...–।

– ਇਹ ਮੰਜ਼ਲ ਦੀ ਗੱਲ ਨਹੀਂ ਕਰ ਰਹੀ ਹਾਂ! ਜੰਨਤਸਤਾਨ ਦੀ ਗੱਲ ਕਰਦੀ ਹਾਂ!–।

– ਥੋੜ੍ਹੇ ਹੋਰ ਚਿਰ। ਜੇ ਕੁਝ ਨਹੀਂ ਮਿਲਿਆ ਵਾਪਸ ਪਰਤ ਜਾਣਾ, ਠੀਕ?– ਕਹਿ ਕੇ ਸਿੰਧ ਅੱਗੇ ਵੱਧਿਆ।

– ਤੂੰ ਤਾਂ ਬਹੁਤ ਜ਼ਿਦੀ ਬੰਦਾ ਹੈ!–।

– ਮੈਂ ਤੇਰੇ ਬੱਚਾ ਹਾਂ ਕਿ ਤੂੰ ਮੇਰੇ ਦੰਦ ਗਿਣਨੇ ਆਂ? ਜਾਣ ਦਿਆ ਕਰ। ਨਾਲ਼ ਰਹਿ। ਜੇ ਹੁਣ ਨਹੀਂ ਕੁਝ ਲੱਭਿਆ, ਵਾਪਸ ਹੀ ਚੱਲ ਜਾਣਾ, ਅੱਛਾ। ਪਰ ਜੇ ਆਪਾਂ ਏਨੇ ਦੂਰ ਆਏ ਹਾਂ, ਹੁਣ ਦੇਖ ਲੈਂਦੇ–।

– ਤੂੰ ਤਾਂ...–। ਹੋਰ ਨਹੀਂ ਬੋਲ਼ੀ। ਗੁਫ਼ਾ ਮੁਕੀ ਅਤੇ ਕੰਦਰ ਦੀ ਥਾਂ ਇੱਕ ਪੱਧਰਾ ਕਰੇਟਰ ਸੀ, ਜਿੱਦਾਂ ਕੋਈ ਜਵਾਲਾਮੁਖੀ ਪਰਬਤ ਦਾ ਅਵਤਲ ਖੱਤਾ ਹੋਵੇ। ਵੈਸੇ ਇਹੀ ਗੱਲ ਸੀ, ਕਿਉਂਕਿ ਪਰਬਤ ਦੇ ਉੱਪਰਲੇ ਪਾਸੇ ਵਾਂਗ ਸੀ , ਸਿਖਰ ਛੁੱਟ। ਫ਼ਲਕ ਸਾਫ਼ ਦਿਸਦਾ ਸੀ। ਹੁਣ ਬਾਹਰ ਹੀ ਸਨ, ਸਿਰਫ਼ ਟਿੱਲੇ ਦੇ ਪੈਰਾਂ ਥਾਏਂ ਸਿਰ ਉੱਤੇ। ਪਰ ਇਹ ਗੱਲ ਤਾਂ ਕੁਝ ਵੀ ਨਹੀਂ ਸੀ। ਖੱਤਾ, ਜੇ ਖੱਤਾ ਹੀ ਆਖੀਏ, ਚਮਕਦਾ ਸੀ। ਲਿਸ਼ਕਦਾ ਸੀ! ਰੰਗ ਬਰੰਗੀ ਸੀ। ਹਰੇ, ਲਾਲ, ਨੀਲੇ, ਸੰਗਤਰੀ ਬਗੈਰ–ਬਗੈਰ ਰੰਗਾਂ ਦੇ ਬੇਅੰਤ ਹੀਰੇ ਧਰਤ ਉੱਤੇ ਖਿਲਰੇ ਪਏ ਸਨ! ਗਿਣਤੀ ਦਾ ਕੋਈ ਹਿਸਾਬ ਹੀ ਨਹੀਂ ਸੀ! ਇਹ ਸਭ ਦੇਖ ਕੇ ਸਿੰਧ ਦੀਆਂ ਅੱਖਾਂ ਅੱਡੀਆਂ ਹੋਈਆਂ ਸਨ। ਪਹਿਲਾਂ ਤਾਂ ਲੇਵੀ ਵੀ ਹੈਰਾਨ ਸੀ, ਪਰ ਝੱਟ ਹੀ ਸਕੂਨ ਮਿਲ਼ ਗਿਆ ਕਿ ਹੁਣ ਸਫ਼ਰ ਖ਼ਤਮ ਸੀ। ਫੇਰ ਵੀ ਇਹ ਦ੍ਰਿਸ਼ ਤਾਂ ਕੁਝ ਵੀ ਨਹੀਂ ਸੀ। ਹੀਰਿਆਂ ਦੇ ਉੱਪਰ ਵਿਚਾਲੇ ਇੱਕ ਵੱਡਾ ਆਂਡਾ ਪਿਆ ਸੀ। ਲੇਵੀ ਨੇ ਸੋਚਿਆ ਕਿ ਨਾਓ ਤੋਂ ਤਿੰਨ ਗੁਣਾ ਵੱਡਾ ਹੋਵੇਗਾ। ਚਿੱਟਾ ਪੇਤਲ਼ਾ ਸੀ।

ਸਿੰਧ ਅੱਗੇ ਨੱਸ ਪਿਆ, ਜਿੱਦਾਂ ਆਂਡਾ ਤਾਂ ਦਿਸਦਾ ਨਹੀਂ ਸੀ, ਸਿਰਫ਼ ਚਮਕਦਾ ਰਤਨਾਕਰ ਜਾਪਸਾ ਸੀ। ਹੁਣ ਕੰਦਰ ਤੋਂ ਬਾਹਰ ਸੀ ਕਰਕੇ ਦੂਜਿਆਂ ਨੂੰ ਰੇਡਿਓ ਕਰ ਸਕਦਾ ਸੀ। ਇੱਕ ਹੱਥ ਨਾਲ਼ ਹੀਰੇ ਚੁੱਕ–ਚੁੱਕ ਕੇ ਥੈਲੇ'ਚ ਪਾ ਰਿਹਾ ਸੀ, ਦੂਜੇ ਨਾਲ਼ ਟ੍ਰਾਂਜ਼ਿਸਟਰ ਨੂੰ ਚੱਲਾ ਰਿਹਾ ਸੀ। ਪਰ ਹਾਲੇ ਤੱਕ ਲੇਵੀ ਨੂੰ ਇੱਦਾਂ ਜਾਪਿਆ ਜਿਵੇਂ ਸਿੰਧ ਨੂੰ ਆਂਡਾ ਨਜ਼ਰ ਨਹੀਂ ਆਇਆ! ਬੋਲ਼ਣ ਦੀ ਥਾਂ ਲੇਵੀ ਨੇ ਸਿੰਧ ਦੇ ਮੋਢੇ ਨੂੰ ਹਿਲਾਇਆ, ਫੇਰ ਆਪਣੀ ਉਂਗਲ਼ੀ ਆਂਡੇ ਵੱਲ ਵਧਾਈ।

- ਪਤਾ ਮੈਨੂੰ। ਜਿੰਨੀ ਛੇਤੀ ਸੋਸਨੀ ਨਾਓ ਲੈ ਕੇ ਆਵੇ, ਓਨੇ ਛੇਤੀ ਆਪਾਂ ਕੋਸ਼ਿਸ਼ ਕਰਨੀ ਵੱਧ ਤੋਂ ਵੱਧ ਮਾਲ ਚੁੱਕਣ ਅਤੇ ਫਟਾ-ਫਟ ਇੱਥੋਂ ਨਾਓ'ਚ ਉੱਡ ਜਾਣ ਦੀ। ਉਸ ਆਂਡੇ ਦੀ ਮਾਂ ਦੇ ਆਉਣ ਤੋਂ ਪਹਿਲਾਂ ਨਿਕ਼ਲ ਜਾਣਾ! ਨਾਓ ਨੇ ਆ ਜਾਣਾ ਸਾਡੇ ਸਿਗਨਲ ਫੜ ਕੇ, ਫ਼ਿਕਰ ਨਾ ਕਰ! ਤੈਨੂੰ ਪਹਿਲਾਂ ਵੀ ਕਿਹਾ!-।

ਲੇਵੀ ਉਸ ਵੇਲੇ ਝਾਕੀ ਗਈ, ਪਰ ਹੀਰੇ ਚੁੱਕਣ ਵਾਸਤੇ ਹੱਥ ਨਹੀਂ ਪਾਇਆ। ਲੇਵੀ ਦਾ ਧਿਆਨ ਆਂਡੇ ਵੱਲ ਹੀ ਰਿਹਾ ਸੀ। ਸਿੰਧ ਨੇ ਟ੍ਰਾਂਜ਼ਿਸਟਰ ਰਾਹੀਂ ਸੋਸਨੀ ਨੂੰ ਬੁਲ਼ਾਇਆ। ਆਵਦਾ ਥਹੁ ਪਤਾ ਦੱਸ ਦਿੱਤਾ।

- ਅੱਛਾ ਲੇਵੀ, ਗੁਫ਼ਾ ਵਿੱਚ ਵਾਪਸ ਜਾਈਏ। ਜੇ ਜੋ ਚੀਜ਼ ਇਸ ਦੀ ਮਾਂ ਹੈ, ਪੰਛੀ, ਨਾਗ ਬਗੈਰਾ, ਵਾਪਸ ਆਈ, ਖ਼ੈਰ ਉਸ ਤੋਂ ਬਚ ਕੇ ਰਹੀਏ-।

- ਚੰਗੀ ਗੱਲ ਕਿ ਸਾਡੀ ਜਾਨ ਦਾ ਵੀ ਫ਼ਿਕਰ ਤੈਨੂੰ ਹੈ-। ਲੇਵੀ ਉਸ ਤੋਂ ਮੂਹਰੇ ਹੋ ਕੇ ਗੁਫ਼ਾ ਦੇ ਮੂੰਹ ਵੱਲ ਵਧ ਗਈ। ਦੋਵੇਂ ਛਾਂ ਵਿੱਚ ਖੜ੍ਹੇ ਢਕੇ ਰਹੇ। ਕਦੇ ਕਦਾਈ ਬਾਹਰ ਆਂਡੇ'ਤੇ ਜਵਾਹਰਾਂ ਵੱਲ ਝਾਤੀ ਮਾਰਦੇ ਸੀ।

- ਸਾਰੇ ਦਿਹਾੜੇ ਜਵਾਹਰਾਂ ਚੁੱਕਣ ਵਿੱਚ ਲਾ ਦਿੱਤਾ ਹੈ। ਹੁਣ ਭੁੱਖ ਲੱਗੀ ਹੈ-। ਲੇਵੀ ਨੇ ਮੂੰਹ ਵਿੱਚੋਂ ਸਿੰਧ ਵੱਲ ਲਫ਼ਜ਼ ਸੁੱਟੇ।

- ਬੱਸ ਹੁਣ ਤੈਨੂੰ ਪਹਿਲਾਂ ਛੱਤੀ ਨਾਲ਼ ਸਿੰਧਬਾਦ ਭੇਜ ਦੇਣਾ। ਫ਼ਿਕਰ ਨਾ ਕਰ। ਤੂੰ ਹੀ ਬਾਹਰ ਆਉਣੀ ਚਾਹੁੰਦੀ ਸੀ। ਜਹਾਜ਼ ਬੈਠੀ ਬੋਰ ਹੋ ਰਹੀ ਸੀ, ਜਾਂ ਤੈਨੂੰ ਵੀ ਚੁਰਾਸੀ ਵਾਂਗਰ ਹਿਕਾਰੂ ਦੀ ਸੇਵਾ ਹੀ ਕਰਨੀ ਪੈਣੀ ਸੀ। ਤੈਨੂੰ ਤਾਂ ਬਚਾ ਦਿੱਤਾ, ਅਸੀਂ!-।

- ਠੀਕ। ਪਰ ਇਸ ਰਤਨਸਤਾਨ ਤੋਂ ਕਿੰਨੇ ਹੀਰੇ ਚੁੱਕ ਕੇ ਲੈ ਜਾ ਸਕਦੇ ਹੋ? ਅਕਸਰ ਸਾਨੂੰ ਵੀ ਜੰਨਤਸਤਾਨ ਪਹੁੰਚਾਉਣਾ ਹੈ!-।

- ਪਹੁੰਚਜੂਗੇ ਹਜ਼ੂਰ! ਪਹੁੰਚਜੂਗੇ-। ਸਿੰਧ ਨੇ ਲੇਵੀ ਉੱਤੇ ਨਜ਼ਰ ਸੁੱਟਦਿਆਂ ਆਖਿਆ।

- ਇਹ ਸਭ ਚੱਕਣ ਦਾ ਕੀ ਫ਼ਾਇਦਾ ਹੈ? ਸਾਲ ਤੱਕ ਫੇਰ ਇੱਥੇ ਆ ਸਕਦਾ। ਹੋਰਾਂ ਨੂੰ ਵੀ ਇਸ ਗ੍ਰਹਿ ਬਾਰੇ ਪਤਾ ਹੋਵੇਗਾ। ਨਾਲ਼ੇ ਤੁਹਾਡੇ ਵਰਗੇ ਲੋਕ ਤਾਂ ਵਾਰ-ਵਾਰ ਪੈਸੇ ਗਵਾਉਂਦੇ ਨੇ! ਸਰਫ਼ਾ ਕਰ ਸੁੱਤੀ'ਤੇ ਆਟਾ ਖਾ ਗਈ ਕੁੱਤੀ!-।

- ਅੱਛਾ? ਬੱਚ ਕੇ ਹੀ ਕਹਿ, ਜੇ ਮੈਂ ਨਾ ਹੁਣ ਤੇਰੀ ਜਾਨ ਖਾਂਦਾ ਉਸ ਆਂਡੇ ਦੀ ਮਾਂ ਜ਼ਰੂਰ ਖਾਵੇਗੀ-।

- ਤੂੰ ਕਿਸ ਤਰ੍ਹਾਂ ਦਾ ਮਰਦ ਹੈ? ਪੈਸਿਆਂ ਦਾ ਲਾਲਚ। ਬੱਸ-

- ਤੂੰ ਮੈਨੂੰ ਨਹੀਂ ਜਾਣਦੀ, ਮੈਂ ਤੈਨੂੰ ਨਹੀਂ ਜਾਣਦਾ। ਇੱਦਾਂ ਕਰ, ਸਿੰਧਬਾਦ ਵਾਪਸ ਜਾ ਕੇ ਇੱਕ ਦੂਜੇ ਨੂੰ ਜਾਣਨੀਏਂ-।

- ਬਦਤਮੀਜ਼-।

- ਨਹੀਂ। ਮੇਰੀ ਗੱਲ ਨਹੀਂ ਸਮਝੀ।ਗੱਲਾਂ ਬਾਤਾਂ ਕਰਾਂਗੇ...। ਸਿੰਧ ਦਾ ਧਿਆਨ ਇੱਕ ਦਮ ਲੇਵੀ ਤੋਂ ਪਰ੍ਹਾਂ ਚਲੇ ਗਿਆ। ਉਨ੍ਹਾਂ ਉੱਪਰ ਛਾਂ ਫੈਲ ਗਈ ਸੀ। ਜਦ ਦੋਹਾਂ ਨੇ ਬਾਹਰ ਝਾਕਿਆ, ( ਮਨ ਵਿੱਚ ਨਾਓ ਦੇ ਆਸਵੰਦ ਸੀ) ਆਂਡੇ ਦੇ ਉੱਪਰ, ਪੰਛੀ ਵਰਗਾ ਜਾਨਵਰ ਸੀ, ਜਿਸ ਦਾ ਸਰੀਰ ਨਾਓ ਤੋਂ ਦਸ ਗੁਣਾ ਲੰਬਾ ਸੀ ‘ਤੇ ਸ਼ਬਰੇ ਤਿੰਨ ਗੁਣਾ ਚੌੜਾ। ਪਰ ਇਸ ਜਾਚ ਵਿੱਚ ਪੰਖ ਨਹੀਂ ਵਿਚਾਰੇ ਸੀ। ਉਸ ਦੇ ਫੜ ਫੜਦੇ, ਪਰ ਸਿੰਧਬਾਦ ਦੇ ਸੌ ਬਾਦਬਾਨਾਂ ਜਿੰਨੇ ਚੌੜੇ ਸਨ, ਜਿੱਦਾਂ ਪੁਰਾਣੇ ਜ਼ਮਾਨੇ ਦੇ ਹਵਾਈ ਜਹਾਜ਼ ਦੇ ਹੁੰਦੇ ਸਨ। ਖੰਭ ਤੁਖਾਰ ਤੋਂ ਵੀ ਚਿੱਟੇ ਸਨ। ਸਿਰਫ਼ ਪਰਾਂ ਅਤੇ ਹਿੱਕ ਚਿੱਟੇ ਸਨ। ਕੰਡ ਕਾਲ਼ੀ ਸੀ ਅਤੇ ਦੇਖਣ ਵਿੱਚ ਸੱਪ ਦੇ ਚੰਮ ਵਰਗੀ ਸੀ। ਲੱਤਾਂ ਲਾਲ ਸਨ ਅਤੇ ਇੰਝ ਹੀ ਰੁੱਗ ਭਰਨ ਵਾਲੇ ਪੰਜੇ ਸਨ। ਸੀਸ ਲੰਬਾ ਸੀ ਅਤੇ ਉਸ ਉੱਤੇ ਮੋਰਪੰਖ ਵਰਗੇ ਖੰਭ ਸਨ, ਮਤਲਬ ਪੱਖੇ ਵਾਂਗ ਬਿੱਖਰੇ। ਅੱਖਾਂ ਸੱਪ ਦੀਆਂ ਜਾਪਦੀਆਂ ਸਨ ਅਤੇ ਚੁੰਝ ਲੰਬੀ ਅਤੇ ਤਲਵਾਰ ਦੀ ਧਾਰ ਵਰਗੀ ਤਿੱਖੀ ਸੀ। ਪਰ ਆਮ ਪੰਛੀ ਜਾਂ ਸੱਪ ਵਾਂਗ ਮੁਖ ਦੇ ਦੋ ਅੱਖਾਂ ਨਹੀਂ ਸਨ। ਦੋਈ ਪਾਸੇ ਲੋਇਣਾਂ ਦੀਆਂ ਡਾਰਾਂ ਸਨ। ਤਿੰਨ ਸੱਜੇ ਪਾਸੇ, ਤਿੰਨ ਖੱਬੇ ਪਾਸੇ। ਚੁੰਝ ਦਾ ਰੰਗ ਖੱਟਾ ਸੀ। ਪੰਛੀ ਇੱਕ ਦਮ ਆਲੀਸ਼ਾਨ ਸੀ, ਇੱਕ ਦਮ ਖ਼ੌਫ਼ਨਾਕ।

ਰੁਖ ਸੀ।

ਖ਼ੈਰ ਰੁਖਣੀ ਸੀ, ਆਪੇ ਆਂਡੇ ਨੂੰ ਗਰਮਾਇਸ਼ ਦੇਣ ਆਈ।

ਸਿੰਧ ਨੇ ਕਦੀ ਰੁਖ ਦੇਖਿਆ ਨਹੀਂ ਸੀ, ਪਰ ਉਨ੍ਹਾਂ ਬਾਰੇ ਸੁਣਿਆਂ ਜ਼ਰੂਰ ਸੀ। ਜਗਤ ਪ੍ਰਸਿੱਧ ਸੀ। ਅੱਧਾ ਪੰਛੀ, ਅੱਧਾ ਨਾਗ। ਪੁਲਾੜ ਤੱਕ ਉੱਡ ਸਕਦਾ ਸੀ, ਸਾਹ ਲੈਣ ਤੋਂ ਬਗੈਰ। ਸੁੰਞ ਵਿੱਚ ਹੀ ਰਹਿੰਦਾ ਸੀ। ਐਦਕੀਂ ਰੁਖ ਨਹੀਂ, ਪਰ ਰੁਖਣੀ ਸੀ।

– ਅੱਛਾ।ਲੇਵੀ ਹੋ ਸਕਦਾ ਤੂੰ ਸਹੀ ਹੀ ਸੀ।ਗ਼ਲਤੀ ਹੋ ਗਈ! ਪਰ ਹੁਣ ਚੁੱਪ ਰਹਿ। ਜੇ ਨੱਸਣ ਦੀ ਲੋੜ ਰਹੀ, ਗੁਫ਼ਾ ਵਿੱਚ ਚਲੇ ਜਾਵਾਂਗੇ–। ਸਿੰਧ ਦੱਬੀ ਜ਼ੁਬਾਨ ਵਿੱਚ ਬੋਲ਼ਿਆ।

– ਕੀ ਗੱਲ ਮੀਰ ਮਲਾਹ ਜੀ।ਹੁਣ ਮਜਬੂਰੀ ਦਾ ਨਾਂ ਮਾਸੀ ਏ?–।

– ਬੱਸ ਕਰ'ਤੇ ਪਿੱਛੇ ਹੋ–। ਸਿੰਧ ਨੇ ਆਪਣਾ ਤਮੰਚਾ ਕੱਢ ਲਿਆ ਨਾਲ਼ੇ–ਨਾਲ਼ ਪਿਛਲਪੈਰੀਂ ਹੋਇਆ। ਹੁਣ ਤਾਂ ਲੇਵੀ ਦੀ ਜੀਭ ਨੂੰ ਵੀ ਜਿੰਦਰਾ ਲੱਗ ਗਿਆ ਸੀ। ਰੁਖਣੀ ਆਂਡੇ ਉੱਪਰ ਬਹਿ ਗਈ। ਉਸ ਦੇ ਪਰ ਹੇਠਾਂ ਆ ਕੇ ਆਂਡੇ ਦੇ ਆਲ਼ੇ ਦੁਆਲ਼ੇ ਟਿੱਕ ਗਏ। ਹਾਲੇ ਤੱਕ ਉਸ ਨੂੰ ਇਨਸਾਨਾਂ ਬਾਰੇ ਪਤਾ ਨਹੀਂ ਲੱਗਾ ਸੀ। ਫੇਰ ਫ਼ਲਕ'ਤੇ ਨਾਓ ਉੱਡ ਰਹੀ ਕਰਕੇ ਰੁਖਣੀ ਦੇ ਕੰਨ ਖੜ੍ਹੇ ਹੋ ਗਏ ਸਨ ਅਤੇ ਉਸ ਨੇ ਉੱਪਰ ਝਾਕਿਆ। ਉਸ ਨੂੰ ਨਾਓ ਦਿਸ ਗਈ।

ਨਾਓ ਵਿੱਚੋਂ ਸੋਸਨੀ ਨੇ ਵੀ ਰੁਖਣੀ ਦੇਖ ਲਈ ਸੀ, ਸੋ ਇੱਕ ਦਮ ਪਰ੍ਹੇ ਉਡਣ ਦੀ ਕੋਸ਼ਿਸ਼ ਕੀਤੀ, ਪਰ ਹੁਣ ਰੁਖਣੀ ਆਂਡੇ ਤੋਂ ਉੱਠ ਕੇ ਪਰਾਂ ਨੂੰ ਚੌੜੇ ਕਰਕੇ, ਮਗਰ ਪੈ ਗਈ। ਜਦ ਰੁਖਣੀ ਉੱਡ ਗਈ ਸੀ, ਗੁਫਾ ਦੇ ਪੇਟ ਵਿੱਚ ਦੌੜਣ ਦੀ ਥਾਂ, ਸਿੰਧ ਹੀਰਿਆਂ ਵੱਲ ਬਾਹਰ ਨੱਸਾ, ਫੇਰ ਆਪ ਹੀ ਸੋਚ ਲਿਆ ਕਿ ਮੈਂ ਕੀ ਕਰਦਾਂ? ਥੈਲਾ ਤਾਂ ਪਹਿਲਾਂ ਹੀ ਭਾਰਾ ਸੀ, ਸੋ ਹਟ ਕੇ ਵਾਪਸ ਨੱਠਿਆ, ਪਰ ਪਤਾ ਨਹੀਂ ਕਿਵੇਂ, ਰੁਖਣੀ ਨੂੰ ਦਿਸ ਗਿਆ ਸੀ ਅਤੇ ਆਪਣੇ ਬੱਚੇ ਦੇ ਆਡੇ ਵੱਲ ਤੱਕ ਕੇ ਵਾਪਸ ਥੱਲੇ ਆਈ; ਉਸ ਦੇ ਮਗਰ ਗੁਫ਼ਾ ਵੱਲ! ਉਸ ਦੀ ਚੁੰਝ ਗੁਫ਼ਾ ਦੇ ਮੂੰਹ ਅੰਦਰ ਆ ਗਈ ਸੀ, ਜਿਸ ਨਾਲ਼ ਰੁਖਣੀ ਨੇ ਕੋਸ਼ਿਸ਼ ਕੀਤੀ ਚੂੰਡ ਕੇ ਸਿੰਧ ਤੱਕ ਪਹੁੰਚਣ ਨੂੰ। ਸਿੰਧ ਨੇ ਤਮੰਚੇ'ਚੋਂ ਦੋ–ਚਾਰ ਰਿਸਮਾਂ ਛੱਡ ਦਿੱਤੀਆਂ। ਅਣਦੇਖੇ ਤੀਰਾਂ ਵਾਂਗ ਰੁਖਣੀ ਦੀ ਚੁੰਝ ਵਿੱਚ ਵੱਜੀਆਂ। ਚੁੰਝ ਪਿੱਛੇ ਚਲੀ ਗਈ ਸੀ, ਫੇਰ ਵਾਪਸ ਉਲਾਰ ਕੇ ਸੁੱਝੀ। ਫੇਰ ਰੁਖਣੀ ਚੁੰਝ ਨੂੰ ਵਾਪਸ ਲੈ ਗਈ ਸੀ।

ਉਸ ਹੀ ਵੇਲ਼ੇ ਸਿੰਧ 'ਤੇ ਲੇਵੀ ਨੇ ਫ਼ੈਸਲਾ ਕਰ ਲਿਆ ਸੀ ਕੰਦਰ ਵਿੱਚ ਵਾਪਸ ਜਾਣ ਨੂੰ ਅਤੇ ਜਿਸ ਰਸਤੇ ਆਏ ਸਨ, ਉਹੀ ਰਸਤੇ ਵਾਪਸ ਜਾਣ ਲਈ ਤਿਆਰ ਹੋ ਚੁੱਕੇ। ਪਰ ਉਸ ਹੀ ਪਲ ਸੋਸਨੀ ਨੇ ਨਾਓ ਦੇ ਜ਼ੰਬੂਰੇ ਰੁਖਣੀ'ਤੇ ਚਲਾ ਦਿੱਤੇ ਸਨ। ਰੁਖਣੀ ਘੁੰਮ ਕੇ ਨਾਓ ਵੱਲ ਉੱਡ ਗਈ।

– ਜੇ ਆਪਾਂ ਹੁਣ ਵਾਪਸ ਜਾਂਦੇ, ਸੋਸਨੀ ਨੂੰ ਪਤਾ ਨਹੀਂ ਲੱਗਣਾ– ਸਿੰਧ ਨੇ ਆਪਣੇ ਮਨ ਦੀ ਗੱਲ ਸਾਂਝੀ ਕੀਤੀ।

- ਨਹੀਂ। ਵਾਪਸ ਹੀ ਜਾਣਾ। ਪੰਛੀ ਸਾਡੇ ਮਗਰ ਨਹੀਂ ਆ ਸਕਦੀ। ਰੇਡਿਓ 'ਤੇ ਸੋਸਨੀ ਨੂੰ ਦੱਸ ਅਸੀਂ ਕਿੱਥੇ...-। ਲੇਵੀ ਸ਼ੁਰੂ ਹੋਈ।

- ਪਰ ਜਦ ਤੱਕ ਅਸੀਂ ਉੱਥੇ ਪਹੁੰਚੇ, ਖ਼ਬਰੇ ਨਾਓ ਨੇ ਰੁਖਣੀ ਮਾਰ ਦੇਣੀ ਹੈ ਜਾਂ ਨਹੀਂ। ਉਹ ਤਾਂ ਹਾਲੇ ਵੀ ਨਾਓ ਮਗਰ ਹੋ ਸਕਦੀ ਹੈ-।

- ਤੇ ਜੇ ਅਸੀਂ ਇੱਥੇ ਰਹੇ, ਸਾਨੂੰ ਉਹ ਨੇ ਮਾਰ ਦੇਣਾ ਮੀਰ ਸਾਹਿਬ!-।

- ਸੋਸਨੀ! ਰੁਖਣੀ ਨੂੰ ਆਪਣੇ ਮਗਰ ਲਾ! ਅਸੀਂ ਹੁਣ ਤੈਨੂੰ ਉੱਥੇ ਹੀ ਮਿਲ਼ਦੇ ਹਾਂ, ਜਿੱਥੇ ਛਕੜੀ ਛੱਡੀ ਸੀ- ਸਿੰਧ ਰੇਡਿਓ ਵਿੱਚ ਬੋਲ਼ਿਆ।

- ਤੈਨੂੰ ਕੀ ਲੱਗਾ ਮੈਂ ਕਰ ਰਿਹਾ ਹਾਂ! ਤੇਤੋਂ ਹੀ ਪਰ੍ਹਾਂ ਉਸ ਨੂੰ ਲੈ ਕੇ ਜਾ ਰਿਹਾ ਹੈ!- ਫੇਰ ਸੋਸਨੀ ਨੇ ਤਿੰਨ ਵਾਰ ਗਾਲ਼ਾਂ ਕੱਢ ਛੱਡੀਆਂ।

- ਅੱਛਾ। ਤੂੰ ਤਜਵੀਜ ਰੱਖ?-।

- ਤਜਵੀਜ? ਆਹੋ, ਮੇਰੇ ਕੋਲ਼ ਵਕਤ ਹੈ ਕੋਈ ਤਜਵੀਜ ਰੱਖਣ ਨੂੰ! ਮੇਰੇ ਤਜਵੀਜ ਹੈ ਪੁਲਾੜ ਵੱਲ ਉੱਡ, 'ਤੇ ਦੇਖੀਏ!-। ਗ਼ੁੱਸੇ ਦੀ ਆਵਾਜ਼ ਟ੍ਰਾਂਜ਼ਿਸਟਰ ਰਾਹੀਂ ਆਈ।

- ਰੁਖਣੀ ਹੈ।ਪੁਲਾੜ ਤੇਰੇ ਮਗਰ ਸਿੰਧਬਾਦ ਵੱਲ ਚਲੇ ਜਾਵੇਗੀ!-। ਸਿੰਧ ਨੇ ਕਿਹਾ।

- ਫੇਰ ਤਾਂ ਰੱਬ ਦੇ ਹੱਥ ਹੈ। ਮੈਂ ਮਾਰਨ ਦੀ ਕੋਸ਼ਿਸ਼ ਕਰਦਾਂ!-।

ਸਿੰਧ ਗੁਫ਼ਾ ਦੇ ਮੂੰਹ ਕੋਲ਼ ਨੱਠ ਕੇ ਅੰਬਰ ਵੱਲ ਝਾਲਿਆ। ਫ਼ਲਕ'ਤੇ ਨਾਓ ਮਗਰ ਰੁਖਣੀ ਰਫ਼ਤਾਰ ਨਾਲ਼ ਉੱਡ ਰਹੀ ਸੀ। ਨਾਓ ਦੇ ਪਿੱਛਲੇ ਜ਼ੰਬੂਰਿਆਂ ਨੇ ਹੋਰ ਰਿਸ਼ਮਾਂ ਛੱਡੀਆਂ। ਰਿਸ਼ਮਾਂ, ਜੋ ਅੱਗ ਦੀਆਂ ਬਣਾਈਆਂ ਸਨ, ਪੁਰਾਣੇ ਦਿਨਾਂ ਦੀਆਂ ਬੰਦੂਕਾਂ ਦੀਆਂ ਗੋਲ਼ੀਆਂ ਵਾਂਗਰ ਅੱਜ-ਕੱਲ੍ਹ ਦਾਗਦੀਆਂ ਸਨ। ਰੁਖਣੀ ਚੀਕ ਮਾਰਦੀ ਸੀ, ਜਦ ਫੱਟ ਲੱਗੀ, ਪਰ ਫੇਰ ਵੀ ਪਿੱਛਾ ਨਹੀਂ ਛੱਡਿਆ।

- ਕੀ ਦੇਖਦਾਂ? ਆ ਚਲੀਏ!-। ਲੇਵੀ ਬੋਲ਼ੀ।

-‘ਤੇ ਜੇ ਨਾਓ ਨੂੰ ਵਾਰ ਦਿੱਤਾ? ਫੇਰ? ਆਪਾਂ ਤਾਂ ਟਿੱਲੇ ਦੇ ਪਾਸ ਖੜ੍ਹੇ ਰਹਿ ਜਾਣਾ-।

- ਫੇਰ ਕੰਦਰ ਅੰਦਰ ਲੁਕਣਾ ਪਵੇਗਾ-। ਸਿੰਧ ਮਗਰ ਅੰਦਰ ਚੱਲੇਗਾ। ਵਾਪਸ ਚੱਲ ਪਏ। ਲਹਿੰਦੇ, ਫੇਰ ਚੜ੍ਹਦੇ, ਫੇਰ ਲਹਿੰਦੇ।

ਹਾਰ ਕੇ ਜਿੱਥੇ ਸਿੰਧ ਨੇ ਚਮਕਦਾ ਨੀਲਮ ਲੱਭਿਆ ਸੀ, ਪੁੱਜ ਗਏ। ਜਦ ਅਸਮਾਨ ਵੱਲ ਡਿੱਠਾ ਕੁਝ ਨਹੀਂ ਦਿਸਦਾ ਸੀ। ਇਹ ਵੀ ਨਹੀਂ ਸੱਚ ਸੀ। ਦੂਰ-ਦੂਰ ਤਾਰੇ ਦਿਸਦੇ ਸਨ। ਹੋਰ ਗ੍ਰਹਿ ਚੰਦ। ਪਰ ਇਸ ਗ੍ਰਹਿ ਦੀ ਫ਼ਜ਼ਾ ਵਿੱਚ ਕੁਝ ਨਹੀਂ ਸੀ। ਕੋਈ ਰੁਖਣੀ ਨਹੀਂ ਸੀ। ਕੋਈ ਨਾਓ ਨਹੀਂ ਸੀ। ਸਿੰਧ ਨੇ ਆਪਣੀ ਘੜ੍ਹੀ ਵੱਲ ਦੇਖਿਆ। ਵਾਪਸ ਆਉਣ ਸ਼ਾਇਦ ਘੰਟਾ ਲੱਗਿਆ ਸੀ। ਘੰਟੇ ਵਿੱਚ ਬਹੁਤ ਕੁਝ ਹੋ ਸਕਦਾ ਸੀ। ਕੀ ਪਤਾ ਰੁਖਣੀ ਨੇ ਨਾਓ ਦੇ ਟੋਟੇ-ਟੋਟੇ ਕਰ ਦਿੱਤੇ ਹੋਣ। ਕੀ ਪਤਾ ਨਾਓ ਨੇ ਰੁਖਣੀ ਮਾਰ ਦਿੱਤੀ ਸੀ? ਸਿੰਧ ਦੀ ਨਿਗ੍ਹਾ ਹੁਣ ਛਕੜੀ ਉੱਤੇ ਟਿੱਕੀ। ਜਿੱਦਾਂ ਹੀ ਛੱਡੀ ਸੀ, ਓਦਾਂ ਹੀ ਪਈ ਸੀ। ਸਿੰਧ ਨੇ ਟ੍ਰਾਂਜ਼ਿਸਟਰ ਵਿੱਚ ਬੋਲ਼ਿਆ,- ਸੋਸਨੀ। ਸੋਸਨੀ, ਅਸੀਂ ਛਕੜੀ ਦੇ ਨੇੜੇ ਹਾਂ। ਤੂੰ ਕਿਵੇਂ? ਰੁਖਣੀ ਦਾ ਕੀ ਹੋਇਆ?-।

ਪਰ ਜਵਾਬ ਨਹੀਂ ਆਇਆ। ਲੇਵੀ ਦੀਆਂ ਅੱਖਾਂ ਵਿੱਚ ਦੇਖਦੇ ਨੇ ਸਵਾਲ ਫੇਰ ਆਖਿਆ। ਕੋਈ ਜਵਾਬ ਨਹੀਂ ਮਿਲਿਆ। ਹੁਣ ਸਿੰਧੀ ਨੂੰ ਸਿੰਧ ਪੁੱਛਣ ਲੱਗਾ, - ਸਿੰਧੀ?-।

- ਜੀ?-।

- ਨਾਓ ਠੀਕ ਹੈ?-।

ਸਿੰਧੀ ਚੁੱਪ ਹੋ ਗਈ। ਕਿਉਂ ਨਹੀਂ ਜਵਾਬ ਦੇ ਰਹੀ ਸੀ? ਇੱਕ ਪਲ ਪਹਿਲਾਂ -ਜੀ- ਆਖਿਆ ਸੀ। ਹੁਣ ਨਾਓ ਦੇ ਆਖਣ'ਤੇ ਖ਼ਾਮੋਸ਼ ਸੀ। ਕੀ ਹੋ ਰਿਹਾ ਸੀ?

- ਸਿੰਧੀ। ਨਾਓ ਬਾਰੇ ਖ਼ਬਰ ਦੇ ਸਾਨੂੰ?- ਚੁੱਪ। ਫੇਰ ਹਾਰ ਕੇ ਸਿੰਧੀ ਦਾ ਜਵਾਬ ਆਇਆ।

- ਜੀ। ਨਾਓ ਤੁਹਾਨੂੰ ਭਾਲ ਰਹੀ ਹੈ-।

- ਉਸ ਨੇ ਰੁਖਣੀ ਨੂੰ ਮਾਰ ਦਿੱਤਾ?-।

– ਨਹੀਂ–।

– ਸੋ ਹੁਣ ਕਿੱਥੇ ਹੈ?–

– ਜੀ। ਨਾਓ ਤੁਹਾਨੂੰ ਭਾਲ ਰਹੀ ਹੈ–।

– ਸੋਸਨੀ? ਓਹ ਠੀਕ ਹੈ?–। ਚੁੱਪ। ਫੇਰ ਹਾਰ ਕੇ ਸਿੰਧੀ ਬੋਲ਼ੀ ( ਇੰਝ ਲੱਗਾ ਜਿਵੇਂ ਉਸ ਦੀ ਆਵਾਜ਼ ਵਿੱਚ ਹਿਚਕ ਸੀ। ਪਰ ਕੰਪਿਊਟਰ ਵਿੱਚ ਇਵੇਂ ਹੋ ਨਹੀਂ ਸਕਦਾ! ਸਿਰਫ਼ ਅਕਲ ਸੂਝ ਸੀ) ਕਿ ਸੋਸਨੀ ਠੀਕ ਠਾਕ ਸੀ।

–'ਤੇ ਰੁਖਣੀ? ਉਹ ਕਿੱਥੇ ਹੈ? ਜੇ ਸੋਸਨੀ ਹਾਲੇ ਸਾਨੂੰ ਭਾਲਦਾ ਸੀ, ਉਸ ਨੇ ਤਾਂ ਛਕੜੀ ਕੋਲ਼ੇ ਹੋਣਾ ਸੀ?–। ਸਿੰਧ ਨੇ ਆਖਿਆ। ਚੁੱਪ। ਕੋਈ ਜਵਾਬ ਨਹੀਂ ਦਿੱਤਾ। ਇਹ ਚੁੱਪ ਚਪੀਤਾ ਸਿੰਧ ਨੂੰ ਪਸੰਦ ਨਹੀਂ ਸੀ। – ਸਿੰਧੀ ਸਾਨੂੰ ਹਾਲੇ ਭਾਲਦਾ ਕਿਵੇਂ? ਉਸ ਨੂੰ ਪਤਾ ਹੈ ਕਿ ਨਹੀਂ ਤਾਂ ਟਿੱਲੇ ਉੱਪਰ ਆਂਡੇ ਕੋਲ਼ੇ ਹੋਣਾ ਜਾਂ ਛਕੜੀ ਲਾਗੇ? ਦਾਲ ਬਹੁਤੀ ਗਲ਼ਦੀ ਨਹੀਂ–। ਸਿੰਧ ਬੋਲ਼ਿਆ, – ਸਿੰਧਬਾਦ'ਚ ਕੀ ਹੋ ਰਿਹਾ ਐ?–।

– ਸਿੰਧਬਾਦ ਵਿੱਚ ਸਭ ਕੁਝ ਠੀਕ ਠਾਕ ਹੈ। ਤੁਹਾਡੀ ਟੀਕਾ ਟਿੱਪਣੀ ਸਮਝੀ ਨਹੀਂ–। ਸਿੰਧੀ ਨੇ ਮਿੱਠੀ ਆਵਾਜ਼ ਵਿੱਚ ਕਿਹਾ।

– ਸੋ ਸੋਸਨੀ ਹੁਣ ਕਿੱਥੇ ਹੈ?–।

– ਤੁਹਾਡੇ ਵੱਲ ਆ ਰਿਹਾ–।

ਸਿੰਧ ਨੇ ਉੱਪਰ ਦੇਖਿਆ। ਕੁਝ ਨਹੀਂ ਦਿਸਦਾ ਸੀ। ਫੇਰ ਉਸ ਨੇ ਦਿਸਹੱਦੇ'ਤੇ ਉਨ੍ਹਾਂ ਵੱਲ ਆਉਂਦੀ ਨਾਓ ਵਹਿ ਲਈ। ਖ਼ੁਸ਼ ਹੋ ਗਿਆ। ਟ੍ਰਾਂਜ਼ਿਸਟਰ ਇੱਕ ਪਲ ਲਈ ਕੜਕਿਆ, ਫੇਰ ਨਾਓ ਦੀ ਆਵਾਜ਼, ਸੋਸਨੀ ਦੀ ਆਵਾਜ਼ ਸਾਫ਼ ਸੁਣੀ।

– ਤੂੰ ਪਹਿਲਾਂ ਨ੍ਹੀਂ ਬੋਲ਼ਿਆ?– ਸਿੰਧ ਨੇ ਆਖਿਆ।

– ਮੈਂ ਤਾਂ ਹੁਣ ਕਈ ਚਿਰ ਦਾ ਸਿੰਧੀ ਨਾਲ਼ ਸੰਚਾਰ ਕਰਨ ਦੀ ਕੋਸ਼ਿਸ਼ ਕਰ ਰਿਹਾਂ। ਤੁਹਾਡੇ ਨਾਲ਼ ਵੀ। ਪਤਾ ਨਹੀਂ, ਸਿੰਧੀ ਸੁਣਦੀ ਸੀ, ਪਰ ਤੁਸਾਂ ਨਹੀਂ–। ਸੋਸਨੀ ਨੇ ਉੱਤਰ ਫੜਾ ਦਿੱਤਾ।

- ਅੱਛਾ? ਸਿੰਧੀ ਨੇ ਸਾਡੇ ਬਾਰੇ ਤੈਨੂੰ ਦੱਸਿਆ ਨਹੀਂ?-।

- ਨਹੀਂ। ਚੁੱਪ ਹੋ ਜਾਂਦੀ ਸੀ-।

- ਅੱਛਾ? ਇਹ ਤਾਂ ਸਹੀ ਨਹੀਂ ਲੱਗਦਾ। ਸਿੰਧਬਾਦ ਜਾ ਕੇ ਦੇਖਦੇ ਹਾਂ। ਖ਼ੈਰ, ਰੁਖਣੀ?-।

- ਰੁਖਣੀ ਨੇ ਅਸਾਨੂੰ ਕਈ ਚਿਰ ਲਈ ਹੇੜਾ ਕੀਤਾ ਸੀ। ਫੇਰ ਅਸਾਂ ਉਸ ਨੂੰ! ਤਆਕਬ ਔਖਾ ਸੀ! ਕੁਝ ਚਿਰ ਵਾਸਤੇ ਅੰਨ੍ਹੇ ਕੁੱਤੇ ਹਰਨਾਂ ਦੇ ਸ਼ਿਕਾਰੀ ਵਾਂਗਰ ਗੱਲ ਸੀ। ਫੇਰ ਮਾਫ਼ ਕਰਨਾ, ਮੈਨੂੰ ਖੁਟੜਾ ਹੋਣਾ ਪਿਆ-।

- ਕੀ ਹੋਇਆ?-।

- ਮੈਂ ਉਸ ਦੇ ਆਂਡੇ'ਤੇ ਜ਼ੰਬੂਰੇ ਦਾਗ ਦਿੱਤੇ-।

- ਕੀ?-।

- ਜਦ ਆਂਡਾ ਖ਼ਤਮ ਹੋ ਗਿਆ, ਪਾਗ਼ਲ ਹੋ ਗਈ। ਆਂਡੇ ਵੱਲ ਉੱਡੀ। ਓਦੋਂ ਅਸਾਂ ਨੇ ਉਸ ਨੂੰ ਮਾਰ ਦਿੱਤਾ। ਤਦ ਦੇ ਤੁਹਾਨੂੰ ਲੱਭ ਰਹੇ ਸੀ। ਜਦ ਛਕੜੀ ਲਾਗੇ ਲੱਭੇ ਨਹੀਂ, ਅਸਾਂ ਸਾਰੇ ਪਾਸੇ ਤਲਾਸ਼ੀ ਕੀਤੀ। ਤੁਸਾਂ ਨੇ ਰੇਡਿਓ ਵੀ ਨਹੀਂ ਚੁੱਕਿਆ। ਟ੍ਰਾਂਜ਼ਿਸਟਰ'ਤੇ ਕੋਈ ਜਵਾਬ ਨਹੀਂ ਆਇਆ ਵੀਰ ਜਾਨ-।

- ਲੱਗਦਾ ਸਿੰਧਬਾਦ ਜਾ ਕੇ ਦੇਖਣਾ ਹੀ ਪਊ-।

- ਅੱਛਾ ਅਸਾਂ ਆਉਂਦੇ ਹਾਂ। ਹੁਣ ਉਸ ਰਤਨਾਕਰ ਬਾਰੇ ਕੀ ਕਰਨਾ? ਬਹੁਤ ਮਾਲ ਹੈ!-।

- ਸਹੀ- ਸਿੰਧ ਨੇ ਲੇਵੀ ਵੱਲ ਝਾਕਿਆ, - ਅਸੀਂ ਤਾਂ ਵਾਪਸ ਆ ਕੇ ਚੱਕ ਸਕਦੇ ਹਾਂ-।

- ਪਾਗ਼ਲ ਨਾ ਬਣ! ਕਿਸੇ ਹੋਰ ਨੇ ਚੱਕ ਲੈਣਾ!-।

- ਫੇਰ ਇੱਦਾਂ ਕਰ। ਸਾਨੂੰ ਸਿੰਧਬਾਦ ਛੱਡ ਦੇ। ਵਾਪਸ ਆ ਕੇ ਜਿੰਨਾ ਕੁ ਨਾਓ ਨੂੰ ਭਰ ਸਕਦਾਂ, ਭਰਲਾ। ਪਰ ਇੱਕ ਹੀ ਚੱਕਰ

ਮਾਰਨਾ। ਹਿਕਾਰੂ ਨੂੰ ਵੀ ਵਾਅਦਾ ਕੀਤਾ ਹੈ ਅਤੇ ਮੈਂ ਵਾਅਦਾ ਤੋੜਨ ਵਾਲਾ ਨਹੀਂ ਹੈ। ਸਿਰਫ਼ ਜੋ ਇੱਕ ਚੱਕਰ ਵਿੱਚ ਚੱਕ ਸਕਦਾਂ। ਸਮਝਦਾ?-।

- ਆਹੋ-।

*          *          *          *          *

ਕੁਝ ਘੰਟੇ ਬੀਤ ਗਏ ਸਨ। ਸਾਰਾ ਮਾਲ ਹੁਣ ਜ਼ਖੀਰੇ ਵਿੱਚ ਸੀ। ਇੱਕ ਖ਼ਜ਼ਾਨੇ ਵਾਂਗ ਚਮਕਦਾ ਸੀ। ਵੈਸੇ ਹੁਣ ਖ਼ਜ਼ਾਣਾ ਹੀ ਸੀ। ਹਿਕਾਰੂ ਨੇ ਉਨ੍ਹਾਂ ਦੀਆਂ ਸੋਚਾਂ ਪੜ੍ਹ ਲਈਆਂ ਸਨ ਅਤੇ ਆਪਣਾ ਗ਼ੁੱਸਾ ਉਨ੍ਹਾਂ ਦੀ ਰੂਹਾਂ ਵਿੱਚ ਡੰਮ੍ਹ ਦਿੱਤਾ ਸੀ। ਪਰ ਜੋ ਹੋ ਗਿਆ, ਹੋ ਗਿਆ ਸੀ। ਕਈ ਚਿਰ ਵਾਸਤੇ ਸਿੰਧ'ਤੇ ਲੇਵੀ ਨੇ ਆਪਸ ਵਿੱਚ ਗੱਲਾਂ-ਬਾਤਾਂ ਕੀਤੀਆਂ ਸਨ ਅਤੇ ਸਮਝੌਤੇ'ਤੇ ਆ ਗਏ ਸੀ। ਹੁਣ ਲੇਵੀ ਨੇ ਬਹੁਤਾ ਸਿੰਧ ਨਾਲ਼ ਗ਼ੁੱਸਾ ਨਹੀਂ ਕੀਤਾ। ਉਹ ਸਗੋਂ ਪਲ ਤੋਂ ਪਲ ਸਿੰਧ ਨੂੰ ਪਸੰਦ ਕਰਨ ਲੱਗ ਪਈ ਸੀ। ਅੱਖ ਦੇ ਪਲਕਾਰੇ ਵਿੱਚ ਬਹੁਤ ਕੁਝ ਬਦਲ ਜਾਂਦਾ ਹੈ। ਪਰ ਉਸ ਨੇ ਸਿੰਧ ਨੂੰ ਸਾਫ਼ ਦੇਣੀ ਕਹਿਣਾ ਨਹੀਂ ਚਾਹੁੰਦੀ ਸੀ ਕਿ - ਤੇਰੇ ਨਾਲ਼ ਪਿਆਰ ਹੋਣ ਲੱਗ ਪਿਆ!-। ਕੱਲ੍ਹ ਦਾ ਕੀ ਪਤਾ! ਨਾਲ਼ੇ ਹਿਕਾਰੂ ਦੇ ਸਫ਼ਾਰਤ'ਤੇ ਸ਼ਾਮਲ ਸ਼ੁਰੂ ਤੋਂ ਸੀ, ਉਸ ਦੀ ਨੌਕਰਾਨੀ ਸੀ; ਸੋ ਜਦ ਜੰਨਤਸਤਾਨ ਅੱਪੜੇ, ਫੇਰ ਖ਼ਬਰੇ ਸਿੰਧ ਨੂੰ ਫੇਰ ਕਦੀ ਮਿਲ਼ਣਾ ਵੀ ਸੀ?

ਸਿੰਧ ਨੇ ਸਾਰੇ ਕੰਮ ਕਰ ਕੇ ਜਹਾਜ਼ ਨੂੰ ਇੱਕ ਵਾਰ ਫੇਰ ਚੱਕਰਵਰਤੀ ਵੱਲ ਕੀਤਾ। ਥੋੜ੍ਹੇ ਚਿਰ ਵਿੱਚ ਗਾਮੇ ਮਾਮੇ ਲਾਗੇ ਪੁੱਜ ਜਾਣਾ ਸੀ। ਪਰ ਸਿੰਧ ਦਾ ਧਿਆਨ ਹੁਣ ਸਿੰਧੀ ਉੱਤੇ ਹੀ ਸੀ। ਕਾਹਤੋਂ ਰੇਡਿਓ'ਤੇ ਸੰਨਾਟਾ ਹੋਣ ਦਿੱਤਾ? ਮੌਨ ਕਿਉਂ ਰੱਖਿਆ? ਉਸ ਨੂੰ ਪਤਾ ਸੀ ਕਿ ਸੋਸਨੀ ਸਿੰਧ ਹੋਰਾਂ ਨੂੰ ਲੱਭ ਰਿਹਾ ਸੀ ਅਤੇ ਸਿੰਧ ਸੋਸਨੀ ਨੂੰ! ਇਹ ਕੀ ਚੱਕਰ ਸੀ?

ਸਿੰਧ ਕੰਟਰੋਲ ਕਮਰੇ ਆ ਕੇ ਬੈਠ ਗਿਆ। ਉਸ ਵੇਲੇ ਹੋਰ ਕੋਈ ਉੱਥੇ ਨਹੀਂ ਸੀ। ਸਕਰੀਨ ਦੀ ਰਾਹੀਂ ਗੱਲ ਨਹੀਂ ਕਰਨਾ ਚਾਹੁੰਦਾ ਸੀ। ਇਸ ਲਈ ਉਸ ਨੇ ਸਿੰਧੀ ਨੂੰ ਸਿੱਧਾ ਆਖਿਆ।

- ਸਿੰਧੀ, ਗੱਲ ਕੀ ਸੀ? ਮਤਲਬ ਤੂੰ ਚੁੱਪ ਕਿਉਂ ਰਹੀ? ਤੇਰਾ ਕੰਮ ਕਾਰਜ ਸਾਡੀ ਮੱਦਦ ਕਰਨਾ ਹੈ; ਤੇਰਾ ਹਮੇਸ਼ਾ ਮੱਦਦ ਕਰਨ ਦਾ ਜ਼ੁੰਮਾ ਹੈ। ਸੋ ਕੀ ਹੋਇਆ? ਸਾਡੀ ਗੱਲਬਾਤ ਦੇ ਲਿੰਕ ਕਿਉਂ ਤੋੜੇ ਤੂੰ?- ਸਿੰਧ ਨੇ ਸਿੱਧਾ ਕੈਮਰੇ ਦੀ ਇਕੱਲੀ ਅੱਖ ਵਿੱਚ ਊਜ ਲਾ ਕੇ ਝਾਕਿਆ। ਪਰ ਕੱਚ ਦੀ ਆੱਖ

ਬੇਸੰਵੇਦਨ ਸੀ। ਬਿੰਦ ਕੁ ਬਾਅਦ ਸਪੀਕਰ ਰਾਹੀਂ ਸਿੰਧੀ ਦੀ ਮਿੱਠੀ ਆਵਾਜ਼ ਆਈ। ਸਿੰਧ ਨੇ ਸੋਚਿਆ ਇਹ ਕਿਸ ਵੇਲ਼ੇ ਰੀਕੋਰਡ ਕੀਤੀ ਹੋਵੇਗੀ? ਅਸਲ ਵਿੱਚ ਕਿਸ ਦੀ ਆਵਾਜ਼ ਹੈ, ਅਤੇ ਕਿਸ ਸਮੇਂ ਦੀ? ਜਿਸ ਦੀ ਆਵਾਜ਼ ਸੀ, ਉਸ ਦੀ ਸ਼ੁਖਸੀਅਤ ਕਿੱਦਾਂ ਦੀ ਸੀ? ਸਿੰਧੀ ਵਰਗੀ, ਜਾਂ ਕੋਈ ਮਿਲਾਪੜੀ ਨਾਰੀ ਦੀ? ਕੰਪਿਊਟਰ ਵਿੱਚ ਅਵਾਜ਼ ਪਾ ਕੇ ਬਿਜਲੀ ਉਨ੍ਹਾਂ ਵਿੱਚੋਂ ਇਨਸਾਨ ਦਾ ਜਮਾਲ ਕੱਢ ਦਿੰਦੀ ਹੈ। ਖ਼ੈਰ ਸਿੰਧੀ ਨੇ ਬੇਸੁਰ ਆਵਾਜ਼ ਵਿੱਚ ਕਿਹਾ, – ਜੀ। ਤੁਹਾਨੂੰ ਗ਼ਲਤ ਫ਼ਹਿਮੀ ਹੈ। ਮੈਂ ਕੋਈ ਅਸੂਲ ਨਹੀਂ ਤੋੜਿਆ। ਹੋ ਸਕਦਾ ਤੁਹਾਡਾ ਜਾਂ ਨਾਥ ਸੋਸਨੀ ਜੀ ਦਾ ਰੇਡਿਓ ਜਾਮ ਹੋ ਗਿਆ ਸੀ?–।

– ਫੇਰ ਤੇਰੀ ‘ਵਾਜ਼ ਕਿਵੇਂ ਆ ਰਹੀ ਸੀ? ਤੈਨੂੰ ਤਾਂ ਸਾਡੇ ਬੋਲ਼ ਸੁਣਦੇ ਵੀ ਸੀ। ਇੱਕ ਦੂਜੇ ਨੂੰ ਕਿਉਂ ਨਹੀਂ ਦੱਸਿਆ? ਘੱਟ ਤੋਂ ਘੱਟ ਇੱਕ ਦੂਜੇ ਨੂੰ ਦੱਸ ਸਕਦੀ ਦੂਜਾ ਕੀ ਕਰ ਰਿਹਾ ਸੀ?–।

– ਦੱਸ ਤਾਂ ਦਿੱਤਾ ਸੀ–।

– ਪਰ ਹੌਲ਼ੀ ਦੇਣੀ...–।

ਸਿੰਧੀ ਹੁਣ ਵੀ ਚੁੱਪ ਰਹੀ।

ਕੈਮਰੇ ਦੀ ਅੱਖ ਦੀ ਠੰਢੀ ਨਜ਼ਰ ਨਾਲ਼ ਹੀ ਵਾਪਸ ਬੋਲ਼ੀ। ਨਹੀਂ ਤਾਂ, ਬੱਸ, ਚੁੱਪ ਹੀ ਚੁੱਪ ਸੀ।

# ਕਾਂਡ ਚੌਥਾ

**ਇਸ ਵਿੱਚ ਅਸੀਂ - ਈਡੀ ਕੱਲਾ- ਨੂੰ ਮਿਲਦੇ ਹਾਂ। ਇਸ ਵਿੱਚ ਸਿੰਧਬਾਦ ਉੱਤੇ ਹਮਲਾ ਹੁੰਦਾ ਹੈ ਅਤੇ ਸ਼ੱਕ ਪੈਂਦਾ ਕਿ ਸਿੰਧੀ ਦਾ ਹੱਥ - ਉਲਕਾ- ਦੇ ਤੰਗੜ ਵਿੱਚ ਫ਼ਸਣ ਵਿੱਚ ਜ਼ਿੰਮੇਵਾਰ ਸੀ। ਦੋ ਨਵੇਂ ਕਿਦਾਰ ਮਿਲਦੇ ਹਨ, ਜਿਨ੍ਹਾਂ ਦਾ ਕੰਮ ਹੈ ਟੋਬੀ ਨੂੰ ਭਾਲਣ ਅਤੇ ਖ਼ਾਨਅਮਨੀਆਂ ਦਿਆਂ ਹਤਿਆਰਿਆਂ ਨੂੰ ਮਾਰਨ ਦਾ॥**

ਛਤਰਪੁਰੇ ਦੀ ਸਭ ਤੋਂ ਸਜਾਵਟੀ ਇਮਾਰਤ ਰਾਸ਼ਟਰਪਤੀ ਦਾ ਵਾਸ ਸੀ। ਵਾਸ ਕਿੱਥੇ? ਇਸ ਨੂੰ ਤ ਾਂ -ਧੌਲਰ- ਹੀ ਆਖਣਾ ਪੈਂਦਾ ਸੀ, ਕਿਉਂਕਿ ਸੱਚ-ਮੁੱਚ ਵਿੱਚ ਮਹੱਲ ਹੀ ਹੈ। ਇਸ ਦੇ ਸਾਰਿਆਂ ਤੋਂ ਵੱਡੇ ਕਮਰੇ ਤੋਂ ਆਬਸ਼ਾਰ ਦਿਸਦਾ ਸੀ, ਦਰਿਆ ਉੱਤੇ ਪਾਣੀ ਛਿੜਕਦਾ। ਪਾਣੀ ਜਿਹੜਾ ਲਾਜਵਰਦ ਰੰਗ ਦਾ ਸੀ। ਇਹ ਕਮਰਾ ਮਹੱਲ ਦਾ ਅਹਿਮ ਕਮਰਾ ਸੀ, ਕਿਉਂਕਿ ਇੱਥੇ ਰਾਸ਼ਟਰਪਤੀ ਦੀ ਕੁਰਸੀ ਸੀ, ਇੱਕ ਵੱਡੇ ਗ਼ੁਲਬੇ ਤਖ਼ਤ ਦੇ ਬਲੂਤ ਮੇਜ਼ ਪਿੱਛੇ। ਕੁਰਸੀ ਬਾਰੀ ਅਤੇ ਮੇਜ਼ ਦੇ ਵਿਚਾਲੇ ਸੀ ਅਤੇ ਮੇਜ਼ ਕੁਰਸੀ ਅਤੇ ਵੱਡੇ ਬੂਹੇ ( ਜਿਸ ਵਿੱਚੋਂ ਲੋਕ ਅੰਦਰ ਆਉਂਦੇ ਸੀ) ਦੇ ਵਿਚਾਲੇ ਸੀ। ਬਾਰੀ ਦੱਸ ਇਨਸਾਨਾਂ ਜਿੰਨੀ ਲੰਬੀ ਸੀ ਅਤੇ ਪੰਜਾਂ ਜਣਿਆਂ ਦੇ ਕੱਦਾਂ ਜਿੰਨਾ ਚੌੜੀ ਸੀ। ਬੂਹਾ ਸੋਨੇ ਦਿਆਂ ਵਰਕਾਂ ਨਾਲ਼ ਮੜ੍ਹਿਆ ਹੋਇਆ ਸੀ। ਕੁਰਸੀ ਵੀ ਸੋਨੇ ਦੀ ਬਣਾਈ ਹੋਈ ਸੀ ( ਸਿਰਫ਼ ਗੱਦੀਆਂ ਹਰੀ ਟਸਰ ਦੀਆਂ ਸਨ) ਅਤੇ ਬਾਰੀ ਦੀ ਚੁਗਾਠ ਵੀ। ਹੁਣ ਉਸ ਫੈਲਸੂਫ਼ੀਏ ਬਾਰੀ ਰਾਹੀਂ ਦਰਿਆ, ਆਬਸ਼ਾਰ ਅਤੇ ਸ਼ਹਿਰ ਨੂੰ ਤੱਕਦਾ ਹੋਇਆ ਆਦਮੀ ਖਲੋਤਾ ਸੀ। ਆਮ ਆਦਮੀ ਨਹੀਂ, ਪਰ ਸਾਰੀ ਖੰਕਾ ਗਿੱਟੀ ਦਾ ਰਾਸ਼ਟਰਪਤੀ ਸੀ। - ਹੜੱਪਣਦਾਰ- ਸੀ, ਕਿਸੇ ਵਾਸਤੇ ਨਾਇਕ, ਕਿਸੇ ਵਾਸਤੇ ਖਲਨਾਇਕ। ਜਿਨ੍ਹਾਂ ਨੂੰ ਰਾਜਾ ਰਾਣੀ ਚਾਹੀਦੀ ਸੀ, ਉਨ੍ਹਾਂ ਦਾ ਦਸ਼ਮਣ ਹੀ ਸੀ। ਜਿਨ੍ਹਾਂ ਨੂੰ ਗਣਰਾਜ ਦੀ ਆਸ ਸੀ, ਉਨ੍ਹਾਂ ਵਾਸਤੇ ਗਾਜ਼ੀ ਸੀ। ਪਰ ਉਨ੍ਹਾਂ ਲੋਕਾਂ ਵਿੱਚ ਵੀ ਗੁਟੇ ਸਨ! ਇਸ ਦਾ ਉਸ ਨੂੰ ਪੂਰਾ ਪਤਾ ਸੀ, ਖ਼ਾਸ ਕਰ ਸਾਨ੍ਹਾਨਸਲਾਂ ਦਾ! ਪਰ ਹੁਣ ਵਾਸਤੇ ਜਮਹੂਰੀਆਂ ਨੂੰ ਇਤਫ਼ਾਕ ਚਾਹੀਦਾ ਸੀ ਅਤੇ ਟੀਚਾ। ਜੰਗ ਲੜ ਰਹੇ ਸਨ, ਅਤੇ ਇਸ ਵੇਲ਼ੇ ਸੁਲਤਾਨੀਵਾਦ ਗ਼ਲਬਾ ਤਖ਼ਤ ਵਿੱਚ ਵੀ ਲੁਕੇ ਸਨ। ਖੁਫੀਆ ਪੁਲਸ ਉਨ੍ਹਾਂ ਮਗਰ ਲਾਈ ਹੋਈ ਸੀ। ਅਤੇ ਟੋਬੀ ਮਗਰ ਹਤਿਆਰੇ।

ਬਾਰੀ ਵਿੱਚੋਂ ਬਾਹਰ ਫ਼ਲਕ ਨੀਲੀ ਕਾਸ਼ਨੀ ਹੀ ਚਾਦਰ ਜਾਪਦੀ ਸੀ। ਉਸ ਉੱਤੇ ਇੱਕ ਵੀ ਧੱਬਾ ਨਹੀਂ ਸੀ। ਦੂਰ ਨਿੱਕਾ ਜਿਹਾ ਸੂਰਜ ਚਮਕਦਾ ਸੀ। ਇਸ ਹਿਲੋਰੇ ਉੱਤੇ ਰਵੀ ਇੱਕਮ ਦਾ ਸੇਕ ਧਰਤ ਉੱਤੇ ਫੈਲ ਰਿਹਾ ਸੀ। ਜਦ ਧਰਤੀ ਦੂਜੇ ਪਾਸੇ ਘੁੰਮੀ ਰਵੀ ਸਾਨੀ ਨੂੰ ਮੌਕਾ ਮਿਲਣਾ ਗ਼ਲਬਾ ਤਖ਼ਤ ਦੇ ਜੱਗ ਨੂੰ ਗਰਮਾਈ ਦੇਣ ਦਾ। ਛਿਮਾਹੀ ਵਾਸਤੇ ਦਿਨ ਹੀ

ਰਹਿਣੇ ਸਨ। ਉਨ੍ਹਾਂ ਚਿਰ ਇਸ ਜੱਗ ਦਾ ਦੂਜਾ ਪਾਸਾ ਗਾਮੇ ਮਾਮੇ ਦੇ ਹਨ੍ਹੇਰੇ ਵਿੱਚ ਰੂਪੋਸ਼ ਸੀ। ਉਹ ਵੀ ਛਿਮਾਹੀ ਵਾਸਤੇ। ਓਥੇ ਚਕੋਰਵਾੜੀ ਹੀ ਚਮਕਦਾ ਸੀ, ਚਾਨਣ ਦਿੰਦਾ। ਪਰ ਇਸ ਪਾਸੇ, ਜਿੱਥੇ ਛਤਰਪੁਰਾ ਖਲੋਇਆ ਸੀ; ਜਿਸ ਵਿੱਚ ਰਾਸ਼ਟਰਪਤੀ ਖੜ੍ਹਾ ਸੀ, ਰਾਤ ਤਾਂ ਛੇ ਮਹੀਨਿਆਂ ਵਾਸਤੇ ਪੁਲਾੜ ਦੇ ਘੁੰਡ ਪਿੱਛੇ ਲੁਕੀ ਹੋਈ ਸੀ, ਜਿੱਦਾਂ ਕੋਈ ਝਿਜਕਦੀ ਦੁਲਹਨ ਘੁੰਡ ਕੱਢੀ ਬੈਠੀ ਹੋਵੇ। ਪਰ ਹੁਣ ਛਤਰਪੁਰ ਦਿਨ ਵਿੱਚ ਹੀ ਸੀ। ਦਿਨ ਵਾਲ਼ੇ ਪਾਸੇ ਸੌਣ ਦੇ ਵਕਤ ਦਾ ਪਤਾ ਘੜੀ ਦਿੰਦੀ ਸੀ ਅਤੇ ਉਸ ਹੀ ਵੇਲ਼ੇ ਮਕਾਨਾਂ ਦੁਕਾਨਾਂ ਬਗੈਰਾ ਦੇ ਡਾਲੇ ਸ਼ੱਟਰ ਹੇਠਾਂ ਆ ਜਾਂਦੇ ਸਨ। ਹਰ ਬਾਰੀ ਪ੍ਰੋਗ੍ਰਾਮ ਕੀਤੀ ਹੁੰਦੀ ਸੀ, ਪਰਦਿਆਂ ਨੂੰ ਸ਼ਾਮ ਵੇਲੇ ਕਰਨ ਅਤੇ ਉਸ਼ਾ ਨੂੰ ਉੱਠਾਣ।

ਬਾਰੀ ਦਾ ਕੱਚ ਐਨਾ ਸਾਫ਼ ਸੀ, ਕਿ ਬਾਹਰ ਵੀ ਦਿਸਦਾ ਸੀ ਅਤੇ ਦੇਖਣ ਵਾਲੇ ਦਾ ਅਕਸ ਵੀ ਦਿਸਦਾ ਸੀ। ਉਹ ਅਕਸ ਇੱਕ ਅੱਧ ਭੂਤ ਲੱਗ ਰਿਹਾ ਸੀ, ਜਿਸ ਦਾ ਜੁੱਸਾ ਸ਼ੀਸ਼ੇ ਵਿੱਚ ਖੁਰ ਗਿਆ ਹੋਵੇ। ਰਾਸ਼ਟਰਪਤੀ ਨੇ ਓਵੇਂ ਆਪਣੇ ਮੁਖ ਨੂੰ ਜਾਪਿਆ। ਉਸ ਦੇ ਵਾਲ਼ ਘੁੰਗਰਾਲੇ ਅਤੇ ਪੀਚਣੇ ਸਨ, ਤਕਰੀਬਨ ਰੋਡਾ ਜਾਪਦਾ ਸੀ। ਘੁੰਗਰਾਲ਼ਿਆਂ'ਤੇ ਪੀਲਾ ਕਲਫ਼ ਲਾਇਆ ਹੋਇਆ ਸੀ।ਉਸ ਦਾ ਮੂੰਹ ਚੌੜਾ ਸੀ, ਮੱਥਾ ਮੂੰਹ ਤੋਂ ਵੀ ਚੌੜਾ। ਬੁੱਲ੍ਹ ਭਾਰੇ ਸਨ ਅਤੇ ਨੱਕ ਚੌੜਾ 'ਤੇ ਫੀਹਨਾ। ਰੁਖ਼ ਦਾ ਰੰਗ ਸ਼ੱਕਰੀ ਸੀ। ਆਮ ਇਨਸਾਨ ਤਕਰੀਬਨ ਭੂਰੇ ਰੰਗ ਦੇ ਜਾਂ ਮਲਾਗੀਰੀ ਜਿਹੇ ਸਨ। ਕੁਝ ਜਣੇ ਰਾਸ਼ਟਰਪਤੀ ਵਾਂਗ ਸ਼ਾਮੀ ਸਨ, ਉਨ੍ਹਾਂ ਦੇ ਨੈਣ ਨਕਸ਼ ਵੀ ਉਸ ਦੇ ਵਰਗੇ ਸਨ। ਕੋਈ ਲੋਕ ਕਣਕਵੰਨੇ ਰੰਗ ਦੇ ਸਨ, ਨੱਕ ਤਿੱਖੇ, ਕਾਲ਼ੇ ਕੇਸ ਸੰਘਣੇ ਅਤੇ ਸੂਰਤਾਂ ਹਲਕੀ ਬਦਾਮੀ ਤੋਂ ਉਨਾਬੀ ਤੀਕਰ। ਹੋਰ ਕੌਮਾਂ ਪੀਲੀ ਮਲ਼ਾਈ ਦੇ ਰੰਗ ਦੇ ਸਨ ਅਤੇ ਉਨ੍ਹਾਂ ਦੇ ਨੇਤਰ ਪਤਾਮ ਅਤੇ ਪਲਕਾਂ ਪਤਲੀਆਂ ਸਨ। ਜਿੱਦਾਂ ਦੇ ਸਨ, ਨੂਰਾਨੀ ਮਾਂ ਦੇ ਮਹਾਂਦੀਪਾਂ ਉੱਤੇ ਮਬਨੀ ਸੀ। ਇੱਕ ਨਿੱਕਾ ਜਿਹਾ ਜਥਾ ਸੀ, ਜਿਸ ਦਾ ਸਮਾਜ ਅਲੱਗ ਸੀ। ਵੈਸੇ ਕਾਫ਼ੀ ਜਣੇ ਸਨ, ਪਰ ਦੂਜੀਆਂ ਕੌਮਾਂ ਤੋਂ ਘੱਟ ਗਿਣਤੀ ਵਿੱਚ। ਉਨ੍ਹਾਂ ਦਾ ਰੰਗ ਚਿੱਟਾ ਸੀ, ਵਾਲ਼ ਆਮ ਤੌਰ 'ਤੇ ਕੱਕੇ ਸਨ ਅਤੇ ਲੋਇਣ ਨੀਲੇ। ਇਸ ਜਾਤ ਨੂੰ ਤਾਰੀਖ ਨੇ ਕਾਫ਼ੀ ਚਿਰ ਵਾਸਤੇ ਨਫ਼ਰ ਰੱਖਿਆ ਹੋਇਆ ਸੀ ਅਤੇ ਹਾਲੇ ਵੀ ਕਈ ਥਾਂ ਗੁਲਾਮੀ'ਚ ਹੀ ਸਨ। ਭਾਵੇਂ ਹੁਣ ਦਾਸਤੇ ਦੀ ਥਾਂ ਨੌਕਰੀਆਂ ਵਿੱਚ ਸਨ ( ਕਿਉਂਕਿ ਹੁਣ ਦਾਸਤਾ ਖੰਕਾ ਗਿੱਟੀ ਵਿੱਚ ਗੈਰ ਕਾਨੂੰਨੀ ਸੀ), ਲੋਕਾਂ ਦੀ ਜ਼ਿਹਨੀਅਤ ਨੇ ਸਦੀਆਂ ਵਾਸਤੇ ਗੋਰੇ ਰੰਗ ਨੂੰ ਅਛੂਤ ਬਣਾ ਦਿੱਤਾ ਸੀ, ਸੋ ਇਹ ਕੌਮ ਵੱਲ ਨਸਲਵਾਦੀ ਹੁੰਦੀ ਰਹਿੰਦੀ ਸੀ। ਗੋਰਿਆਂ ਦੀ ਜਾਤ ਸਾਰਿਆਂ ਤੋਂ ਹੇਠਲੀ ਜਾਤ ਮੰਨੀ ਜਾਂਦੀ ਸੀ। ਸਾਨ੍ਹਾਨਸਲਾਂ ਨੇ ਦੇਖਿਆ ਕਿ ਇਨਸਾਨਾਂ ਵਿੱਚ ਕਾਲ਼ੇ ਲੋਕ ਉੱਚੀ ਜਾਤ ਦੇ ਸਨ ਅਤੇ ਗੋਰੇ ਸਭ ਤੋਂ ਥੱਲੇ। ਕੁਝ ਲੋਕ ਜਾਤਾਂ ਦੇ ਖ਼ਿਲਾਫ਼ ਸਨ, ਪਰ ਹਾਲੇ ਵੀ ਜ਼ਿਆਦੇ ਅਣਪੜ੍ਹ ਲੋਕ ਜਾਤ ਪਾਤ ਨੂੰ

ਸੱਤਾ ਦਿੰਦੇ ਸਨ। ਰਾਸ਼ਟਰਪਰੀ ਕਾਲ਼ਿਆਂ ਵਿੱਚੋਂ ਹੀ ਸੀ। ਉਸ ਦਾ ਨਾਂ -ਈਡੀ ਕੱਲਾ- ਸੀ।

ਕਿਸੇ ਨੇ ਬੂਹਾ ਖਟਖਟਾਇਆ। ਬਿਨਾ ਘੁੰਮਣ ਤੋਂ ਈਡੀ ਨੇ ਅੰਦਰ ਆਉਣ ਦੀ ਇਜਾਜ਼ਤ ਦਿੱਤੀ। ਸਾਨ੍ਹਾਨਸਲਿਆ ਸੀ। ਉਸ ਦਾ ਨਾਂ - ਨੂਆ - ਸੀ। ਨੂਆ ਨੇ ਈਡੀ ਦੀ ਪਿੱਠ ਵੱਲ ਡਿੱਠਾ। ਪਿੱਛੋਂ ਰੋੜੇ ਜਿਹੇ ਸਿਰ ਉੱਤੇ ਪੀਲੀਆਂ ਨਿੱਕੀਆਂ ਜੱਤਾਂ ਦਿਸਦੀ ਸਨ। ਚੰਮ ਦੀ ਲੰਮੀ ਕਾਲ਼ੀ ਸਦਰੀ ਪਾਈ ਹੋਈ ਸੀ, ਜਿਸ ਦੀ ਕੰਨੀ ਪੈਰਾਂ ਨਾਲ਼ ਭੁੰਜੇ ਹੂੰਝਦੀ ਸੀ। ਕਮਰ ਤੋਂ ਹੇਠ ਸਦਰੀ ਫੈਲਦੀ ਸੀ, ਜਿੱਦਾਂ ਕੋਈ ਘੱਗਰੀ ਪਾਈ ਹੋਈ ਸੀ, ਜਾਂ ਉੱਪਰਲੀ ਜਾਕਟ ਨਾਲ਼ ਘੱਗਰੀ ਸਿਉਂਤੀ ਸੀ। ਉੱਪਰਲਾ ਹਿੱਸਾ ਜਿਸਮ ਨਾਲ਼ ਕਸ ਕੇ ਚਿੰਬੜਿਆ ਸੀ। ਪਿੱਠ ਉੱਤੇ ਇੱਕ ਵੱਡਾ ਜਿਹਾ ਬਿੱਲਾ ਸੀ, ਰਵੀ ਦੇ ਰੂਪ ਵਿੱਚ ਕੱਢਵਾਂ ਸੀ। ਈਡੀ ਲੰਮਾ ਬੰਦਾ ਸੀ। ਨੂਆ ਨੂੰ ਛੇ ਫੁੱਟ ਤੋਂ ਲੰਬਾ ਜਾਪਦਾ ਹੈ। ਛੋਟੇ ਸਾਨ੍ਹਾਨਸਲ ਜਿੱਡਾ ਸੀ। ਖ਼ੈਰ ਸਾਨ੍ਹਾਨਸਲ ਨੌਜਵਾਨ ਦਾ ਤਾਂ ਹਾਣ ਸੀ।

- ਰਾਸ਼ਟਰਪਤੀ ਜਾਨ!- ਭਾਵੇਂ ਉਸ ਵੱਲ ਝਾਕਦਾ ਨਹੀਂ ਹੈ, ਨੂਆ ਨੇ ਫੇਰ ਵੀ ਸੀਸ ਨਿਵਾਇਆ। ਖ਼ੈਰ ਸ਼ੀਸ਼ੇ ਰਾਹੀਂ ਈਡੀ ਦੀਆਂ ਤੇਜ਼ ਨੇਤਰਾਂ ਨੂੰ ਵਹਿ ਗਿਆ।

- ਆਹੋ। ਦੱਸ-। ਨੂਆ ਨੇ ਦਿਨ ਦੇ ਰਾਜ-ਕਾਜ ਬਾਰੇ ਦੱਸਿਆ, ਫੇਰ ਇੱਕ ਸਕਰੀਨ ਵਾਲੀ ਪਟੜੀ ਅੱਗੇ ਕੀਤੀ। ਹੁਣ ਤੱਕ ਈਡੀ ਘੁੰਮ ਗਿਆ ਸੀ। ਨੂਆ ਨੇ ਪਟੜੀ ਮੇਜ਼ ਉੱਤੇ ਧਰ ਦਿੱਤੀ। ਰਾਜ ਕਰਨ ਕਈ ਫ਼ੈਸਲੇ ਲੈਣੇ ਪੈਂਦੇ ਹੁੰਦੇ ਸੀ, ਕਈ ਕੁਝ ਸਮਾਜ ਬਾਰੇ ਜਾਣਨਾ ਪੈਂਦਾ ਸੀ। ਉਸ ਬਰਕੀ ਪਟੜੀ ਉੱਤੇ ਦਿਹਾੜੇ ਦੇ ਸਾਰੇ ਹਾਲ ਹਵਾਲਾ ਬਾਰੇ ਪੜ੍ਹ ਸਕਦਾ ਸੀ। ਈਡੀ ਨੇ ਪੈਡ ਨੂੰ ਚੁੱਕ ਕੇ ਸਕਰੀਨ ਉੱਤੇ ਉਂਗਲ਼ੀ ਮਾਰੀ। ਹਰ ਚਰਚੇ ਨੂੰ ਫਟਾਫਟ ਵੇਖ ਕੇ ਉਂਗਲ਼ੀ ਨਾਲ਼ ਇੱਧਰ ਉੱਧਰ ਮਾਰ ਰਿਹਾ ਸੀ ਅਤੇ ਜਸ ਉਹ ਪਾਸੇ ਅਲੋਪ ਹੋ ਜਾਂਦੀਆਂ ਸਨ, ਇੱਕ ਹੋਰ ਗੋਸ਼ਵਾਰਾ ਸਾਹਮਣੇ ਆ ਜਾਂਦਾ ਸੀ। ਇੱਦਾਂ ਦੇਖ-ਦੂਖ ਕੇ ਆਪਣੇ ਖ਼ਿਆਲ ਬਣਾ ਰਿਹਾ ਸੀ ਹਰ ਮਸਲੇ ਉੱਤੇ। ਕਦੀ -ਹੂੰ ਹਾਂ- ਕਰਦਾ ਸੀ। ਜਿਹੜੀਆਂ ਗੱਲਾਂ ਉਸ ਨੂੰ ਦਿਲਚਸਪੀ ਲੱਗੀਆਂ ਸਨ, ਉੱਥੇ ਕੁਝ ਦੇਰ ਲਾਉਂਦਾ ਸੀ। ਜਦ ਉਸ ਨੇ ਉੱਪਰ ਦੇਖਿਆ, ਹੁਣ ਨੂਆ ਸਾਹਮਣੇ ਨਹੀਂ ਖਲੋਤਾ ਹੋਇਆ ਸੀ, ਪਰ ਛੱਤ ਉੱਤੇ ਇੱਕ ਕਿਰਲੀ ਵਾਂਗ ਚਿੰਬੜਿਆ ਹੋਇਆ ਸੀ। ਈਡੀ ਨੇ ਉੱਤੇ ਵੇਖ ਕੇ ਕਿਹਾ, - ਥੱਲੇ ਆ-।

ਈਡੀ ਨੂੰ ਨੂਆ ਦਾ ਛੱਤ ਉੱਤੇ ਇੰਝ ਬੈਠਣ ਦੀ ਕੋਈ ਹੈਰਤ ਨਹੀਂ ਆਈ ਸੀ। ਉਸ ਨੂੰ ਪੂਰਾ ਪਤਾ ਸੀ ਕਿ ਇਹ ਕੌਮ ਕੰਧਾਂ ਛੱਤਾਂ ਉੱਤੇ ਚਿੰਬੜਦੇ ਹੀ ਹਨ। ਕੁਰਸੀ ਉੱਤੇ ਬਹਿਣਾ ਤਾਂ ਅਲਭ ਸੀ। ਓਦੋਂ ਹੀ ਬੈਠਦੇ ਸੀ, ਜਦ ਜਹਾਜ਼ ਚਲਾਉਣਾ ਸੀ, ਜਾਂ ਕੋਈ ਬੇਪਹੀਏ ਗੱਡੀ ਤੋਰਨੀ ਸੀ। ਈਡੀ ਦੇ ਰਾਸ਼ਟਰਪਤੀ ਕਮਰੇ ਵਿੱਚ ਸੋਫ਼ਾ ਸੀ, ਜਿਸ ਨੂੰ ਆਮ ਤੌਰ'ਤੇ ਇਨਸਾਨ ਹੀ ਵਰਤਦੇ ਸਨ। ਲੋਕ ਸਭਾ ਵਿੱਚ ਵੀ ਸਾਨ੍ਹਾਨਸਲ ਸਿਆਸਤਦਾਨ ਕੰਧਾਂ ਛੱਤਾਂ ਉੱਤੇ ਆਰਾਮ ਨਾਲ਼ ਕਿਰਲੀ ਵਾਂਗ ਚਿੰਬੜ ਕੇ ਵਿਖਿਆਨ ਕਰਦੇ ਸਨ।

ਨੂਆ ਹੁਣ ਛੱਤ ਤੋਂ ਕੰਧ ਰਾਹੀਂ ਫ਼ਰਸ਼ ਉੱਤੇ ਵਾਪਸ ਆ ਗਿਆ ਸੀ ਅਤੇ ਮੇਜ਼ ਦੇ ਸਾਹਮਣੇ ਪੈਰਾਂ'ਤੇ ਚੱਜ ਦੇਣੀ ਖੜ੍ਹ ਗਿਆ ਸੀ।

- ਅੱਛਾ, ਪਹਿਲੀ ਗੱਲ ਹੈ ਮੈਨੂੰ ਇਕਬਾਲ ਤੌਂਕ ਦਾ ਕੇਸ ਪਸੰਦ ਨਹੀਂ। ਤੂੰ ਦੇਖਿਆ?-।

- ਨਹੀਂ ਰਾਸ਼ਟਰਪਤੀ ਜਾਨ-।

- ਵਿਚਾਰਾ ਸਿਰਫ਼ ਗਿਆਰਾਂ ਵਰ੍ਹਿਆਂ ਦਾ ਬਾਲ ਵਰੇਸ ਵਿੱਚ ਸੀ। ਉਸ ਦੇ ਬਾਪ ਨੇ ਇੱਕ ਕਾਰਖਾਣੇ ਨੂੰ ਕਰਜ਼ਾ ਚੁੱਕਣ ਵਾਸਤੇ ਦਾਸਤੇ ਵਿੱਚ ਦੇ ਦਿੱਤਾ, ਜਿੱਥੇ ਪਰਵੱਸ ਹੋ ਗਿਆ। ਸਾਲਿਆਂ ਨੇ ਉਸ ਤੋਂ ਬਾਰਾਂ ਘੰਟਿਆਂ ਦੀਆਂ ਦਿਹਾੜੀਆਂ ਲਵਾਈਆਂ। ਹਾਰ ਕੇ ਨੱਸ ਪਿਆ ਅਤੇ ਜਦ ਆਪਣੇ ਮਾਂ-ਪਿਓ ਦੇ ਘਰ ਪੁੱਜਾ, ਪਿਓ ਨੇ ਫੇਰ ਉਨ੍ਹਾਂ ਦੇ ਹਵਾਲੇ ਕਰ ਦਿੱਤਾ। ਵਿਚਾਰਾ ਫੇਰ ਨੱਸਿਆ ਅਤੇ ਐਦਕੀਂ ਪੁਲਸ ਨੇ ਘਰ ਜਾ ਛੱਡਿਆ। ਫੇਰ ਓਹੀ ਗੱਲ ਮਾਂ-ਪਿਓ ਨੇ ਕਰਜ਼ੇ ਚੁੱਕਾਣ ਕਰ ਦਿੱਤੀ, ਕਾਰਖਾਣੇ ਮੋੜ ਦਿੱਤਾ! ਫੇਰ ਕੀ ਹੋਣਾ ਸੀ? ਮੁੰਡਾ ਹਿੰਮਤ ਵਾਲਾ ਸੀ ਅਤੇ ਆਪ ਵੀ ਅਜ਼ਾਦ ਹੋਇਆ ਅਤੇ ਉਸ ਨੇ ਇਸ ਤੋਂ ਬਾਅਦ ਹੋਰਾਂ ਦੀ ਵੀ ਮੱਦਦ ਕੀਤੀ। ਤਿੰਨ ਹਜ਼ਾਰ ਬੱਚਿਆਂ ਨੂੰ ਇਸ ਤਰ੍ਹਾਂ ਦਿਆਂ ਹਾਲਾਤਾਂ ਵਿੱਚੋਂ ਅਜ਼ਾਦ ਕਰਾ ਦਿੱਤਾ! ਫੇਰ ਪਤਾ ਕੀ ਹੋਇਆ?-

- ਨਹੀਂ ਰਾਸ਼ਟਰਪਤੀ ਜਾਨ-।

- ਵਿਚਾਰੇ ਨੂੰ ਫੂਕ ਦਿੱਤਾ! ਕਿਸੇ ਨੂੰ ਪਤਾ ਨਹੀਂ ਕਿੰਨ੍ਹੇ ਕੀਤਾ। ਪਰ ਮੈਂ ਫ਼ੈਸਲਾ ਬਣਾ ਲਿਆ। ਪੁਲਸ ਨੂੰ ਕਹਿ ਉਸ ਦੇ ਕੰਜਰ ਬਾਪ ਨੂੰ ਗ੍ਰਿਫ਼ਤਾਰ ਕਰਨ। ਘੋਖ ਚਾਲੂ ਕਰ ਦੇਣੀ ਹੈ, ਅੱਛਾ?-।

– ਜੀ ਰਾਸ਼ਟਰਪਤੀ ਜੀ– ਨੂਆ ਨੇ ਸਿਰ ਝੁਕਇਆ ਫੇਰ ਉਸ ਦੀ ਅੱਖ ਵਿੱਚ ਇਲਤ ਆਈ– ਇਕਬਾਲ ਇਨਸਾਨਾਂ ਦਾ ਨਾਂ ਹੈ ਨਾ?–

– ਆਹੋ– ਖਿਝ ਵਿੱਚ ਈਡੀ ਨੇ ਜਵਾਬ ਸੁੱਟਾ, ਪਰ ਕੀ ਹੋਰ ਕਹੇ? ਸੱਚ ਸੀ ਕਿ ਆਦਮੀ ਹੀ ਬਦਮਾਸ਼ ਸੀ ਅਤੇ ਆਪਣੇ ਫੇੜਾਂ ਉੱਤੇ ਨਾਬੀਨਾ। ਕਰਨੀ ਭਰਨੀ ਦੀ ਪਰਵਾਹ ਆਦਮੀ ਕਰਦਾ ਨਹੀਂ ਸੀ ਅਤੇ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਸੁਧਾਉਂਦਾ ਵੀ ਨਹੀਂ ਹੈ। ਹੁਣ ਈਡੀ ਨੂੰ ਗ਼ੁੱਸਾ ਚੜ੍ਹ ਗਿਆ ਸੀ'ਤੇ ਬਾਕੀ ਕੇਸਾਂ ਦਾ ਚੇਤਾ ਭੁੱਲਾ ਕੇ ਬੋਲ਼ਿਆ, – ਮੈਂ ਹਰ ਜਿਮਨੀ, ਹਰ ਸਮਾਚਾਰ ਪੜ੍ਹਿਆ, ਪਰ ਕਿੱਥੇ ਤੁਹਾਡੇ ਸਾਨ੍ਹਾਨਸਲ ਲੂਣ ਹਰਾਮਾਂ ਬਾਰੇ ਨਹੀਂ ਪੜ੍ਹਿਆ! ਕੁਝ ਕਰਦੇ ਵੀ ਹੋ!–।

– ਅਸਾਡੇ ਲੂਣ ਹਰਾਮ? ਤੁਹਾਡੇ ਇਹ ਤਾਂ ਨਹੀਂ ਮਤਲਬ ਹੈ ਕਿ ਖੰਕ ਗਿੱਦੀ ਦੇ ਹਰ ਗੱਦਾਰ, ਜਿਨ੍ਹਾਂ ਵਿੱਚ ਇਨਸਾਨ ਵੀ ਸ਼ਾਮਲ ਹਨ?–। ਪਹਿਲੀ ਵਾਰੀ ਨੂਆ ਨੇ ਅੱਖ ਚੁੱਕੀ। ਵੈਸੇ ਈਡੀ ਦੀ ਮਨੋਦਸ਼ਾ ਨੂਆ ਦੀ ਤਫ਼ਸੀਰ ਉੱਤੇ ਹੀ ਅਨੁਕਿਰਿਆ ਸੀ। ਦਰਅਸਲ ਵਿੱਚ ਇਸ ਮਸਲੇ ਨੂੰ ਤਾਂ ਈਡੀ ਨੇ ਪਹਿਲਾਂ ਵੀ ਛੇੜਣਾ ਸੀ, ਪਰ ਖਿਝ ਨੇ ਗ਼ਲਤ ਤਰੀਕਾ ਪਰਗਟ ਕੀਤਾ ਸੀ। ਹੁਣ ਥੋੜ੍ਹਾ ਜਿਹਾ ਠੰਢਾ ਹੋ ਗਿਆ ਅਤੇ ਫੇਰ ਗੱਲ ਤੋਰੀ, – ਮੇਰਾ ਕਹਿਣ ਦਾ ਭਾਵ ਸੀ ਕਿ ਸਾਨੂੰ ( ਇਸ ਲ਼ਫ਼ਜ਼ ਉੱਤੇ ਜ਼ੋਰ ਨਾਲ਼ ਤਾਕੀਦ ਕੀਤੀ) ਜੰਗ ਨੂੰ ਹਟਾਉਣ ਵਾਸਤੇ ਉਸ ਸੁਲਤਾਨਵਾਦਾਂ ਨੂੰ ਫੜਣਾ ਚਾਹੀਦਾ ਹੈ! ਖ਼ਾਸ ਕਰ, ਜ਼ਰੂਰੀ ਹੈ ਨਾਥ ਹੇਜ਼ੂਸ 'ਤੇ ਉਸ ਇਨਸਾਨ ਗਾਮਾ ਮੀਨਾ ਹੁਣਾਂ ਨੂੰ ਭਾਲ ਕੇ ਕੈਦ ਕਰਨਾ। ਸੋ ਪੁਲਸ ਨੂੰ ਫੇਰ ਕਹਿਓ ਉਨ੍ਹਾਂ ਦਾ ਪਤਾ ਕਰਨ!–।

–ਜੀ ਰਾਸ਼ਟਰਪਤੀ ਜਾਨ– ਨੂਆ ਨੇ ਆਪਣਾ ਸਿਰ ਝੁਕਾਇਆ।

– ਇੱਕ ਹੋਰ ਗੱਲ।ਟੋਬੀ ਬਾਰੇ ਕੁਝ ਪਤਾ ਲ਼ੱਗਾ ਵੀ ਹੈ ਤੁਹਾਨੂੰ?–।

– ਅਸਾਂ ਗ਼ਲਬ ਤਖ਼ਤ, ਜੰਨਤਸਤਾਨ ਚਕੋਰਵਾੜੀ, ਨੂਰਾਨੀ ਮਾਂ ਬਗੈਰਾ ਬਗੈਰਾ ਗ੍ਰਹਿਆਂ'ਤੇ ਨਾਕਾਬੰਦੀ ਕਰ ਦਿੱਤੀ ਹੈ। ਹਰ ਬੰਦਰਗਾਹ ਉੱਤੇ ਸਿਪਾਹੀ ਰੱਖੇ ਹਨ। ਹੁਣ ਹੋਰ ਤਾਂ ਹੀ ਨਹੀਂ ਹੋ ਸਕਦਾ। ਅਸਾਡੇ ਵਸੀਲੇ ਜੰਗ ਉੱਤੇ ਲਾਏ ਹਨ। ਧਿਆਨ ਉੱਧਰ ਵੀ ਦੇਣਾ ਪੈਂਦਾ ਹੈ, ਟਾਸ਼ਟਰਪਤੀ ਜਾਨ–। ਫੇਰ ਅੱਖ ਚਮਕੀ,– ਕਈਆਂ ਥਾਵਾਂ ਅਸਾਡੇ ਹਤਿਆਰੇ ਵੀ ਤਿਆਰ ਹਨ–।

ਈਡੀ ਆਪਣੀ ਕੁਰਸੀ ਉੱਤੇ ਬਹਿ ਗਿਆ। ਕਰਿੰਘੜੀ ਪਾ ਕੇ ਨੂਆ ਵੱਲ ਡਿੱਠਾ। ਨੂਆ ਆਮ ਸਾਨ੍ਹਾਨਸਲ ਦਾ ਰੰਗ ਦਾ ਸੀ। ਪਰ ਕੁਬੜ

ਸੀ, ਸੋ ਜਦ ਈਡੀ ਵੱਲ ਝੁੱਕਦਾ ਵੀ ਸੀ, ਇੰਝ ਲੱਗਦਾ ਸੀ ਕਿ ਈਡੀ ਤੋਂ ਜ਼ਿਆਦਾ ਲੰਮਾ ਨਹੀਂ ਸੀ। ਆਮ ਸਾਨ੍ਹਾਨਸਲ ਤੋਂ ਮੋਟਾ ਸੀ ਅਤੇ ਉਸ ਦੀ ਗੋਗੜ ਦਿਸਦੀ ਸੀ। ਪੱਥਰ ਦੇਵਤੇਆਂ ਨੂੰ ਮਨਣ ਵਾਲ਼ੀ ਕੁਲ ਵਿੱਚੋਂ ਸੀ।

– ਤੂੰ ਤਾਂ ਬਹੁਤ ਹੀ ਚਲਾਕ ਹੈ ਨੂਆ! ਤੂੰ ਕੀ ਜਾਣਦਾ ਹੈ?–।

– ਬੱਸ, ਮੈਂ ਸੁਣਿਆ ਕਿ ਚਾਰ ਜਹਾਜ਼ਾਂ ਉੱਤੇ ਅੱਖਾਂ ਰੱਖੀਆਂ ਹਨ। ਹੋ ਸਕਦਾ ਕਿ ਟੋਬੀ ਉਨ੍ਹਾਂ'ਤੇ ਜਾਤਰੂ ਹੋਵੇ। ਇੱਕ ਜਹਾਜ਼ ਤਾਂ ਰਾਜਨੀਤਕ ਜਹਾਜ਼ ਹੈ, ਉਸ ਦਾ ਨਾਂ – ਵਿਜਈ– ਹੈ–। ਇੱਕ ਨਾਓ ਹੈ, ਪਰ ਉਸ ਦਾ ਨਾਂ ਨਹੀਂ ਕਿਸੇ ਨੂੰ ਪਤਾ, ਨਾ ਕਿ ਉਸ ਦੇ ਮੀਰ ਮਲਾਹ ਬਾਰੇ ਕੋਈ ਜਾਣਦਾ। ਸਭ ਤੋਂ ਔਖਾ ਕੰਮ ਉਸ ਨੂੰ ਲੱਭਣਾ ਹੋਵੇਗਾ। ਖ਼ੈਰ ਉਸ 'ਤੇ ਹੀ ਹੋ ਸਕਦੀ ਹੈ। ਦੂਜਿਆਂ ਉੱਤੇ ਅੱਖ ਤਾਂ ਰੱਖੀ ਹੈ, ਕਿਉਂਕਿ ਇੱਕ ਉੱਤੇ ਜਵਾਨ ਕੁੜੀ ਕੰਮ ਕਰਦੀ ਹੈ ਅਤੇ ਦੂਜੇ 'ਤੇ ਨਿਰਾਕਾਰੀ ਨਾਲ਼ ਇੱਕ ਕੁੜੀ ਸਫ਼ਰ 'ਤੇ ਹੈ। ਉਹ ਇੱਕ ਸੁਦਾਗਰ ਜਹਾਜ਼ ਹੈ, ਜਿਸ ਦਾ ਨਾਂ –ਸਿੰਧਬਾਦ– ਰੱਖਿਆ ਹੋਇਆ ਹੈ–।

– ਹੋਰ ਕਿਸੇ ਨੂੰ ਪਤਾ?–। ਈਡੀ ਨੇ ਆਖਿਆ।

– ਜੀ, ਅਸਾਨੂੰ ਤਾਂ ਸਰਦ ਸਾਜ਼ਸ਼ ਨੇ ਹੀ ਦੱਸਿਆ ਸੀ–।

– ਅੱਛਾ? ਫੇਰ ਖ਼ਾਨਅਮਨੀ ਮੇਰੇ ਪਿੱਠ ਪਿੱਛੇ ਮਿਲਦੇ ਹਨ? ਉਸ ਨੂੰ ਬੁੱਲਾ। ਦੋ ਚਾਰ ਗੱਲਾਂ ਉਸ ਨਾਲ਼ ਕਰਨੀਆਂ ਹਨ। ਜੇ ਇਸ ਸਿੰਧਬਾਦ 'ਤੇ ਸਫ਼ਰ ਕਰ ਰਹੀ, ਮੈਂ ਤਾਂ ਕਹਿੰਦਾ ਆਪਾਂ ਜੰਗ ਵਿੱਚ ਹਾਂ, ਸਾਨੂੰ ਜਹਾਜ਼ ਫੂਕਣਾ ਚਾਹੀਦਾ ਹੈ। ਬੁੱਲਾ ਸਰਦ ਨੂੰ!–।

* * * * *

ਗਾਮਾ ਮਾਮੇ ਦੇ ਲਾਗੇ ਵਾਲ਼ੇ ਉਲਕਾਂ ਦਾ ਤੰਗੜ ਵਿੱਚ ਕਈ ਨਾਓ, ਕਿਸ਼ਤੀਆਂ'ਤੇ ਜਹਾਜ਼ ਪੱਥਰਾਂ ਵਿੱਚ ਵੱਜ–ਵੱਜ ਕੇ ਫੋੜ ਜਾਂਦੀਆਂ ਸਨ। ਇਸ ਕਰਕੇ ਉਨ੍ਹਾਂ ਨੂੰ ਸਹੀ ਰਾਹ ਦਿਖਾਉਣ ਵਾਸਤੇ, ( ਤੰਗੜ ਦੇ ਆਲ਼ੇ ਦੁਆਲ਼ੇ ਕਿਸ ਰਾਹ ਜਾਣ ਨੂੰ) ਆਸ–ਪਾਸ ਚਾਨਣ ਗਲੋਬ ਸਨ, ਜਿਵੇਂ ਸਮੁੰਦਰ ਦੇ ਸਾਹਿਲ ਕੋਲ਼ੇ ਚਾਨਣ ਮੁਨਾਰੇ ਹੁੰਦੇ ਹਨ, ਜਹਾਜ਼ੀਆਂ ਨੂੰ ਖ਼ਤਰੇ ਦੀ ਚਿਤਾਵਣੀ ਦੇਣ ਲਈ। ਚਾਨਣ ਗਲੋਬਾਂ ਵਿੱਚੋਂ ਰੋਸ਼ਨੀ ਤੰਗੜ ਉੱਤੇ ਫੈਲਦੀ ਹੈ। ਹਰ

ਹਜ਼ਾਰ ਮੀਲ 'ਤੇ ਚੰਦ ਵਾਂਗ ਗਲੋਬ ਚਮਕਦਾ ਸੀ। ਇਸ ਨਸੀਹਤ ਦੀ ਪਰਵਾਹ ਕਰਨ ਦੀ ਹਰ ਜਹਾਜ਼ ਦੇ ਮਲਾਹ ਦੀ ਮਰਜ਼ੀ ਸੀ। ਉਹ ਤੰਗੜ ਦਿਆਂ ਪੱਥਰਾਂ ਦੇ ਆਲ਼ੇ ਦੁਆਲ਼ੇ ਵੀ ਜਾ ਸਕਦਾ ਹੈ, ਜਾਂ ਤੰਗੜ ਵਿੱਚ ਲੰਘ ਕੇ ਸ਼ਾਰਟਕੱਟ ਲੈ ਸਕਦਾ ਹੈ।

ਸਿੰਧ ਨੂੰ ਪਤਾ ਸੀ ਕਿ ਸਭ ਤੋਂ ਛੇਤੀ ਜਾਣ ਵਾਲ਼ਾ ਰਾਹ ਤੰਗੜ ਦੇ ਪੱਥਰਾਂ ਵਿੱਚੋਂ ਲੰਘਣ ਵਾਲ਼ਾ ਹੀ ਸੀ। ਪਰ ਉਹ ਕਦੀ ਨਹੀਂ ਇਸ ਰਾਹ ਜਾਵੇਗਾ। ਇਸ ਰਾਹ ਵਿੱਚ ਬਹੁਤ ਖ਼ਤਰਾ ਸੀ। ਪਰ ਸਿੰਦਬਾਦ ਤਾਂ ਇਸ ਵੇਲ਼ੇ ਆਪ ਮੁਰਾਹੇ ਚੱਲ ਰਿਹਾ ਸੀ। ਵੈਸੇ ਸਿੰਧੀ ਖ਼ੁਦ ਬਖ਼ੁਦ ਚਲਾ ਰਿਹੀ ਸੀ।

ਜਹਾਜ਼ ਦੇ ਅਮਲਿਆ ਨੂੰ ਪਤਾ ਵੀ ਨਹੀਂ ਲੱਗਾ ਕਦੋਂ ਸਿੰਧਬਾਦ ਨੂੰ ਪੱਥਰਲ਼ੀ ਖੇਤਰ ਵਿੱਚ ਲੈ ਗਈ ਸੀ। ਮਤਲਬ ਕਦ ਉਲਕਾਂ ਦਾ ਤੰਗੜ ਵਿੱਚ ਦਾਖ਼ਲ ਹੋ ਚੁੱਕੇ ਸਨ। ਸਭ ਤੋਂ ਪਹਿਲੀਂ ਉੱਘ-ਸੁੱਘ ਓਦੋਂ ਲੱਗੀ, ਜਦ ਜਹਾਜ਼ ਵਿੱਚ ਕੁਝ ਜ਼ੋਰ ਦੇਣੀ ਵੱਜਿਆ ਸੀ। ਉਸ ਦੇ ਖੜਕੇ ਨੇ ਉਨ੍ਹਾਂ ਨੂੰ ਚਿਤਾਵਣੀ ਦਿੱਤੀ। ਸੋਸਨੀ ਨੇ ਲਾਂਘੇ ਵਿੱਚ ਜਾ ਕੇ ਬਾਰੀਆਂ ਰਾਹੀਂ ਬਾਹਰ ਦੇਖਿਆ। ਬਾਰੀਆਂ ਪੱਥਰਾਂ ਨਾਲ਼ ਭਰੀਆਂ ਪਾਈਆਂ ਸਨ। ਹੌਲ਼ੀ-ਹੌਲ਼ੀ ਘੁੰਮਦੇ, ਛੋਟੇ ਅਤੇ ਵੱਡੇ। ਉਸ ਹੀ ਵੇਲ਼ੇ ਸਿੰਧ ਸਿੰਘ ਕੰਟਰੋਲ ਕਮਰੇ ਵੱਲ ਨੱਸਿਆ।

ਜਦ ਸਿੰਧ ਕੰਟਰੋਲ ਕਮਰੇ ਅੱਪੜਿਆ, ਇੱਕ ਦਮ ਗ਼ੁੱਸੇ ਵਿੱਚ ਸਿੰਧੀ ਨੂੰ ਟੁੱਟ ਕੇ ਪੈ ਗਿਆ- ਓਏ, ਕੀ ਕਰਦੀ ਏ!-। ਮੂਹਰਲੀ ਬਾਰੀ ਵਿੱਚੋਂ ਪੁਲਾੜ ਦੀ ਕਲਿੱਤਣ ਸਾਹਮਣੇ, ਸੁੰਨ ਵਿੱਚ ਉਡਦੇ, ਘੁੰਮਦੇ ਪੱਥਰ ਦਿਸਦੇ ਸੀ। ਲਾਗੇ ਸਨ। ਬਹੁਤ ਲਾਗੇ!। ਸਿੰਧ ਹੈਰਾਨ ਸੀ ਕਿ ਸਿੰਧੀ ਨੇ ਕਿਹੜਾ ਫ਼ੈਸਲਾ ਲੈ ਲਿਆ ਸੀ!

- ਜੀ! ਮੈਂ ਚਕੋਰਵਾੜੀ ਵੱਲ ਸਿੱਧਾ ਮਗ ਲੈ ਰਹੀ ਹਾਂ-।

- ਸਿੰਧੀ? ਸਾਡੀਆਂ ਜਾਨਾਂ ਨੂੰ ਖ਼ਤਰੇ'ਚ ਪਾ ਰਹੀ ਹੈ! ਤੈਨੂੰ ਤਿੰਨ ਅਸੂਲ ਭੁੱਲ ਗਏ? ਇੱਕ ਦਮ ਰਸਤਾ ਬਦਲ, ਕੱਢ ਸਾਨੂੰ ਇੱਥੋਂ!-। ਚੁੱਪ। ਸਿੰਧ ਨੇ ਖਿਝ ਕੇ ਫੱਟੇ ਦੇ ਬਟਨ ਦੱਬ ਦਿੱਤੇ ਅਤੇ ਜਹਾਜ਼ ਦਾ ਸਵੈਚਾਲਿਤ ਸਿਸਟਮ ਬੰਦ ਕਰਾ ਦਿੱਤਾ। ਸਿੰਧੀ ਨੂੰ ਬੰਦ ਕਰ ਦਿੱਤਾ ਸੀ। ਹੁਣ ਖ਼ੁਦ ਜਹਾਜ਼ ਨੂੰ ਪੱਥਰਿਆਂ ਦੇ ਖ਼ਤਰੇ ਤੋਂ ਦੂਰ ਲੈ ਕੇ ਜਾਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਹੁਣ ਜਹਾਜ਼ ਚਲਾ ਰਿਹਾ ਸੀ। ਸਿੰਧਬਾਦ ਨੂੰ ਪਰ੍ਹੇ ਲੈ ਕੇ ਜਾ ਰਿਹਾ ਸੀ, ਹੌਲ਼ੀ-ਹੌਲ਼ੀ ਪੱਥਰਾਂ ਵਿੱਚ ਵੱਜਣ ਤੋਂ ਬਗੈਰ। ਉਸ ਨੇ ਬਾਰੀ ਵੱਲ

ਤੱਕਿਆ। ਚਾਨਣ ਗਲੋਬਾਂ ਭਾਲਦਾ ਸੀ, ਪਰ ਜਿਹੜੀ ਰੋਸ਼ਨੀ ਉਸ ਨੇ ਡਿੱਠੀ, ਹੋਰ ਹੀ ਕੁਝ ਸੀ। ਜਦ ਉਸ ਦੀ ਭੜਕ ਨੇੜੇ ਆਈ, ਫੇਰ ਹੀ ਰੋਸ਼ਨੀ ਨੂੰ ਸਿਆਣ ਕੀਤਾ; ਫੇਰ ਹੀ ਜੰਗੀ ਰਿਸ਼ਮ ਪਛਾਣੀ ਸੀ! ਜ਼ੰਬੂਰਿਆਂ ਦੀਆਂ ਰਿਸ਼ਮਾਂ ਸਨ! ਸ਼ਆਤੁਫੰਗੀ ਗੋਲ਼ੀ ਚਲਾਈ ਹੋਈ ਸੀ! ਕੋਈ ਪੁਲਾੜੀ ਜੰਗ ਜਹਾਜ਼ ਜਾਂ ਨਾਓ ਤੋਂ ਛੱਡੀਆਂ ਸੀ! ਜਦ ਸਿੰਧਬਾਦ ਵਿੱਚ ਵੱਜੀ, ਸਾਰਾ ਜਹਾਜ਼ ਹਿੱਲਿਆ! ਹੁੱਝਕੇ ਨਾਲ਼ ਸਾਰੇ ਇੱਧਰ ਉੱਧਰ ਡਿੱਗ ਪਏ। ਖ਼ੈਰ, ਨਿਰਾਕਾਰੀਆਂ ਤਾਂ ਆਪਣੇ ਕੱਚ ਤਾਬੂਤਾਂ ਵਿੱਚ ਸਥਿਰ ਸਨ। ਪਰ ਉਨ੍ਹਾਂ ਨੂੰ ਵੀ ਡਰ ਦਾ ਹੌਲ ਪੈ ਗਿਆ। ਫੇਰ ਦੂਜੀ ਰਿਸ਼ਮ ਸਿੰਧਬਾਦ ਉੱਤੇ ਆ ਵੱਜੀ। ਕੋਈ ਜਹਾਜ਼ ਉੱਤੇ ਹਮਲਾ ਕਰ ਰਿਹਾ ਸੀ। ਪਰ ਸਿੰਧ ਜਹਾਜ਼ ਨੂੰ ਪਰ੍ਹੇ ਕਿਵੇਂ ਕਰੇ, ਪੱਥਰਾਂ ਵਿੱਚ ਵੱਜਣ ਤੋਂ ਬਿਨਾ? ਜੇ ਪੱਥਰ ਵਿੱਚ ਜ਼ੋਰ ਦੇਣੀ ਵੱਜ ਗਿਆ, ਫੇਰ ਤਾਂ ਤਹਿਸ ਨਹਿਸ ਹੋ ਜਾਣਾ!

* * * * *

ਤੰਗੜ ਵਿੱਚ ਮੋਰਪੰਖ ਰੂਪ ਵਾਲਾ ਪੱਥਰ ਅਰਾਮ ਨਾਲ਼ ਘੁੰਮਦਾ ਸੀ। ਉਸ ਦੀ ਸਤ੍ਹਾ ਉੱਤੇ ਪਲਾੜ ਬੇੜੀ ਚਿੰਬੜੀ ਹੋਈ ਸੀ, ਜਿਵੇਂ ਕੋਈ ਘਰ ਮੱਖੀ ਕੰਧ ਉੱਤੇ ਖਲੋਤੀ ਹੁੰਦੀ। ਉਸ ਦੇ ਕੰਟਰੋਲ ਫੱਟੇ ਉੱਤੇ ਇੱਕ ਲਾਲ ਬੱਤੀ ਚਮਕਣ ਲੱਗ ਪਈ। ਇੱਚੀਗੁਰੂ ਨੇ ਨਾਲ਼ ਦੇ ਬੀੜੇ ਨੂੰ ਦੱਬਿਆ। ਉਸ ਹੀ ਪਲ ਸਕਰੀਨ ਉੱਤੇ ਬਾਹਰ ਦੀ ਤਸਵੀਰ ਆ ਗਈ। ਸਕਰੀਨ ਕੁੱਝ ਵਿੱਥ ਉੱਤੇ ਵੱਡਾ ਜਹਾਜ਼ ਦਿਖਾਉਂਦੀ ਸੀ, ਜੋ ਉਲਕਾਂ ਵਾਲ਼ੇ ਤੰਗੜ ਵਿੱਚ ਵੜ ਗਿਆ ਸੀ। ਸਿਗਨਾਲ ਉਹੀ ਸੀ, ਜੋ ਕੋਬੋ ਨੇ ਪਹਿਲਾਂ ਚੁੱਕਿਆ ਸੀ। ਇੱਚੀਗੁਰੂ ਨੇ ਹੋਰ ਬਟਨ ਦੱਬੇ ਅਤੇ ਸਕਰੀਨ ‘ਤੇ ਕੁੱਕੜ ਉਡਾਰੀ ‘ਤੇ ਜਹਾਜ਼ ਉਡਦਾ ਲੱਗਦਾ ਸੀ।

– ਪਾਗ਼ਲ ਲੱਗਦਾ!– ਇੱਚੀਗੁਰੂ ਬੋਲ਼ਿਆ, – ਕਿਹੜਾ ਮੀਰ ਮਲਾਹ ਪੱਥਰਾਂ ਵਿੱਚ ਜਾਣ ਬੁੱਝ ਕੇ ਆਉਂਦਾ ਹੈ!–। ਹੁਣ ਕੈਮਰੇ ਨੇ ਜਹਾਜ਼ ਸਾਫ਼ ਦੇਣੀ ਦਿਖਾਇਆ। ਸਕਰੀਨ ‘ਤੇ ਵੱਡਾ ਕਰ ਦਿੱਤਾ ਸੀ। ਜਹਾਜ਼ ਦੇ ਪਾਸੇ –ਸਿੰਧਬਾਦ– ਲਿਖਿਆ ਹੋਇਆ ਸੀ।

– ਅਸਾਡਾ ਕੰਮ ਬਣ ਗਿਆ!–। ਇੱਚੀਗੁਰੂ ਨੇ ਗੱਲ ਖੋਲ਼੍ਹੀ। ਰਾਮ ਦੇ ਮੂੰਹ ਵਿੱਚੋਂ –ਕਾਂ ਕਾਂ– ਆਈ; ਕੋਬੋ ਨੇ ਆਪਣਾ ਸਿਰ ਅੱਗੇ ਕੀਤਾ ਅਤੇ ਸਕਰੀਨ ਵੱਲ ਝਾਕਣ ਲੱਗ ਪਿਆ। ਰਾਮ ਅਕਲ ਸੂਝ ਨਾਲ਼ ਗੱਲ-ਬਾਤ ਕਰ ਰਿਹਾ ਸੀ, ਮਸ਼ੀਨੀ ਬੋਲ਼ੀ ਵਿੱਚ।

ਕੋਬੋ ਨੇ ਉੱਚੀ ਦੇਣੀ ਕਿਹਾ, – ਸੈਂਸਰਾਂ ਦੇ ਸਿਗਨਲ ਮੰਡ ਰਿਹੇ ਹਨ ਕਿ ਸਿੰਧਬਾਦ ਹੀ ਹੈ–।

– ਇਹ ਤਾਂ ਸਾਫ਼ ਸਕਰੀਨ ‘ਤੇ ਦਿਸਦਾ ਭਰਾਵਾ!–। ਇੱਚੀਗੁਰੂ ਨੇ ਬੇੜੀ ਨੂੰ ਸਤ੍ਹਾ ਉੱਤੋਂ ਉਡਾ ਕੇ ਸਿੰਧਬਾਦ ਵੱਲ ਘੁੰਮਾ ਦਿੱਤਾ। ਫੇਰ ਰਫ਼ਤਾਰ ਨਾਲ਼ ਉਸ ਵੱਲ ਬੇੜੀ ਉੱਡ ਗਈ। ਦੂਰੋਂ ਇੰਞ ਜਾਪਦਾ ਸੀ, ਜਿਵੇਂ ਸਿੰਧਬਾਦ ਇੱਕ ਗਊ ਸੀ ਅਤੇ ਬੇੜੀ ਇੱਕ ਗਊ ਮੱਖੀ ਉਸ ਨੂੰ ਤੰਗ ਕਰ ਰਹੀ। ਖ਼ੈਰ ਤੰਗ ਹੀ ਕੀਤਾ।

ਇੱਚੀਗੁਰੂ ਨੇ ਆਵਦੇ ਜ਼ੰਬੂਰਾਂ ਦੇ ਘੋੜੇ ਦੱਬ ਦਿੱਤੇ ਅਤੇ ਇੱਕ ਸ਼ਾਟ ਛੱਡ ਦਿੱਤਾ। ਜੰਗੀ ਰਿਸ਼ਮ ਜਹਾਜ਼ ਦੇ ਢਾਂਚੇ ਵਿੱਚ ਵੱਜਾ ਅਤੇ ਸਕਰੀਨ’ਤੇ ਸਾਫ਼ ਦਿਸਦਾ ਸੀ ਕਿ ਸਿੰਧਬਾਦ ਹਿੱਲ ਗਿਆ ਸੀ, ਫੇਟ ਖਾ ਗਿਆ ਸੀ। ਜਹਾਜ਼ ਡਗਮਗਾਉਂਦਾ ਅਗਲੇ ਸ਼ਾਟ ਤੋਂ ਪਰ੍ਹੇ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਹੁਣ ਇੱਚੀਗੁਰੂ ਨੇ ਬੇੜੀ ਨੂੰ ਉਸ ਦੇ ਬਾਦਬਾਨ ਪਿੱਛੇ ਕਰ ਲਿਆ। ਬਾਦਬਾਨਾਂ ਨੂੰ ਉਜਾੜਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਗਲੇ ਸ਼ਾਟ ਛੱਡ ਦਿੱਤਾ ਅਤੇ ਰਿਸ਼ਮ ਨੇ ਇੱਕ ਹੋਰ ਠੇਸ ਮਾਰ ਦਿੱਤੀ ਸੀ। ਹੁਣ ਸਿੰਧਬਾਦ ਇਵੇਂ ਜਾਪੇ ਜਿੱਦਾਂ ਕੋਈ ਸੁਸਤ ਦਾਨਵ ਨੀਂਦ’ਚੋਂ ਉੱਠਿਆ ਹੁੰਦਾ। ਇੱਕ ਦਮ ਪੱਥਰਾਂ ਵਿੱਚ ਵੱਜਣ ਤੋਂ ਆਪ ਨੂੰ ਬਚਾਇਆ, ਫੇਰ ਤੰਗੜ ਵਿੱਚੋਂ ਨਿਕਲ਼ਣ ਦੀ ਕੋਸ਼ਿਸ਼ ਕੀਤੀ।

ਬੇੜੀ ਹੁਣ ਜਹਾਜ਼ ਦੇ ਸੱਜੇ ਪਾਸੇ ਆ ਗਈ ਸੀ। ਜਦ ਤੀਜਾ ਸ਼ਾਟ ਛੱਡਿਆਂ ਸਾਰਾ ਜਹਾਜ਼ ਹਿੱਲਿਆ।

– ਹੁਣ ਆਖਰੀ ਸ਼ੁਆਤੁਫ਼ੰਗੀ ਗੋਲ਼ੀ ਮਾਰੂਗਾ। ਬਾਦਬਾਨ ਤੋੜ ਦੇਣੇ। ਜਹਾਜ਼ ਉੱਥੇਂ ਹੀ ਖੜ੍ਹਾ ਰਹਿ ਜਾਣਾ ਅਤੇ ਅਸਾਂ ਉਸ ਵਿੱਚ ਵੜ ਕੇ ਸਭ ਨੂੰ ਮਾਰ ਦੇਣਾ!–। ਇੱਚੀਗੁਰੂ ਸ਼ੇਰ ਹੋ ਗਿਆ। ਹੁਣ ਜ਼ੰਬੂਰੇ ਤਾਣ ਕੇ ਸਿੱਧੇ ਕੀਤੇ, – ਹੁਣ ਤੁਹਾਡੀ ਛਾਤੀ ਦੀ ਹਵਾਂ ਕੱਢਣੀ ਪੈਣੀ! ਆਪਣੇ ਆਪ ਨੂੰ ਵੱਡਾ ਜਹਾਜ਼ ਸਮਝਦਾ!–। ਉਂਗਲ਼ ਘੋੜੇ’ਤੇ ਦੱਬਣ ਲੱਗੀ ਸੀ, ਜਦ ਬੇੜੀ ਦੇ ਪਿੱਛੋਂ –ਠਾਹ ਠਾਹ– ਆਈ। ਬੇੜੀ ਘੁੰਮ-ਘੁੰਮ ਕੇ ਇੱਕ ਪੱਥਰ ਵੱਲ ਉੱਡੀ। ਉਸ ਤੋਂ ਬਚਾਉਣ ਵਾਸਤੇ ਇੱਚੀਗੁਰੂ ਨੇ ਸੇਧ ਬਦਲ ਦਿੱਤੀ। ਉਸ ਦੀ ਅਨੁਕਿਰਿਆ ਕਾਫ਼ੀ ਫੁਰਤੀਲੀ ਸੀ। ਜਦ ਤੀਕਰ ਬੇੜੀ ਸਿੱਧੀ ਹੋਈ, ਸਿੰਧਬਾਦ ਪੱਥਰਾਂ ਵਿੱਚੋਂ ਨਿਕਲ਼ ਕੇ ਰਫ਼ਤਾਰ ਨਾਲ਼ ਗਾਮਾ ਮਾਮੇ ਵੱਲ ਜਾ ਰਿਹਾ ਸੀ। ਕੋਬੋ ਨੇ ਸੈਂਸਰ ਦੱਬੇ; ਪਤਾ ਲੈਣਾ ਚਾਹੁੰਦਾ ਸੀ ਕਿਸ ਨੇ ਸ਼ਾਟ

ਛੱਡਿਆ ਉਨ੍ਹਾਂ ਉੱਤੇ। ਸਿੰਧਬਾਦ ਵੱਲੋਂ ਨਹੀਂ ਸੀ ਆਇਆ। ਸੈਂਸਰਾਂ ਨੇ ਇੱਕ ਦਮ ਕੁਝ ਨਹੀਂ ਦੱਸਿਆ। ਅਕਲ ਸੂਝ ਵੀ ਹੈਰਾਨ ਸੀ। ਫੇਰ।

– ਦੇਖ। ਪਿੱਛੇ–। ਸਕਰੀਨ ਵੱਲ ਆਪਣਾ ਇੱਕ ਚੁੰਗਲ਼ ਵਧਾਇਆ। ਸਕਰੀਨ 'ਤੇ ਉਨ੍ਹਾਂ ਦੇ ਪਿੱਛੇ ਇੱਕ ਹੋਰ ਜਹਾਜ਼ ਸੀ। ਜਹਾਜ਼ ਜਿੱਡਾ ਨਹੀਂ ਸੀ, ਪਰ ਇੱਕ ਜੰਗੀ ਨਾਓ ਸੀ। ਕਿਸ ਦੀ ਨਾਓ ਸੀ, ਅਤੇ ਗੋਲ਼ੀਆਂ ਕਿਉਂ ਛੱਡੀਆਂ? ਪਰ ਇਸ ਸਵਾਲ ਆਖਣ ਦੀ ਥਾਂ, ਇੱਚੀਗੁਰੂ ਨੇ ਬੇੜੀ ਘੁੰਮਾ ਕੇ ਜੰਗੀ ਨਾਓ ਨਾਲ਼ ਅੱਖਾਂ ਚਾਰ ਕੀਤੀਆਂ।

– ਅਸਾਂ ਇੱਚੀਗੁਰੂ ਹਾਂ! ਕਿਸੇ ਤੋਂ ਨਹੀਂ ਡਰਦੇ!–।

ਪਰ ਉਸ ਹੀ ਪਲ ਬੇੜੀ ਵਿੱਚ ਲਗਾਤਾਰ ਸ਼ੁਆਂ–ਰਿਸ਼ਮਾਂ ਵੱਜੀਆਂ! ਇੱਚੀਗੁਰੂ ਨੂੰ ਬਿਨਾ ਪੁੱਛੇ, ਰਾਮ ਨੇ ਬੇੜੀ ਨੂੰ ਫਟਾਫਟ ਉੱਥੋਂ ਦੂਰ ਚਲਾ ਦਿੱਤਾ!

*  *  *  *  *

ਸਿੰਧਬਾਦ ਗਾਮਾ ਮਾਮੇ ਵੱਲ ਤੇਜੀ ਨਾਲ਼ ਦੌੜ ਰਿਹਾ ਸੀ। ਉਸ ਦੇ ਪਿੱਛੇ ਤੰਗੜ ਹੁਣ ਦੂਰ ਸੀ। ਤਿੰਨ ਬਾਦਬਾਨਾਂ ਹਾਨੀ ਸਨ, ਜਹਾਜ਼ ਦੇ ਢਾਂਚੇ ਨੂੰ ਵੀ ਜੋਹਫ਼ ਪਹੁੰਚ ਚੁੱਕਾ ਸੀ। ਇਹ ਸਭ ਕੁਝ ਸਿੰਧ ਨੂੰ ਸੈਂਸਰਾਂ ਨੇ ਦੱਸ ਦਿੱਤਾ ਸੀ ਅਤੇ ਸਕਰੀਨ 'ਤੇ ਦਿੱਸ ਰਿਹਾ ਸੀ।

ਸਿੰਧ ਨੇ ਸਿੰਧੀ ਦੀ ਆਵਾਜ਼ ਬੰਦ ਕਰ ਦਿੱਤੀ ਸੀ। ਪਰ ਉਸ ਦੀਆਂ ਅੱਖਾਂ ਨੂੰ ਬੰਦ ਨਹੀਂ ਕਰ ਸਕਦਾ ਸੀ, ਕਿਉਂਕਿ ਜਹਾਜ਼ ਦੀ ਹਰ ਥਾਂ 'ਤੇ ਹੁਣ ਨਜ਼ਰ ਚਾਹੀਦੀ ਸੀ। ਬਾਹਰ ਵੀ, ਅੰਦਰ ਵੀ। ਕਿੱਥੇ–ਕਿੱਥੇ ਠੇਸ ਖਾਂਦੀ ਦਾ ਪਤਾ ਹੋਣਾ ਚਾਹੀਦਾ ਸੀ। ਸਿਰਫ਼ ਕੈਮਰੇ ਹੀ ਚਾਲੂ ਸਨ। ਹੋਰ ਸਵੈਚਾਲਿਤ ਕਾਰਜ ਬੰਦ ਕਰ ਦਿੱਤੇ ਸਨ, ਪਰ ਸਿੰਧੀ ਅਕਲ ਸੂਝ ਸੀ। ਸਿੰਧਬਾਦ ਦੀ ਅੰਤਰ ਆਤਮਾ ਸੀ। ਉਸ ਨੂੰ ਪੂਰਾ ਬੰਦ ਨਹੀਂ ਕਰ ਸਕਦਾ ਸੀ। ਫੇਰ ਵੀ ਜੋ ਖ਼ੁਦ ਕਰ ਸਕਦਾ ਸੀ, ਕਰ ਰਿਹਾ ਸੀ, ਅਤੇ ਕੰਟਰੋਲ ਅਧੀਨ ਉਸ ਦੇ ਹੱਥ ਵਿੱਚ ਸਨ। ਸਿੰਧੀ ਨੂੰ ਰੋਕ ਲਾ ਦਿੱਤਾ ਸੀ।

ਸਿੰਧਬਾਦ ਦੀ ਸਾਇਰਨ ਚੀਕਾਂ ਮਾਰਦੀ ਸੀ, ਨਾਲ਼ੇ–ਨਾਲ਼ ਲਾਲ ਬੱਤੀ ਭੜਕਦੀ ਸੀ। ਤੇਜੀ ਨਾਲ਼ ਸੋਸਨੀ ਕੰਟਰੋਲ ਕਮਰੇ ਵਿੱਚ ਨੱਠ ਕੇ ਆਇਆ, ਉਸ ਦੇ ਹੱਥ ਵਿੱਚ ਸ਼ਆਬੰਦੂਕ।

– ਕੀ ਹੋ ਰਿਹਾ? ਸੱਟ ਕਿੰਨੀ ਖਾਧੀ ਅਸਾਂ?–।

– ਸੱਟਾਂ ਦਾ ਪੂਰਾ ਪਤਾ ਨਹੀਂ। ਸੈਂਸਰ ਕਹਿ ਰਹੇ ਨੇ ਕਿ ਦੋ ਕੁ ਬਾਦਬਾਨ ਖਰਾਬ ਹੋ ਚੁੱਕੇ ਅਤੇ ਢਾਂਚੇ ਦੇ ਪਾਸੇ ਇੱਕ ਗਲ਼ੀ ਹੈ। ਕਿਸਮਤ ਨਾਲ਼ ਹੀਰਿਆਂ ਵਾਲਾ ਜ਼ਖੀਰਾ ਬਚ ਗਿਆ! ਨਹੀਂ ਤਾਂ ਪਲਾੜ ਵਿੱਚ ਹੁਣ ਸਾਡੇ ਮਿਹਨਤ ਨਾਲ਼ ਚੁੱਕੇ ਹੋਏ ਹੀਰਿਆਂ ਦਾ ਜ਼ੰਜੀਰ ਉਡਦਾ ਹੋਵੇਗਾ! ਖ਼ੈਰ ਬਚ ਗਏ! ਫੇਰ ਵੀ ਕੀ ਪਤਾ ਮੈਂ ਗ਼ਲਤ ਵੀ ਹੋ ਸਕਦਾ ਹੈ। ਗਲ਼ੀ ਨੂੰ ਸੂਤ ਕਰਨ ਦੀ ਲੋੜ ਹੈ। ਤੂੰ ਛੱਤੀ ਨੂੰ ਉੱਥੇ ਦਵਾਦਵ ਭੇਜ। ਜੰਤਰਾਂ ਤੋਂ ਗਲ਼ੀ ਬੰਦ ਕਰਾ!–।

– ਆਹੋ! ਪਰ ਇਹ ਸਭ ਕਿਵੇਂ ਹੋਇਆ? ਅਸਾਂ ਤੰਗੜ'ਚ ਕੀ ਕਰ ਰਹੇ ਸੀ?– ਸੋਸਨੀ ਨੇ ਆਖਿਆ।

– ਸਿੰਧੀ ਪਤਾ ਨਹੀਂ; ਪਾਗ਼ਲ ਹੋ ਗਈ! ਮਸ਼ੀਨ ਇੰਝ ਹੋ ਸਕਦੀ ਹੈ? ਪ੍ਰੋਗ੍ਰਾਮਿੰਗ;ਚ ਕੁਝ ਕਸਰ ਪੈ ਗਈ। ਕੁਝ ਗ਼ਲਤ ਹੋ ਗਿਆ, ਰੱਬ ਜਾਣੇ!–। ਸਿੰਧ ਹੰਭ ਗਿਆ ਸੀ।

– ਸਿੰਧੀ ਤੋਂ ਬਿਨਾ ਕੁਝ ਕਰ ਨਹੀਂ ਸਕਦੇ! ਮੈਂ ਸਮਝਿਆ ਨਹੀਂ–। ਸੋਸਨੀ ਨੇ ਹੈਰਾਨੀ ਨਾਲ਼ ਕਿਹਾ।

– ਸਿੰਧੀ ਨੇ ਸਾਨੂੰ ਪੱਥਰਾਂ'ਚ ਲੈ ਕੇ ਆਂਦਾ ਸੀ–।

– ਕੀ?– ਸੋਸਨੀ ਹੈਰਾਨ ਸੀ, ਪਰ ਵਕਤ ਘੱਟ ਸੀ, ਸੋ ਜੋ ਉਸ ਨੂੰ ਆਖਿਆ ਕਰਨ ਨੂੰ, ਕਰਨ ਤੁਰ ਪਿਆ। ਫੇਰ ਵੀ ਉਸ ਦਾ ਕਲ਼ੇਜਾ ਸਹਾਰ ਨਹੀਂ ਸਕਦਾ ਸੀ ਕਿ ਸ਼ਾਇਦ ਸਾਰੇ ਹੀਰੇ ਜਵਾਹਰ ਭੰਨੇ ਢਾਂਚੇ ਵਿੱਚੋਂ ਪਲਾੜ ਵਿੱਚ ਗਵਾਚ ਗਏ ਹੋਣ! ਇਸ ਸੋਚ ਉਸ ਦੇ ਜ਼ਿਹਨ ਵਿੱਚ ਸਿੰਧ ਨੇ ਹੀ ਪਾਈ ਸੀ ਅਤੇ ਜਵਾਹਰਾਂ ਦਾ ਜ਼ੰਜੀਰ ਬਾਹਰ ਉਡਦਾ ਕਾਫ਼ੀ ਨਿਸ਼ਚੇਵਾਚਕ ਤਸੱਵਰ ਸੀ। ਇਸ ਕਰਕੇ ਫੇਰ ਵੀ ਪਹਿਲਾਂ ਜਿੱਥੇ ਜਵਾਹਰ ਸਨ, ਨੱਸਿਆ। ਜਦ ਦੇਖ ਲਿਆ ਕਿ ਢੋਲ ਡੱਬੇ ਠੀਕ ਸਨ, ਇੱਕ ਦਮ ਛੱਤੀ ਨੂੰ ਲੱਭਣ ਚਲੇ ਗਿਆ।

ਸਿੰਧ ਨੇ ਕੰਟਰੋਲ ਫੱਟੀ ਵੱਲ ਝਾਕਿਆ, ਖ਼ਾਲ਼ੀ ਸਕਰੀਨ ਵੱਲ ਝਾਕਿਆ। ਹੁਣ ਖ਼ੁਦ ਹੀ ਸਿੰਧਬਾਦ ਨੂੰ ਚਲਾਵੇਗਾ।

*    *    *    *    *

ਛੱਤੀ ਨੇ ਸਵੈਚਾਲਿਤ ਜੰਤਰਾਂ ਤੋਂ ਕੰਮ ਲਿਆ। ਸਾਰੇ ਜਣੇ ਗਲ਼ੀ ਨੂੰ ਬੰਦ ਕਰਨ 'ਤੇ ਲੱਗੇ ਸੀ। ਸਾਹ ਲੈਣ ਵਾਲ਼ਿਆਂ ਇਨਸਾਨ, ਸਾਨ੍ਹਾਨਸਲ, ਜਾਂ ਨਿਰਾਕਾਰੀ ਇੱਥੇ ਮਰ ਜਾਣੇ ਸੀ। ਸਾਰੀ ਹਵਾ ਪੁਲਾੜ ਦੀ ਸੁੰਞ ਵਿੱਚ ਚੂਸ ਹੋ ਗਈ ਸੀ। ਪਰ ਕਲਦਾਰ 'ਤੇ ਸਵੈਚਾਲਿਤ ਜੰਤਰਾਂ ਨੂੰ ਸਾਹ ਦੀ ਲੋੜ ਨਹੀਂ ਸੀ। ਫਟਾਫਟ ਕੰਮ ਕਰ ਰਹੇ ਸੀ। ਢਾਂਚੇ ਉੱਤੇ ਲੋਹੇ ਦੀਆਂ ਟਾਕੀਆਂ ਲਾ ਰਹੇ ਸੀ।

ਛੱਤੀ ਉਨ੍ਹਾਂ ਜੰਤਰਾਂ ਵੱਲ ਇੱਕੋ-ਇੱਕ ਅੱਖ ਨਾਲ਼ ਤੱਕਦਾ ਸੀ। ਜੇ ਚਾਹਵੇਂ, ਕੰਮ ਰੋਕ ਸਕਦਾ ਸੀ। ਬੱਸ, ਟਾਇਪਿੰਗ ਬੋਰਡ 'ਤੇ ਬਟਨ ਦੱਬਣ ਦੀ ਲੋੜ ਸੀ। ਪਰ ਇਸ ਵੇਲ਼ੇ ਕੀ ਫ਼ਾਇਦਾ ਸੀ? ਖ਼ਤਰਾ ਸਭ ਨੂੰ ਸੀ। ਮਸ਼ੀਨੀ ਆਦਮੀਆਂ ਨੂੰ ਵੀ, ਦੂਜਿਆਂ ਨੂੰ ਵੀ। ਵੈਸੇ ਜੇ ਜਹਾਜ਼ ਵਿੱਚ ਯੰਰਿਕਦਾਰ ਜਾਂ ਕਲਮਾਣਸ ਹੁੰਦੇ, ਉਨ੍ਹਾਂ ਦੀ ਤਾਬੇਦਾਰੀ ਕਿਸ ਪਾਸੇ ਹੋਣੀ ਸੀ? ਯੰਰਿਕਦਾਰ ਇੱਕ ਕਿਸਮ ਦਾ ਕਲਦਾਰ ਹੀ ਸੀ, ਜਿਸ ਨੂੰ ਗਵਾਰ ਜ਼ੁਬਾਨ ਵਿੱਚ - ਐਂਡ੍ਰੋਇਡ- ਆਖਦੇ ਸਨ। ਇੱਕ ਕਿਸਮ ਦਾ ਕਲਦਾਰ, ਜਿਸ ਦਾ ਰੂਪ ਇਨਸਾਨ ਜਾਂ ਸਾਨ੍ਹਾਨਸਲ ਵਰਗਾ ਹੀ ਸੀ। ਜ਼ਰੂਰ ਕਲਦਾਰਾਂ ਦੇ ਪਾਸੇ ਹੋਣਗੇ, ਭਾਵੇਂ ਸ਼ਕਲ ਆਦਮੀ ਦੀ ਸੀ। ਆਦਮੀ ਦਾ ਅਹੰ ਕਿ ਮਸ਼ੀਨੀ ਮਾਨਵ ਦੇ ਰੂਪ ਵਿੱਚ ਕਲਦਾਰ ਉਸਾਰਨੇ ਹਨ। ਦੂਜਾ ਕਿਸਮ ਦਾ, ਕਲਮਾਣਸ, ਹੋਰ ਗੱਲ ਸੀ। ਅੱਧੀ ਮਸ਼ੀਨ, ਅੱਧਾ ਆਦਮੀ। ਜਦ ਇਨਸਾਨ ਜਾਂ ਸਾਨ੍ਹਾਨਸਲ ਦੇ ਅੰਗ-ਤੰਗ ਟੁੱਟ ਜਾਂਦੇ, ਮਸ਼ੀਨੀ ਅੰਗ-ਤੰਗ ਜੁੱਸੇ 'ਤੇ ਜੋੜ ਦਿੰਦੇ ਨੇ। ਕੋਈ ਵਾਰੀ ਮਸ਼ੀਨੀ ਅੱਖ ਜਾਂ ਅੱਧਾ ਸਿਰ ਵੀ। ਇਹ ਵਰਿਧੀ ਕਿਸੇ ਨੂੰ ਜਿਉਂਦਾ ਰੱਖ ਸਕਦੀ ਹੈ, ਪਰ ਬੰਦਾ ਅੱਧਾ ਹੀ ਰਹਿ ਜਾਂਦਾ ਹੈ। ਆਮ ਤੌਰ 'ਤੇ ਕੋਈ ਵੱਡੇ ਹਾਦਸੇ ਬਾਅਦ ਚੀਰ ਫਾੜ ਹੁੰਦੀ ਹੈ। ਇਸ ਤਰ੍ਹਾਂ ਦੇ ਆਦਮੀ ਨੂੰ ਗਵਾਰ ਜ਼ੁਬਾਨ ਵਿੱਚ - ਸਾਈਬੋਰਗ- ਆਖਦੇ ਨੇ। ਸਭ ਤੋਂ ਵੱਡੀ ਗੱਲ ਹੈ ਕਿ ਸਰੀਰ ਦੇ ਜਿੰਨੇ ਮਰਜ਼ੀ ਮਸ਼ੀਨੀ ਹਿੱਸੇ ਹੋਣ ( ਸੀਸ ਭਾਵੇਂ ਸਾਰਾ ਲੋਹੇ ਦਾ ਹੋਵੇ), ਉਸ ਦਾ ਦਿਮਾਗ਼ ਹਾਲੇ ਇਨਸਾਨ ਜਾਂ ਸਾਨ੍ਹਾਨਸਲ ਦਾ ਹੈ। ਸਮਝ ਲਿਓ ਕਿ ਦਿਮਾਗ਼ ਦੇ ਆਲ਼ੇ ਦੁਆਲ਼ੇ ਮਸ਼ੀਨ ਦਾ ਕੱਜ ਹੈ, ਪਰ ਜਨਮ ਦਿੱਤਾ ਜੀਵ ਹੀ ਅੰਦਰ ਹੈ। ਆਹੋ, ਇਸ ਤਰ੍ਹਾਂ ਦਾ ਕਲਮਾਣਸ ਮਾਣਸ ਹੀ ਹੈ। ਜ਼ਰੂਰ ਬੰਦਿਆਂ ਦੇ ਪਾਸੇ।

ਹੁਣ ਦੂਰੋਂ, ਮਸਨੂਈ ਕੱਚ ਪਿੱਛੋਂ ਛੱਤੀ ਵੱਲ, ਸੋਸਨੀ ਤਾੜਦਾ ਸੀ। ਕੀ ਸਾਨ੍ਹਾਨਸਲ ਨੂੰ ਕੋਈ ਸ਼ੱਕ ਪੈ ਗਈ ? ਛੱਤੀ ਹੁਣ ਅੱਧੇ ਘੰਟੇ ਵਾਸਤੇ ਸਿੰਧੀ ਨਾਲ਼ - ਗੱਲ- ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਜਵਾਬ ਨਹੀਂ ਆ ਰਿਹਾ ਸੀ। ਉਸ ਨੇ ਸਿੰਧੀ ਦੇ ਕੈਮਰਿਆਂ ਵੱਲ ਵੀ ਡਿੱਠਾ, ਪਰ ਉਸ ਠੰਢੇ ਨੇਤਰਾਂ ਤੋਂ ਕੁਝ ਨਹੀਂ ਪਤਾ ਲੱਗ ਸਕਦਾ ਸੀ। ਇੱਕ ਹੀ ਇਮਕਾਨ

ਸੀ। ਸਿੰਧ ਨੇ ਸਿੰਧੀ ਨੂੰ ਬੰਦ ਕਰ ਦਿੱਤਾ ਸੀ ਅਤੇ ਆਪ ਹੀ ਜਹਾਜ਼ 'ਤੇ ਕਾਬੂ ਪਾ ਲਿਆ ਸੀ। ਛੱਤੀ ਦੀ ਇੱਕੋ ਅੱਖ ਸੋਸਨੀ ਦੇ ਨੈਣ ਨਾਲ਼ ਮਿਲੀ। ਛੱਤੀ ਨੇ ਜੰਤਰਾਂ ਵੱਲ ਸਿਰ ਘੁੰਮਾ ਲਿਆ। ਸੋਸਨੀ ਨੂੰ ਤਾਂ ਪਤਾ ਨਹੀਂ ਲੱਗਿਆ, ਪਰ ਅੰਦਰੋਂ ਹੁਣ ਛੱਤੀ ਚੁਰਾਸੀ ਨਾਲ਼ ਸੰਚਾਰ ਕਰਦਾ ਸੀ।

* * * * *

ਜਦ ਸਿੰਧਬਾਦ ਗਾਮਾ ਮਾਮੇ ਦੇ ਗ੍ਰਹਿ ਪੰਥ ਦੇ ਲਾਗੇ ਆ ਚੁੱਕਾ ਸੀ, ਟਾਕੀਆਂ ਲਾ ਹੱਟੇ ਸੀ, ਅਤੇ ਬਾਦਬਾਨਾਂ ਵੀ ਸੂਤ ਹੋ ਚੁੱਕੇ ਸੀ। ਹੌਲ਼ੀ-ਹੌਲ਼ੀ ਜਹਾਜ਼ ਗ੍ਰਹਿ ਦੇ ਇੱਕ ਪਾਸੇ ਪਾਰ ਕਰਦਾ ਸੀ, ਚਕੋਰਵਾੜੀ ਵੱਲ। ਹੁਣ ਲਾਲ ਬੱਤੀਆਂ ਬੰਦ ਕਰ ਦਿੱਤੀਆਂ ਸਨ।

ਸਿੰਧ ਨੇ ਸਾਰਿਆਂ ਨੂੰ ਉਸ ਹੀ ਮੇਜ਼ ਆਲ਼ੇ ਦੁਆਲ਼ੇ ਬੁਲ਼ਾਇਆ, ਜਿੱਥੇ ਰੋਜ਼ ਖਾਂਦੇ ਸੀ। ਅਕੀਰਾ ਡਾਏ, ਹਿਕਾਰੂ ਡਾਏ, ਸੋਸਨੀ, ਲੇਵੀ ਅਤੇ ਛੱਤੀ 'ਤੇ ਚੁਰਾਸੀ ਵੀ। ਕਲਦਾਰ ਪਿੱਛੇ ਖੜ੍ਹੇ ਸੀ, ਦੂਜੇ ਸਾਰੇ ਮੇਜ਼ ਦੇ ਆਲ਼ੇ ਦੁਆਲ਼ੇ ਸੀ। ਸਾਰਿਆਂ ਨੂੰ ਇਤਲਾਹ ਦੇਣੀ ਸੀ।

– ਕੀਹਨੇ ਸਾਡੇ 'ਤੇ ਸ਼ਆਤੁਫ਼ੰਗੀਆਂ ਛੱਡੀਆਂ?– ਲੇਵੀ ਨੇ ਇੱਕ ਦਮ ਆਖਿਆ।

– ਸੱਚ ਹੈ, ਸਾਨੂੰ ਪਤਾ ਨਹੀਂ– ਸਿੰਧ ਮੂੰਹ ਮਿੱਟੀ ਹੋ ਗਿਆ ਸੀ।

– ਹੋ ਸਕਦਾ ਤੁਹਾਡੇ ਮਗਰ ਕੋਈ ਹੈ?–। ਸੋਸਨੀ ਠੱਠਾ ਮਾਰ ਕੇ ਹੱਸਿਆ, – ਖ਼ੈਰ ਤੁਸਾਂ ਨੇ ਪੈਸੇ ਅਸਾਨੂੰ ਦਿੱਤੇ ਹਨ, ਤੁਹਾਨੂੰ ਚੁੱਪ ਚਾਪ ਚਕੋਰਵਾੜੀ ਲੈ ਕੇ ਜਾਣ। ਉਹ ਵੀ ਕਿਸੇ ਦੇ ਪਤਾ ਹੋਣਾ ਤੋਂ ਬਗੈਰ!–।

– ਰਹਿਣ ਦੇ ਸੋਸਨੀ– ਸਿੰਧ ਨੇ ਕਿਹਾ।

– ਕਿਉਂ? ਸੱਚ ਹੈ। ਹਿਕਾਰੂ ਅਸਾਡੇ ਜ਼ਿਹਨ ਦੀ ਗੱਲ ਜਾਣ ਲੈਂਦਾ। ਪਰ ਅਸਾਨੂੰ ਉਸ ਦੀ ਵਿਚਲੀ ਗੱਲ ਨਹੀਂ ਪਤਾ ਲੱਗਦੀ। ਕੁਝ ਗ਼ਲਤ ਜ਼ਰੂਰ ਹੇ। ਅਕੀਰਾ ਨੂੰ ਵੀ ਨਹੀਂ ਪਤਾ ਹਿਕਾਰੂ ਦੇ ਦਿਮਾਗ਼'ਚ ਕੀ ਏ! ਇਹ ਗੱਲ ਤਾਂ ਅਣਹੋਣੀ ਹੈ। ਕਿਉਂ ਅਕੀਰਾ, ਮੈਂ ਸਹੀ ਇਹ, ਹੈ ਨਾ? ਤੈਨੂੰ ਪਤਾ ਨ੍ਹੀਂ ਕੀ ਹਿਕਾਰੀ ਸੋਚ ਰਿਹਾ! ਵਰਕਾ ਪਾਟ ਜਾਣਾ ਜੇ ਅਸਾਨੂੰ ਪਤਾ ਨਹੀਂ ਲੱਗਿਆ। ਕੋਈ ਚਾਲ ਨਾਲ ਹਿਕਾਰੂ ਅਕੀਰਾ ਨੂੰ ਜਾਮ ਕਰ ਰਿਹਾ !–।

– ਜੀ। ਕੁਝ ਤਾਂ ਗ਼ਲਤ ਹੈ–। ਅਕੀਰਾ ਨੇ ਆਪਣੀ ਸੋਚ ਸਾਰਿਆਂ ਵੱਲ ਸੁੱਟੀ, ਨਾਲ਼ੇ ਹਿਕਾਰੂ ਵੱਲ ਝਾਕਿਆ।

– ਇੱਕ ਮਿੰਟ ਵਾਸਤੇ ਚੁੱਪ ਹੋ ਜਾ। ਖ਼ੈਰ ਤੇਰੇ ਸਵਾਲ ਸਹੀ ਹਨ। ਜਵਾਬ ਜ਼ਰੂਰ ਚਾਹੀਦਾ ਹੈ। ਹੋ ਸਕਦਾ ਹਿਕਾਰੂ ਦੇ ਦਸ਼ਮਣ ਹੀ ਹਨ। ਪਰ ਸਾਡੇ ਵਾਸਤੇ ਇਸ ਤੋਂ ਵੀ ਵੱਡੀ ਅੜਾਉਣੀ ਹੈ! ਸਿੰਧਬਾਦ ਪੱਥਰਾਂ ਵਿੱਚ ਚਲੇ ਗਿਆ ਸੀ! ਸਿੰਧੀ ਨੇ ਸਾਨੂੰ ਤੰਗੜ ਵਿੱਚ ਪਾ ਦਿੱਤਾ ਸੀ!–।

– ਕੀ ਕਹਿ ਰਿਹਾ?– ਲੇਵੀ ਨੇ ਆਖਿਆ।

– ਜਦ ਦੇ ਹੀਰੇ ਵਾਲੇ ਗ੍ਰਹਿ ‘ਤੇ ਗਏ ਸੀ, ਸਿੰਧੀ ਖਰਾਬੀ ਕਰ ਰਹੀ ਹੈ। ਉਸ ਨੇ ਸਾਨੂੰ ਖ਼ਤਰੇ ਵਿੱਚ ਪਾਇਆ ਹੈ। ਜਦ ਵੀ ਕੋਈ ਸਵਾਲ ਉਸ ਨੂੰ ਆਖਦਾ, ਉਹ ਚੁੱਪ ਰਹਿੰਦੀ ਹੈ। ਜਿਵੇਂ ਉਸ ਦੇ ਪ੍ਰੋਗ੍ਰਾਮਿੰਗ’ਚ ਕਸਰ ਪੈ ਗਈ ਹੁੰਦੀ। ਪਰ ਮੈਨੂੰ ਨਹੀਂ ਲੱਗਦਾ ਇਹ ਗੱਲ ਵੀ ਪੂਰੀ ਸਹੀ ਹੈ। ਮੈਨੂੰ ਤਾਂ ਲੱਗਦਾ ਕਿ ਉਹ ਆਪ ਲਈ ਸੋਚਣ ਲੱਗ ਪਈ ਅਤੁ ਸਾਨੂੰ ਸਭ ਨੂੰ ਖ਼ਰਾਬ ਕਰ ਰਹੀ ਹੈ–।

– ਇਹ ਹੋ ਨਹੀਂ ਸਕਦਾ! ਮਸ਼ੀਨ ਹੈ ਅਤੇ ਤਿੰਨ ਅਸੂਲ–। ਸੋਸਨੀ ਬੋਲ਼ਣ ਸ਼ੁਰੂ ਹੀ ਹੋਇਆ ਸੀ, ਜਦ ਆਪਣੀ ਜ਼ੁਬਾਨ ਦੀ ਤਲਵਾਰ ਨਾਲ਼ ਸਿੰਧ ਨੇ ਉਸ ਨੂੰ ਕੱਟ ਦਿੱਤਾ ਸੀ।

– ਚੁੱਪ ਹੋ ਜਾ!–। ਸਾਰਿਆਂ ਵੱਲ ਤਿੱਖੀ ਨੀਝ ਨਾਲ਼ ਝਾਕਿਆ, ਫੇਰ ਬੋਲ਼ਿਆ, – ਆਹੋ, ਅਸੰਭਵ ਤਾਂ ਹੈ, ਪਰ ਅਣਹੋਣੀ ਨਹੀਂ ਹੈ। ਅਕਸਰ ਸਿੰਧੀ ਇੱਕ ਅਕਲ ਸੂਝ ਹੈ ਜੋ ਨਿੱਤ–ਨਿੱਤ ਸਿਖਦੀ ਹੈ–।

– ਮਤਲਬ ਉਸ ਦਾ ਜ਼ਿਹਨ ਉੱਨਤੀ ਕਰ ਰਿਹਾ ਹੈ?– ਲੇਵੀ ਨੇ ਆਖਿਆ।

– ਜੀ–।

ਫੇਰ ਸਾਰੇ ਚੁੱਪ ਹੋ ਗਏ। ਉਨ੍ਹਾਂ ਦੀਆਂ ਨਜ਼ਰਾਂ ਕਲਦਾਰਾਂ ਉੱਤੇ ਟਿਕੀਆਂ। ਜਿਵੇਂ ਮਸ਼ੀਨੀ ਬੰਦੇ ਹੋਣ ਕਰਕੇ ਸਭ ਨੂੰ ਸਮਝਾ ਸਕਦੇ ਸੀ ਕੀ ਹੋ ਰਿਹਾ ਸੀ ਅਕਲ ਸੂਝ ਦੇ ਨਾਲ਼। ਪਰ ਫੇਰ ਸਿੰਧ ਹੋਰ ਬੋਲ਼ਿਆ।

- ਜੰਗੀ ਜਹਾਜ਼ ਜਾਂ ਜੋ ਵੀ ਸੀ, ਨੇ ਸਾਡੇ ਢਾਂਚੇ ‘ਤੇ ਕਈ ਫੱਟ ਮਾਰ ਦਿੱਤੇ ਸਨ, ਪਰ ਜੰਤਰਾਂ ਨੇ ਟਾਕੀਆਂ ਲਾ ਕੇ ਠੀਕ ਕਰ ਦਿੱਤਾ। ਦੋ ਬਾਦਬਾਨ ਵੀ ਖਰਾਬ ਹੋ ਚੁੱਕੇ ਸਨ, ਪਰ ਛੱਤੀ ਹੁਣਾਂ ਨੇ ਉਨ੍ਹਾਂ ਨੂੰ ਬਣਾ ਦਿੱਤਾ ਹੈ। ਕੁਝ ਹੋਰ ਘੰਟਿਆਂ ਵਿੱਚ ਸਾਰੇ ਕੰਮ ਨਿੱਬੜ ਜਾਣੇ ਨੇ। ਸੋ ਅਸੀਂ ਹਾਲੇ ਵੀ ਚਕੋਰਵਾੜੀ ਪੁੱਜ ਜਾਣਾ ਹੈ। ਹੁਣ ਓਨੀ ਛੇਤੀ ਨਹੀਂ। ਅਕਸਰ ਇਹ ਸਾਰੇ ਕੰਮ ਕਰਨ ‘ਤੇ ਵਕਤ ਲੱਗ ਗਿਆ ਅਤੇ ਹੋਰ ਵੀ ਲੱਗਣਾ ਹੈ। ਪਰ ਫ਼ਿਕਰ ਨਾ ਕਰੋ। ਤੁਸੀਂ ਪਹੁੰਚ ਜਾਣਾ। ਹੁਣ ਦੋ ਗੱਲਾਂ ਕਰਨ ਵਾਲ਼ੀਆਂ ਹਨ। ਪਹਿਲੀ ਸਿੰਧੀ ਦੀ। ਮੈਂ ਉਸ ਨੂੰ ਬੰਦ ਕਰ ਦਿੱਤਾ। ਪਰ ਕੈਮਰੇ ਹਾਲੇ ਵੀ ਚਾਲੂ ਹਨ। ਸਾਨੂੰ ਅੱਖਾਂ ਦੀ ਲੋੜ ਹੈ। ਹੁਣ ਮੈਂ ਖ਼ੁਦ ਜਹਾਜ਼ ਨੂੰ ਚਲਾ ਰਿਹਾ ਹਾਂ। ਛੱਤੀ ਤੇਰਾ ਕੰਮ ਹੁਣ ਹੈ ਪਤਾ ਲੈਣ ਕੀ ਹੋਇਆ। ਮਤਲਬ ਸਿੰਧੀ ਨੂੰ। ਉਸ ਨਾਲ਼ ਗੱਲ ਕਰ। ਜੇ ਸਿੰਧੀ ਜਵਾਬ ਨਹੀਂ ਦੇ ਰਹੀ, ਉਸ ਦੇ ਪ੍ਰੋਗ੍ਰਾਮ ਦੀਆਂ ਫ਼ਾਈਲਾਂ, ਉਸ ਦੀ ਯਾਦ ਦੀਆਂ ਫ਼ਾਈਲਾਂ ਉਤਾਰ ਅਤੇ ਮੈਨੂੰ ਦੱਸੀ ਕੀ ਲੱਭਿਆ। ਸਮਝਦਾ?-।

- ਜੀ-। ਛੱਤੀ ਨੇ ਉੱਤਾਰ ਦਿੱਤਾ, ਉਸ ਦੀ ਅੱਖ ਦਾ ਸ਼ੱਟਰ ਨਿੱਕਾ ਜਿਹਾ ਹੋ ਗਿਆ, ਫੇਰ ਖੱਲ੍ਹ ਗਿਆ। ਇੱਕ ਠੰਢੀ ਬੇਜਾਨ ਅੱਖ। ਪਰ ਅੱਖ ਪਿੱਛੇ ਜਾਨ ਸੀ। ਉਹੀ ਜਾਨ, ਜੋ ਸਿੰਧੀ ਵਿੱਚ ਸੀ। ਇਨਸਾਨ ਦੀ ਸਮਝ ਤੋਂ ਦੂਰ। ਕਲਦਾਰ ਦਿਲ ਵਿੱਚ ਚਾਹੁੰਦਾ ਵੀ ਸੀ ਸਿੰਧ ਦੀਆਂ ਯਾਦਾਂ ਫਰੋਲਣ ਜਾਂ ਬੇਮਸ਼ੀਨੀ ਲੋਕਾਂ ਨੂੰ ਦੱਸਣ ਕੀ ਫ਼ਾਈਲਾਂ ਵਿੱਚ ਸੀ?

- ਦੂਜੀ ਗੱਲ?- ਲੇਵੀ ਨੇ ਆਖਿਆ।

- ਤੈਨੂੰ ਦੂਜੀ ਗੱਲ ਕੀ ਹੈ ਨੂੰ ਪੁੱਛਣ ਦੀ ਲੋੜ ਨਹੀਂ ਲੇਵੀ। ਮੈਂ ਦੱਸਦਾ- ਹਿਕਾਰੂ ਦੀ ਸੋਚ ਸਾਰਿਆਂ ਦਿਆਂ ਜ਼ਿਹਨਾਂ ਵਿੱਚ ਠਿੱਲ੍ਹੀ।- ਸੋਸਨੀ ਤਾਂ ਕਹਿ ਹੀ ਬੈਠਾ। ਆਹੋ, ਕੋਈ ਸਾਡੇ ਹੀ ਮਗਰ ਹੈ-।

- ਇਹ ਤਾਂ ਸਪਸ਼ਟ ਹੈ। ਪਰ ਮੈਨੂੰ ਸਮਝ ਨਹੀਂ ਤੂੰ ਆਪਣੇ ਜ਼ਿਹਨ ਦੇ ਆਲ਼ੇ ਦੁਆਲ਼ੇ ਮੈਥੋਂ ਰੁਕਾਵਟ ਕਿਵੇਂ ਕੀਤੀ ਅਤੇ ਕਿਉਂ?-। ਅਕੀਰਾ ਨੇ ਆਪਣੀ ਸੋਚ ਸਭ’ਤੇ ਸੁੱਟੀ, ਖ਼ਾਸ ਹਿਕਾਰੂ ਉੱਤੇ।

- ਵੀਰ, ਤੂੰ ਸਹੀ ਹੈ। ਮੈਂ ਕਿਸੇ ਵਿੱਚ ਇਤਬਾਰ ਨਹੀਂ ਕਰ ਸਕਦਾ ਹਾਂ। ਤੇਰੇ ‘ਤੇ ਵੀ ਨਹੀਂ। ਮੈਨੂੰ ਕਿਸੇ ਨੇ ਖ਼ਾਸ ਜ਼ੁੰਮਾ ਦਿੱਤਾ ਹੈ। ਕੀ ਪਤਾ ਐਸ ਵੇਲ਼ੇ ਤੁਸੀਂ ਇਸ ਜੰਗ ਦੇ ਵਿੱਚ ਕਿਸ ਦੇ ਪਾਸੇ ਹੋ। ਪਾਸੇ ਦੀ ਵੀ ਗੱਲ ਨਹੀਂ ਹੈ, ਤੁਸੀਂ ਸਾਰੇ ਪੈਸੇ ਦੇ ਸ਼ੌਂਕੀ ਹੋ। ਪੈਸਿਆਂ ਲਈ ਜੋ ਮਰਜ਼ੀ ਕਰ

ਸਕਦੇ ਹੋ। ਇਹ ਤਾਂ ਮੈਂ ਦੇਖ ਲਿਆ। ਹੀਰਿਆਂ ਉੱਤੇ ਕਿੰਨੀ ਦੇਰ ਲਾ ਦਿੱਤੀ ਸੀ। ਇਸ ਕਰਕੇ, ਹਾਂ, ਮੈਂ ਤੁਹਾਨੂੰ ਕੁਝ ਨਹੀਂ ਦੱਸ ਸਕਦਾ ਜਾਂ ਦੱਸਣਾ। ਹੁਣ ਤੁਸੀਂ ਪੈਸੇ ਮੈਤੋਂ ਲੈ ਲਏ। ਕੰਮ ਕਰੋ। ਸਾਨੂੰ ਫਟਾਫਟ ਉੱਥੇ ਲੈ ਕੇ ਜਾਓ। ਤੁਹਾਨੂੰ ਖ਼ਤਰੇ ਨਾਲ਼ ਖੇਲ਼ਣ ਦਾ ਸ਼ੌਂਕ ਹੈ। ਫੇਰ ਹੁਣ ਖ਼ੇਲ਼ੋ!-।

-ਇੱਦਾਂ ਕਰ, ਤੂੰ ਮੇਰੇ ਖਾਟੇ'ਚ ਹੋਰ ਪੈਸੇ ਪਾ ਦੇ।ਖ਼ਤਰੇ ਦੇ ਪੈਸੇ-। ਸੋਸਨੀ ਬੋਲ਼ਿਆ।

- ਤੁਸੀਂ ਤਾਂ ਸਾਰੇ ਲੁਟੇਰੇ ਹੀ ਹੋ!- ਲੇਵੀ ਨੇ ਪੂਰੀ ਤਰ੍ਹਾਂ ਨਾਤਾ ਤੋੜਣ ਵਾਲ਼ੀ ਆਵਾਜ਼ ਵਿੱਚ ਗੱਲ ਫੂਕ ਦਿੱਤੀ।

ਸੋਸਨੀ ਨੇ ਅੱਖਾਂ ਵਿੱਚੋਂ ਅੱਗ ਸੁੱਟਦੇ ਨੇ ਉੱਤਰ ਦਿੱਤਾ, - ਫੂਕਰੀ! 'ਤੇ ਹਿਕਾਰੂ ਫੂਕਰਾ! ਮੈਂ ਨਹੀਂ ਤਿਆਰ ਅੱਗੇ ਜਾਣ ਨੂੰ ਇਨ੍ਹਾਂ ਦੀ ਜ਼ਿੰਮੇਵਾਰੀ ਬਾਰੇ ਪਤਾ ਲੈਣ ਤੋਂ ਬਿਨਾ!-।

- ਚੁੱਪ ਹੋ ਜਾ!-। ਸਿੰਧ ਨੇ ਰੋਹਬ ਕਸਿਆ, - ਪੈਸੇ ਅਸੀਂ ਲੈ ਲਏ, ਸੋ ਕੰਮ ਕਰਾਂਗੇ! ਖ਼ੈਰ ਮੈਂ ਵੀ ਨਹੀਂ ਖ਼ੁਸ਼ ਇਨ੍ਹਾਂ ਦੀ ਗੋਝ ਬਾਰੇ, ਪਰ ਹੁਣ ਅਸੀਂ ਵੀ ਕਿੱਥੇ ਜਾਣਾ?-।

ਸੋਸਨੀ ਜਵਾਬ ਹੀ ਦੇਣ ਲੱਗਾ ਸੀ, ਜਦ ਸਾਰੇ ਹੈਰਾਨ ਹੋ ਗਏ ਸਨ, ਛੱਤੀ ਦੀ ਆਵਾਜ਼ ਸੁਣ ਕੇ। ਉਸ ਨੂੰ ਹਿਕਾਰੂ ਜਾਂ ਅਕੀਰਾ ਦੀਆਂ ਸੋਚਾਂ ਦਾ ਪਤਾ ਨਹੀਂ ਸੀ, ਪਰ ਸੋਸਨੀ, ਲੇਵੀ'ਤੇ ਸਿੰਧ ਦੀਆਂ ਗੱਲਾਂ ਤੋਂ ਸਭ ਕੁਝ ਸਮਝ ਗਿਆ ਸੀ।

- ਸਾਡੇ ਕੋਲ਼ੇ ਹੁਣ ਬਹੁਤ ਪੈਸੇ ਹੈ। ਮਤਲਬ ਜ਼ਖੀਰਾ ਤਾਂ ਜਵਾਹਰਾਂ ਨਾਲ਼ ਭਰਿਆ ਪਿਆ ਹੈ। ਅਸੀਂ ਇਨ੍ਹਾਂ ਨੂੰ ਕਿੱਥੇ ਛੱਡ ਦੇਣਾ ਆ? ਸਾਨੂੰ ਕੀ ਲੋੜ ਇਨ੍ਹਾਂ ਦੀ?-। ਸਾਰੇ ਚੁੱਪ ਸਨ, ਪਰ ਸੋਸਨੀ ਬੋਲ਼ਿਆ, - ਸਹੀ ਗੱਲ! ਛੱਡੋ ਇਨ੍ਹਾਂ ਨੂੰ! ਕੀ ਪਤਾ ਅਗਲੇ ਹਮਲੇ'ਚ ਫੱਟਾਂ-ਸੱਟਾਂ ਦੀ ਥਾਂ ਮਰ ਸਕਦੇ ਹਨ!-।

- ਠੀਕ। ਛੱਡ ਸਕਦੇ। ਪਰ ਕਿੱਥੇ? ਗਾਮਾ ਮਾਮੇ'ਚ ਮਰ ਜਾਣਾ। ਉੱਥੇ ਤਾਂ ਜ਼ਹਿਰੀਲਾ ਗੈਸ ਹੀ ਹੈ। ਉਸ ਤੋਂ ਬਾਅਦ ਪਹਿਲਾਂ ਟਿਕਾਣਾ ਚਕੋਰਵਾੜੀ ਹੀ ਹੈ। ਸਾਡਾ ਕੰਮ ਹੈ ਤਦ ਤੱਕ ਬਚ ਕੇ ਰਹਿਣਾ। ਜਿਸ ਨੇ ਸਾਡੇ'ਤੇ ਗੋਲ਼ੀਆਂ ਛੱਡੀਆਂ, ਫੇਰ ਮਗਰ ਆਵੇਗਾ!- ਸਿੰਧ ਨੇ ਇੰਝ ਕਹਿ ਕੇ

ਹੀ ਨਬੇੜ ਦਿੱਤੀ। ਪਰ ਉਸ ਦਾ ਧਿਆਨ ਛੱਤੀ ਵੱਲ ਰਿਹਾ। ਕਲਦਾਰ ਨੇ ਉਸ ਦਾ ਮਨ ਖੋਭ ਦਿੱਤਾ ਸੀ।

- ਠੀਕ। ਹੁਣ ਸਾਰੇ ਜਣੇ ਆਪਣੇ ਕਮਰਿਆਂ ਹੀ ਜਾਓ। ਪਰ ਸੋਸਨੀ ‘ਤੇ ਛੱਤੀ, ਆਪਣੇ ਕੰਮ ਕਰੋ। ਖ਼ੈਰ ਛੱਤੀ, ਤੂੰ ਠਹਿਰ-। ਬਰਖਾਸਤ ਹੋਣ ‘ਤੇ ਛੱਤੀ ਬਿਨਾ ਸਾਰੇ ਕਮਰੇ’ਚੋਂ ਬਾਹਰ ਚੱਲੇ ਗਏ।

- ਜੀ- ਛੱਤੀ ਨੇ ਮਸ਼ੀਨੀ ਸੁਰ ਵਿੱਚ ਕਿਹਾ।

ਸਿੰਧ ਉਸ ਵੱਲ ਗਹੁ ਨਾਲ਼ ਦੇਖੀ ਗਿਆ, ਪਰ ਬੋਲ਼ਿਆ ਨਹੀਂ। ਜੇ ਛੱਤੀ ਇਨਸਾਨ ਜਾਂ ਸਾਨ੍ਹਾਨਸਲ ਹੁੰਦਾ, ਉਸ ਦਾ ਜੀ ਕਾਹਲ਼ਾ ਪੈਣਾ ਸੀ। ਪਰ ਕਲਦਾਰ ਸੀ, ਇੱਕ ਤੁਰਦਾ ਫਿਰਦਾ ਕੰਪਿਊਟਰ, ਜਿਸ ਕੋਲ਼ ਜਜ਼ਬੇ ਹੈ ਨਹੀਂ। ਸਿੰਧ ਨੇ ਸੋਚਿਆ, ਕੀ ਹੋ ਸਕਦਾ ਮਸ਼ੀਨਾਂ ਹੁਣ ਸੋਚ ਸਮਝ ਸਕਦੀਆਂ, ਜਿੱਦਾਂ ਅਸੀਂ ਸੋਚ ਸਮਝਦੇ ਹਨ? ਆਹੋ, ਕੰਮ ਕਰਨਾ, ਹੁਕਮ ਲੈਣਾ, ਸਵਾਲਾਂ ਨੂੰ ਹੱਲ ਕਰਨਾ ਜਾਣਦੇ ਹਨ। ਪਰ ਸਾਡੇ ਵਰਗੇ ਕਿਵੇਂ ਹੋ ਸਕਦੇ? ਕਿ ਉਨ੍ਹਾਂ ਨੂੰ ਵੀ ਦੁੱਖ ਸੁੱਖ ਲੱਗਦੇ ਹਨ ਜਾਂ ਅਰਮਾਨ ਆਉਂਦੇ ਹਨ? ਇਨਸਾਨ ਦੀ ਚਲਾਕੀ ਉਨ੍ਹਾਂ ਨੂੰ ਵੀ ਛੋਹ ਗਈ ਹੋਣੀ?

-ਛੱਤੀ ਤੂੰ ਆਖਰੀ ਵਾਰੀ ਕਦ ਸਿੰਧੀ ਨਾਲ਼ ਗੱਲ-ਬਾਤ ਕੀਤੀ?-।

- ਜੀ, ਉਸ ਨਾਲ਼ ਪੱਥਰਾਂ ਵਿੱਚ ਜਾਣ ਤੋਂ ਪਹਿਲਾਂ। ਜਦ ਤੁਸੀਂ ਬੰਦ ਕਰ ਦਿੱਤੀ, ਕੋਈ ਗੱਲ ਨਹੀਂ ਹੋਈ-।

- ਅੱਛਾ। ਤੇਰੇ ਆਖਰੀ ਸੰਚਾਰ ਕੀ ਸੀ?-।

- ਉਸ ਨਾਲ਼?-।

- ਆਹੋ, ਹੋਰ ਕੀ-।

- ਜੀ, ਸਿਰਫ਼ ਜਹਾਜ਼ ਦੇ ਆਮ ਕੰਮ ਕੁੰਮ ਬਾਰੇ ਸੀ-।

- ਤੈਨੂੰ ਉਸ ਵਿੱਚ ਕੋਈ ਕਸਰ ਨਹੀਂ ਲੱਗੀ?-

- ਨਹੀਂ ਜੀ-।

- ਚੁਰਾਸੀ ਕਿਸ ਤਰ੍ਹਾਂ ਦਾ ਕਲਦਾਰ ਹੈ?-

- ਕੀ ਮਤਲਬ? ਉਸ ਦੀ ਮੌਡਲ?-।

- ਨਹੀਂ। ਉਸ ਦੀ ਸ਼ਖ਼ਸੀਅਤ-।

- ਸ਼ਖ਼ਸੀਅਤ? ਪਰ ਸਾਡੇ ਕੋਲ਼ੇ ਸ਼ਖ਼ਸੀਅਤ ਕਿਵੇਂ ਹੋ ਸਕਦੀ ਹੈ?-।

- ਤੂੰ ਮੈਨੂੰ ਦੱਸ। ਹੁਣ ਮੈਨੂੰ ਤਾਂ ਲੱਗਦਾ ਹੋ ਸਕਦੀ ਹੈ। ਖ਼ੈਰ ਕਿਸ ਤਰ੍ਹਾਂ ਦਾ ਕਲਦਾਰ ਹੈ-।

ਥੋੜ੍ਹਾ ਚਿਰ ਲਈ ਛੱਤੀ ਚੁੱਪ ਚਾਪ ਰਿਹਾ। ਫੇਰ ਬੋਲ਼ਿਆ, - ਮੈਨੂੰ ਲੱਗਦਾ ਇਮਾਨਦਾਰ ਕਲਦਾਰ ਹੈ। ਕਾਹਤੋਂ ਆਖਦੇ ਹੋ?-।

- ਇਮਾਨਦਾਰ? ਅੱਛਾ? ਤਾਂ ਆਖਦਾ, ਕਿਉਂਕਿ ਹੋ ਸਕਦਾ ਹੈ, ਚੁਰਾਸੀ ਨੇ ਕੋਈ ਰਾਹ ਨਾਲ਼ ਤੋੜ ਫੋੜ ਕੀਤਾ ਹੋਵੇਗਾ, ਜਾਂ ਸਿੰਧੀ ਦੇ ਪ੍ਰੋਗ੍ਰਾਮ ਨੂੰ ਖਲਲ ਅੰਦਾਜ਼ੀ ਕੀਤੀ ਹੋਵੇ। ਮੈਂ ਚਾਹੁੰਦਾ ਹਾਂ ਕਿ ਤੂੰ ਉਸ ‘ਤੇ ਆਪਣੀ ਅੱਖ ਰੱਖੇਂ। ਅੱਛਾ?-।

- ਜੀ-।

- ਹੁਣ ਸਿੰਧੀ ਦੀ ਅਕਲ ਸੂਝ ਵਿੱਚ ਜਾ ਕੇ ਦੇਖ ਕੀ ਕਸਰ ਹੈ-।

- ਜੀ-।

- ਜਾਹ ਫੇਰ-। ਸਿੰਧ ਦੇ ਸਾਹਮਣੇ ਛੱਤੀ ਕੰਟਰੋਲ ਫੱਟੀ ਵੱਲ ਗਿਆ ਅਤੇ ਟਾਈਪ ਕਰਨ ਲੱਗ ਪਿਆ। ਫਿਰ ਫੱਟੀ ਵਿੱਚੋਂ ਇੱਕ ਤਾਰ ਲੈ ਕੇ ਆਪਣੀ ਛਾਤੀ ਵਿੱਚ ਲਾ ਦਿੱਤੀ। ਇਸ ਨਾਲ਼ ਅਕਲ ਸੂਝ ਦਾ ਡੈਟਾ ਆਪਣੇ ਵਿੱਚ ਪਾਉਣ ਲੱਗ ਪਿਆ। ਸਿੰਧ ਬੈਠ ਕੇ ਉਸ ਵੱਲ ਗਹੁ ਨਾਲ਼ ਦੇਖੀ ਗਿਆ।

*　　*　　*　　*　　*

ਰੂਬਾ ਰੀਟੀ ਨੇ ਇੱਕ ਹੋਰ ਸ਼ੁਆ ਛੱਡੀ। ਬੇੜੀ ਹੁਣ ਘੁੰਮ ਕੇ ਪੱਥਰਾਂ ਵਿੱਚ ਵੱਜਣ ਲੱਗੀ ਸੀ। ਕਮਾਲ ਦੀ ਗੱਲ, ਰੂਬਾ ਨੇ ਸੋਚਿਆ ਜਦ ਬੇੜੀ ਦੇ ਉਡਾਰੀ ਨੇ ਪੱਥਰ ਤੋਂ ਬਚਾ ਦਿੱਤਾ ਸੀ। ਖ਼ੈਰ ਕੋਈ ਫ਼ਰਕ ਨਹੀਂ ਪੈਂਦਾ ਸੀ, ਕਿਉਂਕਿ ਰੂਬਾ ਦਾ ਕੰਮ ਕਾਮਯਾਬ ਹੋ ਚੁੱਕਾ ਸੀ। ਬੇੜੀ ਸਿੰਧਬਾਦ ਉੱਤੇ ਹਮਲਾ ਕਰ ਰਹੀ ਸੀ; ਹੁਣ ਇਸ ਵਿੱਚ ਕਾਮਯਾਬ ਨਹੀਂ ਹੋਈ। ਬੇੜੀ ਨੇ ਫੇਰ ਨਾਓ ਦੇ ਨਾਲ਼ ਅੱਖਾਂ-ਚਾਰ ਕੀਤੀਆਂ। ਰੂਬਾ ਨੇ ਲਗਾਤਾਰ ਕਈ ਰਿਸ਼ਮਾਂ ਛੱਡੀਆਂ। ਫੇਰ ਬੇੜੀ ਘੁੰਮ ਕੇ ਪੁਲਾੜ ਦੀ ਸਿਆਹੀ ਵਿੱਚ ਬੁੜ੍ਹਕ ਗਈ ਸੀ।

- ਮਗਰ ਜਾਈਏ?- ਰੂਬਾ ਦੇ ਸਾਥੀ ਨੇ ਆਖਿਆ।

- ਨਹੀਂ ਲੇਕਸੀ, ਕੋਈ ਫ਼ਾਇਦਾ ਨਹੀਂ ਹੈ। ਮੈਨੂੰ ਲੱਗਦਾ ਉਨ੍ਹਾਂ ਨੇ ਫੇਰ ਨਹੀਂ ਕੋਸ਼ਿਸ਼ ਕਰਨੀ। ਜੇ ਕੀਤੀ, ਅਸੀਂ ਉਸ ਹੀ ਵੇਲ਼ੇ ਉਨ੍ਹਾਂ ਨੂੰ ਮੁਕਾ ਦਿਆਂਗੇ। ਹੁਣ ਵਾਸਤੇ ਖ਼ਤਰਾ ਨਹੀਂ ਹੈ। ਆਪਾਂ ਹੁਣ ਸਿੰਧਬਾਦ ਮਗਰ ਹੀ ਜਾਵਾਂਗੇ-। -ਰੂਬਾ- ( ਇੱਕ ਕਾਲ਼ਾ ਮਰਦ ਸੀ, ਈਡੀ ਦੀ ਕੌਮ ਦਾ) ਨੇ ਲੇਕਸੀ ਨੂੰ ਜਵਾਬ ਦਿੱਤਾ ( ਉਹ ਵੀ ਈਡੀ ਦੀ ਕੌਮ ਦੀ ਨਾਰੀ ਸੀ)।

ਦੋਨਾਂ ਨੂੰ ਗਾਮਾ ਮੀਨਾ ਨੇ ਭੇਜਿਆ ਹੋਇਆ ਸੀ। ਦੋਨਾਂ ਦਾ ਕੰਮ ਸੀ ਟੋਬੀ ਨੂੰ ਭਾਲ ਕੇ ਬਚਾਉਣਾ। ਪਰ ਪਹਿਲਾਂ ਕੰਮ ਸੀ ਸਿੰਧਬਾਦ ਨੂੰ ਬਚਾ ਕੇ ਦੇਖਣ ਉਸ ਜਹਾਜ਼ ਵਿੱਚ ਕੌਣ ਸਫ਼ਰ ਕਰ ਰਿਹਾ ਸੀ। ਦੇਖਣਾ ਸੀ ਜੇ ਚਰਚੇ ਸਹੀ ਸਨ। ਕੌਮ ਭਾਵੇਂ ਈਡੀ ਦੀ ਸੀ, ਪਰ ਇਸ ਜੰਗ ਵਿੱਚ ਪਾਸਾ ਤਾਂ ਸੰਡਾਲਿਆਂ ਦਾ ਹੀ ਲਿਆ ਸੀ। ਹੇਜ਼ੂਸ ਨੂੰ ਗਾਮੇ ਨੇ ਕਿਹਾ ਸੀ ਕਿ - ਮੇਰੇ'ਤੇ ਸਭ ਕੁਝ ਛੱਡ ਦੇ-। ਇਸ ਦਾ ਮਤਲਬ ਸੀ ਕਿ ਟੋਬੀ ਨੂੰ ਬਚਾਉਣਾ ਸੀ ਅਤੇ ਚਕੋਰਵਾੜੀ 'ਤੇ ਉਸ ਨੂੰ ਲੈਣ ਜਾਣਾ ਸੀ। ਰੂਬਾ 'ਤੇ ਲੇਕਸੀ ਦੋਈ ਸੁਲਤਾਨਵਾਦੀ ਹਤਿਆਰੇ ਸਨ, ਜਿਨ੍ਹਾਂ ਦਾ ਕੰ ਸੀ ਗਣਤੰਤਰੀ ਹਤਿਆਰਿਆਂ ਨੂੰ ਮਾਰਨਾ। ਮਤਲਬ, ਉਨ੍ਹਾਂ ਨੂੰ ਟੋਬੀ ਕੋਲ਼ ਪਹੁੰਚਣ ਤੋਂ ਪਹਿਲਾਂ ਮਾਰਨਾ ਜਾਂ ਟੋਬੀ ਨੂੰ ਉਨ੍ਹਾਂ ਤੋਂ ਬਚਾਉਣਾ ਸੀ। ਗਾਮੇ ਨੇ ਲੋਕ ਪਹਿਲਾਂ ਹੀ ਚਕੋਰਵਾੜੀ ਭੇਜੇ ਹੋਏ ਸੀ, ਟੋਬੀ ਨੂੰ ਸੰਭਾਲ਼ ਕੇ ਗ਼ਲਬਾ ਤਖਤ ਲੈ ਕੇ ਜਾਣ ਵਾਸਤੇ। ਜੇ ਲੋੜ ਪਈ ਰੂਬਾ 'ਤੇ ਲੇਕਸੀ ਨੇ ਉਨ੍ਹਾਂ ਦੀ ਵੀ ਮੱਦਦ ਕਰਨੀ ਸੀ।

ਰੂਬਾ ਰੀਟੀ ਦੀ ਨਾਰੀ ਦੋਸਤ ਦਾ ਪੂਰਾ ਨਾਂ -ਲੇਕਸੀ ਭੰਬੀ- ਸੀ। ਰੂਬਾ ਲੰਬਾ ਅਤੇ ਪਤਲਾ ਆਦਮੀ ਸੀ। ਉਸ ਦੀ ਠੋਡੀ ਖੋਦੀ ਸੀ। ਵਾਲ਼ ਕਾਲ਼ੇ ਸਨ। ਕੇਸ ਦਸ ਮੇਢੀਆਂ ਵਿੱਚ ਬੰਨ੍ਹੇ ਸਨ, ਜੋ ਸਪੇਲੀਆਂ ਵਾਂਗ ਸਿਰ ਦੇ ਆਸ ਪਾਸ ਡਿੱਗਦੀਆਂ ਸਨ। ਹਰ ਮੀਢੀ'ਤੇ ਕਈ ਰੰਗ-ਬਰੰਗੇ ਮਣਕੇ ਲਾਏ ਸਨ। ਕਦੀ ਇੰਝ ਹੀ ਮੀਢੀਆਂ ਲਟਕਦੀਆਂ ਹੁੰਦੀਆਂ ਸਨ; ਕਦੀ ( ਜਿੱਦਾਂ

ਹੁਣ ਕੀਤਾ ਹੋਇਆ ਸੀ) ਜੂੜੇ'ਚ ਬੰਨ੍ਹੀਆਂ ਹੁੰਦੀਆਂ ਸਨ। ਕਾਲ਼ੇ ਚੰਮ ਦੀ ਕੁੜਤੀ ਪਾਈ ਸੀ, ਆਸਤੀਨਾਂ ਤੋਂ ਬਿਨਾ। ਕਾਲ਼ੇ ਘੁੱਟਨੇ ਵੀ ਪਾਏ ਸੀ। ਕਾਲ਼ੇ ਬੰਦੇ ਵਾਸਤੇ ਉਸ ਦਾ ਰੰਗ ਹਲਕਾ ਜਿਹਾ ਸੀ।

ਲੇਕਸੀ ਦੇ ਵੀ ਉਸ ਜਿਹੇ ਲੀੜੇ ਪਾਏ ਸਨ। ਰੰਗ ਉਸ ਦਾ ਜ਼ਿਆਦਾ ਪੱਕਾ ਸੀ, ਪਰ ਬਹੁਤ ਸੁੰਦਰ ਸੀ। ਵਾਲ਼ ਸਿਰ ਪਿੱਛੇ ਜੂੜੇ ਵਿੱਚ ਬੰਨ੍ਹੇ ਹੋਏ ਸੀ। ਲੇਕਸੀ ਦੇ ਕੇਸਾਂ'ਚ ਕੋਈ ਮਣਕੇ ਨਹੀਂ ਸੀ, ਕੋਈ ਮੇਢੀਆਂ ਨਹੀਂ ਸਨ।

ਦੋਨਾਂ ਦੇ ਪਤਲੂਣਾਂ ਦੀਆਂ ਜੰਘਾਂ ਦੇ ਆਲ਼ੇ ਦੁਆਲ਼ੇ ਕਈ ਕਿਸਮ ਦੀਆਂ ਕਟਾਰਾਂ ਬੰਨ੍ਹੀਆਂ ਸਨ। ਹਿੱਕ ਦੇ ਨਾਲ਼ ਵੀ ਇੰਝ ਹੀ ਸੀ। ਦੋਨਾਂ ਕੋਲ਼ੇ ਸ਼ੁਆਤਫੰਗਾਂ ਸਨ, ਪਰ ਰੂਬਾ ਇੱਕ ਭਾਰਾ ਭਾਲਾ ਵਰਤਦਾ ਸੀ ਅਤੇ ਲੇਕਸੀ ਕੋਲ਼ੇ ਕਲਧਣਖ ਸੀ , ਜੋ ਉਸ ਦੀ ਕਲਾਈ ਉੱਤੇ ਬੰਨ੍ਹੀ ਹੋਈ ਸੀ ਅਤੇ ਪੰਜ ਛੇ ਨਿੱਕੇ ਤੀਰ ਉਸ ਵਿੱਚ ਸਨ। ਇਸ ਤੋਂ ਇਲਾਵਾਂ ਕਈ ਕਿਸਮ ਦੇ ਹਰਬੇ ਸਨ।

ਜਦ ਬੇੜੀ ਦੂਰ ਚਲੀ ਗਈ ਸੀ, ਉਨ੍ਹਾਂ ਨੇ ਆਪਣੀ ਜੰਗੀ ਨਾਓ ਸਿੰਧਬਾਦ ਦੇ ਮਗਰ ਕਰ ਦਿੱਤੀ ਸੀ॥

## ਕਾਂਡ ਪੰਜਵਾਂ

**ਇਸ ਵਿੱਚ ਛੱਤੀ ਉੱਤੇ ਸਿੰਧ ਨੂੰ ਸ਼ੱਕ ਪੈਂਦਾ ਹੈ। ਈਡੀ ਅਤੇ ਉਸ ਦੇ ਗਣਤੰਤਰੀਵਾਦੀ ਸਾਜ਼ਸ਼ੀ ਸਕੀਮਾਂ ਘੜ੍ਹਦੇ ਹਨ। ਸਿੰਧਬਾਦ ਹਾਰ ਕੇ ਚਕੋਰਵਾੜੀ ਪਹੁੰਚ ਜਾਂਦਾ, ਜਿੱਥੇ ਦਾਲ਼ ਵਿੱਚ ਕੁਝ -ਕਾਲ਼- ਹੈ। ਅਸੀਂ ਟੋਬੀ ਨੂੰ ਮਿਲ਼ਦੇ ਹਾਂ॥**

ਛੱਤੀ ਨੇ ਪੰਜ ਘੰਟੇ ਲਾ ਦਿੱਤੇ ਸਨ; ਸਿੰਧੀ ਦੀਆਂ ਯਾਦਾਂ ਵਾਲੀਆਂ ਫ਼ਾਈਲਾਂ ਉੱਤੇ। ਹਾਰ ਕੇ ਆਪਣੀਆਂ ਤਜਵੀਜਾ ਸਿੰਧ ਨੂੰ ਫੜਾ ਦਿੱਤੀਆਂ ਸਨ, ਇੱਕ ਕੱਚ ਵਾਲੇ ਚੌਸਰੇ ਪਟੜੇ ਉੱਤੇ। ਇਹ ਪਟੜਾ ਨਿਰਮਲ ਸ਼ੀਸ਼ੇ ਵਰਗਾ ਹੀ ਸੀ ( ਪਾਰੇ ਸਿਵਾ, ਜੋ ਆਮ ਸ਼ੀਸ਼ੇ ਦੇ ਪਿੱਛੇ ਹੁੰਦਾ ਅਤੇ ਜਿਸ ਕਰਕੇ ਸ਼ੀਸ਼ੇ ਨਾਲ਼ ਆਪਣਾ ਅਕਸ ਦਿਸਦਾ ਸੀ)। ਪੁਰਾਣੀਆਂ ਸਦੀਆਂ ਵਿੱਚ ਨੂਰਾਨੀ ਮਾਂ ਉੱਤੇ ਇਸ ਵਰਗਾ ਜੰਤਰ ਹੁੰਦਾ ਸੀ, ਜਿਸ ਨੂੰ -ਆਈ-ਪੈਡ -ਆਖਦੇ ਸਨ। ਪਰ ਇਹ ਤਾਂ ਸਾਫ਼ ਸ਼ੀਸ਼ਾ ਹੀ ਸੀ, ਜਿਸ ਵਿੱਚੋਂ ਦੂਜੇ ਪਾਸੇ ਦੇਖ ਸਕਦੇ ਸੀ। ਪਰ ਕੱਚ ਉੱਤੇ ਸੂਚਨਾਂ ਦੇ ਅੱਖਰ ਵੀ ਸਾਫ਼ ਦਿਸਦੇ ਸਨ, ਅਤੇ ਆਪਣੀਆਂ ਉਂਗਲ਼ੀਆਂ ਨਾਲ਼ ਕੱਚ ਨੂੰ ਛੋਹ ਕੇ 'ਗਾਹਾਂ ਕਰ ਸਕਦੇ ਸੀ। ਹੁਣ ਇਸ ਤਰ੍ਹਾਂ ਹੀ ਸਿੰਧ ਦੀ ਉਂਗਲ਼ੀ ਕਰਦੀ ਸੀ। ਪਰ ਜੋ ਉਸ ਨੂੰ ਲਿਖਿਆ ਦਿਸਦਾ ਸੀ, ਉਹਦੇ ਨਾਲ਼ ਖ਼ੁਸ਼ ਨਹੀਂ ਸੀ। ਮਸ਼ਕੂਕ ਸੀ।

ਸਿੰਧ ਨੇ ਸੱਜੀ ਭੌਂ ਤਿਊੜੀ ਨਾਲ਼ ਚੁੱਕ ਕੇ ਛੱਤੀ ਵੱਲ ਤਾੜਿਆ। ਖ਼ੁਸ਼ ਨਹੀਂ ਸੀ। ਛੱਤੀ ਦੀ ਬੇਜਾਨ ਅੱਖ ਨੇ ਵਾਪਸ ਟਿਕਟਿਕੀ ਲਾ ਕੇ ਵੇਖਿਆ।

- ਇਹ ਸਹੀ ਹੈ?- ਸਿੰਧ ਨੇ ਮਾਯੂਸੀ ਨਾਲ਼ ਆਖਿਆ।

- ਜੀ-

ਸਿੰਧ ਨੇ ਇੱਕ ਵਾਰ ਫੇਰ ਕਲਦਾਰ ਵੱਲ ਡਿੱਠਾ। ਹੋ ਸਕਦਾ ਕਿ ਇਹ ਕਲਦਾਰ ਚਲਾਕ ਹੋਵੇ ਜਾਂ ਝੂਠ ਬੋਲ਼ਦਾ ਹੋਵੇ? ਪਾਗ਼ਲ ਨਾ ਬਣ। ਤੂੰ ਇਸ ਦੇ ਨਾਲ਼ ਹੀ ਬੈਠਾ ਸੀ। ਸਾਰਾ ਕੁਝ ਤੇਰੇ ਸਾਹਮਣੇ ਹੋਇਆ ਹੈ। ਝੂਠ? ਤਿੰਨ ਅਸੂਲ ਸਨ। ਸੱਚ ਹੀ ਬੋਲ਼ ਸਕਦੇ ਸੀ, ਇਹ ਕਲਦਾਰ। ਪਰ ਜੇ ਸੱਚ ਹੀ ਬੋਲ਼ ਸਕਦੇ ਸੀ, ਫੇਰ ਸਿੰਧੀ ‘ਤੇ ਕਿਉਂ ਜੰਨ ਸੀ? ਗੋਸ਼ਵਾਰੇ ਦੇ ਹਿਸਾਬ ਨਾਲ਼ ਸਿੰਧੀ ਵਿੱਚ ਕੋਈ ਕਸਰ ਨਹੀਂ ਸੀ, ਅਤੇ ਸਮਾਚਾਰ ਸਿੰਧ ਨੂੰ ਦੱਸਦਾ ਸੀ ਕਿ ਸਿੰਧੀ ਨੂੰ ਫੇਰ ਚਾਲੂ ਕਰਨ। ਸਿੰਧ ਨੇ ਉਂਗਲ਼ ਨਾਲ਼ ਇੱਕ ਵਾਰੀ ਫੇਰ

ਅੱਖਰ ਇੱਧਰ ਉੱਧਰ ਹਿਲਾਏ, ਨਾਲ਼ੇ ਨਾਲ਼ ਨਜ਼ਰਾਂ ਅੱਖਰਾਂ ਉੱਤੇ ਦੌੜਾਈਆਂ। ਛੱਤੀ ਦੀ ਰਿਪੋਰਟ ਵਿੱਚ ਚੁਰਾਸੀ ਬਾਰੇ ਕੁਝ ਨਹੀਂ ਸੀ। ਕੋਈ ਹੇਰਾ ਫੇਰੀ ਬਾਰੇ ਨਹੀਂ ਸੀ ਲਿਖਿਆ। ਸਿਰਫ਼ ਲਿਖਿਆ ਸੀ ਕਿ ਸਿੰਧੀ ਨੂੰ -ਰੀਬੂਟ- ਦੀ ਲੋੜ ਸੀ ਅਤੇ ਛੱਤੀ ਨੇ ਇਹ ਕੰਮ ਕਰ ਦਿੱਤਾ ਸੀ; 'ਤੇ ਫੇਰ ਸਿੰਧੀ ਦੀ ਜਾਂਚ ਕੀਤੀ ਸੀ। ਇਮਤਿਹਾਨ ਪਾਸ ਕਰ ਗਈ ਸੀ। ਹਾਰ ਹੁੱਟ ਕੇ ਸਿੰਧ ਨੇ ਛੱਤੀ ਨੂੰ ਪਟੜਾ ਵਾਪਸ ਦੇ ਦਿੱਤਾ ਸੀ। ਜਾਂਦੇ ਜਾਂਦੇ ਨੇ ਉਸ ਦੇ ਹੱਥਾਂ ਵਿੱਚ ਜੋਰ ਦੇਣੀ ਧੱਕਿਆ, ਜਿਸ ਨਾਲ਼ ਕਲਦਾਰ ਹਿੱਲ ਗਿਆ ਸੀ। ਉਸ ਵੱਲ਼ ਝਾਕਿਆ ਵੀ ਨਹੀਂ। ਨਾਲ਼ੇ ਨਾਲ਼ ਬੋਲ਼ਿਆ,

- ਠੀਕ। ਪਰ ਮੈਂ ਹਾਲੇ ਵੀ ਖ਼ੁਦ ਚਲਾਵਾਂਗਾ। ਜਦ ਚਕੋਰਵਾੜੀ ਪੁੱਜ ਗਏ, ਉਸ ਤੋਂ ਬਾਅਦ ਦੇਖਾਂਗੇ, ਜੇ ਸਿੰਧੀ ਨੂੰ ਚਾਲੂ ਕਰਨਾ ਚਾਹੀਦਾ ਜਾਂ ਨਹੀਂ। ਉਸ ਦੀ ਅੱਖ ਵੀ ਬੰਦ ਕਰ-। ਸਿੰਧ ਨੇ ਇੱਕ ਪਲ ਵਾਸਤੇ ਘੁੰਮ ਕੇ, ਖਿਝ ਕੇ ਕਿਹਾ।

- ਅੱਖ?- ਛੱਤੀ ਨੇ ਆਖਿਆ।

- ਕੈਮਰੇ ਬੇਵਕੂਫ਼!-। ਗ਼ੁੱਸਾ ਖਾ ਕੇ ਸਿੰਧ ਕੰਟਰੋਲ ਕਮਰੇ ਵਿੱਚੋਂ ਤੁਰ ਪਿਆ।

ਛੱਤੀ ਨੇ ਪਟੜਾ ਹੇਠਾਂ ਰੱਖ ਕੇ ਕੰਟਰੋਲ ਫੱਟੀ ਵੱਲ ਦੇਖਿਆ। ਕੀ ਹੁਣ ਮੈਂ ਚੁੱਪ-ਚਾਪ ਸਿੰਧੀ ਨੂੰ ਚਾਲੂ ਕਰਾਂ? ਜਾਂ ਸਹੀ ਵਕਤ ਨੂੰ ਓਡੀਕਾਂ? ਘੁੰਮ ਕੇ ਉਹ ਵੀ ਬਾਹਰ ਤੁਰ ਪਿਆ। ਛੱਤੀ ਆਪਣੀਆਂ ਡਿਊਟੀਆਂ ਕਰਨ ਚਲੇ ਗਿਆ। ਉਸ ਨੂੰ ਪਤਾ ਨਹੀਂ ਸੀ ਕਿ ਗ਼ੁੱਸੇ ਵਿੱਚ ਸਿੰਧ ਸੋਸਨੀ ਨੂੰ ਭਾਲ਼ਣ ਚਲੇ ਗਿਆ ਸੀ। ਸੋਸਨੀ ਸਿੰਧ ਨੂੰ ਲੱਭ ਗਿਆ ਸੀ। ਸਾਨ੍ਹਾਨਸਲ ਇੰਜੀਨੀਅਰਿੰਗ 'ਚ ਕੰਮ ਕਰ ਰਿਹਾ ਸੀ।

- ਸੋਸਨੀ!- ਸਿੰਧ ਨੇ ਖੜਕੇ ਉੱਤੇ ਸੰਘ ਪਾੜਿਆ।

ਸੋਸਨੀ ਨੇ ਸੰਦ ਰੱਖ ਕੇ ਮੀਰ ਮਲਾਹ ਵੱਲ ਤੱਕਿਆ, ਨਾਲ਼ੇ ਬੋਲ਼ਿਆ, - ਆਹੋ?-।

- ਮੈਨੂੰ ਛੱਤੀ 'ਤੇ ਭਰੋਸਾ ਨਹੀਂ ਹੈ-। ਸੋਸਨੀ ਦੇ ਲਾਗੇ ਆ ਕੇ ਕਿਹਾ, ਸੋ ਖੜਕੇ ਵਿੱਚ ਹੋਰ ਕਿਸੇ ਦੇ ਕੰਨਾਂ'ਚ ਕੇਵਲ -ਫੁਸਰ ਫੁਸਰ- ਹੀ ਪੁਹੰਚਣੀ ਸੀ।

– ਕਾਹਤੋਂ? ਕੁਝ ਹੋਇਆ?–।

– ਉਸ ਨੇ ਮੈਨੂੰ ਰਿਪੋਰਟ ਦਿੱਤੀ ਸਿੰਧੀ ‘ਤੇ। ਪਰ ਮੈਂ ਉਸ ਦੇ ਕੱਢੇ ਨਤੀਜੇ ਨੂੰ ਮੰਨਦਾ ਨਹੀਂ ਹਾਂ–।

– ਉਸ ਦਾ ਨਤੀਜਾ ਕੀ ਸੀ?–।

– ਕਿ ਕੋਈ ਕਸਰ ਨਹੀਂ ਹੈ। ਇਸ ਵਿੱਚ ਕੁਝ ਗ਼ਲਤ ਹੈ। ਪਤਾ ਨਹੀਂ ਕੀ, ਪਰ ਕੁਝ ਗ਼ਲਤ ਹੈ! ਮੈਂ ਕੰਟਰੋਲ ਕਮਰੇ ਵਾਪਸ ਚੱਲਿਆ ਹਾਂ। ਕੀ ਪਤਾ ਜੇ ਛੱਤੀ ਉੱਥੇ ‘ਕੱਲਾ ਰਹਿ ਕੇ ਕੁਝ ਪੁੱਠਾ ਪਾਠਾ ਨਾ ਕਰ ਦੇਵੇ। ਉਸ ‘ਤੇ ਅੱਖ ਰੱਖੀ, ਅੱਛਾ?–।

– ਜੀ–।

ਸੋ ਇੰਝ ਕਹਿ ਕੇ ਸਿੰਧ ਕੰਟਰੋਲ ਕਮਰੇ ਵਾਪਸ ਪਰਤ ਆਇਆ। ਫੱਟੀ ਵੱਲ ਇੱਕ ਝਾਕ ਨੇ ਉਸ ਨੂੰ ਦਿਖਾਇਆ ਕਿ ਛੱਤੀ ਨੇ ਕੈਮਰਿਆਂ ਨੂੰ ਬੰਦ ਨਹੀਂ ਸੀ ਕੀਤਾ। ਹੁਣ ਉਹ ਸ਼ਾਇਦ ਆਪਣੇ ਹੋਰ ਕੰਮ ਕਰਨ ਚਲੇ ਗਿਆ ਸੀ। ਸਿੰਧ ਨੇ ਗ਼ੁੱਸੇ ਵਿੱਚ ਅੰਦਰਲੇ ਕੈਮਰੇ ਬੰਦ ਕਰ ਦਿੱਤੇ। ਭਾਵੇਂ ਹੁਣ ਚਕੋਰਵਾੜੀ ਤੀਕਰ ਅੰਨ੍ਹਾ ਹੋਵੇਗਾ, ਪਰ ਘੱਟ ਤੋਂ ਘੱਟ ਜਹਾਜ਼ ਮੇਰੇ ਅਧੀਨ ਵਿੱਚ ਰਹੂਗਾ!

ਹੁਣ ਤਿੰਨ ਘੰਟਿਆਂ ਵਿੱਚ ਪਹੁੰਚ ਜਾਣਾ ਸੀ। ਬਾਹਰਲੇ ਕੈਮਰੇ ਹੁਣ ਵਾਸਤੇ ਚਾਲੂ ਹੀ ਰੱਖੇ ਸਨ। ਹੁਣ ਗਾਮਾ ਮਾਮਾ ਸਿੰਧਬਾਦ ਦੇ ਪਿੱਛੇ ਸੀ, ਅਤੇ ਦੂਰੋਂ, ਸਿੰਧਬਾਦ ਦੇ ਸਾਹਮਣੇ, ਨਿੱਕਾ ਜਿਹਾ ਹਰਾ ਗਲੋਬ ਦਿਸਦਾ ਸੀ, ਜੋ ਹਰ ਪਲ ਵੱਡਾ ਹੋ ਰਿਹਾ ਸੀ। ਉਨ੍ਹਾਂ ਦੀ ਮੰਜ਼ਲ। ਚਕੋਰਵਾੜੀ।

* * * * *

ਰਾਸ਼ਟਰਪਤੀ ਦੇ ਕਮਰੇ ਵਿੱਚ ਤਿੰਨ ਜਣੇ ਸਨ। ਸੋਨੇ ਦੀ ਕੁਰਸੀ ਉੱਤੇ ਈਡੀ ਬੈਠਾ ਸੀ, ਉਸ ਦੀ ਕੂਹਣੀ ਮੇਜ਼ ਉੱਤੇ, ਉਸ ਦੀ ਠੋਡੀ ਉਸ ਹੀ ਬਾਂਹ ਦੇ ਹੱਥ ਉੱਥੇ ਟਿਕਾਈ, ਸਿਰ ਥੋੜ੍ਹਾ ਜਿਹਾ ਟੇਢਾ ਕੀਤਾ। ਇਸ ਮੁੱਦਰਾ ਵਿੱਚ ਆਪਣੇ ਅਤਿਥੀ ਨੂੰ ਸੁਣਦਾ ਸੀ। ਅਤਿਥੀ ਸਰਦ ਸਾਜ਼ਸ਼ ਸੀ, ਜੋ ਮੇਜ਼ ਦੇ ਦੂਜੇ ਪਾਸੇ ਸੋਫ਼ੇ ‘ਤੇ ਬੈਠਾ ਸੀ, ਉਸ ਦੀ ਲੰਮੀ ਪੂਛ ਲੱਤਾਂ ਦੇ ਵਿਚਾਲੇ ਟਿਕੀ ਹੋਈ ਸੀ। ਤੀਜਾ ਮਰਦ ਵੀ ਕਮਰੇ ਵਿੱਚ ਸੀ। ਪਰ ਕੰਧ ਉੱਤੇ ਚਿੰਬੜਿਆ, ਜਿੱਦਾਂ ਕਿਰਲੀਆਂ ਚਿੰਬੜਦੀਆਂ ਨੇ। ਉਹ –ਨੂਆ– ਸੀ।

– ਅਸਾਨੂੰ ਇੱਚੀਗੁਰੂ ਨੇ ਇਤਲਾਹ ਦਿੱਤੀ। ਉਸ ਦੀ ਬੇੜੀ ਉੱਤੇ ਇੱਕ ਨਾਓ ਨੇ ਹਮਲਾ ਕੀਤਾ ਹੈ। ਬਚ ਗਏ। ਪਤਾ ਨਹੀਂ ਕਿਉਂ, ਨਾਓ ਉਨ੍ਹਾਂ ਦੇ ਮਗਰ ਨਹੀਂ ਪਈ।ਖ਼ੈਰ ਹੁਣ ਨਾਓ ਮਗਰ ਅਸਾਡੇ ਹਤਿਆਰੇ ਚਲੇ ਗਏ–। ਸਰਦ ਨੇ ਆਪਣੇ ਸਾਰੇ ਦੰਦ ਦਿਖਾਏ।

ਈਡੀ ਦੀ ਠੋਡੀ ਹਾਲੇ ਵੀ ਹੱਥ ਦੀ ਤਲ਼ੀ'ਤੇ ਰੱਖੀ ਸੀ। ਉਸ ਨੇ ਜਵਾਬ ਨਹੀਂ ਦਿੱਤਾ। ਮੂੰਹ ਗੌਰਾ ਗੰਭੀਰ ਸੀ। ਅੱਖਾਂ ਸਖ਼ਤ ਸਨ। ਦਰਅਸਲ ਸਰਦ ਨੂੰ ਪਤਾ ਨਹੀਂ ਸੀ ਈਡੀ ਕੀ ਸੋਚ ਰਿਹਾ ਸੀ। ਉਸ ਦਾ ਚੇਹਰਾ ਪੜ੍ਹਣਾ ਔਖਾ ਸੀ। ਹੁਣ ਤੀਕਰ ਸਰਦ ਨੇ ਉਸ ਨੂੰ ਇੱਚੀਗੁਰੂ, ਰਾਮ 'ਤੇ ਕੋਬੋ ਬਾਰੇ ਸਭ ਕੁਝ ਦੱਸ ਦਿੱਤਾ ਸੀ। ਹਾਰ ਕੇ ਸਰਦ ਚੁੱਪ ਹੋ ਗਿਆ ਸੀ। ਕਾਫ਼ੀ ਚਿਰ ਲਈ ਕਮਰੇ ਵਿੱਚ ਸੰਨਾਟਾ ਸੀ। ਈਡੀ ਬੋਲ਼ਣ ਨੂੰ ਮਜਬੂਰ ਨਹੀਂ ਸੀ। ਜੇ ਇਸ ਨੇ ਸਰਦ ਨੂੰ ਬੇਅਰਾਮ ਕੀਤਾ ਸੀ, ਈਡੀ ਨੂੰ ਕੋਈ ਪਰਵਾਹ ਨਹੀਂ ਸੀ। ਖ਼ਾਮੋਸ਼ੀ ਵਿੱਚ ਨੂਆ ਦੀ ਨਾਗੀ ਜੀਭ ਦਾ ਸੁੜ੍ਹਕਾ ਸੁਣ ਰਿਹਾ ਸੀ, ਜਦ ਮੱਖੀਆਂ ਨੂੰ ਉਗਰਾਹ ਰਿਹਾ ਸੀ।

ਹਾਰ ਕੇ ਈਡੀ ਜਵਾਬ ਦੇਣ ਤਿਆਰ ਹੋ ਚੁੱਕਾ ਸੀ। ਉਸ ਹੀ ਤਰ੍ਹਾਂ ਹਾਲੇ ਵੀ ਬੈਠਾ ਸੀ, ਸਿਰ ਤਲ਼ੀ'ਤੇ, ਕੂਹਣੀ ਮੇਜ਼'ਤੇ।

– ਇਸ ਦਾ ਮਤਲਬ ਤੁਹਾਡੇ ਸਿਪਾਹੀ ਬੇਕਾਰ ਹਨ। ਖ਼ੈਰ ਸਾਨੂੰ ਹੁਣ ਇਹ ਤਾਂ ਪਤਾ ਕਿ ਚਕੋਰਵਾੜੀ ਵੱਲ ਇੱਕ ਜਹਾਜ਼ ਜਾ ਰਿਹਾ ਅਤੇ ਉਸ 'ਤੇ ਹੀ ਟੋਬੀ ਹੋ ਸਕਦੀ ਹੈ। ਉਨ੍ਹਾਂ ਬੇਕਾਰ ਹਤਿਆਰਿਆਂ ਨੂੰ ਇੱਕ ਹੋਰ ਦਿਹਾੜਾ ਦਿਓ। ਜੇ ਸਿੰਧਬਾਦ ਨੂੰ ਖ਼ਤਮ ਨਹੀਂ ਕਰ ਸਕੇ, ਜਾਂ ਕੁੜੀ ਨੂੰ ਨਹੀਂ ਮਾਰਿਆ, ਫੇਰ ਮੇਰੀ ਪੁਲਾੜੀ ਸੈਨਾ ਨੂੰ ਭੇਜ ਦੇਣਾ, ਸਿੰਧਬਾਦ ਦਾ ਘੁੱਗੂ ਵਜਾਉਣ ਵਾਸਤੇ–।

ਈਡੀ ਨੇ ਸਰਦ ਨੂੰ ਠੰਢੀ ਨਿਗ੍ਹਾ ਨਾਲ਼ ਤੱਕਿਆ। ਸਰਦ ਚੁੱਪ ਰਿਹਾ। ਫੇਰ ਉਹ ਦੋਨੋਂ ਹੱਥ ਉੱਪਰ ਕਰ ਕੇ ਬੋਲ਼ਿਆ,

– ਜਿੱਦਾਂ ਤੁਸੀਂ ਕਹਿੰਦੇ ਹੋ, ਰਾਸ਼ਟਰਪਤੀ ਜਾਨ–।

– ਠੀਕ। ਜੇ ਸਿੰਧਬਾਦ ਜਹਾਜ਼ ਨਹੀਂ ਸੰਘਾਰ ਹੋਇਆ...ਫੇਰ ਜਦ ਉਹ ਚਕੋਰਵਾੜੀ ਪਹੁੰਚਗੇ, ਉੱਥੇ ਉਨ੍ਹਾਂ ਨੂੰ ਕੋਈ ਮਿਲ਼ਣ ਵਾਸਤੇ ਜ਼ਰੂਰ ਹੋਵੇਗਾ। ਸਾਡੇ ਕਟਕ ਨੂੰ ਧਰਤੀ 'ਤੇ ਭੇਜ ਦਿਓ, ਉਨ੍ਹਾਂ ਨੂੰ ਮਾਰਨ ਨੂੰ। ਹਰ ਜਣੇ ਨੂੰ ਖ਼ਤਮ ਕਰਨਾ, ਅੱਛਾ?–।

– ਜੀ– ਸਰਦ ਨੇ ਸਿਰ ਨੀਵਾ ਕੀਤਾ।

*     *     *     *     *

ਗਾਮਾ ਮਾਮਾ ਹੁਣ ਸਿੰਧਬਾਦ ਦੇ ਪਿੱਛੇ ਸੀ, ਉਸ ਦੇ ਸਾਹਮਣੇ ਚਕੋਰਵਾੜੀ ਦਾ ਅੰਗੂਰੀ ਗੋਲ਼ਾਕਾਰ ਜੱਗ ਸੀ। ਹਰ ਪੁਲਾੜੀ ਪਲ ਨੇੜੇ ਆ ਰਿਹਾ ਸੀ, ਪਲ-ਪਲ ਵੱਡਾ ਹੋ ਰਿਹਾ ਸੀ। ਹਾਰ ਕੇ ਲਾਗੇ ਆ ਗਿਆ ਸੀ। ਹੁਣ ਸਿੰਧਬਾਦ ਇੱਕ ਪਤੰਗਾ ਸੀ, ‘ਤੇ ਚਕੋਰਵਾੜੀ ਇੱਕ ਵੱਡਾ ਦੇ। ਸਿੰਧਬਾਦ ਗਾਮੇ ਮਾਮੇ ਦੇ ਨੇੜਲ਼ੇ ਪਾਸੇ ਸੀ, ਜਿੱਥੇ ਗਾਮੇ ਦੀ ਛਾਉਂ ਪੈ ਰਹੀ ਸੀ। ਹੌਲ਼ੀ-ਹੌਲ਼ੀ ਉਸ ਦੇ ਇੱਕ ਪਾਸੇ ਉਡ ਕੇ ਰਵੀ ਇੱਕਮ ਤੋਂ ਧੁੱਪ ਖਾਣ ਵਾਲੇ ਪਾਸੇ ਗਿਆ। ਇੱਧਰ ਅਸੂਰ ਦਾ ਅਸਰ ਵੀ ਪੈਂਦਾ ਸੀ। ਰਵੀ ਇੱਕਮ ਦੇ ਸੂਰਜ ‘ਤੇ ਚਕੋਰਵਾੜੀ ਵਿਚਾਲੇ ( ਭਾਵੇਂ ਦੂਰ ਸੀ) ਅਸੂਰ ਚਾਂਦ ਸੀ, ਜਿਸ ਕਰਕੇ ਸਾਰਾ ਦਿਨ ਥੋੜ੍ਹਾ ਜਿਹਾ ਸੂਰਜ ਗ੍ਰਹਿਣ ਹੁੰਦਾ ਸੀ। ਸਵੇਰੇ’ਤੇ ਸ਼ਾਮ ਨੂੰ ਇਹ ਗ੍ਰਹਿਣ ਅੰਬਰ ਵਿੱਚ ਇੱਕ ਨਿੱਕਾ ਜਾਂ ਕਾਲ਼ਾ ਦਾਗ਼ ਹੁੰਦਾ ਸੀ। ਪਰ ਦੁਪਹਿਰੇ ਸੂਰਜ ਗ੍ਰਹਿਣ ਦਾ ਪੂਰਾ ਅਸਰ ਪੈਂਦਾ ਸੀ। ਚਕੋਰਵਾੜੀ ਧਰਤੀ ਜ਼ਿਆਦਾ ਸੀ। ਕੋਈ ਸਮੁੰਦਰ ਨਹੀਂ ਸੀ’ਕੱਲੇ ਝੀਲ। ਉਂਝ ਕਿਸੇ ਨੇ ਕਿਹਾ ਪਾਣੀ ਕਿਤੋਂ ਤਾਂ ਆਉਂਦਾ ਸੀ ਜੀਵਨੀ ਦੇਣ, ਸੋ ਹੋ ਸਕਦਾ ਧਰਤੀ ਹੇਠ ਸਮੁੰਦਰ ਸਨ। ਖ਼ੈਰ, ਇਸ ਕਰਕੇ ਆਕਾਸ਼ ਇਸ ਪਾਸੇ ਨੀਲਾ ਨਹੀਂ ਸੀ, ਪਰ ਦਿਨੇ ਨੂੰ ਭੁਸਲਾ ਜਿਹਾ ਸੀ, ਥੋੜ੍ਹਾ ਜਿਹਾ ਪੀਲਾ ਵੀ। ਦੁਪਹਿਰੇ ਘੰਟੇ ਲਈ ਹਨ੍ਹੇਰਾ ਘੁੱਪ ਸੀ। ਇਸ ਦੇ ਆਲ਼ੇ ਦੁਆਲ਼ੇ ਘੁਸਮੁਸਾ ਹੁੰਦਾ ਸੀ, ਫੇਰ ਉਸ ਦੇ ਆਸ ਪਾਸ ਅੰਬ ਰੰਗ। ਫੇਰ ਹੌਲ਼ੀ-ਹੌਲ਼ੀ ਰਾਤ ਆ ਜਾਂਦੀ ਸੀ। ਗਾਮੇ ਮਾਮੇ ਦੇ ਪਾਸੇ ਧੁੱਪ ਨਹੀਂ ਸੀ। ਪਰ ਰਾਤ ਕਾਲ਼ੀ ਵੀ ਨਹੀਂ ਹੁੰਦੀ ਸੀ, ਪਰ ਅੰਬਰਿਆ ਰੰਗ ਦੀ, ਮਤਲਬ ਕਪਾਹੀ ਰੰਗੀ ਰਾਤ।

ਜਦ ਅਸੂਰ ਚੰਦ ਸੂਰਜ ਰਵੀ ਇੱਕਮ ਗ੍ਰਹਿ ਪੰਥ ਲੈ ਕੇ ਦੂਰ ਚਲੇ ਜਾਂਦਾ ਸੀ, ਜਾਂ ਸੂਰਜ ਦੇ ਚੱਕਰ ਕਰਕੇ ਕਾਲ਼ੀ ਬੋਲ਼ੀ ਪਾਸੇ ਲੁਕ ਜਾਂਦਾ ਸੀ; ਓਦੋਂ ਅਸਲੀਅਤ ਵਿੱਚ ਦਿਨ ਹੁੰਦਾ ਸੀ। ਫੇਰ ਲੰਬੇ ਦਿਹਾੜੇ ਹੁੰਦੇ ਸਨ। ਇੰਝ ਹੀ ਜਦ ਚਕੋਰਵਾੜੀ ਖ਼ੁਦ ਗਾਮੇ ਮਾਮੇ ਦੇ ਆਲ਼ੇ ਦੁਆਲ਼ੇ ਘੁੰਮਦਾ ਸੀ, ਕੁਝ ਦਿਨਾਂ ਵਾਸਤੇ ਸੂਰਜ ਰਵੀ ਸਾਨੀ ਤੋਂ ਆਮ ਦਿਨ ਮਿਲ਼ਦੇ ਸਨ। ਫੇਰ ਸਾਨੀ ਵਾਲ਼ੇ ਪਾਸੇ ਨੂੰ ਪੂਰੀ ਧੁੱਪ ਮਿਲ਼ਦੀ ਸੀ ਅਤੇ ਗਾਮੇ ਪਾਸੇ ਨੂੰ ਉਹੀ ਅੰਬਰੀ ਰਾਤਾਂ। ਇੰਝ ਮੌਸਮੀ ਰੁੱਤਾਂ ਇਸ ਜੱਗ ਵਾਸਤੇ ਲੰਘਦੀਆਂ ਸਨ।

ਜਦ ਸਿੰਧਬਾਦ ਰਵੀ ਪਾਸੇ ਪੁੱਜਿਆ, ਗ੍ਰਹਿਣ ਦੀ ਰੁੱਤ ਸੀ। ਅਤੇ ਆਥਣ ਦੇ ਤਿੰਨ ਵੱਜੇ ਸਨ।

ਸਿੰਧਬਾਦ ਵਿੱਚੋਂ ਦੋ ਨਾਓਆਂ ਗਈਆਂ ਚਕੋਰਵਾੜੀ ਵੱਲ। ਵੈਸੇ ਇੱਕ ਤਾਂ ਓਹੀ ਸੀ, ਜਿਸ ਨਾਲ਼ ਹੀਰੇ ਵਾਲ਼ੇ ਗ੍ਰਹਿ ਗਏ ਸਨ। ਦੂਜੀ ਉਸ ਤੋਂ ਵੀ ਨਿੱਕੀ ਸੀ ਪਰ ਇਸ ਕੰਮ ਵਾਸਤੇ ਲੋੜ ਸੀ ਉਸ ਨੂੰ ਵਰਤਣ। ਨਿੱਕੇ ਸਫ਼ਰ ਜੋਗੀ ਹੀ ਸੀ। ਇਸ ਵਿੱਚ ਹੁਣ ਸੋਸਨੀ, ਲੇਵੀ ਅਤੇ ਛੱਤੀ ਸਨ। ਦੂਜੀ ਵਿੱਚ ਹਿਕਾਰੂ, ਸਿੰਧ ਅਤੇ ਚੁਰਾਸੀ ਸਨ। ਸਿੰਧਬਾਦ ਨੂੰ ਧਰਤੀ ‘ਤੇ ਲੱਥਣਾਂ ਔਖਾ ਸੀ। ਵੱਡਾ ਸੀ ਅਤੇ ਇਸ ਕਰਕੇ ਵੱਧ ਤੋਂ ਵੱਧ ਪੁਲਾੜੀ ਅੱਡੇ ‘ਤੇ ਹੀ ਲੱਥ ਸਕਦੇ ਸੀ। ਸੋ ਚਕੋਰਵਾੜੀ ਦੇ ਨਭ ਵੱਲ ਦੋਈ ਨਾਓਆਂ ਗਈਆਂ। ਹਿਕਾਰੂ ਨੂੰ ਆਪਣੇ ਕੱਚ ਤਾਬੂਤ’ਚੋਂ ਕੱਢ ਕੇ ਇੱਕ ਗੋਲ਼ੇ ਵਿੱਚ ਪਾਇਆ ਸੀ। ਇਸ ਸ਼ੀਸ਼ ਗਲ਼ੋਬ ਵਿੱਚ ਉਸ ਦੀ ਦੁਨੀਆ ਦਾ ਗੈਸ ਭਰਿਆ ਹੋਇਆ ਸੀ। ਉਸ ਦੀ ਸਾਹ ਲੈਣ ਵਾਲ਼ੀ ਹਵਾ।

ਸਿੰਧਬਾਦ ਵਿੱਚ ਸਿਰਫ਼ ਅਕੀਰਾ ਨੂੰ ਛੱਡਿਆ ਗਿਆ, ਅੱਖ ਉਸ ਉੱਤੇ ਰੱਖਣ ਵਾਸਤੇ। ਜ਼ਿਆਦਾ ਤਾਂ ਸਿੰਧੀ ਦੀ ਗੱਲ ਸੀ। ਛੱਤੀ ਉੱਤੇ ਹੁਣ ਸਿੰਧ ਨੂੰ ਕੋਈ ਭਰੋਸਾ ਨਹੀਂ ਸੀ। ਇਸ ਕਰਕੇ ਉਸ ਨੂੰ ਨਾਲ਼ ਲੈ ਕੇ ਗਿਆ।

ਹਿਕਾਰੂ ਨੇ ਉਨ੍ਹਾਂ ਨੂੰ ਜਿਸ ਜਗ੍ਹਾ ਸੁਲਤਾਨਵਾਦੀਆਂ ਨਾਲ਼ ਮਿਲਣਾ ਸੀ, ਓਦੋਂ ਹੀ ਦੱਸੀ, ਜਦ ਚਕੋਰਵਾੜੀ ਦੀ ਫਜ਼ਾ’ਚ ਪਹੁੰਚੇ। ਵੈਸੇ ਉਨ੍ਹਾਂ ਨੂੰ ਹਾਲੇ ਵੀ ਨਹੀਂ ਸੀ ਪਤਾ ਕਿਸ ਨੂੰ ਮਿਲ਼ਣਾ ਸੀ। ਪਰ ਤੁਸੀਂ ਤਾਂ ਮੁਅੰਮਾ ਪਹਿਲਾਂ ਹੀ ਹੱਲ ਕਰ ਲਿਆ, ਹੈ ਨਾ? ਖ਼ੈਰ ਜਦ ਉਸ ਜਗ੍ਹਾ ਸਵਾਰੀਆਂ ਨੂੰ ਛੱਡ ਦਿੱਤਾ, ਜਹਾਜ਼ੀਆਂ ਦੀ ਜ਼ੁੰਮੇਵਾਰੀ ਹਟ ਜਾਣੀ ਸੀ। ਕੋਈ ਹੋਰ ਚੁੱਕ ਸਕਦਾ ਸੀ, ‘ਤੇ ਇਹ ਗੱਲ ਉੱਤੇ ਸਾਰੇ ਖ਼ੁਸ਼ ਸਨ।

ਨਾਓਆਂ ਭੂਸਲੇ ਫ਼ਲਕ ਵਿੱਚ ਉਡ ਹੀ ਰਹੀਆਂ ਸਨ, ਜਦ ਹਿਕਾਰੂ ਨੇ ਸੋਚ ਰਾਹੀਂ ਦੱਸ ਦਿੱਤਾ। ਕਿਉਂਕਿ ਦੂਜੀ ਨਾਓ ਪਿੱਛੇ ਸੀ, ਉਸ ਦੀ ਸੋਚ ਓਥੇ ਤੀਕਰ ਪੁੱਜ ਨਹੀਂ ਸਕਦੀ ਸੀ। ਇਸ ਕਰਕੇ ਸਿੰਧ ਨੇ ਟ੍ਰਾਂਜ਼ਿਸਟਰ ਦੇ ਰਾਹੀਂ ਸੋਸਨੀ ਨੂੰ ਲੱਥਣ ਵਾਲੇ ਥਾਂ ਦਾ ਦੱਸ ਦਿੱਤਾ ਸੀ।

ਜਦ ਹੇਠਾਂ ਪਹੁੰਚੇ, ਰੁੱਖਾਂ ਦੇ ਸਬਜ਼ ਛਤਰ ਦਿਸਦੇ ਸੀ। ਪਰ ਹੋਰ ਕੁੱਝ ਨਹੀਂ ਦਿਸਦਾ ਸੀ, ਸਿਰਫ਼ ਵਣ ਹੀ ਵਣ।

– ਨਾਓ ਕਿੱਥੇ ਟਿਕਾ ਸਕਦੇ ਹਾਂ?– ਸੋਸਨੀ ਨੇ ਜ਼ੋਰ ਦੇਣੀ ਟ੍ਰਾਂਜ਼ਿਸਟਰ ਰਾਹੀਂ ਆਖਿਆ।

- ਪੱਧਰਾ ਥਾਂ ਲੱਭਦਾ। ਚੁਰਾਸੀ ਧਰਤੀ ਨੂੰ ਸਕੈਨ ਕਰ- ਸਿੰਧ ਨੇ ਕਿਹਾ। ਚੁਰਾਸੀ ਨੇ ਸਕੈਨ ਕੀਤਾ। ਹਾਰ ਕੇ ਬੋਲ਼ਿਆ, - ਥਾਂ ਹੈ, ਇੱਥੋਂ ਦੋ ਮੀਲ 'ਤੇ ਹੈ। ਮਿਲ਼ਣ ਵਾਲ਼ੀ ਜਗ੍ਹਾ'ਤੇ ਵਾਪਸ ਪੈਦਲ ਚੱਲਣਾ ਪੈਣਾ ਹੈ-।

- ਦੋ ਮੀਲ?- ਸਿੰਧ ਦੀ ਆਵਾਜ਼ ਵਿੱਚ ਕੋਈ ਖ਼ੁਸ਼ੀ ਨਹੀਂ ਸੀ। ਖਿਝ ਗਿਆ ਸੀ। ਪਰ ਕੀ ਕਰ ਸਕਦਾ ਸੀ? ਸਗੋਂ ਉਸ ਮਿਲ਼ਣ ਵਾਲੇ ਥਾਂ ਤੋਂ ਇਨ੍ਹਾਂ ਨੂੰ ਦੂਰ ਵੀ ਛੱਡ ਕੇ ਇੱਥੋਂ ਛੇਤੀ ਜਾਈਏ। ਇਹ ਹੀ ਠੀਕ ਸੀ।

- ਜੀ- ਜਵਾਬ ਆਇਆ। ਥੋੜ੍ਹੇ ਚਿਰ ਵਿੱਚ ਪੱਧਰਾ ਥਾਂ ਦਿੱਸ ਗਿਆ। ਦੋਵੇਂ ਨਾਓ ਧਰਤੀ ਨੂੰ ਚੁੰਮ ਕੇ ਜ਼ਮੀਨ'ਤੇ ਟਿਕ ਗਏ। ਹਿਕਾਰੂ ਨੇ ਆਪਣੀਆਂ ਸੋਚਾਂ ਨਾਲ਼ ਗਾਮਾ ਮੀਨਾ ਦੇ ਬੰਦਿਆਂ ਨਾਲ਼ ਸੰਚਾਰ ਕਰਨ ਦੀ ਕੋਸ਼ਿਸ਼ ਕੀਤੀ। ਪਰ ਉਸ ਨੂੰ ਕੋਈ ਜਵਾਬ ਨਹੀਂ ਮਿਲ਼ਿਆ। ਇਹ ਗੱਲ ਸਿੰਧ ਹੁਣਾਂ ਨੂੰ ਦੱਸਣ ਤਿਆਰ ਨਹੀਂ ਸੀ। ਹੁਣ ਸਿੰਧ ਦੇ ਦਿਮਾਗ਼ ਵਿੱਚ ਸੋਚ ਭੇਜੀ।

- ਰੇਡਿਓ 'ਤੇ ਸਿਗਨਲ ਭੇਜ। ਉਨ੍ਹਾਂ ਨੂੰ ਦੱਸ ਕਿ ਹਿਕਾਰੂ ਡਾਏ ਪਹੁੰਚ ਗਿਆ। ਉਨ੍ਹਾਂ ਨੂੰ ਕਹਿ ਇੱਥੇ ਆਉਣ-।

ਸਿੰਧ ਨੇ ਇੰਝ ਹੀ ਕੀਤਾ, ਪਰ ਕੋਈ ਜਵਾਬ ਨਹੀਂ ਪਰਤਿਆ। ਹੁਣ ਹਿਕਾਰੂ ਚਿੰਤਾਵਾਨ ਹੋ ਗਿਆ ਸੀ, ਪਰ ਦੂਜਿਆਂ ਨੂੰ ਇਹ ਸੰਵੇਦਨ ਨਹੀਂ ਘੱਲਿਆ।

- ਇੱਕ ਵਾਰੀ ਹੋਰ ਕੋਸ਼ਿਸ਼ ਕਰ। ਨਹੀਂ ਤਾਂ ਚੁਰਾਸੀ ਸਹੀ ਹੈ। ਸਾਨੂੰ ਪੈਦਲ ਚੁੱਕਣਾ ਪੈਣਾ ਹੈ-।

- ਤੂੰ ਪੱਕਾ ਹੈਂ ਕਿ ਉਹ ਉੱਥੇਂ ਹਨ? ਕਵੇਲ਼ੇ ਵੀ ਕਰ ਸਕਦੇ ਨੇ... ਜਾਂ ਆਉਣਾ ਨਹੀਂ?- ਸਿੰਧ ਨੇ ਆਖਿਆ।

- ਨਹੀਂ। ਇੱਥੇ ਹੀ ਹੋ-। ਹਿਕਾਰੂ ਨੇ ਸੋਚ ਭੇਜੀ। ਉਸ ਦਾ ਮਨ ਕਹਿ ਰਿਹਾ ਸੀ ਕਿ ਕਿਤੇ ਧਰਤ ਉੱਤੇ ਸੀ। ਪਰ ਕੁਝ ਸੋਚਾਂ ਜਾਮ ਕਰਦਾ ਸੀ। ਕੀ ਪਤਾ ਜੰਗਲ਼ ਹੀ ਕਰਦਾ ਸੀ।

- ਸਕੈਨ ਕੀਤਾ। ਉੱਥੇ ਇੱਕ ਨਾਓ ਖੜ੍ਹਾ ਹੈ-। ਚੁਰਾਸੀ ਨੇ ਜਵਾਬ ਦਿੱਤਾ। - ਕੀ ਪਤਾ ਉਨ੍ਹਾਂ ਦੇ ਸੈਂਸਰ ਜੰਗਲ਼ ਕਰਕੇ ਜਾਮ ਹੋ ਚੁੱਕੇ?-।

- ਹੋ ਸਕਦਾ। ਪਰ ਫੇਰ ਤੇਰਾ ਸਕੈਨ ਕਿਵੇਂ ਕੰਮ ਕਰ ਰਿਹਾ ਹੈ?-। ਸਿੰਧ ਨੇ ਕਿਹਾ। ਸੱਚ ਸੀ ਇਨ੍ਹਾਂ ਸਵਾਰੀਆਂ ਦਾ ਲਾਮ ਕਰਨਾ ਚਾਹੁੰਦਾ ਸੀ, ਪਰ ਇੱਥੇ ਨਹੀਂ ਛੱਡ ਸਕਦਾ ਸੀ। ਜੋ ਮਰਜ਼ੀ ਉਸ ਦੀ ਪਹਿਲੀ ਸੋਚ ਸੀ, ਹੁਣ ਉਸ ਨੂੰ ਪਤਾ ਸੀ ਕਿ ਇੱਥੇ ਇੰਝ ਛੱਡਣਾ ਗ਼ਲਤ ਸੀ। ਹੁਣ ਦੋ ਮੀਲ ਤੁਰਨਾ ਹੀ ਪੈਣੇ ਸੀ।

ਟ੍ਰਾਂਜ਼ਿਸਟਰ ਤੋਂ ਸੋਸਨੀ ਦੀ ਆਵਾਜ਼ ਫੇਰ ਆਈ, - ਮੈਨੂੰ ਸਮਝ ਨਹੀਂ ਉਨ੍ਹਾਂ ਨੇ ਨਾਓ ਕਿਵੇਂ ਜੰਗ਼ਲ ਵਿੱਚ ਲਾਹ ਦਿੱਤੀ?-।

- ਸਿੱਧੀ ਗੱਲ ਹੈ। ਇੱਕ ਪੱਧਰੇ ਥਾਂ'ਤੇ ਟਿਕਾ ਕੇ ਉਸ ਉੱਪਰ ਰੁੱਖਾਂ ਦੀਆਂ ਟਹਿਣੀਆਂ ਰੱਖ ਦਿੱਤੀਆਂ। ਜਾਂ ਕੋਈ ਹੋਰ ਰਾਹ ਦਰਖ਼ਤਾਂ ਵਿੱਚ ਵੜ ਗਏ। ਪਰ ਜਦ ਸਾਨੂੰ ਪਤਾ ਨਹੀਂ ਕਿਸ ਰਾਹ ਅੰਦਰ ਗਏ, ਸਾਨੂੰ ਇੱਥੋਂ ਹੀ ਤੁਰ ਕੇ ਜਾਣਾ ਪੈਣਾ ਹੈ-। ਹਿਕਾਰੂ ਨੇ ਸੋਚ ਭੇਜੀ, ਨਾਲ਼ੇ ਨਾਲ਼ ਆਪਣੇ ਗਲੋਬ ਨੂੰ ਨਾਓ ਵਿੱਚੋਂ ਕੱਢ ਲਿਆ ਸੀ। ਸੋਸਨੀ ਨੂੰ ਪੂਰੀ ਸੋਚ ਨਹੀਂ ਮਿ਼ਲੀ, ਕਿਉਂਕਿ ਉਸ ਦੀ ਨਾਓ ਥੋੜ੍ਹੀ ਜਿਹੀ ਦੂਰ ਟਿਕਾਈ ਹੋਈ ਸੀ, ਪਰ ਸਿੰਧ ਨੇ ਸਾਰੀ ਗੱਲ ਰੇਡਿਓ 'ਤੇ ਦੋਹਰਾਈ।

ਗਲੋਬ ਬਾਹਰ ਉੱਡ ਕੇ ਦੋਹਾਂ ਨਾਓਆਂ ਦੇ ਵਿਚਾਲੇ ਹਵਾ ਵਿੱਚ ਟਿੱਕੀ। ਹੁਣ ਹੋਰ ਸਾਰੇ ਨਾਓਆਂ'ਚੋਂ ਬਾਹਰ ਆ ਕੇ ਧਰਤ ਉੱਤੇ ਖਲੋਏ।

- ਤੇਰੇ ਲਈ ਤਾਂ ਠੀਕ ਹੈ। ਤੂੰ ਤਾਂ ਉੱਡ ਕੇ ਜਾਵੇਂਗਾ। ਅਸਾਨੂੰ ਪੈਦਲ ਜਾਣਾ ਪੈਣਾ। ਮੇਰੇ ਖ਼ਿਆਲ'ਚ ਤੈਨੂੰ ਪਹਿਲਾਂ ਜਾ ਕੇ ਦੇਖਣਾ ਚਾਹੀਦਾ, ਜੇ ਓਥੇ ਹੈ ਵੀ ਜਾਂ ਨਹੀਂ। ਜੇ ਨਹੀਂ ਹੋਣ, ਵਾਪਸ ਆ 'ਤੇ ਅਸਾਂ ਤੈਨੂੰ ਕਿਸੇ ਨਗਰ'ਚ ਛੱਡ ਦੇਵਾਂਗੇ। ਜੇ ਉਹ ਲੋਕ ਉੱਥੇ ਹਨ, ਚੁਰਾਸੀ ਲੇਵੀ ਨੂੰ ਚੁੱਕ ਕੇ ਤੁਹਾਡੇ ਕੋ਼ਲੇ ਲੈ ਕੇ ਜਾ ਸਕਦਾ ਹੈ?- ਸੋਸਨੀ ਨੇ ਸਿਫ਼ਾਰਸ਼ ਕੀਤੀ।

- ਨਹੀਂ ਸੋਸਨੀ। ਸਾਨੂੰ ਨਾ਼ਲ ਜਾਣਾ ਚਾਹੀਦਾ ਹੈ। ਜੇ ਤੂੰ ਚਾਹੁੰਦਾ ਹੈ, ਤੂੰ ਨਾਓਆਂ ਨਾ਼ਲ ਰਹਿ। ਮੈਂ 'ਤੇ ਛੱਤੀ ਚੁੱਕਦੇ ਹਾਂ-। ਸਿੰਧ ਨੇ ਕਿਹਾ।

ਸੋਸਨੀ ਸਿੰਧ ਵੱਲ ਇੱਕ ਪਲ ਲਈ ਤੱਕਿਆ, ਫੇਰ ਹੱਸ ਕੇ ਉਸ ਨੇ ਇੱਕ ਤਮੰਚਾ ਚੁੱਕਿਆ, ਇੱਕ ਖੋਖਰੀ 'ਤੇ ਇੱਕ ਸ਼ੁਆਤੁਫੰਗ, ਫਿਰ ਅੱਗੇ ਜੰਗ਼ਲ ਵੱਲ ਵਧ ਗਿਆ। ਐਦਕੀਂ ਛੱਤੀ ਨੂੰ ਇੱਦਾਂ ਕੁਝ ਨਹੀਂ ਦਿੱਤਾ, ਕੇਵਲ ਖੋਖਰੀ। ਸੋਸਨੀ ਤੋਂ ਛੁੱਟ ਸਿੰਧ ਕੋ਼ਲੇ ਤਮੰਚਾ ਸੀ ਅਤੇ ਇੱਕ ਸ਼ਆਤੁਫੰਗ। ਲੇਵੀ ਅਤੇ ਹਿਕਾਰੂ ਤੋਂ ਬਗੈਰ ਸਭ ਨੂੰ ਜੰਗ਼ਲ ਦੇ ਵਿੱਚੋਂ ਲੰਘਣ

ਵਾਸਤੇ ਖੋਖਰੀਆਂ ਸਨ। ਸਾਰੇ ਸੋਸਨੀ ਦੇ ਮਗਰ ਕੂਚ ਗਏ, ਹਵਾ ਵਿੱਚ ਹਿਕਾਰੂ ਗਲੋਬ'ਚ ਪਿੱਛਾਂ ਕਰਦਾ ਗਿਆ। ਇੰਝ ਜੰਗਲ਼'ਚ ਛਿਤਮ ਹੋ ਗਏ।

*　*　*　*　*

ਜੰਗਲ਼ ਝਾਟਲਾ ਅਤੇ ਸੰਘਣਾ ਸੀ। ਲੇਵੀ ਪਹਿਲੀ ਵਾਰੀ ਚਕੋਰਵਾੜੀ ਆਈ ਸੀ ਅਤੇ ਇਸ ਤਰ੍ਹਾਂ ਦੀ ਝੱਲ, ਇਸ ਤਰ੍ਹਾਂ ਦਾ ਬਣ ਕਦੀ ਨਹੀਂ ਦੇਖਿਆ ਹੋਇਆ ਸੀ। ਉਸ ਦੇ ਸਾਹਮਣੇ ਸੋਸਨੀ'ਤੇ ਕਲਦਾਰ ਖੋਖਰੀਆਂ ਨਾਲ਼ ਟਹਿਣੀਆਂ ਨੂੰ ਛੰਗਵਾਉਂਦੇ ਸਨ। ਰੁੱਖਾਂ ਦਾ ਛਤਰ ਵੀ ਸੰਘਣਾ ਸੀ, ਜਿਸ ਕਰਕੇ ਹਨ੍ਹੇਰੇ'ਚ ਤੁਰ ਰਹੇ ਸਨ। ਕਦੀ-ਕਦੀ ਸਾਵੇ ਗਗਨ ਤੋਂ ਸੁਰਮਈ ਕਿਰਨ ਧਾਵਾ ਕਰਦੀ ਸੀ। ਧਰਤ ਇੱਕ ਪੱਤਿਆਂ ਦਾ ਕਲੀਨ ਸੀ। ਕਿੱਤੇ ਕਿੱਤੇ ਮੋੜ੍ਹੇ ਜਾਂ ਛਾਪੇ ਧਰਤ'ਤੇ ਡਿੱਗੇ ਹੋਏ ਸੀ। ਇਨ੍ਹਾਂ ਨੂੰ ਚੜ੍ਹ ਕੇ ਅੱਗੇ ਜਾਣਾ ਪੈਂਦਾ ਸੀ। ਸਾਰੇ ਪਾਸੇ ਲੇਵੀ ਦੀ ਨਜ਼ਰ ਵਿੱਚ ਅਜੀਬ ਜਿਹੇ ਬੂਟੇ ਸਨ। ਕਿੱਤੇ ਕਿੱਤੇ ਬਿਰਖਾਂ ਨੂੰ ਵੱਲ ਸੱਪ ਵਾਂਗ ਵਲ਼ ਕੇ ਤਣਾ ਮਰੋੜਦੇ ਸਨ। ਕਦੀ-ਕਦੀ ਕੋਈ ਟਾਹਣ 'ਤੇ ਡਰਾਉਣੀ ਛਿਪਕਲੀ ਦਿਸਦੀ ਸੀ ( ਇੱਕ ਦੋਹਾਂ ਦੇ ਪਿੰਡੇ ਪਲਸ ਕਰ ਕੇ ਰੰਗ ਬਦਲਸੇ ਸੀ) ਜਾਂ ਕੋਈ ਰੰਗ ਬਰੰਗਾ ਮਕੜਾ ਡਰਾਉਂਦਾ ਸੀ। ਇੱਕ ਮਕੜੇ ਦੇ ਜੁੱਸੇ ਉੱਤੇ ਵੱਡੀ ਲਾਲ ਅੱਖ ਵਰਗਾ ਚਿੰਨ੍ਹ ਸੀ, ਜਿਸ ਨੂੰ ਦੇਖ ਕੇ ਲੇਵੀ ਸਹਿਮ ਗਈ। ਕੁਝ ਦੇਰ ਬਾਅਦ ਲੇਵੀ ਦੀਆਂ ਅੱਖਾਂ ਸਾਹਮਣੇ ਇੱਕ ਜੰਤ ਸਿੰਧ ਦੀ ਪਿੱਠ ਉੱਤੇ ਜੁਲਕਦਾ ਦਿੱਸਿਆ; ਜਿਸ ਦੀਆਂ ਲੱਤਾਂ ਮਕੜੇ ਵਰਗੀਆਂ ਸਨ, ਪਰ ਕਾਠ ਕਿਰਲੀ ਵਰਗਾ, ਸੀਸ ਗੋਧੇ ਵਰਗਾ। ਉਸ ਨੂੰ ਵੇਖ ਕੇ ਲੇਵੀ ਨੇ ਉੱਚੀ ਕੂਕ ਕੱਢੀ।

ਸਿੰਧ ਰੁਕ ਗਿਆ। ਘੁੰਮ ਕੇ ਆਖਿਆ ਗੱਲ ਕੀ ਸੀ? ਡਰਦੀ ਡਰਦੀ ਲੇਵੀ ਨੇ ਕੰਬਦੀ ਉਂਗਲ਼ ਉਸ ਦੀ ਪਿੱਠ ਵੱਲ ਵਧਾਈ ਨਾਲ਼ੇ ਨਾਲ਼ ਦੂਜੇ ਹੱਥ ਦੀ ਤਲ਼ੀ ਆਪਣੇ ਮੂੰਹ ਉੱਤੇ ਰੱਖੀ। ਹਾਰ ਕੇ ਬੋਲ਼ੀ, - ਮ...ਮਕ... ਮਕੜਾ!-। ਸਿੰਧ ਨੇ ਆਪਣੀ ਪਿੱਠ ਉੱਤੇ ਹੱਥ ਮਾਰਿਆ ਅਤੇ ਜੰਤ ਧਰਤ'ਤੇ ਡਿੱਗ ਪਿਆ।

- ਕੁਝ ਨਹੀਂ। ਆ ਤੁਰ- ਸਿੰਧ ਨੇ ਉੱਤਰ ਹੱਸ ਕੇ ਦਿੱਤਾ।

ਜ਼ਿਆਦੇ ਬੂਟੇ ਦਰਖ਼ਤ ਹਰੇ ਸਨ। ਕੋਈ ਕੋਈ ਲਾਲ ਜਾਂ ਜਾਮਣੀ ਰੰਗ ਦੇ ਸਨ, ਜਾਂ ਨੀਲੇ। ਹਨ੍ਹੇਰੇ ਵਿੱਚ ਪੱਕਾ ਪਤਾ ਨਹੀਂ ਲੱਗਦਾ ਸੀ। ਹਰ ਮੀਟਰ ਬਾਅਦ ਕੋਈ ਨਾ ਕੋਈ ਅਜੀਬ ਗੱਲ ਲੇਵੀ ਪਹਿਲੀ ਵਾਰੀ ਦੇਖਦੀ ਸੀ। ਕਿਰਮ ਕੀਟਾਂ ਲਈ ਤਾਂ ਸੁਰਗ ਸੀ। ਤਿਲਚਟਾਂ, ਕਾਕਰੋਚੇ, ਹਥੌੜੇ

ਮੂੰਗਲੀਆਂ ਅਤੇ ਭੂੰਡ। ਵੱਡੇ-ਵੱਡੇ ਠੂੰਹੇਂ। ਇੱਕ ਥਾਂ ਪੈਰਾਂ ਥੱਲੇ ਕੁਚਲ-ਕੁਚਲ ਹੋ ਕੇ ਕੀੜੀਆਂ ਮਰ ਰਹੀਆਂ ਸਨ। ਆਸ ਪਾਸ ਡੰਗਦਾਰ ਮੱਖੀਆਂ ਉੱਡ ਰਹੀਆਂ ਸਨ। ਸਭ ਨੂੰ ਇੱਕ ਦੋ ਵਾਰੀ ਲੜ ਗਈਆਂ। ਖ਼ੈਰ ਲੇਵੀ, ਸੋਸਨੀ 'ਤੇ ਸਿੰਧ ਨੂੰ। ਹਿਕਾਰੂ ਤਾਂ ਆਪਣੇ ਗਲੋਬ ਵਿੱਚ ਸੀ ਅਤੇ ਕਲਦਾਰਾਂ ਨੂੰ ਅਸਰ ਪੈਣੀ ਸੀ?

ਹਾਰ ਕੇ ਵਿਚਲੇ ਰੁੱਖ ਆਉਣ ਲੱਗ ਗਏ ਸਨ ਅਤੇ ਛਤਰ ਖੁੱਲ੍ਹ ਗਿਆ ਸੀ। ਜਿੰਨੀ ਕੁ ਧੁੱਪ ਇਸ ਰੁੱਤ ਵੇਲ਼ੇ ਸੀ ਅਤੇ ਹੁਣ ਇਸ ਘੰਟੇ ਦੇ ਵੇਲ਼ੇ ਸੀ, ਹੁਣ ਉਨ੍ਹਾਂ ਉੱਤੇ ਸੇਕ ਦੇਣ ਲੱਗ ਪਈ। ਹੁਣ ਇੱਧਰ ਉੱਧਰ ਭੰਬੀਰੀਆਂ ਸਨ, ਛੱਪੜੀਆਂ ਸਨ ਅਤੇ ਕਈ ਰੰਗ ਬਰੰਗੀਆਂ ਚਿੜੀਆਂ। ਅਰਾਮ ਕਰਨ ਵਾਸਤੇ ਸਿੰਧ'ਤੇ ਲੇਵੀ ਇੱਕ ਡਿੱਗੇ ਹੋਏ ਖੁੰਢ'ਤੇ ਬਹਿ ਕੇ ਪਾਣੀ ਪੀਣ ਲੱਗ ਪਏ। ਸੋਸਨੀ ਇੱਕ ਸਾਏਦਾਰ ਹੇਠ ਖੜ੍ਹ ਗਿਆ।

- ਇੱਕ ਹੋਰ ਮੀਲ- ਚੁਰਾਸੀ ਬੋਲ਼ਿਆ। ਤਿੰਨਾਂ ਨੇ ਸਿਰ ਉੱਪਰ ਹੇਠ ਜਵਾਬ ਵਿੱਚ ਕੀਤੇ।

- ਮੈਂ 'ਗਾਂਹ ਜਾ ਕੇ ਦੇਖਦਾਂ- ਹਿਕਾਰੂ ਨੇ ਸੋਚ ਭੇਜੀ, - ਲੇਵੀ ਚੁਰਾਸੀ ਨੂੰ ਆਖ ਮੇਰੇ ਨਾਲ਼ ਜਾਣ-।

- ਛੱਤੀ ਨੂੰ ਵੀ ਨਾਲ਼ ਲੈ ਕੇ ਜਾਹ- ਸਿੰਧ ਨੇ ਕਿਹਾ ਜਦ ਲੇਵੀ ਨੇ ਚੁਰਾਸੀ ਨੂੰ ਹਿਕਾਰੂ ਦਾ ਹੁਕਮ ਦਿੱਤਾ। ਦੋਈ ਕਲਦਾਰ ਹਿਕਾਰੂ ਨਾਲ਼ ਤੁਰ ਪਏ। ਉਹ ਉੱਡਦਾ ਜਾਂਦਾ, ਉਹ ਪੈਦਲ ਤੁਰਦੇ, ਖੋਖਰੀਆਂ ਨਾਲ਼ ਰਾਹ ਬਣਾਉਂਦੇ। ਸਿੰਧ ਲੇਵੀ ਨਾਲ਼ ਗੱਲ ਛੇੜਣ ਲੱਗਾ ਸੀ, ਜਦ ਉਨ੍ਹਾਂ ਦੇ ਸਾਹਮਣੇ ਇੱਕ ਵੱਡਾ ਸਾਰਾ ਜਾਨਵਰ ਨੱਸਦਾ ਆਇਆ। ਹਿਰਨ ਵਰਗਾ ਸੀ। ਉਸ ਦੇ ਸਿਰ 'ਤੇ ਬਾਰਾਂਸਿੰਗੇ ਵਾਂਗ ਸਿੰਗ ਸਨ, ਪਰ ਬਾਰਾਂ ਤੋਂ ਜ਼ਿਆਦਾ; ਖਬਰੇ ਚਵ੍ਹੀ ਜਾਂ ਓਸੁ ਤੋਂ ਵੀ ਵੱਧ। ਸਿੰਗਾਂ ਦਾ ਰੰਗ ਵੀ ਹਰਾ ਸੀ ਅਤੇ ਜਾਨਵਰ ਦਾ ਬਦਨ ਲਾਲ ਸੀ। ਉਸ ਦਾ ਬੂਥਾ ਨੂਰਾਨੀ ਮਾਂ ਦੇ ਸ਼ੇਰਾਂ ਵਰਗਾ ਸੀ, ਦੰਦ ਤਿੱਖੇ। ਉਸ ਦੇ ਮਗਰ ਇੱਕ ਹੋਰ ਚਕੋਰਵਾੜੀ ਹਰਨ ਨੱਠਿਆ ਆਇਆ ਸੀ। ਸੋਸਨੀ 'ਤੇ ਸਿੰਧ ਨੇ ਆਪਣੇ ਤਮੰਚੇ ਤਿਆਰ ਕਰ ਲਏ। ਹਾਲ਼ੇ ਦੋਵੇਂ ਹਰਨ ਜਿੱਥੇ ਤਿੰਨ ਹੀ ਖੜ੍ਹੇ ਸੀ, ਤੋਂ ਦੂਰ ਸਨ। ਪਹਿਲਾਂ ਹਰਨ ਘੁੰਮ ਗਿਆ ਅਤੇ ਦੂਜੇ ਨਾਲ਼ ਭਿੜ ਕੇ ਲੜਨ ਲੱਗ ਪਿਆ। ਹਾਰ ਕੇ ਦੂਜੇ ਨੇ ਪਹਿਲੇ ਨੂੰ ਮਾਰ ਮਾਰ ਕੇ ਆਪਣੀ ਪਿੱਠ ਉੱਤੇ ਕਰ ਦਿੱਤਾ ਸੀ। ਫੇਰ ਇੱਕ ਦਮ ਜ਼ੋਰ ਦੇਣੀ ਸਿੰਗ ਉਸ ਦੇ ਸਰੀਰ ਵਿੱਚ ਖੋਭ ਦਿੱਤੇ ਅਤੇ ਆਪਣੇ ਤਿੱਖੇ ਦੰਦਾਂ ਨਾਲ਼ ਮਾਸ ਨੋਚਣ ਲੱਗ ਪਿਆ। ਸਿੰਧ ਨੇ ਸੋਚਿਆ ਨੂਰਾਨੀ ਮਾਂ ਦੇ ਹੱਥਿਆਂ ਜਿੱਡੇ

ਹਨ। ਪਰ ਚਰੜ ਨੂੰ ਸੁਣ ਕੇ ਲੇਵੀ ਨੇ ਆਪਣਾ ਮੁਖ ਸਿੰਧ ਦੀ ਛਾਤੀ ਵਿੱਚ ਲੁਕੋ ਦਿੱਤਾ ਸੀ ਅਤੇ ਸਿੰਧ ਨੇ ਉਸ ਨੂੰ ਸੁਖਾਇਆ, ਪਰ ਅੱਖ ਹਰਨ ਉੱਤੇ ਹੀ ਰੱਖੀ। ਫੇਰ ਹਰਨ ਦੂਜੇ ਹਰਨ ਨੂੰ ਖਾਣ ਲੱਗ ਪਿਆ। ਜਦ ਇੱਕ ਦਮ ਜੰਗਲ਼ ਵਿੱਚੋਂ ਹਿਕਾਰੂ ਦੀ ਗਲੋਬ ਵਾਪਸ ਆਈ। ਉਸ ਦਾ ਖੜਕਾ ਸੁਣ ਕੇ ਹਰਨ ਡਰ ਕੇ, ਛਾਲ ਮਾਰ ਕੇ ਦੂਜੇ ਪਾਸੇ ਜੰਗਲ਼ ਵਿੱਚ ਦੌੜ ਗਿਆ।

– ਕੋਈ ਗੱਲ ਨਹੀਂ। ਵਾਪਸ ਆ ਜਾਣਾ। ਅਕਸਰ ਆਪਣਾ ਸ਼ਿਕਾਰ ਖਾਣਾ!– ਸੋਸਨੀ ਨੇ ਕਿਹਾ।

ਹਿਕਾਰੂ ਦੇ ਮਗਰ ਦੋਨੋਂ ਕਲਦਾਰ ਸਨ। ਬਹੁਤੀ ਹੈਰਾਨੀ ਦੀ ਗੱਲ ਨਹੀਂ ਸੀ ਕਿ ਉਹ ਇੱਕ ਮੀਲ ਜਾ ਕੇ ਫਿਰ ਓਨੀ ਛੇਤੀ ਵਾਪਸ ਪਰਤ ਆਏ ਸਨ। ਗਲੋਬ ਰਫ਼ਤਾਰ ਨਾਲ਼ ਉੱਡ ਸਕਦੀ ਸੀ ਅਤੇ ਕਲਦਾਰ ਤੇਜੀ ਨਾਲ਼ ਕੱਟ-ਕੱਟ ਕੇ ਤੁਰ ਸਕਦੇ ਸਨ। ਰੱਬ ਦੀ ਬਣਾਈ ਚੀਜ਼ ਜਿੰਨਾ ਛੇਤੀ ਬੰਦੇ ਦੀ ਬਣਾਈ ਚੀਜ਼ ਜਾ ਸਕਦੀ ਸੀ, ਨਾਲ਼ ਮੁਕਾਬਲਾ ਨਹੀਂ ਕਰ ਸਕਦੀ ਸੀ।

ਹਿਕਾਰੂ ਨੇ ਆਪਣੀ ਸੋਚ ਸਾਰਿਆਂ ਉੱਤੇ ਸੁੱਟੀ: ਆ ਜਾਓ! ਅਸੀਂ ਖੋਖਰੀਆਂ ਨਾਲ਼ ਰਾਹ ਬਣਾ ਦਿੱਤਾ। ਹੁਣ ਤੇਜੀ ਨਾਲ਼ ਤੁਰ ਸਕਦੇ ਹਾਂ–।

– ਫੇਰ ਦੂਜੇ ਪਾਸੇ ਤੇਰੇ ਲੋਕ ਹਨ?– ਸਿੰਧ ਨੇ ਆਖਿਆ।

– ਹਾਲੇ ਪਤਾ ਨਹੀਂ ਕਿਉਂ ਉਨ੍ਹਾਂ ਦੇ ਜ਼ਿਹਨ ਲੱਭਦੇ ਨ੍ਹੀਂ, ਪਰ ਕਲਦਾਰਾਂ ਨੇ ਨਾਓ ਦੀ ਉਪਸਥਿਤੀ ਤਸਦੀਕ ਕਰ ਲਈ ਹੈ–।

ਸਾਰੇ ਹੁਣ ਹਿਕਾਰੂ ਦੇ ਗਲੋਬ ਪਿੱਛੇ ਤੁਰ ਪਏ।

ਹਾਰ ਕੇ ਮਿਲ਼ਣ ਵਾਲ਼ੀ ਜਗ੍ਹਾ'ਤੇ ਪਹੁੰਚ ਗਏ। ਅਸਮਾਨ ਤੋਂ ਪਤਾ ਨਹੀਂ ਲੱਗਦਾ ਸੀ, ਪਰ ਹੁਣ ਦਿਸਦਾ ਸੀ ਕਿ ਰੁੱਖਾਂ ਦਾ ਛਤਰ ਇੱਥੇ ਓਨਾ ਸੰਘਣਾ ਨਹੀਂ ਸੀ। ਜੇ ਚਾਹੁੰਦੇ ਸੀ, ਇੱਥੇ ਸਿੱਧਾ ਥੱਲੇ ਆ ਕੇ ਨਾਓਆਂ ਨੂੰ ਟਿੱਕਾ ਸਕਦੇ ਸੀ। ਜਦ ਇਹ ਗੱਲ ਸੋਸਨੀ ਨੂੰ ਸਮਝ ਲੱਗ ਗਈ ਸੀ, ਉਸ ਨੇ ਖਿਝ ਕੇ ਗਾਲ਼ ਕੱਢੀ।

ਸੁਲਤਾਨੀ ਨਾਓ ਸਿੰਧਬਾਦ ਦੀਆਂ ਨਾਓਆਂ ਵਰਗੀ ਨਹੀਂ ਸੀ। ਮੱਖੀ ਰੂਪ ਵਿੱਚ ਬਣਾਈ ਸੀ। ਛੇ ਲੱਤਾਂ ਸਨ, ਜਿਸ ਉੱਤੇ ਧਰਤੀ 'ਤੇ ਟਿੱਕੀ ਹੋਈ ਸੀ। ਦੋਹਾਂ ਪਾਸੇ ਬਾਦਬਾਨ ਸਨ, ਜੋ ਸ਼ਕਲ ਵਿੱਚ ਮੱਖੀ ਦੇ ਖੰਭ ਵਰਗੇ ਸਨ। ਉਸ ਤਰ੍ਹਾਂ ਹੀ ਲੰਬੂਤਰਾ ਰੂਪ, ਉਸ ਹੀ ਤਰ੍ਹਾਂ ਖੰਭਾਂ ਕੋਲ਼ ਰਗ

ਸਨ। ਮੂਹਰਲੇ ਹਿੱਸੇ ਦੇ ਦੋ ਸ਼ੀਸ਼ ਵਾਲ਼ਾ ਕਮਰਾ ਸੀ, ਜਿਸ ਦਾ ਬਾਹਰੋਂ ਰੂਪ ਮੱਖੀ ਦੀਆਂ ਅੱਖਾਂ ਵਾਂਗਰ ਗੋਲ਼ ਮੋਲ ਸੀ। ਦੋ ਕੱਚ ਦੀਆਂ ਮੱਖੀ ਅੱਖਾਂ ਵਰਗੀਆਂ ਬਾਰੀਆਂ ਸਨ। ਪਰ ਨਾਓ ਦਾ ਬਦਨ ਚਿੱਟਾ ਜਿਹਾ ਸੀ। ਸਿੰਧਬਾਦ ਦੀ ਵੱਡੀ ਨਾਓ ਤੋਂ ਪੰਜ ਗੁਣਾ ਵੱਡੀ ਸੀ।

ਸੁਲਤਾਣੀ ਨਾਓ ਪੱਧਰੇ ਥਾਂ'ਚ ਪਾਰਕ ਕੀਤੀ ਹੋਈ ਸੀ, ਛਤਰ ਦੇ ਹੇਠ ਲੁਕੀ। ਦੇਖਣ ਵਿੱਚ ਕੋਈ ਫ਼ਿਕਰ ਵਾਲ਼ੀ ਗੱਲ ਨਹੀਂ ਸੀ। ਸੱਟ ਫੱਟ ਨਹੀਂ ਸੀ। ਢਾਂਚੇ ਦੇ ਇੱਕ ਪਾਸੇ ਹਿੱਸਾ ਹੇਠਾਂ ਕੀਤਾ ਹੋਇਆ ਸੀ, ਜਿਸ ਉੱਤੇ ਸੀੜ੍ਹੀ ਸੀ ਅੰਦਰ ਬਾਹਰ ਵੜਨ ਵਾਸਤੇ। ਇਹ ਹੀ ਗੱਲ ਸਿੰਧ'ਤੇ ਸੋਸਨੀ ਨੂੰ ਅਜੀਬ ਲੱਗੀ। ਇੱਦਾਂ ਲੱਗ ਰਿਹਾ ਸੀ, ਜਿੱਦਾਂ ਜਹਾਜ਼ੀਆਂ ਨੇ ਬੂਹਾ ਖੋਲ਼੍ਹ ਕੇ ਬਾਹਰ ਆ ਕੇ ਕਿਤੇ ਚਲੇ ਗਏ ਸੀ। ਇਸ ਤੋਂ ਇਲਾਵਾਂ ਸਭ ਠੀਕ ਠਾਕ ਹੀ ਲੱਗਦਾ ਸੀ। ਫੇਰ ਵੀ ਧਿਆਨ ਕਰਨ ਦੀ ਲੋੜ ਸੀ। ਕੁਝ ਦਾਲ ਵਿੱਚ -ਕਾਲ਼ਾ- ਹੀ ਸੀ।

- ਛੱਤੀ ਸਕੈਨ ਕਰ। ਤੂੰ ਵੀ ਕਰ ਚੁਰਾਸੀ-।

ਛੱਤੀ ਨਾਓ ਦੇ ਖੱਬੇ ਪਾਸੇ ਗਿਆ'ਤੇ ਚੁਰਾਸੀ ਸੱਜੇ ਪਾਸੇ। ਦੋਨਾਂ ਦੀਆਂ ਅੱਖਾਂ ਤੋਂ ਲਾਲ ਕਿਰਨਾਂ ਨਾਓ ਉੱਤੇ ਫੈਲੀਆਂ ਅਤੇ ਸਾਰੀ ਨਾਓ ਨੂੰ ਛੋਹ ਰਹੀਆਂ ਸਨ।

- ਸਰ, ਅੰਦਰ ਕੋਈ ਨਹੀਂ ਹੈ, ਸੱਟ ਫੱਟ ਵੀ ਨਹੀਂ ਲੱਗਦੀ- ਚੁਰਾਸੀ ਨੇ ਕਿਹਾ।

- ਜੀ- ਛੱਤੀ ਨੇ ਉਹੀ ਗੱਲ ਤਾਈਦ ਕੀਤੀ।

ਸੋਸਨੀ ਸ਼ੱਕੀ ਸੀ। ਉਸ ਨੇ ਆਪਣਾ ਤਮੰਚਾ ਤਿਆਰ ਕਰ ਲਿਆ। ਉਸ ਨੂੰ ਦੇਖ ਕੇ ਸਿੰਧ ਨੇ ਵੀ ਆਪਣਾ ਕੱਢ ਲਿਆ ਸੀ।

- ਠਹਿਰੋਂ! ਕੁਝ ਨਾ ਕਰੋਂ!- ਹਿਕਾਰੂ ਦੀ ਆਵਾਜ਼ ਉਨ੍ਹਾਂ ਦਿਆਂ ਜ਼ਿਹਨਾਂ ਵਿੱਚ ਗੱਜੀ। - ਮੈਨੂੰ ਪਹਿਲਾਂ ਅੰਦਰ ਜਾਣ ਦਿਓ-। ਫੇਰ ਗਲੋਬ ਉੱਡ ਕੇ ਬੂਹੇ ਵੱਲ ਗਿਆ ਅਤੇ ਸੀੜ੍ਹੀ ਵਰਤਣ ਤੋਂ ਬਗੈਰ ਅੰਦਰ ਚਲੇ ਗਿਆ। ਨਾਲ਼ੇ ਨਾਲ਼ ਜੋ ਹਿਕਾਰੂ ਨੂੰ ਦਿਸਦਾ ਸੀ, ਉਸ ਨੇ ਲੇਵੀ, ਸਿੰਧ'ਤੇ ਸੋਸਨੀ ਦੇ ਮਨਾਂ ਵਿੱਚ ਤਸਵੀਰ ਭੇਜੀ। ਇੰਝ ਸਿੰਧ ਨੇ ਦੇਖਿਆ ਸੀ, ਨਾਓ ਅੰਧਰ ਸਾਰਾ ਸਮਾਨ ਸਹੀ ਥਾਂ ਪਿਆ ਸੀ। ਕੋਈ ਗ਼ਲਤ ਕੰਮ ਜਾਂ ਹਮਲੇ ਦਾ ਪ੍ਰਮਾਣ ਨਹੀਂ ਸੀ। ਫੇਰ।

ਫੇਰ ਹਿਕਾਰੂ ਨੇ ਇੱਕ ਲੋਥ ਲੱਭ ਲਈ। ਪਰ ਕੋਈ ਜਾਨਦਾਰ ਦੀ ਨਹੀਂ ਸੀ। ਖ਼ੈਰ ਰੱਬ ਦਾ ਬਣਾਇਆ ਸਜੀਵ ਨਹੀਂ ਸੀ। ਰੋਬੋਟ ਸੀ। ਕਲਦਾਰ। ਬੰਦ ਸੀ। ਉਸ ਦੀਆਂ ਬਾਹਾਂ ਕਿਸੇ ਨੇ ਜ਼ਬਰਦਸਤੀ ਨਾਲ਼ ਲਾਹ ਦਿੱਤੀਆਂ ਸਨ। ਤਾਂ ਹੀ ਸਕੈਨ ਨੇ ਕੋਈ ਜਿਉਂਦਾ ਨਹੀਂ ਲੱਭਿਆ ਸੀ। ਕਲਦਾਰ ਦੇ ਹਾਲ ਨੇ ਮਰਮ ਲਿਆਂਦਾ, ਕੁਝ ਸਵਾਲ ਲਿਆਂਦੇ। ਫੇਰ ਹਿਕਾਰੂ ਦੀ ਗਹੁ ਨਜ਼ਰ ਨੇ ਇੱਕ ਸ਼ਆਤੁਫੰਗ ਦਾ ਕੀਤਾ ਹੋਇਆ ਦਾਗ਼ ਦੇਖ ਲਿਆ ਸੀ। ਹਿਕਾਰੂ ਬਾਹਰ ਆ ਗਿਆ।

– ਸੋ ਹੁਣ ਸਾਨੂੰ ਸੱਚ ਦੱਸ। ਨਹੀਂ ਤਾਂ ਅਸੀਂ ਤੁਹਾਨੂੰ ਇੱਥੇ ਛੱਡ ਦੇਣਾ। ਸਾਡਾ ਕੰਮ ਪੂਰਾ ਹੋ ਚੁੱਕਾ। ਤੁਸੀਂ ਇਸ ਨਾਓ ਵਿੱਚ ਜਿੱਥੇ ਮਰਜ਼ੀ ਜਾਓ– । ਸਿੰਧ ਨੇ ਕਿਹਾ।

ਹਿਕਾਰੂ ਨੇ ਕਈ ਸੋਚਾਂ ਸੋਸਨੀ'ਤੇ ਸਿੰਧ ਵੱਲ ਸੇਧੀਆਂ। ਐਨਾ ਸਾਰਾ ਇਲਮ ਦੋਨਾਂ ਲਈ ਕਾਫ਼ੀ ਸੀ, ਖ਼ੈਰ ਬਹੁਤਾ ਸੀ। ਸੋਸਨੀ ਦਾ ਸਾਨ੍ਹਾਨਸਲ ਦਿਮਾਗ਼ ਸੀ। ਬਹੁਤ ਕੁਝ ਝੱਲ ਸਕਦਾ ਸੀ। ਪਰ ਸਿੰਧ ਦੇ ਇਨਸਾਨੀ ਜ਼ਿਹਨ ਵਾਸਤੇ ਘੋਰ ਬੇਹਦ ਖ਼ਬਰਾਂ ਸਨ। ਸਿਰ ਦੁੱਖਣ ਲੱਗ ਪਿਆ। ਬੇਹੋਸ਼ ਹੋ ਕੇ ਭੁੰਜੇ ਡਿੱਗ ਪਿਆ!

ਹੌਲ਼ੀ-ਹੌਲ਼ੀ ਸਿੰਧ ਨੂੰ ਹੋਸ਼ ਆਈ, ਅੱਖਾਂ ਝਮਕੀਆਂ। ਅੱਖਾਂ ਦੇ ਸਾਹਮਣੇ ਸਭ ਕੁਝ ਧੁੰਧਲ਼ਾ ਸੀ, ਅਸਪਸ਼ਟ ਸੀ। ਉਸ ਦੇ ਸਾਹਮਣੇ ਲੇਵੀ 'ਤੇ ਸੋਸਨੀ ਬੇਪਛਾਣ ਭੂਤ ਸਨ। ਰੰਗ ਬਰੰਗੀ ਧੱਬੇ ਸਨ। ਫੇਰ ਉਨ੍ਹਾਂ ਦੀਆਂ ਆਵਾਜ਼ਾਂ ਸੁਣੀਆਂ, ਉਨ੍ਹਾਂ ਦੇ ਚੇਹਰੇ ਸਾਫ਼ ਹੋਣ ਲੱਗ ਪਏ; ਧੁੰਧ ਸ਼ਿਕਸਤ ਗਈ। ਉਨ੍ਹਾਂ ਦੇ ਮੁਖ ਹੁਣ ਸਾਫ਼ ਦਿਸਦੇ ਸਨ, ਆਵਾਜ਼ਾਂ ਵੀ ਪਛਾਣ ਲਈਆਂ ਸਨ।

– ਕੀ ਹੋਇਆ?–।

– ਤੂੰ ਬੇਹੋਸ਼ ਹੋ ਗਿਆ ਸੀ– ਲੇਵੀ ਨੇ ਜਵਾਬ ਦਿੱਤਾ। ਇੱਕ ਦਮ ਸਿੰਧ ਨੂੰ ਸਭ ਕੁਝ ਯਾਦ ਆ ਗਿਆ। ਉੱਠਦੇ ਨੂੰ ਬੇਹੋਸ਼ੀ ਕਰਕੇ ਫ਼ੋਕਸ ਚਲੇ ਗਿਆ ਸੀ। ਹੁਣ ਫ਼ੋਕਸ ਵਾਪਸ ਆ ਗਿਆ ਅਤੇ ਉਸ ਨੂੰ ਸੋਸਨੀ, ਲੇਵੀ'ਤੇ ਹਿਕਾਰੂ ਦਿਸਦੇ ਸਨ, ਨਾਲ਼ੇ ਜੋ ਹਿਕਾਰੂ ਨੇ ਪਲ ਵਿੱਚ ਦੱਸਿਆ ਸੀ, ਚੇਤੇ ਆ ਗਿਆ। ਬਹੁਤ ਕੁਝ ਉਸ ਪਲ ਵਿੱਚ ਦੱਸਿਆ ਸੀ, ਸਾਰੇ ਜੰਗ ਦਾ ਕਾਰਨ ਅਤੇ ਕਾਹਤੋਂ ਇੱਥੇ ਆਏ ਸੀ। ਸਿੰਧ ਨੇ ਉੱਠ ਕੇ ਲੇਵੀ ਨੂੰ ਗ਼ੁੱਸੇ ਵਿੱਚ ਕਿਹਾ,

– ਤੂੰ ਪਹਿਲਾਂ ਸੱਚ ਕਿਉਂ ਨਹੀਂ ਦੱਸਿਆ?– ਫੇਰ ਹਿਕਾਰੂ ਵੱਲ ਤੁਰ ਪਿਆ।– 'ਤੇ ਤੂੰ ਤਾਂ ਝੂਠਾ ਹੀ ਹੈ!–। ਗਲੋਬ ਹੋਰ ਉੱਚਾ ਚਲੇ ਗਿਆ।

– ਮੇਰੇ ਕੋਲ਼ੇ ਆ– ਲੇਵੀ ਬੋਲ਼ੀ। ਘੁੰਮ ਕੇ ਲੇਵੀ ਵੱਲ ਵਧਿਆ। ਲੇਵੀ ਨੇ ਸੋਸਨੀ'ਤੇ ਹਿਕਾਰੂ ਨੂੰ ਰਾਖੀ ਰੱਖਣ ਬਾਰੇ ਕਿਹਾ। ਕਲਦਾਰਾਂ ਨੂੰ ਵੀ, ਫੇਰ ਸੀੜ੍ਹੀ ਚੜ੍ਹ ਕੇ ਨਾਓ ਵਿੱਚ ਚਲੀ ਗਈ'ਤੇ ਨਾਲ਼ੇ ਨਾਲ਼ ਸਿੰਧ ਨੂੰ ਇਸ਼ਾਰਾ ਕੀਤਾ ਮਗਰ ਆਉਣ ਨੂੰ। ਗ਼ੁੱਸੇ ਵਿੱਚ ਸਿੰਧ ਉਸ ਦੇ ਮਗਰ ਚਲੇ ਗਿਆ।

ਨਾਓ ਦੇ ਅੰਦਰ ਕੁਰਸੀਆਂ ਉੱਤੇ ਬੈਠ ਗਏ। ਸਿੰਧ ਲੇਵੀ ਵੱਲ ਘੂਰ ਕੇ ਦੇਖ ਰਿਹਾ ਸੀ। ਫੇਰ ਲੇਵੀ ਹੀ ਬੋਲ਼ੀ।

– ਦੇਖ, ਸਾਨੂੰ ਕੀ ਪਤਾ ਤੂੰ ਕਿਹੜੇ ਪਾਸੇ ਸੀ। ਨਾਲ਼ੇ ਤੂੰ ਆਪ ਹੀ ਸਮਝਾਇਆ ਸੀ ਕਿ ਤੁਸੀਂ ਸਾਰੇ ਪੈਸਿਆਂ ਮਗਰ ਹੀ ਹੋ। ਤੁਹਾਡੀਆਂ ਨਿਸ਼ਠਾਵਾਂ ਤਾਂ ਪੈਸਿਆਂ ਲਈ ਹਨ। ਫੇਰ ਅਸੀਂ ਕੀ ਕਰ ਸਕਦੇ ਹਾਂ। ਤੁਸੀਂ ਤਾਂ ਸਾਨੂੰ ਵੇਚ ਸਕਦੇ ਸੀ। ਤੁਸੀਂ ਕੋਈ ਜਸੂਸ ਨੂੰ ਸਾਡੇ ਬਾਰੇ ਦੱਸ ਸਕਦੇ ਸੀ। ਉਨ੍ਹਾਂ ਦੇ ਹਵਾਲੇ ਕਰ ਸਕਦੇ ਸੀ। ਜੰਗ ਹੋ ਰਿਹਾ ਹੈ। ਇੱਕ ਪਾਸਾ ਤਾਂ ਲੈਣਾ ਹੀ ਪੈਣਾ ਮੀਰ ਮੁਲਾਹ ਜੀ। ਜੇ ਪਾਸਾ ਨਹੀਂ ਲੈਣਾ, ਫਿਰ ਤਾਂ ਤੂੰ ਕਿਸੇ ਰਕਮ ਲਈ ਸਾਨੂੰ ਵੇਚ ਸਕਦਾ ਹੈਂ। ਦੋਨਾਂ ਪਾਸਿਆਂ ਤੋਂ ਪੈਸੇ ਕਮਾ ਸਕਦਾ ਹੈਂ। ਜਿਹੜਾ ਪਾਸਾ ਨਹੀਂ ਲੈਂਦਾ, ਕਿਸੇ ਦਾ ਯਾਰ ਦੁਸ਼ਮਣ ਨਹੀਂ ਹੈ। ਹੁਣ ਦੱਸ ਤੇਰੀ ਤਾਬੇਦਾਰੀ ਕਿਹੜੇ ਪਾਸੇ ਹੈ। ਸੁਲਤਾਨਵਾਦੀ ਨਾਲ਼ ਜਾਂ ਗਣਤੰਤਰਵਾਦੀ ਨਾਲ਼?–।

– ਤੂੰ ਕਿਉਂ ਆਖਦੀ ਹੈ? ਹਿਕਾਰੂ ਤਾਂ ਇੱਕ ਨਿਰਾਕਾਰੀ ਹੈ। ਉਸ ਨੇ ਤਾਂ ਪਲ ਵਿੱਚ ਸਾਡੇ ਮਨ ਪੜ੍ਹ ਲਏ ਹੋਣਗੇ। ਸੋ ਆਖਣ ਦੀ ਕੀ ਲੋੜ ਹੈ? ਇਹ ਤਾਂ ਝੂਠ ਹੈ। ਸੱਚ ਹੈ ਤੂੰ ਸਾਨੂੰ ਦੱਸਣਾ ਨਹੀਂ ਚਾਹੁੰਦੀ ਸੀ। ਸਾਡੇ ਉੱਤੇ ਕੋਈ ਇਤਬਾਰ ਨਹੀਂ ਸੀ, ਹੈ ਨਾ? ਸਾਨੂੰ ਗਣਤੰਤਰੀ ਮਾਰ ਸਕਦੇ ਸੀ! ਮੇਰੇ ਪੱਖ ਤੋਂ ਅਮਾਨਤ ਵਿੱਚ ਖ਼ਿਆਨਤ ਹੈ, ਟੋਬੀ ਜੀ–। ਸਿੰਧ ਨੂੰ ਹੁਣ ਸਭ ਕੁਝ ਪਤਾ ਸੀ ਅਤੇ ਬਿਨਾ ਸੋਚੇ ਲੇਵੀ ਦਾ ਅਸਲੀ ਨਾਂ ਵਰਤਿਆ।

– ਜੇ ਤੁਹਾਨੂੰ ਮੇਰਾ ਸੱਚਾ ਨਾਮ ਦਿੱਤਾ ਤਾਂ ਦਗ਼ਾ ਵੀ ਹੋ ਸਕਦਾ ਸੀ!–। ਹੁਣ ਟੋਬੀ ਨੂੰ ਵੀ ਗ਼ੁੱਸਾ ਆ ਚੁੱਕਿਆ ਸੀ।

- ਠੀਕ। ਪੈਸੇ ਤਾਂ ਸਾਨੂੰ ਦਿੱਤੇ ਸੀ। ਸੋ ਉਸ ਲਈ ਇਤਬਾਰ ਕਰਨਾ ਸੀ-।

- ਸਾਤੋਂ ਵੀ ਜ਼ਿਆਦਾ ਪੈਸੇ ਈਡੀ ਤੋਂ ਮਿਲ ਜਾਣੇ ਸੀ। ਫੇਰ ਇਤਕਾਦ ਤੁਹਾਡੇ'ਤੇ ਕਰ ਸਕਣਾ ਸੀ?-।

- ਸਾਡਾ ਜਹਾਜ਼ ਦੇਖਿਆ? ਹੀਰੇ ਹੀ ਹੀਰੇ ਹਨ। ਸਾਨੂੰ ਪੈਸਿਆਂ ਦੀ ਹੁਣ ਲੋੜ ਨਹੀਂ ਹੈ!-।

ਫੇਰ ਦੋਨੋਂ ਹੀ ਚੁੱਪ ਹੋ ਗਏ। ਕਾਫ਼ੀ ਖਾਮੋਸ਼ੀ ਬਾਅਦ ਸਿੰਧ ਨੇ ਆਖਿਆ, - ਸੋ ਤੂੰ ਰਾਣੀ ਬਣਨਾ ਚਾਹੁੰਦੀ ਹੈ? ਪਰ ਰਾਣੀ ਕੋਲ਼ੇ ਤਾਂ ਤਾਨਾਸ਼ਾਹੀ ਇਖਤਿਆਰ ਹੈ। ਮਤਲਬ ਪੂਰੀ ਸੱਤਾ! ਇੱਕ ਜਣੇ ਕੋਲ਼ੇ ਐਨੀ ਤਾਕਤ ਖ਼ਤਰਨਾਕ ਹੈ-। ਸਿੰਧ ਨੇ ਟੋਬੀ ਦੀਆਂ ਅੱਖਾਂ ਵਿੱਚ ਆਪਣੀਆਂ ਅੱਖਾਂ ਪਾਈਆਂ। ਟੋਬੀ ਨੇ ਵਾਪਸ ਇੰਝ ਹੀ ਦੇਖਿਆ। ਕੋਈ ਡਰ ਨਹੀਂ ਸੀ।

- ਹੁਣ ਈਡੀ ਕੀ ਕਰ ਰਿਹਾ?- ਟੋਬੀ ਨੇ ਵਾਪਸ ਸਵਾਲ ਕੀਤਾ।

- ਈਡੀ ਨੂੰ ਜਦ ਵੀ ਮਰਜ਼ੀ ਕੱਢ ਸਦਕੇ ਹਨ। ਜਨ ਤੰਤਰ ਹੈ। ਇੰਤਖ਼ਾਬ ਹੁੰਦਾ, ਚੋਣ ਹੁੰਦੀ। ਰਾਣੀ ਮੌਤ ਤੱਕ ਰਾਣੀ ਹੀ ਰਹਿੰਦੀ। ਜੇ ਉਸ ਦਾ ਰਾਜ ਪਸੰਦ ਨਹੀਂ ਹੈ, ਜਨਤਾ ਕੁਝ ਨਹੀਂ ਕਰ ਸਕਦੀ-। ਸਿੰਧੇ ਨੇ ਕਿਹਾ।

- ਇਸ ਦਾ ਮਤਲਬ ਤੂੰ ਤੰਤਰਵਾਦੀ ਹੈ-।

- ਮੈਂ ਇਹ ਤਾਂ ਨਹੀਂ ਕਿਹਾ। ਪਰ ਰਾਜੇ ਰਾਣੀਆਂ ਨਾਲ਼ ਲੋਕ ਫ਼ਸ ਸਕਦੇ ਹਨ। ਤੇਰੀ ਮਰਜ਼ੀ'ਤੇ ਸਭ ਨੂੰ ਰਹਿਣਾ ਪੈਣਾ ਹੇ। ਮੈਂ ਗ਼ਲਤ ਆ ਜਾਂ ਸਹੀ?-। ਸਿੰਧ ਨੇ ਪੁੱਛਿਆ।

- ਦੇਖ, ਰਾਜਿਆਂ'ਚ ਨੁਕਸ ਤਾਂ ਹੁੰਦੇ ਹੀ ਹਨ। ਤਾਹੀਂ ਤਾਂ ਮੇਰੇ ਪਿਤਾ ਦੇ ਖ਼ਿਲਾਫ਼ ਲੋਕ ਹੋਏ। ਕੁਝ ਲੋਕ ਹੋਏ-।

- ਸੱਚੀ? ਮੈਂ ਸੋਚਿਆ ਸੀ ਕਿ ਉਸ ਨੇ ਆਪ ਨੂੰ ਡਿਕਟੇਟਰ ਬਣਾ ਦਿੱਤਾ ਸੀ-।

- ਅੱਛਾ? ਲੱਗਦਾ ਫੇਰ ਤੂੰ ਤਾਂ ਇੱਕ ਪਾਸਾ ਲੈ ਹੀ ਲਿਆ-।

– ਕਿੱਥੇ! ਮੈਂ ਖ਼ਬਰਾਂ ਪੜ੍ਹਦਾ ਸੁਣਦਾ ਹਾਂ। ਮੈਂ ਬੇਵਕੂਫ਼ ਨਹੀਂ ਹੈ!– ਸਿੰਧ ਨੇ ਹੱਸ ਕੇ ਕਿਹਾ। ਟੋਬੀ ਵੀ ਹੱਸ ਪਈ।

– ਡਿਕਟੇਟਰ ਜਾਂ ਤਾਨਾਸ਼ਾਹ ਹੋਣ ਵਾਸਤੇ ਰਾਜੇ ਹੋਣ ਦੀ ਲੋੜ ਨਹੀਂ ਹੈ। ਕੁਝ ਲੋਕਾਂ ਦੀ ਨਜ਼ਰ ਵਿੱਚ ਈਡੀ ਵੀ ਤਾਨਾਸ਼ਾਹ ਹੀ ਹੈ–।

– ਪਰ ਲੋਕਾਂ ਨੇ ਉਸ ਨੂੰ ਚੁਣ ਲਿਆ–।

– ਲੋਕ? ਲੋਕੀ ਕਮਜ਼ੋਰ ਵੀ ਹੁੰਦੇ ਨੇ। ਜ਼ਿਆਦੇ ਲੋਕਾਂ ਨੂੰ ਇਲਮ ਵੀ ਨਹੀਂ ਹੁੰਦਾ ਕਿ ਸਹੀ ਕੀ ਹੈ ‘ਤੇ ਗ਼ਲਤ ਕੀ ਹੈ। ਤਾਂਹੀ ਤਾਂ ਰਾਜਨੀਤੀਵਾਨ ਉਨ੍ਹਾਂ ਨੂੰ ਉੱਲੂ ਬਣਾ ਦਿੰਦੇ ਨੇ। ਸ਼ਰਾਬ ਦਿਓ, ਜਾਤਾਂ ਦੀਆਂ ਸਿਫ਼ਤਾਂ ਕਰੋਂ, ਲੋਕਾਂ ਦੇ ਇਮਤਿਆਜ਼ਾਂ ਦਾ ਸ਼ੋਸ਼ਣ ਕਰੋਂ। ਕਿਸੇ ਨੂੰ ਧਰਮ ਦੀਨ ਵਜੋਂ ਵਾਂਝੇ ਕਰੋਂ। ਕਿਸੇ ਨੂੰ ਜਾਤ ਉੱਤੇ। ਕਿਸੇ ਨੂੰ ਲਾਲਚ ਉੱਤੇ–।

– ਪਰ ਇਹ ਗੱਲਾਂ ਤਾਂ ਰਾਜੇ ਵੀ ਕਰਦੇ ਆਏ ਨੇ ’ਤੇ ਕਰੀ ਜਾਣਗੇ। ਸਹੀ ਗੱਲ, ਲੋਕ ਅਕਲ ਦੇ ਅੰਨ੍ਹੇ ਹਨ। ਪਰ ਰਾਜਾ ਜਾਂ ਰਾਣੀ ਤਾਂ ਜ਼ਰੂਰ ਇਸ ਗੱਲ ਦਾ ਫ਼ਾਇਦਾ ਉਠਾਉਣਗੇ–।

– ਮਤਲਬ, ਮੈਂ?–।

– ਹੋਰ ਕੌਣ? ਤੂੰ ਰਾਜ ਕਰਨ ਲੱਗ ਪਈ, ‘ਤੇ ਤੇਰੇ ਨਾਲ਼ ਧਰਮ ਵਾਲਿਆਂ ਨੇ ਲੋਕਾਂ ਵਿੱਚ ਜ਼ਹਿਰ ਪਾ ਦੇਣਾ। ਲੋਕਾਂ ਤੋਂ ਪੈਸੇ ਲੈ ਲੈ ਕੇ ਮੰਦਰ ਸਵਰਨ ਨਾਲ਼ ਭਰ ਦੇਣੇ ਹਨ। ਪਰ ਜਦ ਲੋਕਾਂ ਨੂੰ ਲੋੜ ਪੈਣੀ, ਉਸ ਵੇਲ਼ੇ ਮੰਦਰਾਂ ਦੇ ਬੂਹੇ ਬੰਦ ਹੋਣਗੇ। ਮੈਂ ਇਹ ਗੱਲ ਕਈ ਗ੍ਰਹਿਆਂ’ਤੇ ਦੇਖੀ ਹੈ। ਕਈ ਸੱਭਿਆਚਾਰਾਂ ਵਿੱਚ। ਅਮੀਰ ਆਪਣਾ ਹੀ ਦੇਖਦਾ। ਇਹ ਵੀ ਗੱਲ ਦੇਖੀ ਹੈ। ਮਹੰਤ ਵੀ ਆਪਣਾ ਹੀ ਦੇਖਦਾ–।

–‘ਤੇ ਤੈਨੂੰ ਲੱਗਦਾ ਕਿ ਲੋਕ ਤੰਤਰ’ਚ ਇਹ ਨਹੀਂ ਕਰਦੇ?– ਟੋਬੀ ਨੇ ਆਖਿਆ।

– ਇਹ ਨਹੀਂ ਮੈਂ ਕਹਿੰਦਾ। ਜ਼ਰੂਰ ਹੁੰਦਾ। ਪਰ ਫੇਰ ਵੀ ਅਸੀਂ ਹੋਰ ਕਿਸੇ ਨੂੰ ਮੱਤ ਪਾ ਸਕਦੇ ਹਾਂ–।

– ਪਰ ਜੇ ਹਰ ਜਣੇ ਝੂਠ’ਚ ਮੰਨਦਾ’ਤੇ ਉਸ ਪ੍ਰਧਾਨ ਮੰਤਰੀ’ਚ ਵਿਸਵਾਸ਼ ਕਰਦਾ, ਫੇਰ ਕੀ ਹੋਵੇਗਾ? ਖ਼ਾਸ ਜੇ ਤਾਕਤ ਰੱਖਣ ਵਾਸਤੇ ਕੋਈ

ਨਾਬਾਲਗੀ ਨੂੰ ਖ਼ਰਾਬ ਕਰਦਾ? ਲੋਕ ਤਾਂ ਉਸ ਦੇ ਨਾਲ਼ ਹੀ ਨਸਲਕੁਸ਼ੀ ਕਰ ਸਕਦੇ ਨੇ-।

- ਠੀਕ। ਪਰ ਰਾਣੀ ਨੇ ਤਾਂ ਕਿਸੇ ਹੋਰ ਦੀ ਨਹੀਂ ਮੰਨਣੀ। ਅੱਜ ਕੱਲ੍ਹ ਇਹ ਤਰੀਕਾ ਗ਼ਲਤ ਨਹੀਂ ਹੈ?-।

- ਗ਼ਲਤ? ਕਿਉਂ? ਜੋ ਇੱਕ ਨੇ ਕਿਹਾ, ਸਭ ਨੂੰ ਕਰਨਾ ਹੀ ਪੈਣਾ ਹੈ-।

- ਫੇਰ ਤੇਰੇ 'ਤੇ ਈਡੀ'ਚ ਕੀ ਫ਼ਰਕ ਹੈ?-।

ਕੁਝ ਦੇਰ ਲਈ ਟੋਬੀ ਚੁੱਪ ਹੀ ਰਹੀ। ਫੇਰ ਸਿੰਧ ਤੋਂ ਪਰ੍ਹੇ ਵੇਖ ਕੇ ਬੋਲ਼ੀ, - ਲੋਕ ਸਭ ਗ਼ਰਜ਼ਾਂ ਮਾਰੇ ਹਨ। ਉਸ ਦੀ ਹੀ ਪੂਜਾ ਕਰਦੇ, ਜਿਸ ਨੇ ਉਨ੍ਹਾਂ ਨੂੰ ਕੁਝ ਦੇਣਾ, ਭਾਵੇਂ ਪੈਸੇ, ਭਾਵੇਂ ਜੀਵਨ, ਭਾਵੇਂ ਧਨ, ਜੋ ਮਰਜ਼ੀ। ਡੂੰਘੇ ਸੋਚਾਂ ਤੋਂ ਅਲੱਗ ਹਨ। ਆਪਣਾ ਆਪਣਾ ਹੀ ਦੇਖਦੇ। ਖ਼ੁਦ ਨੂੰ ਨਹੀਂ ਪਤਾ ਕਿ ਇਸ ਤਰ੍ਹਾਂ ਦੇ ਹੋ, ਪਰ ਇਹ ਔਗੁਣ ਹੋਰਾਂ'ਚ ਹੀ ਦਿਸਦਾ ਹੈ। ਸਭ ਨੂੰ ਤਕੜਾ ਕਾਇਦ ਚਾਹੀਦਾ ਹੈ। ਨਾਲ਼ੇ ਗਣਤੰਤਰ'ਚ ਕਈ ਗੁਟ ਲੌਬੀ ਕਰਦੇ ਨੇ। ਇੰਝ ਹੀ ਘੂਸਖੋਰੀ ਹੁੰਦੀ ਏ-।

- ਇਹ ਤਾਂ ਸੁਲਤਾਨੀ'ਚ ਵੀ ਹੋ ਸਕਦਾ-।

- ਜੀ। ਪਰ ਰਾਣੀ ਨੂੰ ਉਨ੍ਹਾਂ ਦਿਆਂ ਪੈਸਿਆਂ ਦੀ ਲੋੜ ਨਹੀਂ ਹੈ। ਸੰਡਾਲਿਆਂ ਨੂੰ ਨਹੀਂ ਲੋੜ ਹੈ। ਅਸੀਂ ਤਾਂ ਖੁੱਸ ਧਰੋਹ ਦੀ ਦੌੜ ਤੋਂ ਅਲੱਗ ਹਾਂ-। ਟੋਬੀ ਨੇ ਹੁਣ ਸਿੰਧ ਵੱਲ ਦੇਖਿਆ।

- ਸੱਚ? ਕੋਈ ਨਹੀਂ ਇੰਝ ਕਹਿ ਸਕਦਾ। ਜੀਵਨ ਹੋਰ ਕੀ ਹੈ?- ਫੇਰ ਅੱਖਾਂ ਚਾਰ ਕਰ ਕੇ ਬੋਲ਼ਿਆ, - ਈਡੀ ਨੇ ਸੂਕੀ ਨੂੰ ਮਾਰਿਆ ਸੀ। ਫ਼ਾਂਸੀ ਲਾਈ ਸੀ। ਤੇਰੇ ਵਾਸਤੇ ਤਾਂ ਇਹ ਜੰਗ ਬਦਲਾ ਹੀ ਹੈ। ਅਸੀਂ ਸਭ ਤੇਰੇ'ਤੇ ਈਡੀ ਦੇ ਝਗੜੇ'ਚ ਫ਼ਸ ਗਏ!-।

- ਲੱਗਦਾ ਤੂੰ ਤਾਂ ਪਾਸਾ ਲੈ ਹੀ ਲਿਆ ਹੈ-। ਟੋਬੀ ਨੇ ਕਹਿ ਕੇ ਖੜ੍ਹ ਗਈ। - ਪਰ ਤੂੰ ਸਮਝਦਾ ਨਹੀਂ ਹੈ-।

- ਕੀ ਨਹੀਂ ਸਮਝਦਾ?-।

– ਤੇਰੀ ਗੱਲ ਸਹੀ ਹੈ ਕਿ ਰਾਜੇ ਰਾਣੀਆਂ ਦਾ ਜੁਗ ਤੁਰ ਪਿਆ ਹੈ। ਪਰ ਮੈਂ ਹੁਣ ਫ਼ਸੀ ਹਾਂ। ਚੰਗੀ ਤਰ੍ਹਾਂ ਫ਼ਸੀ ਹਾਂ। ਮੈਂ ਇਹਨੂੰ ਚਾਹੁੰਦੀ ਨਹੀਂ ਸੀ। ਪਿਤਾ ਮਾਰ ਦਿੱਤਾ'ਤੇ ਸੁਲਤਾਨਵਾਦੀਆਂ ਨੇ ਮੈਨੂੰ ਮੂਹਰੇ ਕਰ ਦਿੱਤਾ। ਦਿਲ ਵਿੱਚ ਮੈਂ ਵੀ ਜਮਹੂਰੀ ਹਾਂ। ਪਰ ਜੇ ਜੰਗ ਨੂੰ ਈਡੀ ਜਿੱਤ ਗਿਆ, ਇੱਕ ਹੋਰ ਜਹਾਦ ਹੋਵੇਗਾ। ਜੇ ਮੈਂ ਰਾਣੀ ਹੋ ਕੇ ਉਨ੍ਹਾਂ ਨੂੰ ਜੋ ਮੰਗਦੇ ਨੇ, ਦੇਵਾਂ, ਪਰ ਹੌਲ਼ੀ-ਹੌਲ਼ੀ ਅਤੇ ਹਿਸਾਬ ਨਾਲ਼ ਮੈਂ ਉਨ੍ਹਾਂ ਉੱਤੇ ਕੰਟਰੋਲ ਕਰਾਂ, ਹੋ ਸਕਦਾ ਮੈਂ ਦੋਨਾਂ ਪਾਸਿਆਂ ਨੂੰ ਖ਼ੁਸ਼ ਕਰਦੂੰਗੀ। ਖ਼ੈਰ, ਫੇਰ ਹੌਲ਼ੀ-ਹੌਲ਼ੀ ਗਣਤੰਤਰੀਆਂ ਨੂੰ ਲੋਕ ਜਮਹੂਰੀਅਤ ਦੇ ਸਕਦੀ ਹਾਂ-।

– ਸੋ ਇਹ ਤੇਰੀ ਚਾਲ ਹੈ? ਚੰਗੀ ਹੈ। ਪਰ ਮੈਂ ਕਿਸੇ ਦਾ ਪਾਸਾ ਨਹੀਂ ਲੈਣਾ। ਤੇਰੇ ਵਾਸਤੇ ਧੰਨ ਭਾਗ ਹੋਵੇ। ਅਸੀਂ ਤੁਹਾਨੂੰ ਇੱਥੇ ਤੱਕ ਲੈ ਆਏ ਹਾਂ। ਪੈਸੇ ਦੇ ਦਿੱਤੇ। ਠੀਕ। ਜਦ ਤੇਰੇ ਲੋਕ ਮਿਲ਼ ਚੁੱਕੇ, ਅਸੀਂ ਤਾਂ ਖੁਰੀ ਵੱਟ ਜਾਣਾ-।

ਟੋਬੀ ਨੇ ਸਿੰਧ ਵੱਲ ਬੇਜ਼ਾਰ ਨਿਰਾਸ ਨਜ਼ਰ ਨਾਰੀ।

* * * * *

ਰੂਬਾ ਨੇ ਆਪਣੀ ਜੰਗੀ ਨਾਓ ਸਿੱਧੀ ਛਤਰ ਵਿੱਚ ਲੰਘਾ ਕੇ ਚਕੋਰਵਾੜੀ ਦੀ ਧਰਤ ਉੱਤੇ ਟਿਕਾ ਦਿੱਤੀ ਸੀ। ਨਾਓ ਸਿੰਧਬਾਦ ਦੀ ਵੱਡੀ ਨਾਓ ਜਿੱਡੀ ਕੁ ਸੀ; ਜਿਸ ਨਾਓ ਨਾਲ਼ ਹੀਰੇ ਗ੍ਰਹਿ ਤੋਂ ਚੁੱਕੇ ਸਨ। ਰੂਬਾ ਦੀ ਜੰਗੀ ਨਾਓ ਤਰਬੂਜ਼ ਦੇ ਰੂਪ ਵਰਗੀ ਆਂਡਾਕਾਰ ਸੀ। ਮੂਹਰਲਾ ਹਿੱਸਾ ਸ਼ੀਸ਼ੇ ਦਾ ਬਣਾਇਆ ਹੋਇਆ ਸੀ। ਪਿੱਛਲਾ ਹਿੱਸਾ ਕਾਲ਼ੇ ਪਲਾਸਟਿਕ 'ਤੇ ਲੋਹੇ ਦਾ ਨਿਰਮਿਤ ਸੀ। ਪੈਰਾਂ ਪਹੀਆਂ ਦੀ ਥਾਂ ਸੱਜੇ ਖੱਬੇ ਪਾਸੇ ਤਿੱਖੇ ਫਰ ਸਨ। ਤਿੱਖੇ ਲੰਬੇ ਬਲੇਡ। ਨਾਓ ਦੇ ਨੱਕ ਤੋਂ 'ਗਾਂਹ ਤੱਕ ਤਾਰਾਂ ਜਾਂਦੀਆਂ ਸਨ, ਜਿਨ੍ਹਾਂ'ਤੇ ਬਾਦਬਾਨ ਸਨ।

ਰੂਬਾ 'ਤੇ ਲੇਕਸੀ ਨੇ ਸਾਰਾ ਰਾਹ ਸਿੰਧਬਾਦ ਦਾ ਪਿੱਛਾ ਕੀਤਾ ਸੀ। ਦੂਰ ਰਹੇ ਸੋ ਸੈਂਸਰਾਂ ਨੂੰ ਪਤਾ ਨਾ ਲੱਗੇ। ਹੁਣ ਸਿੰਧਬਾਦ ਦੀਆਂ ਨਾਓਆਂ ਮਗਰ ਉੱਡ ਕੇ ( ਦੂਰ ਰਹਿ ਕੇ) ਧਰਤ 'ਤੇ ਆ ਗਏ ਸੀ। ਪਰ ਸਿੰਧਬਾਦ ਦੀਆਂ ਨਾਓਆਂ ਤੋਂ ਚਾਰ ਮੀਲ ਦੂਰ ਲੱਥੇ ਸੀ। ਅਤੇ ਜਿਸ ਜਗ੍ਹਾ ਟੋਬੀ ਨੂੰ ਉਸ ਦੇ ਲੋਕਾਂ ਨੇ ਮਿਲ਼ਣਾ ਸੀ, ਤੋਂ ਇੱਕ ਮੀਲ ਦੂਰ। ਰੂਬਾ ਨੂੰ ਉਨ੍ਹਾਂ ਦੀ ਨਾਓ ਦੀ ਆਵਰਿਤੀ ਦਿੱਤੀ ਹੋਈ ਸੀ। ਸਬੀਲ ਸੀ ਕਿ ਉਨ੍ਹਾਂ ਨੂੰ ਸਿਗਨਲ ਭੇਜ ਕੇ ਉੱਥੇ ਜਾ ਕੇ ਮਿਲ਼ਣਾ ਸੀ। ਦੂਰੋਂ ਅੱਖ ਰੱਖਣੀ ਸੀ। ਜਦ ਟੋਬੀ ਉਨ੍ਹਾਂ ਕੋਲ਼ੇ

ਆ ਚੁੱਕੀ, ਫੇਰ ਉਨ੍ਹਾਂ ਦੇ ਨਾਲ਼ ਹੀ ਗ਼ਲਬਾ ਤਾਕ਼ਤ ‘ਤੇ ਜਾਣਾ ਸੀ, ਗਾਮਾ ਮੀਨਾ ਨੂੰ ਮਿਲ਼ਣ ਅਤੇ ਉਸ ਦੇ ਹਵਾਲੇ ਟੋਬੀ ਨੂੰ ਕਰਨ।

ਸੋ ਜਦ ਟ੍ਰਾਂਜ਼ਿਸਟਰ’ਤੇ ਜਵਾਬ ਨਹੀਂ ਆਇਆ, ਇੱਕ ਦਮ ਫ਼ਿਕਰ ਹੋ ਚੁੱਕਾ ਸੀ। ਲੇਕਸੀ ਚਾਹੁੰਦੀ ਸੀ ਨਾਓ ਨੂੰ ਉੱਡਾ ਕੇ ਉੱਥੇ ਲੈ ਕੇ ਜਾਣ। ਪਰ ਰੂਬਾ ਇੱਦਾਂ ਕਰਨ’ਚ ਖ਼ੁਸ਼ ਨਹੀਂ ਸੀ। ਜੇ ਦੁਸ਼ਮਣ ਆ ਗਿਆ, ਫੇਰ? ਰੂਬਾ ਤਫਤੀਸ਼ ਕਰਨ ਨੂੰ ਤਿਆਰ ਸੀ, ਪਰ ਦੂਰੋਂ। ਇਹਤਿਆਤ ਰੱਖਣਾ ਚਾਹੁੰਦਾ ਸੀ। ਸੋ ਨਾਓ ਦੀ ਪਿੱਠ’ਚ ਕਾਲ਼ਾ ਬੂਹਾ ਖੋਲ਼੍ਹ ਕੇ ਸੀੜ੍ਹੀ ਉੱਤਰ ਕੇ ਜੰਗਲ਼ ਵਿੱਚ ਆ ਗਏ। ਰੂਬਾ ਦੇ ਹੱਥ’ਚ ਭਾਲਾ ਵੀ ਸੀ, ਸ਼ਆਤੁਫੰਗ ਵੀ। ਲੇਕਸੀ ਆਪਣੇ ਕਲਧਣਖ’ਤੇ ਸ਼ਆਤੁਫੰਗ ਨਾਲ਼ ਸੀੜ੍ਹੀ ਲਹਿ ਕੇ ਹੇਠਾਂ ਆਈ। ਉਸ ਦੇ ਪੱਟਾਂ’ਤੇ ਕਈ ਕਟਾਰੇ ਬੰਨ੍ਹਾਂ ਹੋਏ ਸਨ।

- ਸੋ ਹੁਣ ਕੀ ਕਰਨਾ?- ਲੇਕਸੀ ਨੇ ਰੂਬਾ ਨੂੰ ਆਖਿਆ।

- ਕੋਈ ਹੈ?- ਲੇਕਸੀ ਨੂੰ ਜਵਾਬ ਦੇਣ ਦੀ ਥਾਂ ਹੱਥ ਵਾਲ਼ੇ ਰੇਡਿਓ ਉੱਪਰ ਉਨ੍ਹਾਂ ਨੂੰ ਕਾਲ ਕੀਤੀ। ਪਰ ਜਵਾਬ ਨਹੀਂ ਆਇਆ। ਫੇਰ ਲੇਕਸੀ ਵੱਲ ਘੁੰਮ ਕੇ ਕਿਹਾ, - ਆ ਚਲੀਏ। ਕੁਝ ਸਹੀਂ ਨਹੀਂ ਹੈ-। ਫੇਰ ਨੱਠਣ ਲੱਗ ਪਿਆ, ਉਸ ਦੇ ਮਗਰ ਲੇਕਸੀ ਦੌੜੀ। ਚਕੋਰਵਾੜੀ ਅੱਗੇ ਵੀ ਆਏ ਹੋਏ ਸੀ। ਜੰਗਲ਼ ਤੋਂ ਨਹੀਂ ਡਰਦੇ ਸੀ। ਪਰ ਜੰਗਲ਼ੀ ਸਾਨ੍ਹਾਨਸਲਾਂ ਤੋਂ ਖ਼ੌਫ਼ ਆਉਂਦਾ ਸੀ। ਆਪਣੇ ਲਈ ਨਹੀਂ...ਪਰ ਦੂਜਿਆਂ ਵਾਸਤੇ, ਖ਼ਾਸ ਟੋਬੀ ਵਾਸਤੇ...।

* * * * *

ਜਦ ਟੋਬੀ ‘ਤੇ ਸਿੰਧ ਨਾਓ ਵਿੱਚੋਂ ਨਿਕਲ਼ੇ ਸਨ, ਸੋਸਨੀ ਨੇ ਇੱਕ ਦਮ ਅਲਾਰਮ ਕੀਤਾ, ਕੰਨ ਖੜ੍ਹੇ ਹੋਣੇ’ਤੇ ਚੌਂਕ ਰਿਹਾ ਸੀ। ਬਿਨਾ ਗੱਲ ਕਰਨ ਤੋਂ, ਤਮੰਚੇ ਨਾਲ਼ ਰੁੱਖਾਂ ਵੱਲ ਸ਼ਆਤੁਫੰਗ ਛੱਡ ਰਿਹਾ ਸੀ। ਸਿੰਧ ਨੇ ਵੀ ਬਿਨਾ ਪੁੱਛੇ ਤਮੰਚਾ ਕੱਢ ਲਿਆ ਸੀ। ਆਪਣੀਆਂ ਅੱਖਾਂ ਨਾਲ਼ ਆਲ਼ੇ ਦੁਆਲ਼ੇ ਤਾੜਦਾ ਸੀ। ਕੁਝ ਨਹੀਂ ਦਿਸਦਾ ਸੀ। ਸਬਜ਼ ਹੀ ਸਬਜ਼ ਪਤਰਾਲ਼ ਹੀ ਵਹਿੰਦੀ ਸੀ। ਫੇਰ ਉਸ ਨੂੰ ਸਮਝ ਲੱਗ ਪਈ ਸੀ! ਇੱਕ ਲਾਗੇ ਦਰਖ਼ਤ ‘ਤੇ ਸਿਰ ਜ਼ਮੀਨ ਵੱਲ, ਪੂੱਛ ਰੁੱਖ ਦੇ ਛਤਰ ਵੱਲ, ਜਿਵੇਂ ਆਮ ਕਿਰਲੀ ਹੁੰਦਾ, ਇੱਕ ਵੱਡਾ ਸਾਨ੍ਹਾਨਸਲ ਚਿੰਬੜਿਆ ਸੀ। ਅਕਸਰ ਚਕੋਰਵਾੜੀ ਦੀ ਅਬਾਦੀ ਸਾਨ੍ਹਾਨਸਲਾਂ ਦੀ ਹੀ ਸੀ। ਇਸ ਕਰਕੇ ਸੋਸਨੀ ਨੂੰ ਇੱਕ ਦਮ ਦਿਸ ਗਏ ਸੀ। ਚਿੰਬੜਿਆ ਸਾਨ੍ਹਾਨਸਲ ਦਰਖ਼ਤ ਦੇ ਸੱਕ ਦੇ ਰੰਗ ਦਾ ਸੀ। ਆਪਣੇ

ਆਪ ਨੂੰ ਲੁਕੋਇਆ ਹੋਇਆ ਸੀ, ਪਤਾ ਨਹੀਂ ਕਿੰਨੇ ਚਿਰ ਦਾ ਉੱਥੇ ਸੀ। ਪਰ ਇਹ ਵੀ ਨਹੀਂ ਖ਼ਾਸ ਗੱਲ ਸੀ। ਉਸ ਦੇ ਹੱਥ ਵਿੱਚ ਨੇਜ਼ਾ ਸੀ, ਅਤੇ ਉਹ ਸਿੰਧ ਹੁਣਾਂ ਵੱਲ ਨੇਜ਼ਾ ਨੂੰ ਤਣਦਾ ਸੀ। ਪਰ ਉਹ 'ਕੱਲਾ ਨਹੀਂ ਸੀ। ਹਵਾ ਵਿੱਚ ਕਈ ਨੇਜ਼ੇ ਉੱਡ ਕੇ ਆਏ ਉਨ੍ਹਾਂ ਵੱਲ। ਹੁਣ ਸਿੰਧ ਨੇ ਦੇਖ ਲਿਆ ਕਈ ਰੁੱਖਾਂ ਨਾਲ ਜੰਗਲ਼ੀ ਸਾਨ੍ਹਾਨਸਲ ਚਿੰਬੜੇ ਸਨ; ਕਈ ਹੋਰ ਪੱਤਿਆਂ ਵਿੱਚੋਂ ਨਿਕਲ਼ ਰਹੇ ਸੀ। ਕਈ ਧਰਤ ਉੱਤੇ ਦਰਖ਼ਤਾਂ ਵਿੱਚੋਂ, ਉਨ੍ਹਾਂ ਵੱਲ ਦੌੜਦੇ ਸੀ। ਪਰ ਹੁਣ 'ਕੱਲੇ ਨੇਜ਼ਿਆਂ ਨੂੰ ਨਹੀਂ ਸੁੱਟ ਰਹੇ ਸੀ, ਪਰ ਤੀਰ ਵੀ ਛੱਡ ਰਹੇ ਸੀ, ਅਤੇ ਕਿਸੇ-ਕਿਸੇ ਕੋਲ਼ੇ ਤਮੰਚੇ ਵੀ ਸਨ।

ਉਸ ਹੀ ਪਲ ਸਿੰਧ ਨੂੰ ਸਮਝ ਆਈ ਕਿ 'ਕੱਲੇ ਉਸ 'ਤੇ ਸੋਸਨੀ ਵਾਪਸ ਗੋਲ਼ੀਆਂ ਛੱਡ ਸਕਦੇ ਸੀ। ਹਿਕਾਰੂ, ਟੋਬੀ 'ਤੇ ਕਲਦਾਰਾਂ ਕੋਲ਼ੇ ਕੁਝ ਵੀ ਨਹੀਂ ਸੀ। ਸੋ ਵਾਪਸ ਗੋਲ਼ੀਆਂ ਮਾਰ-ਮਾਰ ਕੇ ਉੱਚੀ ਦੇਣੀ ਹਾਕ ਮਾਰੀ, - ਪਿਛਲਪੈਰੀਂ ਕਰੋਂ!-। ਸਿੰਧ ਨਾਓ ਵਿੱਚ ਜਾਣਾ ਚਾਹੁੰਦਾ ਸੀ, ਪਰ ਸਮਝ ਗਿਆ ਕਿ ਇੰਝ ਤਾਂ ਫ਼ਸ ਜਾਣਾ ਸੀ। ਪਤਾ ਨਹੀਂ ਕਿੰਨੇ ਜਣੇ ਸਨ! ਸੋ ਸ਼ਿਸਤ ਕਰ ਕੇ ਸ਼ਆਤੁਫੰਗ ਛੱਡਦਾ ਟੋਬੀ ਨੂੰ ਆਪਣੇ ਪਿੱਠ ਪਿੱਛੇ ਕਰ ਕੇ ਜੰਗਲ਼ ਦੇ ਨੇੜਲੇ ਦਰਖ਼ਤਾਂ ਵੱਲ ( ਜੋ ਉਨ੍ਹਾਂ ਦੇ ਪਿੱਛੇ ਸਨ) ਨੱਸ ਗਿਆ। ਸਾਨ੍ਹਾਨਸਲ ਦੂਜੇ ਪਾਸਿਓ ਤੋਂ ਆ ਰਹੇ ਸੀ। ਮਗਰ ਸੋਸਨੀ ਕਲਦਾਰਾਂ ਨਾਲ਼ ਰੁੱਖਾਂ'ਚ ਆ ਵੀੜਆ। ਹਵਾ ਵਿੱਚ ਹਿਕਾਰੂ ਉੱਡ ਰਿਹਾ ਸੀ, ਉਨ੍ਹਾਂ ਦੇ ਮਗਰ।

ਖੋਖਰੀਆਂ ਕੱਢ ਕੇ ਬੂਟਿਆਂ ਨੂੰ ਕੱਟਣ ਦਾ ਮੌਕਾ ਵੀ ਨਹੀਂ ਮਿਲ਼ਿਆ, ਉਨ੍ਹਾਂ ਨੂੰ। ਤਿੱਖੇ-ਤਿੱਖੇ ਪੱਤਿਆਂ ਨੇ ਉਨ੍ਹਾਂ ਦਾ ਮਾਸ ਟੁੱਕਿਆ। ਦੁਸ਼ਮਣ ਵੱਲ ਪਿੱਠ ਨਹੀਂ ਕਰ ਸਕਦੇ ਸੀ। ਟੋਬੀ ਨੂੰ ਚੁਰਾਸੀ ਦੇ ਪਿੱਛੇ ਕਰ ਦਿੱਤਾ ਅਤੇ ਉਸ ਨੂੰ ਸਿੰਧ ਨੇ ਕਿਹਾ, - ਰਾਖੀ ਰੱਖ!-। ਚੁਰਾਸੀ ਦਾ ਲੋਹਾ ਜੁੱਸਾ ਟੋਬੀ ਦੀ ਢਾਲ ਬਣ ਗਿਆ ਸੀ। ਹੁਣ ਸਿੰਧ ਨੇ ਆਪਣਾ ਤਮੰਚਾ ਛੱਤੀ ਵੱਲ ਸੁੱਟਿਆ। ਕਲਦਾਰ ਨੇ ਫੜ ਕੇ ਸਾਨ੍ਹਾਨਸਲਾਂ ਵੱਲ ਗੋਲ਼ੀਆਂ ਛੱਡਣ ਲੱਗ ਪਿਆ ਸੀ। ਤਿੰਨ ਅਸੂਲਾਂ ਦੇ ਹਿਸਾਬ ਨਾਲ਼ ਇੰਝ ਨਹੀਂ ਕਰਨਾ ਚਾਹੀਦਾ ਸੀ, ਪਰ ਪਹਿਲਾਂ ਕੰਮ ਸੀ ਜਹਾਜ਼ੀ ਅਮਲਿਆਂ ਦੀ ਰਾਖੀ ਰੱਖਣਾ ਅਤੇ ਉਹ ਸਾਨ੍ਹਾਨਸਲ ਸੱਤ ਪਰਾਏ ਸਨ। ਅਤੇ ਉਹੀ ਜਾਣ ਨੂੰ ਖ਼ਤਰ ਪਾ ਰਹੇ ਸਨ। ਛੱਤੀ ਦੀ ਅੱਖ ਨੇ ਸਕੈਨ ਕੀਤਾ, ਖੱਬੇ ਤੋਂ ਸੱਜੇ; ਉੱਪਰ ਤੋਂ ਹੇਠਾਂ। ਸੌ ਜਣੇ ਸੀ। ਖ਼ੈਰ ਉਸ ਤੋਂ ਵੀ ਵੱਧ। ਉਸ ਨੂੰ ਸਿਰਫ਼ ਦੂਜੇ ਪਾਸੇ ਦਾ ਫ਼ਿਕਰ ਨਹੀਂ ਸੀ, ਪਰ ਆਲ਼ੇ ਦੁਆਲ਼ੇ ਦਰਖ਼ਤਾਂ ਨੂੰ ਸਕੈਨ ਵੀ ਕਰ ਰਿਹਾ ਸੀ। ਹਾਂ, ਐਸ ਪਾਸੇ ਵੀ ਜੰਗਲ਼ੀ ਸਾਨ੍ਹਾਨਸਲ ਸਨ। ਰੁੱਖਾਂ ਤੋਂ ਹੇਠਾਂ ਮਕੜੇ ਵਾਂਗ ਸਰਕਦੇ ਸੀ। ਕਈਆਂ ਦੇ ਬੁੱਲ੍ਹਾਂ ਵਿੱਚ ਮੁਰਲੀਆਂ ਸਨ, ਜਿਸ ਵਿੱਚ ਫੂਕ

ਮਾਰ ਕੇ ਡੰਗ ਛੱਡਦੇ ਸਨ। ਜੇ ਅੜਂਗਾ ਇੱਦਾਂ ਹੀ ਰਿਹਾ, ਸਾਨ੍ਹਾਨਸਲਾਂ ਨੇ ਤਾਂ ਸਾਨੂੰ ਖ਼ਤਮ ਕਰ ਦੇਣਾ, ਛੱਤੀ ਨੇ ਸੋਚਿਆ। ਉੱਪਰੋਂ ਹਿਕਾਰੂ ਨੇ ਟੋਬੀ ਨੂੰ ਸੋਚ ਭੇਜੀ ਕਿ ਪਿੱਛੇ ਖੱਬੇ ਪਾਸੇ ਖੁਲ੍ਹਾ ਖੱਤਾ ਸੀ, ਇੱਕ ਵੱਡੇ ਡਿੱਗੇ ਡੁੰਡ ਪਿੱਛੇ।

ਟੋਬੀ ਨੇ ਸਾਰਿਆਂ ਨੂੰ ਹਾਕ ਮਾਰ ਕੇ ਕਿਹਾ, - ਉਸ ਡੁੰਡ ਪਿੱਛੇ ਜਾਓ! ਉੱਥੇ ਸਾਨੂੰ ਸ਼ਰਨ ਮਿਲੂਗੀ!-। ਇਹ ਕਲਦਾਰਾਂ ਵਾਸਤੇ ਸੀ, ਕਿਉਂਕਿ ਮਰਦਾਂ ਨੇ ਤਾਂ ਹਿਕਾਰੂ ਦੀ ਸੋਚ ਸੁਣ ਲਈ ਸੀ।

ਸਾਰੇ ਡੁੰਡ ਪਿੱਛੇ ਜਾ ਕੇ ਗੋਲ਼ੀਆਂ ਛੱਡ ਰਹੇ ਸੀ। ਪਰ ਹਿਕਾਰੂ ਦਾ ਗਲੋਬ ਹਾਲੇ ਉਸ ਡੁੰਡ ਪਿੱਛੇ, ਥੱਲੇ ਹੀ ਹੋਣ ਲੱਗਾ ਸੀ, ਜਦ ਉਸ ਦੇ ਕੱਚ ਨੂੰ ਇੱਕ ਨੇਜ਼ੇ ਨੇ ਘੁਸਾ ਦਿੱਤਾ ਸੀ। ਫੇਰ ਜੰਗਲ਼ੀ ਸਾਨ੍ਹਾਨਸਲਾਂ ਦੀਆਂ ਗੋਲ਼ੀਆਂ ਨੇ ਸ਼ੀਸ਼ਾ ਕੜਕਾ ਦਿੱਤਾ ਸੀ! ਜਿਉਂ ਗਲੋਬ ਭੁੰਜੇ ਡਿੱਗਾ, ਛੱਤੀ ਨੂੰ ਮੌਕਾ ਮਿਲ਼ ਗਿਆ। ਉਸ ਨੇ ਤਮੰਚੇ ਨਾਲ਼ ਗੋਲ਼ੀ ਗਲੋਬ ‘ਤੇ ਛੱਡ ਦਿੱਤੀ। ਨਿਰਾਕਾਰੀ ਦੇ ਸਿਰ ਵਿੱਚੋਂ ਲੰਘੀ। ਹਿਕਾਰੂ ਨੇ ਟੁੱਟੇ ਗਲੋਬ ਵਿੱਚੋਂ ਨਿਕਲ਼ਣ ਦੀ ਕੋਸ਼ਿਸ਼ ਕੀਤੀ। ਸਗੋਂ ਬਾਹਰ ਉੱਡ ਕੇ ਚਕੋਰਵਾੜੀ ਦੀ ਫੱਜ਼ਾ ਵਿੱਚ ਗਿਆ, ਜੋ ਉਸ ਵਾਸਤੇ ਜ਼ਹਿਰ ਸੀ। ਉਸ ਹੀ ਪਲ ਕੋਈ ਜੰਗਲ਼ੀ ਸਾਨ੍ਹਾਨਸਲ ਦੇ ਨੇਜ਼ੇ ਨੇ ਉਸ ਦੀ ਜਾਨ ਲੈ ਲਈ! ਉਸ ਦੀ ਅਸਲੀ ਲਾਸ਼ ਉੱਤੇ ਸਭ ਦੀਆਂ ਅੱਖਾਂ ਚਲ ਗਈਆਂ ਸਨ। ਕਿਸੇ ਨੂੰ ਛੱਤੀ ਦੇ ਸ਼ੋਟ ਬਾਰੇ ਪਤਾ ਨਹੀਂ ਲੱਗਿਆ। ਪਰ ਚੁਰਾਸੀ ਨੇ ਛੱਤੀ ਵੱਲ ਤੱਕਿਆ।

ਨਿਰਾਕਾਰੀ ਦਾ ਅਸਲੀ ਰੂਪ ਧਰਤ ਉੱਤੇ ਪਿਆ ਸੀ। ਟੋਬੀ ਕੋਡੀ ਹੋਈ ( ਜੇ ਸਿਰ ਡੁੰਡ ਦੇ ਉੱਤੇ ਗਿਆ, ਕਿਸੇ ਦੇ ਨੇਜ਼ੇ ਨੇ ਜਾਂ ਗੋਲ਼ੀ ਨੇ ਲਾਹ ਦੇਣਾ ਸੀ) ਡਿੱਗੇ ਨਿਰਾਕਾਰੀ ਵੱਲ ਫਟਾਫਟ ਗਈ। ਉਸ ਦਾ ਦੋਸਤ ਸੀ! ਉਸ ਦਾ ਨਿਗ੍ਹਾਬਾਨ ਸੀ! ਜਦ ਉਸ ਦੇ ਕੋਲ਼ ਪੁੱਜੀ, ਹਿਕਾਰੂ ਮੁਕ ਗਿਆ ਸੀ। ਟੋਬੀ ਨੇ ਹਾਲ਼ੇ ਕੋਸੇ ਪਿੰਡੇ ‘ਤੇ ਹੱਥ ਧਰਿਆ, ਸੱਟ ਨੂੰ ਛੋਹਿਆ। ਨੇਜ਼ੇ ਨੂੰ ਜੁੱਸੇ’ਚੋਂ ਬਾਹਰ ਖਿੱਚਿਆ। ਰੱਤ ਮੀਂਹ ਵਾਂਗਰ ਟੋਬੀ ਦੇ ਮੂੰਹ ਉੱਤੇ ਤਰੌਂਕੀ। ਫੇਰ ਲਹੂ ਨੂੰ ਜ਼ਮੀਨ ਨੇ ਪੀ ਲਿਆ ਸੀ। ਗ਼ੁੱਸੇ ਵਿੱਚ ਨੇਜ਼ਾ ਪਾਸੇ ਮਾਰਿਆ। ਪਰ ਅਫ਼ਸੋਸ ਲਈ ਵਕਤ ਨਹੀਂ ਸੀ। ਹੁਣ ਟੋਬੀ ਨੇ ਉਹੀ ਨੇਜ਼ਾ ਚੁੱਕ ਕੇ ਡੁੰਡ ਦੇ ਦੂਜੇ ਪਾਸੇ ਇੱਕ ਸਾਨ੍ਹਾਨਸਲ’ਤੇ ਨਿਸ਼ਾਨਾ ਲਾ ਕੇ ਮਾਰਿਆ।

- ਦੌੜੋਂ!- ਸਿੰਧ ਨੇ ਉੱਚੀ ਦੇਣੇ ਕਿਹਾ ਅਤੇ ਜੰਗਲ਼ ਦੇ ਪੇਠ ਵਿੱਚ ਨੱਸ ਗਿਆ। ਉਸ ਦੇ ਮਗਰ, ਟੋਬੀ, ਸੋਸਨੀ’ਤੇ ਕਲਦਾਰ।

ਕੁਝ ਦੇਰ ਬਾਅਦ ਜੰਗਲ਼ ਦੇ ਵਿੱਚ ਇੱਕ ਹੋਰ ਖੁੱਲ਼ੀ ਥਾਂ ਆਈ। ਪਹਿਲੀ ਜਗ੍ਹਾ ਤੋਂ ਨਿੱਕੀ ਜਿਹੀ ਸੀ। ਪਰ ਇੱਕ ਗੱਲ ਸਾਫ਼ ਦਿਸਦੀ ਸੀ। ਇਸ ਥਾਂ ਗੱਭੇ ਇੱਕ ਕੰਧ ਸੀ। ਬਹੁਤੀ ਵੱਡੀ ਨਹੀਂ ਸੀ। ਦਸ ਕੁ ਫੁੱਟ ਉੱਚੀ ਅਤੇ ਛੇ ਚੌੜ੍ਹੀ। ਦੋਹਾਂ ਪਾਸਿਆਂ ਨੂੰ ਅੱਧ ਬਣਾ ਕੇ ਛੱਡ ਦਿੱਤਾ ਸੀ। ਕੰਧ ਦੇ ਆਲ਼ੇ ਦੁਆਲ਼ੇ ਜਾਣਾ ਸੌਖਾ ਸੀ। ਪਰ ਦੁਸ਼ਮਣ ਤੋਂ, ਜੰਗਲ਼ੀ ਸਾਨ੍ਹਾਨਸਲਾਂ ਤੋਂ ਤਾਂ ਇੱਕ ਆੜ ਸੀ। ਸਾਰੇ ਉਸ ਦੇ ਦੂਜੇ ਪਾਸੇ ਜਾ ਲੁਕੇ। ਕਾਹਲ਼ੀ ਵਿੱਚ ਕਿਸੇ ਨੇ ਕੰਧ ਬਾਰੇ ਨਹੀਂ ਸੋਚਿਆ। ਪਰ ਛੱਤੀ ਨੇ ਸੋਚਿਆ।

ਕੰਧ ਗਾਰਾ 'ਤੇ ਚਿੱਕੜ ਨਾਲ਼ ਬਣਾਈ ਸੀ। ਪਰ ਉਸ ਦਾ ਰੂਪ ਅਜੀਬ ਜਿਹਾ ਸੀ। ਛੱਤੀ ਨੇ ਆਪਣੀ ਛਾਤੀ ਉੱਤੇ ਇੱਕ ਬੱਟਨ ਨੂੰ ਦੱਬਿਆ। ਫੇਰ ਪਿੱਛੇ ਹੋ ਕੇ ਅੱਖ ਤੋਂ ਲਾਲ ਕਿਰਨਾਂ ਕੰਧ'ਤੇ ਖਿੰਡੀਆਂ। ਸਕੈਨ ਕਰ ਕੇ ਸੋਸਨੀ ਵੱਲ ਝਾਕਿਆ। ਸੋਸਨੀ, ਜੋ ਕੰਧ ਦੇ ਪਾਸਿਓ ਹਾਲੇ ਵੀ ਸ਼ਆਤੁਫੰਗ ਗੋਲ਼ੀਆਂ ਛੱਡ ਰਿਹਾ ਸੀ, ਨੇ ਕਲਦਾਰ ਦੀ ਅੱਖ ਫੜ੍ਹ ਲਈ। ਫੇਰ ਖ਼ੁਦ ਕੰਧ ਵੱਲ ਝਾਕਿਆ। ਕੰਧ ਦਾ ਰੂਪ ਅਣੋਖਾ ਜਿਹਾ ਸੀ। ਜਿਵੇਂ ਕੁਝ ਕੰਧ ਵਿੱਚੋਂ ਨਿਕਲ਼ਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਜਿਸ ਦੇ ਆਲ਼ੇ ਦੁਆਲ਼ੇ ਚਿੱਕੜ ਪੱਕਾ ਹੋ ਚੁੱਕਾ ਸੀ। ਹਾਲੇ ਚੁਰਾਸੀ ਅਤੇ ਸਿੰਧ ਗੋਲ਼ੀਆਂ ਛੱਡ ਰਹੇ ਸਨ, ਜਦ ਆਪਣਾ ਸ਼ਆਤੁਫੰਗ ਥੱਲੇ ਕਰ ਕੇ ਸੋਸਨੀ ਨੇ ਆਵਾਜ਼ ਬਣਾਉਣ ਬਿਨਾ ਛੱਤੀ ਨੂੰ ਬੁੱਲ੍ਹਾਂ ਹਿਲਾ ਕੇ ਆਖਿਆ, – ਕੀ?–।

– ਕੰਧ ਵਿੱਚ ਦੋ ਪਿੰਜਰ ਹਨ। ਦੋ ਬੱਚਿਆਂ ਦੇ ਕਰੰਗ। ਸਾਨ੍ਹਾਨਸਲ ਦੇ ਬੱਚਿਆਂ ਨੂੰ ਕੰਧ ਵਿੱਚ ਚਿਣਿਆਂ ਹੈ–। ਛੱਤੀ ਨੇ ਜਵਾਬ ਦਿੱਤਾ।

ਇੱਕ ਦਮ ਸੋਸਨੀ ਨੂੰ ਆਪਣੀ ਕੌਮ'ਤੇ ਗ਼ੁੱਸਾ ਚੜ੍ਹਿਆ। ਜੰਗਲ਼ੀ ਜਾਨਵਾਰਾਂ ਨੇ ਬੱਚੇ ਚਿਣੇ! ਪਰ ਹੈਰਾਨ ਕਿਵੇਂ ਹੋ ਸਕਦਾ ਸੀ? ਸਾਨ੍ਹਾਨਸਲ ਤਾਂ ਜੇਰਜ ਸ਼੍ਰੇਣੀ ਤਾਂ ਹੈ ਨਹੀਂ ਸੀ। ਮਾਂ ਬੱਚੇ ਨੂੰ ਦੁੱਧ ਤਾਂ ਦਿੰਦੀ ਨਹੀਂ ਸੀ। ਸੱਪ ਵਾਂਗ ਅੰਡਸ ਜਨਮ ਦਿੰਦੇ ਸਨ। ਠੱਢੇ ਖ਼ੂਨ ਵਾਲ਼ੀ ਜ਼ਾਤ ਸੀ। ਫੇਰ ਵੀ ਸੋਸਨੀ ਨੇ ਬਹੁਤ ਕੁਝ ਦੇਖਿਆ ਹੋਇਆ ਸੀ ਅਤੇ ਇਸ ਕਾਢ ਨੇ ਤਾਂ ਉਸ ਦਾ ਠੰਢਾ ਖ਼ੂਨ ਗਰਮ ਕਰ ਦਿੱਤਾ ਸੀ। ਪਹਿਲਾਂ-ਪਹਿਲਾਂ ਆਪਣੀ ਕੌਮ'ਤੇ ਗੋਲ਼ੀਆਂ ਛੱਡਣ ਝੱਕੀ ਸੀ। ਜਦ ਉਨ੍ਹਾਂ ਨੇ ਹਿਕਾਰੂ ਮਾਰ ਦਿੱਤਾ ਅਤੇ ਸੋਸਨੀ ਵੱਲ ਵੀ ਨੇਜ਼ੇ ਭੇਜੇ, ਫੇਰ ਆਪ ਨੂੰ ਬਚਾਉਣ ਲੱਗ ਪਿਆ ਸੀ। ਪਰ ਹੁਣ ਚਿਣੇ ਹੋਏ ਬੱਚਿਆਂ ਵਾਸਤੇ ਤਰਸਦਾ ਸੀ। ਸੋ ਕੰਧ ਦੇ ਪਿੱਛੋਂ ਮੂਹਰੇ ਜਾ ਕੇ ਪਾਗ਼ਲ ਵਾਂਗ ਗੋਲ਼ੀਆਂ ਛੱਡੀ ਗਿਆ।

– ਓਏ! ਸੋਸਨੀ! ਕੀ ਕਰਦਾਂ! ਤੂੰ ਪਾਗ਼ਲ ਹੋ ਗਿਆ!– ਹੈਰਾਣੀ ਵਿੱਚ ਸਿੰਧ ਨੇ ਹਾਕ ਮਾਰੀ, ਫੇਰ ਉਸ ਨੇ ਛੱਤੀ ਨੂੰ ਇਸ਼ਾਰਾ ਕੀਤਾ ਆਪਣੇ ਸ਼ਆਤੁਫੰਗ ਸੋਸਨੀ ਵੱਲ ਹਿਲਾ ਕੇ, ਕਿ ਤੂੰ ਵੀ ਮੂਹਰੇ ਜਾ ਕੇ ਉਸ ਦੀ ਮੱਦਦ ਕਰ। ਛੱਤੀ ਜੱਕੋ ਤੱਕੇ ਵਿੱਚ ਹੀ ਗਿਆ। ਉਸ ਦਾ ਫ਼ਿਕਰ ਸਹੀਂ ਹੀ ਨਿਕਲ਼ ਗਿਆ।

ਸੋਸਨੀ ਦੀ ਤਕਦੀਰ ਹੋਰ ਸੀ। ਉੱਥੇ ਖੜ੍ਹਾ ਸ਼ਆਤੁਫੰਗ ਛੱਡੀ ਗਿਆ। ਉਸ ਦੇ ਸਾਹਮਣੇ ਕਈ ਸਾਨ੍ਹਾਨਸਲ ਸੂਰਬੀਰ ਸਨ; ਸਾਰੇ ਨੇਜ਼ਿਆਂ ਨੂੰ ਉਸ ਵੱਲ ਸੁੱਟ ਦੇ। ਕੋਈ-ਕੋਈ ਸ਼ਆਤੁਫੰਗ ਦੀਆਂ ਗੋਲ਼ੀਆਂ ਉਸ ਵੱਲ ਘੱਲਦੇ ਸੀ। ਪਰ ਇੱਕ ਵੀ ਗੋਲ਼ੀ ਨਹੀਂ ਵੱਜੀ, ਇੱਕ ਵੀ ਨੇਜ਼ੇ ਨੇ ਨਿਸ਼ਾਨ ਨਹੀਂ ਭਾਲ਼ਿਆ। ਪਰ ਛੱਤੀ ਦਾ ਨਸੀਬ ਹੋਰ ਸੀ।

ਨੇਜ਼ਿਆਂ ਨੇ ਛੱਤੀ ਦੇ ਲੋਹੇ ਸਰੀਰ ‘ਤੇ ਕੋਈ ਅਸਰ ਨਹੀਂ ਕੀਤਾ। ਪਰ ਇੱਕ ਸ਼ਆਤੁਫੰਗ ਉਸ ਦੇ ਸੀਸ’ਤੇ ਵੱਜ ਗਈ ਸੀ। ਉਹ ਘੁੰਮ ਗਿਆ। ਜਦ ਸਿਰ ਸਿੱਧਾ ਕੀਤਾ, ਇੱਕ ਸਾਨ੍ਹਾਨਸਲ, ਜਿਸ ਦੇ ਹੱਥ ਵਿੱਚ ਸਫ਼ਾਜੰਗ ਸੀ, ਨੇ ਉਸ ਦਾ ਸੀਸ ਲਾਹ ਕੇ ਗੇਂਦ ਵਾਂਗ ਕੰਧ ਵਿੱਚ ਭੇਜਿਆ। ਜਿੱਥੇ ਵੱਜ ਕੇ, ਸਿਰ ਸੋਸਨੀ ਦੇ ਪੈਰ ਕੋਲ਼ ਟਿਕ ਗਿਆ।

ਸਫ਼ਾਜੰਗ ਵਾਲੇ ਸੂਰਬੀਰ ਨੇ ਆਪਣਾ ਹਥਿਆਰ ਉੱਗਰ ਕੇ ਸੋਸਨੀ ਦੇ ਗਾਟੇ’ਤੇ ਟਿਕਾ ਦਿਤਾ। ਸੋਸਨੀ ਨੇ ਆਪਣੀ ਸ਼ਆਤੁਫੰਗ ਥੱਲੇ ਕਰ ਦਿੱਤੀ। ਹੁਣ ਸਿੰਧ ਹੁਣਾਂ ਵੱਲੋਂ ਵੀ ਗੋਲ਼ੀਆਂ ਆਉਣੋਂ ਹੱਟ ਗਈਆਂ ਸਨ। ਕਿਉਂਕਿ ਕੰਧ ਦੇ ਦੋਨੋਂ ਪਾਸੇ ਬੇਸ਼ੁਮਾਰ ਸਾਨ੍ਹਾਨਸਲਾਂ ਨੇ ਉਨ੍ਹਾਂ ਨੂੰ ਘੇਰ ਲਿਆ ਸੀ। ਜਹਾਜ਼ੀਆਂ ਨੇ ਆਪਣੇ ਹਥਿਆਰ ਭੁੰਜੇ ਸੁੱਟ ਦਿੱਤੇ॥

# ਕਾਂਡ ਛੇਵਾਂ

**ਇਸ ਵਿੱਚ ਚਕੋਰਵਾੜੀ ਉੱਤੇ ਸੁਲਤਾਨਵਾਦੀਆਂ ਨਾਲ ਟੋਬੀ ਦੀ ਅਠ ਕਰਵਾਉਣ ਜਾਂਦੇ ਹਨ। ਸਥਾਨੀ ਸਾਨ੍ਹਾਨਸਲਾਂ ਨਾਲ਼ ਟੱਕਰ ਹੁੰਦੀ ਹੈ। ਕੂਨਰ ਨਾਲ਼ ਮੁਲਾਕਾਤ ਹੁੰਦੀ ਹੈ। ਇੱਚੀਗੁਰੂ ਮਗਰ ਆਉਂਦਾ ਹੈ। ਰੂਬਾ ਦੀ ਨਾਓ ਵੀ ਮਗਰ ਆਉਂਦੀ ਹੈ॥**

ਪੁਲਾੜ ਦੀ ਠੰਢੀ ਵਿਸ਼ਾਲਤਾ ਆਪਣੀ ਸਿਆਹੀ ਕਿੱਥੇ ਤੱਕ ਵਿਛਾਉਂਦੀ ਸੀ, ਕਿਸੇ ਨੂੰ ਨਹੀਂ ਪਤਾ ਹੈ। ਸ਼ਾਇਦ ਇਸ ਦੀ ਪ੍ਰਮਾਤਮਾ ਨੂੰ ਵੀ ਜਾਨਕਾਰੀ ਨਾ ਹੋਵੇ। ਸ਼ਾਇਦ ਪੁਲਾੜ ਹੀ -ਮਹਾਂਕਾਲ- ਹੈ। ਖੌਰੇ ਰੱਬ ਹੈ ਨਹੀਂ? ਪਰ ਜੇ ਹੁੰਦਾ, ਪੁਲਾੜ ਹੀ ਰੱਬ ਹੈ। ਨਾ ਕੇ ਚੰਗਾ, ਨਾ ਕੇ ਮਾੜਾ, ਸਿਰਫ਼ ਹੈ। ਖ਼ਬਰੇ ਸੂਰਜ ਹੀ ਰੱਬ ਹੈ? ਕਿਉਂਕਿ ਇਸ ਠੰਢੇ ਬੀਆਬਨ'ਚ ਸੇਕ ਦਿੰਦਾ, ਜੀਵਨ ਦਿੰਦਾ। ਜਾਂ ਬੱਸ ਇੱਕ ਗਰਮ ਪੱਥਰ ਹੀ ਹੈ? ਹਰ ਜਣਾ ਆਪਣੇ ਹਿਸਾਬ ਨਾਲ਼ ਮੰਨਦਾ ਸੀ। ਇੱਚੀਗੁਰੂ ਲਈ ਤਾਂ ਇੱਕ ਖਿਲਾਰਾ ਸੀ, ਜਿਸ ਵਿੱਚ ਜਿੰਨਾ ਚਿਰ ਜਿਉਂਦਾ ਸੀ, ਪਾਪੀ ਪੇਟ ਨੂੰ ਸੰਭਾਲ਼ਣਾ ਸੀ। ਜਿੱਦਾਂ ਮਰਜ਼ੀ। ਜੇ ਕਿਸੇ ਹੋਰ ਨੂੰ ਮਾਰਨਾ ਪਿਆ, ਉਸ ਨੂੰ ਇਸ ਵਿੱਚ ਗ਼ਲਤ ਨਹੀਂ ਲੱਗਦਾ ਸੀ। ਹਰ ਜਣੇ ਨੇ ਮਰਨਾ ਸੀ। ਇੱਕ ਦਿਹਾੜਾ ਇੱਚੀਗੁਰੂ ਵੀ ਮਰੇਗਾ।

ਇੱਚੀਗੁਰੂ ਦੀ ਬੇੜੀ ਚਕੋਰਵਾੜੀ ਦੇ ਨੇੜੇ ਪਹੁੰਚਣ ਲੱਗੀ ਸੀ। ਬੇੜੀ ਨੇ ਇਸ ਦੁਨੀਆ ਦਾ ਇੱਕ ਚੱਕਰ ਕੀਤਾ, ਸਿੰਧਬਾਦ ਨੂੰ ਭਾਲ਼ਣ ਵਾਸਤੇ। ਲੱਭ ਗਿਆ ਚਕੋਰਵਾੜੀ ਦੀ ਧਰਤ ਤੋਂ ਬਾਹਠ ਮੀਲ ਉੱਪਰ। ਉਸ ਦੇ ਫ਼ਲਕ ਤੋਂ ਪੰਜਾਹ ਮੀਲ ਉੱਪਰ ਸੀ। ਸਿੰਧਬਾਦ ਦੇ ਨੇੜੇ ਨਹੀਂ ਜਾਣੇ ਚਾਹੁੰਦੇ ਸੀ। ਹੋ ਸਕਦਾ ਟੋਬੀ ਸਿੰਧਬਾਦ ਵਿੱਚ ਹੋਵੇ? ਪਰ ਇੱਚੀਗੁਰੂ ਨੂੰ ਇਹ ਗੱਲ ਸਹੀ ਨਹੀਂ ਲੱਗਦੀ ਸੀ। ਅਕਸਰ ਚਕੋਰਵਾੜੀ ਇੱਕੋ ਕੰਮ ਲਈ ਸਿੰਧਬਾਦ ਆਇਆ ਸੀ, ਟੋਬੀ ਨੂੰ ਸੁਲਤਾਨਵਾਦੀਆਂ ਦੇ ਹਵਾਲੇ ਕਰਨ। ਕਿੱਥੇ ਚਕੋਰਵਾੜੀ ਦੀ ਧਰਤ ਉੱਤੇ ਹੋਣਗੇ? ਸਿੰਧਬਾਦ ਲੱਭਣ ਬਾਅਦ ਰਾਮਾ ਨੇ ਸਮੀਖਿਆ ਦਿੱਤੀ ਕਿੱਥੇ ਹੋ ਸਕਦੀ ਸੀ। ਚਕੋਰਵਾੜੀ ਦੇ ਹਰ ਮਹਾਂਦੀਪ ਦੇ ਉੱਪਰ ਬੇੜੀ ਉਡਾਈ। ਹਮੇਸ਼ਾ ਸਕੈਨ ਕਰਦੇ ਜਾਂਦੇ ਸੀ। ਉਨ੍ਹਾਂ ਨੂੰ ਟੋਬੀ ਦੀ ਡੀਏਨਐ ਦਾ ਨਮੂਨਾ ਦਿੱਤਾ ਹੋਇਆ ਸੀ। ਮਤਲਬ ਟੋਬੀ ਦੀ ਜਾਨ ਦਾ ਜ਼ਾਬਤਾ। ਹੁਣ ਚਕੋਰਵਾੜੀ ਦੇ ਵੱਡੇ-ਵੱਡੇ ਸ਼ਹਿਰਾਂ ਉੱਤੇ ਉੱਡੇ। ਸਭ ਤੋਂ ਜ਼ਿਆਦਾ ਸ਼ਾਇਸਤੇ ਮੁਲਕਾਂ ਉੱਤੇ ਗਏ। ਸ਼ਹਿਰ, ਨਗਰ, ਪਿੰਡ ਅਤੇ ਦਿਹਾਤ ਉੱਤੇ। ਔਝੜ ਪੈਏ। ਫੇਰ ਜੰਗਲ਼ਾਂ ਉੱਤੇ ਗਏ, ਅਸੱਭ ਦੇਸ਼ਾਂ ਉੱਤੇ ਗਏ। ਝੀਲਾਂ ਉੱਤੇ, ਪਹਾੜਾਂ ਉੱਤੇ। ਅਖੀਰ 'ਤੇ ਜੰਗਲ਼ੀ ਵਤਨਾਂ ਉੱਤੇ ਗਏ।

ਇੱਚੀਗੁਰੂ ਹੁਣ ਖ਼ੁਸ਼ ਸੀ। ਰਾਮਾ ਦੀ ਸਮੀਖਿਆ ਦੇ ਹਿਸਾਬ ਨਾਲ਼, ਜਿੱਥੇ ਸਿੰਧਬਾਦ ਪਾਰਕ ਕੀਤਾ ਹੋਇਆ ਸੀ ਅਤੇ ਜਿੱਥੇ ਜਨਤਾ ਘੱਟ ਸੀ, ਉੱਥੇ ਹੀ ਹੋਵੇਗੀ। ਸ਼ਹਿਰਾਂ ਤੋਂ ਉਸ ਨੂੰ ਪਰ੍ਹੇ ਰੱਖਿਆ ਹੋਵੇਗਾ। ਖ਼ਾਸ ਕਰ ਪੜ੍ਹੇ ਲਿੱਖੇ ਲੋਕਾਂ ਵੱਲੋਂ, ਜੋ ਨਹੀਂ ਤਾਂ ਈਡੀ ਦੇ ਪਾਸੇ ਸਨ, ਜਾਂ ਉਸ ਦੇ ਖਿਲਾਫ਼ ਸਨ। ਇਨ੍ਹਾਂ ਸਭ ਤੋਂ ਟੋਬੀ ਨੂੰ ਦੂਰ ਰਹਿਣਾ ਪੈਣਾ ਸੀ। ਇੰਝ ਮੁਲਕਾਂ ਉੱਤੇ ਚਲਦਿਆਂ ਨੂੰ ਟੋਬੀ ਦੀ ਜਾਨ ਦਾ ਜ਼ਾਬਤਾ ਮਿਲ਼ ਗਿਆ। ਸਕੈਨਰ ਲਾਲ ਲਾਲ ਚਮਕਣ ਲੱਗ ਪਏ ਸਨ। ਹੁਣ ਉਸ ਇਲਾਕੇ ( ਜੰਗਲ਼ ਹੀ ਸੀ, ਤਹਿਜ਼ੀਬਾਂ ਤੋਂ ਬਹੁਤ ਦੂਰ) ਵਿੱਚ ਨਾਓ ਬੇੜੀ ਭਾਲ਼ਣ ਲੱਗ ਪਏ। ਇਸ ਹੀ ਤਰੀਕੇ ਨਾਲ਼ ਟੋਬੀ ਸਿੰਧਬਾਦ ਤੋਂ ਜ਼ਮੀਨ ਤੱਕ ਅੱਪੜੀ ਸੀ। ਉਸ ਜੰਗਲ਼ ਉੱਤੇ ਕਈ ਗੇੜੇ ਲਾ ਕੇ ਹਾਰ ਕੇ ਸਕੈਨਰਾਂ ਨੇ ਚਾਰ ਨਾਓ ਲੱਭ ਲਏ ਸਨ। ਇੱਕ ਦੂਜੇ ਦੇ ਨੇੜੇ ਤੇੜੇ ਹੀ ਸਨ। ਉਹ ਵੀ ਜੰਗਲ਼ ਦੀ ਸੰਘਣੀ ਥਾਂ ਵਿੱਚ।

- ਇੱਥੇ! ਬੇੜੀ ਨੂੰ ਟਿਕਾਅ!- ਇੱਚੀਗੁਰੂ ਨੇ ਹਾਰ ਕੇ ਕਿਹਾ। ਕੋਬੋ ਨੇ ਬੇੜੀ ਨੂੰ ਥੱਲੇ ਲਿਆਂਦਾ, ਰੂਬਾ ਦੀ ਨਾਓ ਲਾਗੇ। ਕੋਬੋ ਨੇ ਨਾਓ ਪਛਾਣ ਲਈ ਸੀ।

- ਇਤ ਤਾਂ ਉਹੀ ਨਾਓ ਹੈ, ਜਿਸ ਨੇ ਸਾਡੇ ਉੱਤੇ ਹਮਲਾ ਕੀਤਾ ਸੀ-।

-ਅੱਛਾ?- ਇੱਚੀਗੁਰੂ ਨੇ ਨਾਓ ਵੱਲ ਝਾਕਿਆ। ਉਸ ਨੇ ਵੀ ਪਛਾਣ ਲਈ ਸੀ। ਉਸ ਨੂੰ ਗ਼ੁੱਸਾ ਸੀ ਕਿ ਓਦੋਂ ਮੌਕਾਂ ਨਹੀਂ ਮਿਲ਼ਿਆ ਇਨ੍ਹਾਂ ਨੂੰ ਖ਼ਤਮ ਕਰਨ ਦਾ। ਗ਼ੁੱਸਾ ਸੀ ਕਿ ਕਲਦਾਰ ਨੇ ਬੇੜੀ ਉੱਥੋਂ ਦੂਰ ਲੈ ਗਿਆ ਸੀ। ਪਰ ਹੁਣ ਖ਼ੁਸ਼ ਹੋ ਕੇ ਦੰਦ ਅਤੇ ਸ਼ਆਤੁਫੰਗ ਤਿਆਰ ਕਰ ਲਈ।

- ਠੀਕ। ਹੁਣ ਦੇਖਦੇ ਆ ਉਹ ਕਿਸ ਮਿੱਟੀ ਦੇ ਬਣਾਏ ਹਨ। ਦੇਖਦੇ ਹਾਂ ਮੇਰੇ ਸਾਹਮਣੇ ਕੀ ਕਰ ਸਕਦੇ ਨੇ! ਜਦ ਮੇਰੇ ਵਰਗਾ ਤਕੜਾ ਹੁੰਦਾ, ਅਣੀਆਂ ਮਣੀਆਂ ਤੋਂ ਢਾਈ ਜਣੀਆਂ!- ਇੱਚੀਗੁਰੂ ਕਹਿ ਕੇ ਸ਼ਆਤਫੁੰਗ ਨੂੰ ਘੁੰਮਾਉਂਦਾ ਬੇੜੀ ਵਿੱਚੋਂ ਬਾਹਰ ਨਿਕਲ਼ਿਆ। ਉਸ ਦੇ ਮਗਰ ਰਾਮਾ ਬਾਹਰ ਆਇਆ- ਕਾਂ ਕਾਂ- ਕਰਦਾ। ਪਰ ਕਲਦਾਰ ਦੇ ਕਾਂ ਕਾਂ ਮਤਲਬ ਵਾਲੇ ਸ਼ਬਦ ਸਨ। ਇੱਚੀਗੁਰੂ ਨੂੰ ਲਫ਼ਜ਼ਾਂ ਦੀ ਪੂਰੀ ਸਮਝ ਸੀ, ਪਰ ਫੇਰ ਵੀ ਕੋਬੋ ਤਰਜ਼ਮਾ ਕਰਨਾ ਲੱਗ ਪਿਆ।

- ਜੀ। ਤੁਸੀਂ ਹਾਰ ਵੀ ਸਕਦੇ ਹੋ-।

– ਅੱਜ ਨਹੀਂ। ਆਪਣੇ 'ਤੇ ਪੂਰਾ ਭਰੋਸਾ ਹੈ ਕੋਬੋ। ਅੱਵਲ ਮਰਨਾ ਆਖ਼ਰ ਮਰਨਾ, ਫੇਰ ਮਰਨੇ ਤੋਂ ਕੀ ਡਰਨਾ–। ਕਹਿ ਕੇ ਰੂਮਾ ਦੀ ਨਾਓ ਵੱਲ ਵਧਿਆ।

*     *     *     *     *

ਸੱਪ ਨੇ ਆਪਣੇ ਆਪ ਨੂੰ ਟਾਹਣੀ ਦੇ ਆਲ਼ੇ ਦੁਆਲ਼ੇ ਲੁਪੇਟ ਲਿਆ ਸੀ। ਸਭ ਤੋਂ ਉੱਚੀ ਟਾਹਣੀ ਸੀ। ਉਸ ਦਾ ਮੋਟਾ ਧਾਰੀਦਾਰ ਲਾਲ ਪੀਲਾ ਸਰੀਰ ਘੁੰਮ ਘੁੰਮ ਕੇ ਟਾਹਣੀ ਨਾਲ਼ ਚਿੰਬੜਿਆ। ਮੂੰਹ ਵਿੱਚੋਂ ਲਾਲ ਤਿੱਖੀ ਜੀਭ ਨਿਕਲ਼ੀ। ਟਾਹਣੀ ਉਸ ਦੇ ਭਾਰ ਨਾਲ਼ ਹਿੱਲੀ। ਰੁੱਖ ਦੇ ਸਬਜ਼ ਹੇਠਾਂ ਵਹੀਰ ਤੁਰਦਾ ਸੀ। ਉਸ ਕਾਫ਼ਲੇ ਵਿੱਚ ਸੱਪ ਵਾਂਗ ਹਿੱਲਦੇ ਸਾਨ੍ਹਾਨਸਲ ਸਨ। ਜੰਗਲ਼ ਦੇ ਸਾਨ੍ਹਾਨਸਲ, ਜਿਨ੍ਹਾਂ ਦੇ ਵਿਚਕਾਰ ਕੈਦੀ ਸਨ। ਪਹਿਲਾਂ ਟਾਹਣੀ ਦੇ ਥੱਲੇ ਸੱਪ ਨੂੰ ਚੱਲਦਾ ਦਿਸਿਆ, ਇੱਕ ਸਾਨ੍ਹਾਨਸਲ ਹੀ ਸੀ। ਸੋਸਨੀ। ਉਸ ਦੇ ਹੱਥ ਰੱਸੇ ਨਾਲ਼ ਬੰਨ੍ਹੇ ਸਨ। ਉਸ ਦੇ ਪਿੱਛੇ ਚੁਰਾਸੀ ਸੀ, ਫੇਰ ਟੋਬੀ'ਤੇ ਫੇਰ ਸਿੰਧ। ਸਾਰਿਆਂ ਦੇ ਹੱਥ ਬੰਨ੍ਹੇ ਹੋਏ ਸੀ ਅਤੇ ਪਹਿਲੇ ਤੋਂ ਅਖ਼ੀਰਲੇ ਤੱਕ ਸੰਗਲ ਨਾਲ਼ ਜੋੜੇ ਸੀ। ਉਨ੍ਹਾਂ ਦੇ ਆਲ਼ੇ ਦੁਆਲ਼ੇ ਸਾਨ੍ਹਾਨਸਲ ਦੇਖ ਰੇਖ ਕਰ ਰਹੇ ਸੀ। ਚਾਬਕ ਨਾਲ਼ ਮਾਰਨਾ ਲਈ ਵੀ ਤਿਆਰ ਸਨ। ਇੰਝ ਇਹ ਕਾਫ਼ਲਾ ਜੰਗਲ਼ ਦੇ ਵਿਚਾਲੇ ਸੱਪ ਵਾਂਗ ਛੂਕ ਰਿਹਾ ਸੀ।

– ਇੱਥੇ ਕਾਹਤੋਂ ਮਿਲ਼ੇ? ਕੋਈ ਸ਼ਹਿਰ ਨੇੜੇ ਨਹੀਂ ਮੁਲਾਕਾਤ ਕਰ ਸਕਦੇ ਸੀ? ਜਿੱਥੇ ਕੰਮ–ਸੇ–ਕੰਮ ਲੋਕ ਭਲੇ ਮਾਣਸ ਹਨ? ਕੋਈ ਸੱਭਿ ਦੇਸ਼ ਵਿੱਚ ਮਿਲ਼ਣੀ ਰੱਖੋਂ? ਇੱਥੇ? ਜਿੱਥੇ ਜੰਗਲ਼ੀ ਲੋਕ ਰਹਿੰਦੇ ਨੇ? ਕੀ ਦਿਮਾਗ਼ ਪਾਗ਼ਲ ਹੈ ਤੁਹਾਡਾ?–। ਸੋਸਨੀ ਬੋਲ਼ ਰਿਹਾ ਸੀ।

– ਚੁੱਪ ਕਰ ਸੋਸਨੀ– ਸਿੰਧ ਬੋਲ਼ਿਆ।

– ਆਹੋ। ਉੱਥੇ ਜਾ ਕੇ ਉਨ੍ਹਾਂ ਹੀ ਭਲੇ ਮਾਣਸ ਲੋਕਾਂ ਨੇ ਭੇਤ ਖੋਲ਼੍ਹ ਦੇਣਾ ਸੀ! ਅੱਧੇ ਮੇਰੇ ਖ਼ਿਲਾਫ਼ ਹਨ! ਜੰਗਲ਼ ਠੀਕ ਥਾਂ ਸੀ। ਲੋਕਾਂ ਤੋਂ ਪਰੋਂ! ਜਸੂਸਾਂ ਤੋਂ ਪਰੋਂ!– ਟੋਬੀ ਨੇ ਜਵਾਬ ਖਿੱਝ ਕੇ ਉਸ ਵੱਲ ਸੁੱਟਿਆ। ਟੋਬੀ ਨੇ ਆਪਣੇ ਮਨ ਵਿੱਚ ਸੋਚਿਆ ਕਿ ਜੇ ਸ਼ਹਿਰਾਂ ਵਿੱਚ ਮਿਲ਼ਣ ਜਾਂਦੀ, ਸੱਚ ਮੁੱਚ ਵਿੱਚ ਈਡੀ ਦੇ ਜਸੂਸਾਂ ਨੇ ਉਸ ਨੂੰ ਲੱਭ ਲੈਣਾ ਸੀ। ਉਸ ਦੀ ਗ੍ਰਿਫਤਾਰੀ ਕਰ ਦੇਣੀ ਸੀ। ਉੱਨਤ ਮੁਲਕਾਂ ਕੋਲ਼ ਨਹੀਂ ਮਿਲ ਸਕਦੇ ਸੀ। ਇਹ ਜੰਗਲ਼ ਸੱਭਿਅਤਾ ਤੋਂ ਜ਼ਰੂਰ ਦੂਰ ਸੀ, ਪਰ ਤਾਂ ਹੀ ਤਾਂ ਇੱਥੇ ਮਿਲ਼ਣਾ ਚੰਗਾ ਹੀ ਸੀ। ਚੰਗਾ? ਇੱਕ ਗੱਲ ਤਾਂ ਸੋਸਨੀ ਦੀ ਸਹੀ ਸੀ। ਹੁਣ ਹਾਲ ਦੇਖ! ਇਹ ਲੋਕ

ਕੌਣ ਸੀ? 'ਤੇ ਸਾਡੇ 'ਤੇ ਹਮਲਾ ਕਾਹਤੋਂ ਕੀਤਾ? ਇਹ ਗੱਲ ਹਾਲੇ ਉਸ ਦੇ ਪੱਲੇ ਨਹੀਂ ਪਈ ਸੀ। ਸ਼ਹਿਰਾਂ ਵਿੱਚ ਲੁਕ ਤਾਂ ਸਕਦੀ ਸੀ। ਪਰ ਲੁਕਣ ਵਾਸਤੇ ਨਹੀਂ ਇੱਥੇ ਆਈ ਸੀ। ਗ਼ਲਬਾ ਤਾਖ਼ਤ 'ਤੇ ਪਹੁੰਚਣਾ ਹੀ ਸੀ। ਨਾਲ਼ੇ ਸ਼ਹਿਰਾਂ ਵਿੱਚ ਤਾਂ ਸਭ ਜੰਗ ਬਾਰੇ ਜਾਣਦੇ ਸਨ। ਕੀ ਪਤਾ ਕਿੰਨੇ ਟੱਬਰਾਂ ਵਿੱਚ ਜੰਗ ਨੇ ਵਿਛੁੰਨਾ ਪੈਦਾ ਕਰ ਦਿੱਤਾ ਸੀ? ਜੋ ਟੋਬੀ ਨੇ ਸਿੰਧ ਨੂੰ ਦੱਸਿਆ, ਸੱਚ ਹੀ ਸੀ। ਦਿਲ ਵਿੱਚ ਸੁਲਤਾਨੀ'ਚ ਮੰਨਦੀ ਨਹੀਂ ਸੀ। ਪਰ ਸਿੱਧੀ ਗਣਤੰਤਰੀ ਦੇ ਰੰਗ ਨਹੀਂ ਦਿੱਖਾ ਸਕਦੀ ਸੀ। ਪਰ ਜੇ ਰਾਣੀ ਬਣ ਕੇ ਫੇਰ ਲੋਕਾਂ ਨੂੰ ਹੱਕ ਦੇ ਕੇ ਯਕ ਜਿਹਤੀ ਕਰ ਸਕਦੀ ਸੀ, ਫੇਰ ਰੰਗ ਦਿਖਾਵੇਗੀ। ਫੇਰ ਫ਼ਾਇਦਾ ਸੀ। ਮੇਲਣਹਾਰ ਹੋ ਕੇ ਸਭ ਦਾ ਇਤਫ਼ਾਕ ਕਰਾ ਸਕਦੀ ਸੀ। ਆਹੋ। ਇਹ ਚੰਗਾ ਹੋਵੇਗਾ। ਕਿਸੇ ਨੇ ਇਹ ਗੱਲ ਸੋਚਣੀ ਵੀ ਨਹੀਂ ਸੀ। ਦੋਹਾਂ ਪਾਸਿਆਂ ਦੀ ਆਪਣੀ ਝਾਕ ਸੀ। ਪਰ ਇਹ ਸਭ ਹੋਣ ਤੋਂ ਪਹਿਲਾਂ ਤਾਂ ਇਸ ਜੰਗਲ਼ ਵਿੱਚੋਂ ਨਿਕਲ਼ਣਾ ਸੀ। ਨਾਲ਼ੇ ਜਿਹੜੀ ਪਾਰਟੀ ਨੇ ਉਸ 'ਤੇ ਹਿਕਾਰੂ ਨਾਲ਼ ਮਿਲ਼ਣਾ ਸੀ, ਉਹ ਕਿੱਥੇ ਹਨ? ਕੀ ਇਹੀ ਸਾਨ੍ਹਾਨਸਲਾਂ ਨੇ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਸੀ? ਜਾਂ ਮਾਰ ਦਿੱਤਾ? ਕੀ ਇਹ ਈਡੀ ਦੇ ਲੋਕ ਹੋ ਸਕਦੇ ਨੇ? ਹੁਣ ਵਾਸਤੇ ਕੁਝ ਨਹੀਂ ਕਰ ਸਕਦੀ ਸੀ। ਅਸੀਂ ਚਾਰ ਹਾਂ। ਉਹ ਸੌ ਸਾਨ੍ਹਾਨਸਲ।

ਹੁਣ ਫ਼ਲਕ ਕਾਲ਼ਾ ਜਿਹਾ ਸੀ ਅਤੇ ਸ਼ਾਮ ਦਾ ਵੇਲ਼ਾ ਦੌੜਦਾ ਆਉਂਦਾ ਸੀ। ਟੋਬੀ ਨੂੰ ਭੁੱਖ ਲੱਗਦੀ ਸੀ ਅਤੇ ਤਿਆਹ ਵੀ। ਭੁੱਖ ਤੇਹ ਤਾਂ ਸਭ ਨੂੰ ਲੱਗ ਰਹੀ ਸੀ। ਪਰ ਟੋਬੀ ਇੱਦਾਂ ਦੇ ਹਾਲਾਤਾਂ ਤੋਂ ਨਾਵਾਕਿਫ਼ ਸੀ। ਉਸ ਦੇ ਲੀੜੇ ਮੁੜ੍ਹਕੇ ਨਾਲ਼ ਤਰ ਸਨ। ਜੁੱਸਾ ਮੈਲ਼ਾ ਕੁਚੈਲ਼ਾ ਸੀ। ਵਾਲ਼ 'ਤੇ ਅੜ੍ਹਕਾਂ ਪੈਣੀਆਂ ਸਨ। ਸੰਗਲ਼ ਭਾਰਾ ਸੀ ਅਤੇ ਹਰ ਚਾਰ ਪੰਜ ਕਦਮ ਬਾਅਦ ਖੁੰਘ ਉੱਤੇ ਠੇਡਾ ਖਾਂਦੀ ਸੀ। ਹੁਣ ਹਨ੍ਹੇਰਾ ਸੀ। ਚੁਰਾਸੀ ਵੀ ਨਹੀਂ ਦਿਸ ਰਿਹਾ ਸੀ।

ਜੰਗਲ਼ ਹੁਣ ਪਾਗ਼ਲ ਹੋ ਚੁੱਕਾ ਸੀ। ਪਾਗ਼ਲ ਨਹੀਂ! ਉੱਠ ਗਿਆ ਸੀ। ਦਿਨੇ ਚੁੱਪ ਸ਼ਾਂਤ ਸੀ। ਹੁਣ ਹਰ ਜੀਵ ਦਾ ਖੜਕਾ ਸੁਣ ਰਿਹਾ ਸੀ। ਹਰ ਕਾਂ ਕਾਂ, ਹਰ ਟਰਟਰ। ਕੁਝ ਭੌਂਕ ਰਿਹਾ ਸੀ। ਹਵਾ ਵਿੱਚ ਟੋਬੀ ਦੇ ਹੂਰੇ ਜਿੱਡੀਆਂ ਮੱਖੀਆਂ ਉੱਡ ਰਹੀਆਂ ਸਨ। ਟੋਬੀ ਨੇ ਸੋਚਿਆ ਕਿ ਅਸੀਂ ਤਾਂ ਘੰਟੇ ਉੱਪਰ ਕੂਚ ਕਰ ਰਹੇ ਹਾਂ! ਸੋਸਨੀ ਤਕੜਾ ਸੀ, ਸਿੰਧ ਵੀ। ਉਹ ਨਹੀਂ ਡਿੱਗੇ। ਚੁਰਾਸੀ ਤਾਂ ਮਸ਼ੀਨ ਸੀ। ਉਸ ਨੇ ਕਿੱਥੇ ਡਿੱਗਣਾ ਸੀ? ਪਰ ਮੈਂ ਡਿੱਗ ਸਕਦੀ ਹਾਂ। ਪਰ ਮੇਰੇ ਕੋਲ਼ ਵੀ ਅਣਖ ਹੈ। ਮੈਂ ਸ਼ਹਾਨੀ ਹੈ! ਮੈਂ ਕਦੀ ਨਹੀਂ ਡਿਗਾਂਗੀ! ਸਤਿ ਬਚਨ! ਪਰ ਭੁੱਖ ਮਾਰ ਰਹੀ ਸੀ। ਗਰਮੀ ਮਾਰ ਰਹੀ ਸੀ!

ਟੋਬੀ ਦੀ ਨਿਗ੍ਹਾ ਵਿੱਚ ਇੱਕ ਮਖੜਾ ਬੂਟੇ ਉੱਤੇ ਚੜ੍ਹਿਆ। ਬੂਟਾ ਰੰਗ ਬਰੰਗੀ ਸੀ। ਜਿੱਦਾਂ ਖਿਲਾਰਿਆ ਹੋਇਆ ਫੁੱਲ ਹੋਵੇ। ਫੁੱਲ ਦੇ ਕਿਨਾਰੇ 'ਤ ਤਿੱਖੀਆਂ ਤਿੱਖੀਆਂ ਲਾਲ ( ਸ਼ਾਇਦ ਕਾਲ਼ੇ?'ਨੇਰੇ ਵਿੱਚ ਪਤਾ ਨਹੀਂ ਲੱਗਦਾ ਸੀ) ਸੂਲ਼ਾਂ ਸਨ। ਇੱਕ ਦਮ ਬੰਦ ਹੋ ਗਏ ਮਖੜੇ ਦੇ ਉੱਪਰ। ਉਸ ਨੂੰ ਬੂਟਾ ਖਾਣ ਲੱਗ ਪਿਆ!

ਇੱਕ ਹੋਰ ਘੰਟਾ ਰੰਦ 'ਤੇ ਤੁਰਨ'ਚ ਲੱਗ ਗਿਆ। ਸਾਨ੍ਹਾਨਸਲਾਂ ਨੇ ਆਪਣੇ ਕੈਦੀਆਂ ਨੂੰ ਕੋਈ ਦਾਣਾ ਪਾਣੀ ਨਹੀਂ ਦਿੱਤਾ। ਪਰ ਉਨ੍ਹਾਂ ਦੇ ਸਾਹਮਣੇ ਆਪ ਭੋਜਨ ਸਮੱਗਰੀ ਖਾਂਦੇ ਜਾਂਦੇ ਸੀ।ਕੈਦੀਆਂ ਨੂੰ ਕੁਝ ਨਹੀਂ ਮਿਲ਼ਿਆ। ਟੋਬੀ ਵੱਲ ਸਿੰਧ ਝਾਕਦਾ ਸੀ। ਉਸ ਨੂੰ ਸਾਫ਼ ਦਿਸਦਾ ਸੀ ਕਿ ਟੋਬੀ ਦੇ ਪੇਟ ਵਿੱਚ ਵੱਟ ਉੱਠਦੇ ਸੀ। ਉਨ੍ਹਾਂ ਦੇ ਸਾਹਮਣੇ ਸੋਸਨੀ ਦੀ ਜੀਭ ਡੰਗ ਮਾਰ ਕੇ ਇੱਕ ਮੱਖੀ ਨੂੰ ਫੜ ਕੇ ਮੂੰਹ ਵਿੱਚ ਲੈ ਗਈ। ਮਨ ਵਿੱਚ ਟੋਬੀ ਦਾ ਹੱਸਣ ਨੂੰ ਚਿਤ ਕੀਤਾ। ਖ਼ੈਰ ਸਾਨ੍ਹਾਨਸਲ ਸੀ। ਉਸ ਨੂੰ ਕਿੱਥੇ ਭੁੱਖ ਲੱਗਣੀ ਸੀ। ਇੰਝ ਮੱਖੀਆਂ ਖਾਵੇਗਾ, ਅਸੀਂ ਮੱਖੀਆਂ ਮਾਰਨ 'ਤੇ ਹੀ ਰਹਿ ਗਏ!

ਸਿੰਧ ਨੇ ਸੋਸਨੀ ਨੂੰ ਕੁਝ ਹੋਰ ਬੋਲ਼ੀ ਵਿੱਚ ਕਿਹਾ। ਟੋਬੀ ਨੂੰ ਏਨਾ ਮਹਿਸੂਸ ਹੋਇਆ ਕਿ ਉਹ ਸਾਨ੍ਹਾਨਸਲਾਂ ਦੀਆਂ ਗੱਲਾਂ ਤੋਂ ਸੂਹ ਲੈਣੀ ਚਾਹੁੰਦਾ ਸੀ। ਅਕਸਰ ਸੋਸਨੀ ਉਨ੍ਹਾਂ ਦੀ ਜ਼ੁਬਾਨ ਨੂੰ ਸਮਝ ਸਕਦਾ ਸੀ,'ਤੇ ਸੁਣ ਕੇ ਗੱਲ ਦੀ ਸੂਹ ਮਿਲ਼ ਸਕਦੀ ਸੀ। ਪਰ ਸੋਸਨੀ ਦੇ ਮੁਖ ਤੋਂ ਦਿਸਦਾ ਸੀ ਕਿ ਉਸ ਨੂੰ ਉਨ੍ਹਾਂ ਦੀ ਉਪਬੋਲ਼ੀ ਦੀ ਸਮਝ ਨਹੀਂ ਸੀ। ਫੇਰ ਇੱਕ ਵਾਰ ਹੋਰ ਕੈਦੀਆਂ ਨੂੰ ਖੜ੍ਹਾ ਕੇ ਰੰਦ 'ਤੇ ਤੋਰਿਆ।

ਚੁਰਾਸੀ ਨੇ ਦੇਖਿਆ ਕਿ ਟੋਬੀ ਹੁਣ ਹੰਭ ਗਈ ਸੀ। ਉਸ ਨੇ ਟੋਬੀ ਨੂੰ ਚੁੱਕ ਲਿਆ ਅਤੇ ਬਾਹਾਂ'ਚ ਪਾ ਕੇ ਅੱਗੇ ਗਿਆ। ਸਾਨ੍ਹਾਨਸਲਾਂ ਨੇ ਉਸ ਨੂੰ ਕੁਝ ਨਹੀਂ ਕਿਹਾ। ਇੰਝ ਅੱਧਾ ਘੰਟਾ ਲੰਘ ਗਿਆ, ਜਦ ਇੱਕ ਝੀਲ ਕੋਲ਼ੇ ਪੁੱਜੇ। ਉਨ੍ਹਾਂ ਨੂੰ ਤਾਂ ਨਖਲਸਤਾਨ ਲੱਗਾ। ਇੱਕ ਦਮ ਜੰਗਲ਼ ਦੇ ਵਿਚਾਲੇ ਇੱਕ ਪੱਧਰਾ ਥਾਂ ਸੀ, ਜਿਸ ਦੇ ਵਿਚਾਲੇ ਨਿੱਕਾ ਜਿਹਾ ਝੀਲ ਸੀ। ਝੀਲ ਦੇ ਆਲ਼ੇ ਦੁਆਲ਼ੇ ਟਿੱਲੇ ਸਨ। ਇੱਕ ਟਿੱਲਾ ਦੂਜਿਆਂ ਤੋਂ ਵੀ ਉੱਚਾ ਸੀ। ਇਸ ਤੋਂ ਝਰਨਾ ਝੀਲ ਵਿੱਚ ਡਿੱਗਦਾ ਸੀ।

ਸਿੰਧ ਪਾਣੀ ਵੱਲ ਦੌੜ ਕੇ ਪਾਣੀ ਨੂੰ ਪੀਣ ਲੱਗ ਪਿਆ। ਚੁਰਾਸੀ ਨੇ ਟੋਬੀ ਨੂੰ ਕੰਢੇ ਨਾਲ਼ ਟਿਕਾ ਦਿੱਤਾ'ਤੇ ਉਸ ਦੇ ਮੂੰਹ ਵਿੱਚ ਪਾਣੀ ਪਾਉਣ ਲੱਗ ਪਿਆ। ਫੇਰ ਟੋਬੀ ਨੂੰ ਹੋਸ਼ ਪਰਤਿਆ'ਤੇ ਉਸ ਨੇ ਆਪਣਾ ਮੂੰਹ ਪਾਣੀ ਵਿੱਚ

ਡੋਬ ਦਿੱਤਾ'ਤੇ ਕਾਹਲ਼ੀ ਨਾਲ਼ ਹੱਥਾਂ'ਚ ਪਾਣੀ ਪਾ ਕੇ ਪੀ ਰਹੀ ਸੀ। ਸਾਨ੍ਹਾਨਸਲਾਂ ਨੇ ਉਨ੍ਹਾਂ ਨੂੰ ਕੁਝ ਨਹੀਂ ਕਿਹਾ। ਟੋਬੀ ਦਿਆਂ ਕੰਨਾਂ ਨੂੰ ਲੱਗਾ ਜਿਵੇਂ ਘੁਸਰ ਮੁਸਰ ਕਰ ਕੇ ਉਨ੍ਹਾਂ ਵੱਲ ਹੱਸ ਰਹੇ ਸੀ। ਸੋਸਨੀ ਨੇ ਇੱਕ ਗੋਡੇ ਉੱਤੇ ਭਾਰ ਰੱਖ ਕੇ ਹੱਥ ਵਿੱਚ ਪਾਣੀ ਪਾ ਕੇ ਪੀਤਾ। ਨਾਲ਼ੇ ਨਾਲ਼ ਆਪਣੇ ਅਗਵਾਕਾਰਾਂ ਵੱਲ ਤਾੜਦਾ ਸੀ। ਫੇਰ ਸਿੰਧ ਨਾਲ਼ ਗੱਲ ਖੋਲ਼੍ਹੀ, ਪਰ ਅੱਖਾਂ ਹਾਲੇ ਸਾਨ੍ਹਾਨਸਲਾਂ'ਤੇ ਹੀ ਸਨ।

– ਨਹੀਂ ਤਾਂ ਆਹ ਹੀ ਥਾਂ ਮੰਜ਼ਲ ਹੈ। ਨਹੀਂ ਤਾਂ ਅਸਾਂ ਹਾਲੇ ਅੱਧ ਵਿੱਚ ਹੀ ਹਾਂ, ਤਾਂ ਹੀ ਅਸਾਨੂੰ ਇੱਥੇ ਅਰਾਮ ਕਰਨ ਦੇ ਰਹੇ ਨੇ–।

ਸਿੰਧ ਨੇ ਹਾਮੀ ਭਰ ਲਈ'ਤੇ ਦੱਬੀ ਜ਼ੁਬਾਨ ਵਿੱਚ ਆਖਿਆ, – ਤੈਨੂੰ ਮਕਸਦ ਇਨ੍ਹਾਂ ਦਾ ਕੀ ਲੱਗਦਾ?–।

– ਪਤਾ ਨਹੀਂ। ਖ਼ੈਰ ਅਸਾਨੂੰ ਗੁਲਾਮੀ'ਚ ਵੇਚਣਾ ਹੈ। ਜੇ ਸਿਰਫ਼ ਤੁਹਾਨੂੰ ਫੜਿਆ ਹੁੰਦਾ, ਮੈਂ ਇਹ ਵੀ ਕਹਿ ਸਕਦਾ ਕਿ ਤੁਹਾਨੂੰ ਖਾਣਾ ਹੈ! ਪਰ ਫੇਰ ਮੈਨੂੰ ਹਾਲੇ ਕਿਉਂ ਨਹੀਂ ਮਾਰਿਆ ਹੈਂ?–।

– ਸਾਨੂੰ ਖਾਣ?– ਟੋਬੀ ਹੈਰਾਨ ਸੀ।

– ਦੇਖਦੇ ਹਾਂ। ਪਾਣੀ ਵੱਧ ਤੋਂ ਵੱਧ ਪੀਓ! ਮੈਂ...–। ਸੋਸਨੀ ਅੱਗੇ ਬੋਲ਼ਣ ਹੀ ਲੱਗਾ ਸੀ, ਜਦ ਉਸ ਦੇ ਵੱਲ ਇੱਕ ਮੋਟਾ ਜਿਹਾ ਸਾਨ੍ਹਾਨਸਲ ਵਧਿਆ। ਮੋਟੇ ਨੇ ਉਨ੍ਹਾਂ ਦੇ ਸਾਹਮਣੇ ਤਿੰਨ ਚਕੋਰਵਾੜੀ ਜੰਗਲ਼ੀ ਖੁਰਮਾਨੀਆਂ ਸੁੱਟੀਆਂ। ਖ਼ੈਰ ਰੂਪ ਵਿੱਚ ਖੁਰਮਾਨੀਆਂ ਲੱਗਦੀਆਂ ਸਨ। ਪਰ ਨਾਰੀਅਲਾਂ ਜਿੱਡੀਆਂ ਸਨ। ਚੁਰਾਸੀ ਨੇ ਜ਼ੋਰ ਦੇਣੀ ਭੰਨ ਕੇ ਪਾੜ ਪਾੜ ਕੇ ਤਿੰਨਾਂ ਨੂੰ ਖਾਣ ਵਾਸਤੇ ਦਿੱਤੇ। ਜਿਵੇਂ ਵੀ ਸੀ, ਇਵੇਂ ਹੀ ਖਾ ਲਏ। ਮੋਟਾ ਸਾਨ੍ਹਾਨਸਲ ਹੱਸ ਕੇ ਤੁਰ ਪਿਆ।

ਫੇਰ ਇੱਕ ਵੱਡਾ ਸਾਨ੍ਹਾਨਸਲ ਆਇਆ। ਉਸ ਨੇ ਸੰਗਲ਼ ਦਾ ਇੱਕ ਪਾਸਾ ਇੱਕ ਰੁੱਖ 'ਤੇ ਬੰਨ੍ਹ ਦਿੱਤਾ ਅਤੇ ਦੂਜਾ ਪਾਸਾ ਇੱਕ ਹੋਰ ਰੁੱਖ ਨਾਲ਼। ਟੋਬੀ ਤਾਂ ਖ਼ੁਸ਼ ਸੀ ਕਿ ਪਾਣੀ ਦੇ ਨਾਲ਼ ਹੀ ਉਨ੍ਹਾਂ ਨੂੰ ਰੱਖਿਆ ਹੋਇਆ ਸੀ। ਹੁਣ ਰਾਤ ਆਬਨੂਸੀ ਸੀ। ਟੋਬੀ ਨੂੰ ਨੀਂਦ ਆ ਗਈ।

ਕੁਝ ਘੰਟਿਆਂ ਵਾਸਤੇ ਟੋਬੀ ਅਰਾਮ ਨਾਲ਼ ਸੁੱਤੀ ਰਹੀ। ਫੇਰ ਉਸ ਦੇ ਜ਼ਿਹਨ ਉੱਪਰ ਸੁਪਨਿਆਂ ਨੇ ਚੜ੍ਹਾਈ ਕੀਤੀ। ਨੂਰਾਨੀ ਮਾਂ 'ਤੇ ਸੀ। ਬਾਲ ਬੱਚੀ ਸੀ। ਉਸ ਦੀ ਮਾਂ ਉਸ ਦੇ ਨਾਲ਼ ਖ਼ੇਲ ਰਹੀ ਸੀ। ਘਰ ਵੱਡਾ

ਸੀ। ਮੱਠੀ ਹਵਾ ਵਗ ਰਹੀ ਸੀ। ਉਸ ਦਾ ਬਾਪ, ਸੂਕੀ ਵੀ ਉੱਥੇ ਸੀ, ਕਿਸੇ ਨਾਲ਼ ਗੱਲ ਬਾਤ ਕਰਦਾ। ਸੰਡਾਲਿਆਂ ਦਾ ਜੱਦੀ ਘਰ ਸੀ। ਟੋਬੀ ਖ਼ੁਸ਼ ਸੀ। ਫੇਰ ਇੱਕ ਨਵਾਂ ਸੁਪਨਾ ਆਇਆ। ਹੁਣ ਉਹ ਦਸਾਂ ਵਰ੍ਹਿਆਂ ਦੀ ਸੀ। ਉਸ ਨੂੰ ਸ਼ਸਤਰ ਕਲਾ ਇੱਕ ਉਸਤਾਦ ਸਿਖਾ ਰਿਹਾ ਸੀ। ਉਸਤਾਦ ਟੋਬੀ ਦਾ ਗੁਰੂਦੇਵ ਸੀ। ਉਸ ਦਾ ਨਾਂ -ਢੱਟਾ ਖਾਨ- ਸੀ। ਪਿਆਰ ਵਿੱਚ ਉਸ ਨੂੰ ਸਾਰੇ - ਹੇੜੀ- ਆਖਦੇ ਸੀ। ਸੁਪਨੇ ਵਿੱਚ ਹੇੜੀ ਨੇ ਟੋਬੀ ਨੂੰ ਠੁੱਡਾ ਮਾਰ ਕੇ ਥੱਲੇ ਸੁੱਟਣ ਦੀ ਕੋਸ਼ਿਸ਼ ਕੀਤੀ। ਪਰ ਟੋਬੀ ਤੇਜ਼ ਸੀ। ਉਸ ਨੇ ਆਪਣੀ ਲੱਤ ਚੁੱਕੀ 'ਤੇ ਇੱਕ ਤਾਂ ਲੱਤ ਬਚਾ ਲਿੱਤੀ, 'ਤੇ ਨਾਲ਼ੇ ਨਾਲ਼ ਉਹੀ ਲੱਤ ਨਾਲ਼ ਹੇੜੀ ਦੇ ਗੋਡੇ 'ਤੇ ਪੈਰ ਮਾਰਿਆ। ਉਸ ਹੀ ਪਲ ਹੇੜੀ ਨੇ ਮੁੱਕਾ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਟੋਬੀ ਨੇ ਹੱਥ ਵਿੱਚ ਮਾਰ ਕੇ ਪਰ੍ਹੇ ਕਰ ਦਿੱਤਾ ਸੀ। ਪਰ ਹੇੜੀ ਬਹੁਤ ਤੇਜ਼ ਸੀ। ਉਸ ਨੇ ਮੂਹਰੇ ਛਾਲ ਮਾਰ ਕੇ ਟੋਬੀ ਦੀਆਂ ਅੱਖਾਂ'ਚ ਉਂਗਲ਼ੀਆਂ ਮਾਰਨ ਦੀ ਕੋਸ਼ਿਸ਼ ਕੀਤੀ। ਟੋਬੀ ਨੇ ਆਪਣਾ ਸਿਰ ਪਿੱਛੇ ਕੀਤਾ,'ਤੇ ਹੇੜੀ ਨੇ ਟੋਬੀ ਦੀਆਂ ਪਿੰਨੀਆਂ ਫੜ ਕੇ ਉਸ ਨੂੰ ਖਿੱਚ ਕੇ ਭੁੰਜੇ ਸੁੱਟ ਦਿੱਤਾ ਅਤੇ ਸਿਰ ਉੱਪਰ ਪੈਰ ਲਮਕਾਇਆ, ਦਿਖਾਉਣ ਲਈ ਕਿ ਸੀਸ 'ਤੇ ਠੱਪਾ ਮਾਰ ਸਕਦਾ ਸੀ।

ਟੋਬੀ ਹੱਸੀ, ਹੇੜੀ ਵੀ ਹੱਸਿਆ। ਉਸ ਨੇ ਟੋਬੀ ਨੂੰ ਹੱਥ ਦੇ ਦਿੱਤਾ। ਟੋਬੀ ਨੇ ਫੜ ਲਿਆ ਸੀ,'ਤੇ ਉਸ ਨੂੰ ਖਿੱਚ ਕੇ ਹੇੜੀ ਨੇ ਖੜ੍ਹਾ ਕਰ ਦਿੱਤਾ ਸੀ। ਹੇੜੀ ਦੀਆਂ ਅੱਖਾਂ ਬਦਾਮੀ ਰੂਪ ਦੀਆਂ ਸਨ। ਉਨ੍ਹਾਂ ਦਾ ਰੰਗ ਵੀ ਮਲਾਗੀਰੀ ਸੀ। ਉਸ ਦਾ ਮੁਖ ਪਤਲਾ ਸੀ, ਰੰਗ ਥੋੜਾ ਜਿਹਾ ਸੰਦਲੀ, ਥੋੜ੍ਹਾ ਜਿਹਾ ਗੰਦਮੀ। ਉਸ ਦੇ ਵਾਲ਼ ਵਿਰਲੇ 'ਤੇ ਕਾਲ਼ੇ ਸਨ, ਬੂਟ ਪੋਲਿਸ਼ ਜਿੰਨੇ ਕਾਲ਼ੇ। ਪਿੱਛੇ ਵਾਹੇ ਹੋਏ ਸਨ। ਨੂਰਾਨੀ ਮਾਂ ਦੀ ਪੂਰਬੀ ਕੌਮ ਦਾ ਸੀ। ਹੇੜੀ ਨੇ ਟੋਬੀ ਨੂੰ ਲੜਨਾ ਸਿਖਾਇਆ ਸੀ। ਪੱਲਥਾ ਦਾ ਪਰਬੀਨ ਸੀ।

ਕਿਸੇ ਨੇ ਟੋਬੀ 'ਤੇ ਪੈਰ ਮਾਰਿਆ। ਹੇੜੀ ਨੇ ਨਹੀਂ, ਪਰ ਹੋਰ ਕਿਸੇ ਨੇ। ਦੁੱਖ ਲੱਗਾ। ਟੋਬੀ ਨੇ ਅੱਖਾਂ ਖੋਲ਼੍ਹੀਆਂ। ਸਵੇਰ ਸੀ। ਉਹ ਧਰਤ'ਤੇ ਝੀਲ ਕੋਲ਼ੇ ਪਈ ਸੀ। ਉਸ ਦੇ ਸਾਹਮਣੇ ਇੱਕ ਸਾਨ੍ਹਾਨਸਲ ਖਲੋਤਾ ਸੀ, ਉੱਚੀ ਦੇਣੀ ਕੁਝ ਕਹਿ ਰਿਹਾ ਸੀ। ਟੋਬੀ ਨੇ ਆਲ਼ੇ ਦੁਆਲ਼ੇ ਦੇਖਿਆ। ਕਾਫ਼ਲਾ ਤੁਰਨ ਨੂੰ ਤਿਆਰ ਸੀ। ਸਿੰਧ ਨੇ ਟੋਬੀ ਨੂੰ ਹੱਥ ਦਿੱਤਾ, ਐਨ ਜਿੱਦਾਂ ਸੁਪਨੇ ਵਿੱਚ ਹੇੜੀ ਨੇ ਦਿੱਤਾ ਸੀ। ਟੋਬੀ ਨੇ ਫੜ ਲਿਆ'ਤੇ ਸਿੰਧ ਨੇ ਉਸ ਨੂੰ ਖਿੱਚ ਕੇ ਖੜ੍ਹਾ ਕਰ ਦਿੱਤਾ।

- ਲੱਗਦਾ ਹੋਰ ਤੁਰਨਾ- ਸਿੰਧ ਬੋਲ਼ਿਆ।

*        *        *        *        *

ਰੂਬਾ 'ਤੇ ਲੇਕਸੀ ਕੰਧ ਕੋਲ਼ੇ ਪੁਚੰਚ ਗਏ ਸਨ। ਉਸ ਦੇ ਆਲ਼ੇ ਦੁਆਲ਼ੇ ਕਈ ਲਾਸ਼ਾਂ ਸਨ। ਸਾਰੀਆਂ ਸਾਨ੍ਹਾਨਸਲਾਂ ਦੀਆਂ ਸਨ। ਹੌਲ਼ੀ ਹੌਲ਼ੀ ਲੋਥਾਂ ਵਿੱਚੋਂ ਲੰਘ ਗਏ, ਕੰਧ ਵੱਲ ਵਧਦੇ। ਕੰਧ ਦਾ ਰੂਪ ਅਜੀਬ ਜਿਹਾ ਸੀ; ਚੁਰੜ ਮੁਰੜ ਸੀ। ਜਿਵੇਂ ਕੁਝ ਉਸ ਵਿੱਚੋਂ ਬਾਹਰ ਨਿਕਲ਼ਣ ਦੀ ਕੋਸ਼ਿਸ਼ ਕਰ ਰਿਹਾ ਸੀ। ਲੇਕਸੀ ਦੇਖ ਕੇ ਕਪਕਪੀ। ਮੱਖੀਆਂ ਸਾਰੇ ਪਾਸੇ ਉੱਡ ਰਹੀਆਂ ਸਨ, ਡਿੱਗਿਆਂ ਉੱਤੇ ਬੈਠੀਆਂ ਸਨ। ਮੱਖੀਆਂ ਦਾ ਖੜਕਾ ਉੱਚਾ ਸੀ। ਹਾਰ ਕੇ ਰੂਬਾ ਕੰਧ ਦੇ ਦੂਜੇ ਪਾਸੇ, ਖੱਬਿਓਂ ਰਾਹ ਗਿਆ। ਨਾਲ਼ ਹੀ ਨਾਲ਼ ਲੇਕਸੀ ਸੱਜਿਓਂ ਪਾਸੇ ਗਈ। ਲੇਕਸੀ ਨੇ ਛੱਤੀ ਦੀ ਬੇਸੀਸ ਲੋਥ ਦੇਖ ਲਈ। ਦੂਜੇ ਪਾਸੇ ਰੂਬਾ ਨੇ ਟੁੱਟਿਆ ਗਲੋਬ ਦੇਖ ਲਿਆ। ਦੋਨਾਂ ਨੇ ਇੱਕ ਦੂਜੇ ਵੱਲ ਤੱਕਿਆ। ਫੇਰ ਰੂਬਾ ਨੂੰ ਹਿਕਾਰੂ ਦਿਸ ਗਿਆ ਸੀ। ਉਸ ਦੇ ਆਲ਼ੇ ਦੁਆਲ਼ੇ ਖੁਰਿਆਂ ਨੂੰ ਦੇਖਦਾ ਸੀ। ਰੂਬਾ ਨੂੰ ਪਤਾ ਸੀ ਕਿ ਇੱਕ ਨਿਰਾਕਾਰੀ ਟੋਬੀ ਨਾਲ਼ ਸੀ। ਪੈੜ ਕੱਢਣੀ ਚਾਹੁੰਦਾ ਸੀ। ਇੰਝ ਧਿਆਨ ਨਾਲ਼ ਖੁਰਾਵਾਂ ਤੋਂ ਸਮਝ ਗਿਆ ਕਿ ਕੁਝ ਪੈੜਾਂ ਇਨਸਾਨਾਂ ਦੀਆਂ ਸਨ। ਦੋ ਇਨਸਾਨ। ਅਤੇ ਇੱਕ ਭਾਰੀ ਪੈੜ ਕਲਦਾਰ ਦੀ ਸੀ। ਦੂਜੀਆਂ ਸਾਰੀਆਂ ਸਾਨ੍ਹਾਨਸਲਾਂ ਦੀਆਂ ਸਨ।

– ਲੱਗਦਾ ਜੰਗਲ਼ ਵੱਲ ਗਏ। ਸਾਤੋਂ ਦੋ ਘੰਟੇ ਪਹਿਲਾਂ!– ਉਸ ਨੇ ਜੰਗਲ਼ ਵੱਲ ਉਂਗਲ਼ੀ ਕੀਤੀ। ਲੇਕਸੀ ਨੇ ਇਸ਼ਾਰੇ ਵਿੱਚ ਸਿਰ ਹਿਲ਼ਾਇਆ। ਦੋਨੋਂ ਫੇਰ ਫਟਾਫਟ ਜੰਗਲ਼'ਚ ਦੌੜ ਗਏ। ਇੰਝ ਪੈੜਾਂ ਮਗਰ ਰਹੇ। ਅੱਧਾ ਦਿਨ ਬੀਤ ਗਿਆ ਸੀ, ਜਦ ਝੀਲ ਕੋਲ਼ ਸਾਰਾ ਸਾਨ੍ਹਾਨਸਲਾਂ ਦਾ ਟੋਲਾ ਲੱਭ ਗਿਆ ਸੀ। ਦੂਰੋਂ ਦੂਰਬੀਨ ਨਾਲ਼ ਡੇਰੇ ਨੂੰ ਘੋਖਿਆ। ਸੰਗਲ਼ ਵਿੱਚ ਬੰਨ੍ਹੇ ਸਾਨ੍ਹਾਨਸਲ, ਇੱਕ ਆਦਮੀ, ਇੱਕ ਕਲਦਾਰ 'ਤੇ ਟੋਬੀ ਦੇਖੇ।

– ਮੈਂ ਨਾਓ ਵਾਪਸ ਚੱਲਿਆ। ਤੂੰ ਇਨ੍ਹਾਂ ਦਾ ਪਿੱਛਾ ਕਰੀ ਜਾਹ। ਰੇਡਿਓ ਰਾਹੀਂ ਆਪਾਂ ਗੱਲਾਂ ਕਰ ਸਕਦੇ ਹਾਂ। ਮੈਂ ਨਾਓ ਲੈ ਕੇ ਆਉਂਦਾ–। ਰੂਬਾ ਬੋਲ਼ਿਆ।

– ਠੀਕ–।

ਜਦ ਤੱਕ ਨਾਓ ਚੁੱਪ ਚਾਪ ਲਾਗੇ ਲੱਥੀ ( ਉਸ ਦੀਆਂ ਬੱਤੀਆਂ ਬੰਦ ਰੱਖ ਕੇ ਹੇਠਾਂ ਲਿਆਂਦੀ ਸੀ), ਉਸ਼ਾ ਸੀ। ਉਸ਼ੇਰ ਤੋਂ ਬਾਅਦ ਦਿਨ ਚੜ੍ਹ ਜਾਣਾ ਸੀ, ਭਾਵੇਂ ਫ਼ਲਕ ਭੂਸਲਾ ਸੀ, ਉਨ੍ਹਾਂ ਨੂੰ ਸਾਨ੍ਹਾਨਸਲਾਂ ਨੇ ਨਾਓ ਵਿੱਚ ਦੇਖ

ਲੈਣਾ ਸੀ। ਹੁਣ ਸੋਚ ਸੋਚ ਕੇ ਪਿੱਛਾਂ ਕਰਨਾ ਪੈਣਾ ਸੀ। ਦੂਰ ਰਹਿ ਕੇ ਤਆਕਬ ਕਰਨਾ ਪੈਣਾ ਸੀ।

ਉਨ੍ਹਾਂ ਦੇ ਸਾਹਮਣੇ ਕਾਫ਼ਲਾ ਉੱਠ ਗਿਆ ਸੀ, 'ਤੇ ਫੇਰ ਤੁਰਨ ਲੱਗ ਪਿਆ।

* * * * *

ਜਦ ਰੂਬਾ ਨਾਓ ਉੱਡਾ ਕੇ ਝੀਲ ਵੱਲ ਲੈ ਕੇ ਗਿਆ, ਉਸ ਨੂੰ ਪਤਾ ਨਹੀਂ ਲੱਗਿਆ ਕਿ ਦਰਖ਼ਤਾਂ ਵਿੱਚੋਂ ਇਚੀਗੁਰੂ ਹੁਣੀ ਉਸ ਨੂੰ ਦੇਖਦੇ ਸੀ। ਜਦ ਉਹ ਵਾਪਸ ਪਹੁੰਚਾ ਸੀ, ਉਨ੍ਹਾਂ ਦੀ ਬੇੜੀ ਵੀ ਰੁੱਖਾਂ ਵਿੱਚ ਰੂਪ ਵਟਾ ਕੇ ਲੁਕੋਈ ਸੀ। ਕਾਹਲੀ ਵਿੱਚ ਰੂਬਾ ਨੇ ਮਹਿਸੂਸ ਨਹੀਂ ਕੀਤਾ ਕਿ ਉਸ ਦੀ ਨਾਓ ਦੇ ਨੇੜੇ ਬੇੜੀ ਦੇ ਨਿਸ਼ਾਨ ਸਨ। ਨਾਲ਼ੇ ਹੁਣ ਤਾਂ ਰਾਤ ਧੁੰਧੂਕਾਰ ਸੀ।

ਨਾਓ ਉੱਡਣ ਤੋਂ ਬਾਅਦ ਪਲਾਂ ਵਿੱਚ ਟਾਹਣੀਆਂ ਬੇੜੀ ਉੱਤੋਂ ਲਾਹ ਕੇ ਇੱਚੀਗੁਰੂ ਹੋਰਾਂ ਵੀ ਬੇੜੀ'ਚ ਬਹਿ ਕੇ ਨਭ ਉੱਤੇ ਚਲੇ ਗਏ।

* * * * *

ਟੋਬੀ ਹੁਣ ਬਿਲਫ ਸੀ। ਭੁੱਖ ਨਾਲ਼ ਬੌਰਾ ਹੋ ਗਈ ਸੀ। ਕੀ ਪਤਾ ਤਾਂ ਉਸ ਨੂੰ ਸ਼ੁਦੈਣ ਵਾਂਗ ਆਸ ਪਾਸ ਅਜੀਬ ਚੀਜ਼ਾਂ ਦਿਸ ਰਹੀਆਂ ਸਨ। ਉਨ੍ਹਾਂ ਦੇ ਸਾਹਮਣੇ ਜੰਗਲ਼ ਦੇ ਰੁੱਖਾਂ ਵਿਚਾਲੇ ਲੰਬੇ ਪੱਥਰੀ ਬੁਰਜ ਅੰਬਰ ਤੱਕ ਚੜ੍ਹ ਰਹੇ ਸਨ। ਪੱਥਰ ਭੂਸਲਾ 'ਤੇ ਦਕਿਆਨੂਸੀ ਸੀ। ਬੁਰਜਾਂ ਦੇ ਨੋਕ ਦੇਖਣ ਵਿੱਚ ਸਵਰਨ ਸਨ। ਉੱਪਰ ਦੇਖ ਕੇ ਘਾਮ ਚਕਾਚੌਂਧ ਕਰ ਰਿਹਾ ਸੀ। ਕੀ ਆਸਾਰ ਕਦੀਆ ਦੇਖ ਰਹੀ ਸੀ? ਜਦ ਕਾਫ਼ਲਾ ਹੋਰ ਨੇੜੇ ਚਲੇ ਗਿਆ ਸੀ, ਦਰਖ਼ਤਾਂ ਦੇ ਵਿਚਾਲੇ ਇਹੀ ਗੱਲ ਲੱਗ ਰਹੀ ਸੀ, ਉਸ ਨੂੰ। ਹੁਣ ਕੰਧਾਂ ਦਿਸਦੀਆਂ ਸਨ। ਉਨ੍ਹਾਂ ਦੇ ਨਾਲ਼ ਸਾਨ੍ਹਾਨਸਲ ਰਾਖੀ ਖਲੋਏ ਸਨ। ਫੇਰ ਪੇੜ ਹਟ ਗਏ'ਤੇ ਕੈਦੀਆਂ ਸਾਹਮਣੇ ਇੱਕ ਖੁੱਲ੍ਹਾ ਥਾਂ ਸੀ। ਟੋਬੀ ਸਹਿਮ ਗਈ!

ਇੱਕ ਰਾਹ ਜਾਂਦਾ ਸੀ। ਦੂਜੇ ਪਾਸੇ ਕੋਈ ਪਰਾਣਾ ਅੱਧਾ ਡਿੱਗਿਆ ਮੰਦਰ ਸੀ, ਉਸ ਦੇ ਬਨਸਪਤੀ ਕੰਧਾਂ ਵਿੱਚ ਸਾਨ੍ਹਾਨਸਲ ਦੇਵਾਂ ਦਿਆਂ ਬੁੱਤਾਂ। ਪਰ ਉਸ ਬੁੱਤਾਂ ਅਤੇ ਖੁੱਲ੍ਹੇ ਥਾਂ ਦੇ ਦਖ਼ਲ ਵਿਚਾਲੇ, ਪੱਥ ਦੇ ਦੋਵੇਂ ਪਾਸੇ, ਅਗਾੜੀ ਪਿਛਾੜੀ, ਸੇਲ੍ਹੇ ਸਨ। ਸ਼ਾਇਦ ਹਜ਼ਾਰ ਸੇਲ੍ਹੇ ਧਰਤ ਵਿੱਚ ਗੁੱਡੇ ਸਨ। ਸੇਲ੍ਹਾਂ ਦੀਆਂ ਪਾਲ਼ ਪੰਕਤੀਆਂ ਸਨ। ਹਰ ਸੇਲ੍ਹ ਉੱਤੇ ਕਿਸੇ ਦਾ ਕੱਟਿਆ

ਹੋਇਆ ਸਿਰ ਸੀ। ਤਕਰੀਬਨ ਸਾਰੇ ਸਾਨ੍ਹਾਨਸਲਾਂ ਦੇ ਸਿਰ ਸਨ। ਇੱਧਰ ਉੱਧਰ ਕਿਸੇ ਇਨਸਾਨ ਦਾ ਵੀ ਸੀ!

ਟੋਬੀ ਉਬਾਕਣਾ ਚਾਹੁੰਦੀ ਸੀ, ਪਰ ਪੇਟ ਉਸ ਖਾਧੇ ਹੋਏ ਫੱਲ ਤੋਂ ਛੁੱਟ ਖ਼ਾਲੀ ਸੀ। ਚੁਰਾਸੀ ਨੇ ਉਸ ਨੂੰ ਸਹਾਰਾ ਦਿੱਤਾ। ਸੀਸਾਂ ਦਰਮਿਆਨ 'ਗਾਹਾਂ ਤੁਰੇ। ਸਿਰਾਂ ਤੋਂ ਮੁਸ਼ਕ ਆਉਂਦਾ ਸੀ। ਕਿਸੇ ਦੇ ਦੀਦਾ ਪਤਾਮ ਵਿੱਚੋਂ ਕੰਨਖਜੂਰਾ ਜਾਂ ਸੱਪ ਨਿਕਲ਼ਿਆ; ਜਾਂ ਕੋਈ ਹੋਰ ਭੱਬੂ। ਵੱਡੀਆਂ ਵੱਡੀਆਂ ਮੱਖੀਆਂ ਉਨ੍ਹਾਂ'ਤੇ ਚਿੰਬੜ ਕੇ ਮਾਸ ਖਾ ਰਹੀਆਂ ਸਨ। ਭੀਂ ਭੀਂ, ਭੀਂ ਭੀਂ, ਭੀਂ ਭੀਂ ਹੀ ਸੁਣਦਾ ਸੀ। ਗੂੰਜ ਨੂੰ ਬਾਹਰ ਰੱਖਣ ਟੋਬੀ ਨੇ ਆਪਣੇ ਕੰਨਾਂ ਉੱਤੇ ਹੱਥ ਰੱਖ ਲੈ। ਪਰ ਉਸ ਦੀਆਂ ਅੱਖਾਂ ਸੀਸਾਂ ਉੱਤੇ ਰਹੀਆਂ। ਹਾਰ ਕੇ ਬੁੱਤਾਂ ਲਾਗੇ ਪਹੁੰਚ ਗਏ, ਮੰਦਰ ਦੀਆਂ ਕੰਧਾਂ ਕੋਲ਼। ਟੋਬੀ ਦੇ ਸੱਜੇ ਪਾਸੇ, ਕੁਝ ਸੇਲ੍ਹ ਸਨ, ਜਿਨ੍ਹਾਂ ਉੱਤੇ ਤਾਜ਼ੇ ਕਪਾਨ ਫ਼ਸਾਏ ਸਨ। ਟੋਬੀ ਨੇ ਦੇਖਿਆ ਕਿ ਕੁਝ ਸਾਨ੍ਹਾਨਸਲ ਸਨ, ਕੁਝ ਇਨਸਾਨ। ਇੱਕ ਨੂੰ ਪਛਾਣ ਗਈ। ਇਹ ਜ਼ਰੂਰ ਉਸ ਨੂੰ ਮਿਲ਼ਣ ਵਾਲੀ ਪਾਰਟੀ ਦੇ ਸਿਰ ਸਨ! ਸਿਰਾਂ ਦੇ ਨਾਲ਼ ਕੁਝ ਖ਼ਾਲੀ ਸੇਲ੍ਹ ਵੀ ਸਨ।

ਟੋਬੀ ਦਾ ਚਿਤ ਕੀਤਾ ਸੀ ਕਿ ਮੈਂ ਉੱਚੀ ਦੇਣੀ ਚਿੱਲਾਵਾਂ! ਪਰ ਉਸ ਨੂੰ ਹੇੜੀ ਨੇ ਸਿਖਾਇਆ ਸੀ ਕਿ ਜਦ ਇਸ ਤਰ੍ਹਾਂ ਦੇ ਤਰਾਸ ਹੁੰਦੇ, ਆਪਣੇ ਆਪ ਨੂੰ ਸੰਭਾਲ਼ਣਾ ਹੁੰਦਾ ਹੈ। ਮਨ ਵਿੱਚ ਡਰ ਸੀ ਕਿ ਹੁਣ ਸਾਡੇ ਸੀਸ ਸੇਲ੍ਹਾਂ ਉੱਤੇ ਰੱਖਣੇ ਹਨ। ਪਰ ਹੇੜੀ ਦੀ ਗੱਲ ਯਾਦ ਰੱਖੀ।

ਕੰਧ ਦੇ ਸਾਹਮਣੇ ਪੱਥਰੀ ਪੌੜੀ ਸੀ। ਉਸ ਨੂੰ ਚੜ੍ਹਣਾ ਪਿਆ। ਉਸ ਦੇ ਆਲ਼ੇ ਦੁਆਲ਼ੇ ਕਈ ਸਿਪਾਹੀ ਸਨ। ਜਦ ਉੱਪਰ ਪਹੁੰਚੇ, ਸਿੰਧ ਹੁਣੀ ਘੁੰਮ ਕੇ ਸੇਲ੍ਹਾਂ ਵੱਲ ਦੇਖ ਰਹੇ ਸੀ। ਪੂਰੀ ਸਿਰਾਂ ਦੀ ਫ਼ੌਜ। ਪਰ ਟੋਬੀ ਨੇ ਕੰਧ ਵੱਲ ਅੱਖਾਂ ਰੱਖੀਆਂ।

ਦੇਵਤਿਆਂ ਦਿਆਂ ਬੁੱਤਾਂ ਵੱਲ ਤੱਕਦੀ ਰਹੀ। ਹੁਣ ਉਨ੍ਹਾਂ ਦੀ ਸਾਂਝੀ ਜ਼ੰਜੀਰ ਨੂੰ ਲਾਹ ਦਿੱਤਾ ਸੀ, ਬਾਹਾਂ ਅਜ਼ਾਦ ਕਰ ਦਿੱਤੀਆਂ ਸਨ। ਫੇਰ ਇੱਕ ਸਾਨ੍ਹਾਨਸਲ ਨੇ ਕੰਧ ਵਿੱਚ ਲੁਕਿਆ ਬੂਹਾ ਖੋਲ਼੍ਹ ਦਿੱਤਾ ਅਤੇ ਕੈਦੀਆਂ ਨੂੰ ਇਸ਼ਾਰਾ ਕੀਤਾ ਅੰਦਰ ਜਾਣ ਨੂੰ। ਸਿਰਾਂ ਤੋਂ ਛੇਤੀ ਪਰ੍ਹੇ ਹੋਣੀ ਚਾਹੁੰਦੀ ਸੀ ਕਰਕੇ, ਟੋਬੀ ਮੂਹਰੇ ਹੋ ਕੇ ਪਹਿਲਾਂ ਹੀ ਅੰਦਰ ਵੜ ਗਈ। ਉਸ ਦੇ ਮਗਰ, ਸਿੰਧ, ਫੇਰ ਸੋਸਨੀ ਅਤੇ ਚੁਰਾਸੀ। ਉਨ੍ਹਾਂ ਤੋਂ ਬਾਅਦ ਦੋ ਸਾਨ੍ਹਾਨਸਲ ਫ਼ੌਜੀ।

ਟੋਬੀ ਦੀ ਨਜ਼ਰ ਸਾਹਮਣੇ ਇੱਕ ਬੇਛੱਤ ਦਾਲਾਨ ਸੀ। ਵੇੜ੍ਹੇ ਤੋਂ ਵੱਡਾ। ਚੌਪਾਲ ਤੋਂ ਨਿੱਕਾ। ਵਿਚਕਾਰ ਪੱਥਰ ਦਾ ਗੋਲ਼ ਮੋਲ਼ ਮੇਜ਼ ਸੀ। ਕੰਧਾਂ ਵਿੱਚ ਕਈ ਲੰਮੇ ਸਾਨ੍ਹਾਨਸਲ ਦੇਵ ਸਨ। ਉਨ੍ਹਾਂ ਦੇ ਪੱਥਰ ਸਰੀਰ ਕਈ ਕਿਸਮ ਦੇ ਪੋਜ਼ਾਂ ਵਿੱਚ। ਨਾਲ਼ੇ ਉਨ੍ਹਾਂ ਦੇ ਉੱਪਰ ਵੱਲ ਚਿੰਬੜੇ ਸੀ। ਬੂਟੇ ਹਰ ਨੁੱਕਰ ਵਿੱਚੋਂ ਉੱਗਦੇ ਸੀ। ਪੱਥਰ ਮੇਜ਼ ਦੇ ਆਲ਼ੇ ਦੁਆਲ਼ੇ ਦਸ ਪੱਥਰ ਵਾਲ਼ੀਆਂ ਕੁਰਸੀਆਂ ਸਨ। ਅੰਦਰ ਕਈ ਸਾਨ੍ਹਾਨਸਲ ਰਾਖੀ ਸਨ। ਇੱਕ ਨੇ ਕੈਦੀਆਂ ਨੂੰ ਇਸ਼ਾਰਾ ਕੀਤਾ ਕੁਰਸੀਆਂ ਉੱਤੇ ਬਹਿਣ ਵਾਸਤੇ। ਸਾਰੇ ਬਹਿ ਗਏ। ਸਾਰੇ ਚੁੱਪ ਚਾਪ ਹੀ ਰਹੇ।

ਫੇਰ ਕੈਦੀ ਪਰਾਹੁੰਣੇ ਹੋ ਗਏ ਸੀ! ਸਾਨ੍ਹਾਨਸਲ ਲੋਕ ਖਾਣਾ ਪੀਣਾ ਲੈ ਕੇ ਮੇਜ਼ ਉੱਤੇ ਰੱਖਣ ਲੱਗ ਪਏ। ਕੁਝ ਚੀਜ਼ਾਂ ਦੀ ਟੋਬੀ ਨੂੰ ਪਛਾਣ ਸੀ। ਕਈ ਚੀਜ਼ਾਂ ਉਸ ਨੇ ਪਹਿਲੀ ਵਾਰੀ ਦੇਖੀਆਂ ਸਨ। ਕਾਲ਼ੇ, ਨੀਲੇ, ਪੀਲੇ ਰੰਗ ਦੇ ਫਲ਼। ਲਾਲ ਰੰਗ ਦਾ ਮਾਸ। ਪੀਲੇ ਰੰਗ ਦੀ ਸਬਜ਼ੀ। ਗੰਗਾਸਾਗਰ ਲਾਲ, ਨੀਲੇ ਰੰਗ ਦੇ ਰਸ ਨਾਲ਼ ਭਰੇ ਸਨ। ਟੋਬੀ ਨੂੰ ਤਾਂ ਐਨੀ ਭੁੱਖ ਸੀ! ਉਸ ਨੇ ਜਾਨਵਰ ਵਾਂਗ ਚੀਜ਼ਾਂ ਖਿੱਚ ਖਿੱਚ ਕੇ ਆਪਣੇ ਮੂੰਹ ਵਿੱਚ ਪਾਈਆਂ। ਕੋਈ ਇਹਤਿਆਤ ਨਹੀਂ ਰੱਖਿਆ। ਸਾਰਿਆਂ ਦੇ ਅੱਗੇ ਰਕਾਬੀਆਂ ਰੱਖੀਆਂ ਹੋਈਆਂ ਸੀ। ਉਸ ਨੇ ਆਪਣੀ ਨੂੰ ਹਰ ਚੀਜ਼ ਨਾਲ਼ ਭਰ ਲਈ ਸੀ। ਉਸ ਨੂੰ ਵੇਖ ਕੇ ਸਿੰਧ ਨੇ ਵੀ ਇੰਝ ਕੀਤਾ। ਸੋਸਨੀ ਪਹਿਲਾਂ ਉਨ੍ਹਾਂ ਵੱਲ ਦੇਖਦਾ ਰਿਹਾ। ਉਸ ਨੇ ਕਿਸੇ ਚੀਜ਼ ਨੂੰ ਹੱਥ ਨਹੀਂ ਲਾਇਆ। ਜਦ ਦੇਖਿਆ ਕਿ ਸਿੰਧ 'ਤੇ ਟੋਬੀ ਨੂੰ ਕੁਝ ਹੋਇਆ ਨਹੀਂ, ਫੇਰ ਹੀ ਖਾਣ ਲੱਗਾ। ਟੋਬੀ ਨੀਲੇ ਰੰਗ ਦੇ ਅੰਗੂਰ ਖਾ ਰਹੀ ਸੀ ( ਜੋ ਜੁਗੂਨੂੰ ਵਾਂਗ ਚਮਕਦੇ ਸੀ), ਫੇਰ ਲਾਲ ਰਸ ਪੀ ਰਹੀ ਸੀ। ਜਦ ਭੁੱਖ ਮਰ ਗਈ ਸੀ, ਉਸ ਨੇ ਪਹਿਲੀ ਵਾਰੀ ਦੇਖਿਆ ਕਿ ਅਸੀਂ ਚਾਰ ਹਾਂ ( ਰਕਾਬੀ ਚਰਾਸੀ ਦੇ ਸਾਹਮਣੇ ਵੀ ਰੱਖੀ ਸੀ, ਪਰ ਉਸ ਨੂੰ ਖਾਣ ਦੀ ਲੋੜ ਨਹੀਂ ਸੀ), ਪਰ ਰਕਾਬੀਆਂ ਤਾਂ ਪੰਜ ਹਨ। ਨਾਲ਼ੇ ਪੰਜਵਾਂ ਥਾਂ'ਤੇ ਕੋਈ ਨਹੀਂ ਸੀ ਬੈਠਾ, ਪਰ ਫੇਰ ਵੀ ਤਿਆਰ ਰੱਖਿਆ ਹੈ।

– ਉਹ ਕਿਸ ਲਈ ਹੈ?– ਟੋਬੀ ਨੇ ਆਖਿਆ।

– ਖੌਰ੍ਹੇ ਸਾਡੇ ਮੇਜ਼ਬਾਨ ਵਾਸਤੇ ਹੈ–। ਸਿੰਧ ਨੇ ਉੱਤਰ ਦਿੱਤਾ।

– ਮੇਜ਼ਬਾਨ!– ਸੋਸਨੀ ਨੇ ਹੱਸ ਜੇ ਕਿਹਾ, – ਅਸਾਨੂੰ ਸੰਗਲ਼ਾਂ'ਚ ਇੱਥੇ ਲੈ ਕੇ ਆਇਆ! ਬਚ ਕੇ ਰਹਿਣਾ! ਬਾਹਰ ਕੱਟੇ ਸਿਰ ਦੇਖੇ ਨੇ? ਮੇਜ਼ਬਾਨ!–।

– ਸ਼ਾਇਦ ਆਪਾਂ ਕਾਹਲੀ'ਚ ਖਾ ਲਿਆ, ਉਸ ਨੂੰ ਉਡੀਕਣਾ ਸੀ– ਚੁਰਾਸੀ ਨੇ ਆਪਣੀ ਵਿੱਚ ਪਾਈ।

– ਤੁਸਾਂ ਬੜਾ ਹੀ ਦਿਲਚਸਪ ਸਵਾਲ ਚੁੱਕਿਆ ਹੈ ਕਿ ਅਸਾਨੂੰ ਅਸਾਡੇ ਜੇਲ੍ਹਰ ਨੂੰ ਜ਼ਰੂਰ ਉਡੀਕਣਾ ਚਾਹੀਦਾ ਸੀ! ਅਸਾਂ ਬਹੁਤ ਗੁਸਤਾਖ਼ ਹਾਂ!–। ਸੋਸਨੀ ਨੇ ਸਾੜਵੀਂ ਟਿੱਪਣੀ ਆਖੀ।– ਸਭ ਪਾਗ਼ਲ ਨੇ? ਹੁਣ ਹੋਰ ਨਾ ਖਾਓ!–।

– ਕਿਉਂ ਨਹੀਂ?– ਇੱਕ ਆਵਾਜ਼ ਗੂੰਜੀ।

ਸਾਰੇ ਘੁੰਮ ਕੇ ਉਸ ਅਵਾਜ਼ ਵੱਲ ਝਾਕੇ। ਇੱਕ ਵੱਡਾ ਇਨਸਾਨ ਆਦਮੀ ਉਨ੍ਹਾਂ ਦੇ ਹੁਣ ਲਾਗੇ ਖੜ੍ਹਾ ਸੀ। ਬੰਦਾ ਛੇ ਫੁੱਟ ਤੋਂ ਕੁਝ ਇੰਚ ਵੱਡਾ ਸੀ। ਉਸ ਦੇ ਵਾਲ਼ ਪਤਲੇ ਤੇ ਪੀਲੇ ਸਨ। ਉਸ ਦਾ ਸਿਰ ਚੌਰਸ ਸੀ, ਮੱਥਾ ਚੌੜ੍ਹਾ, ਜਬਾੜ੍ਹਾ ਭਾਰਾ 'ਤੇ ਸਖ਼ਤ। ਮੂੰਹ ਬੇਵਾਲ਼ ਸੀ। ਬੁੱਲ੍ਹ ਪਤਲੇ ਸਨ, ਪਰ ਵਿਲਾਸੀ। ਨੱਕ ਤਿੱਖਾ ਸੀ, ਪਰ ਨਿੱਕਾ ਜਿਹਾ ਸੀ। ਉਸ ਦੇ ਨੈਣ ਨੱਕ ਤੋਂ ਦੂਰ ਰੱਖੇ ਸਨ, ਪਰ ਉਨ੍ਹਾਂ ਦਾ ਰੰਗ ਕਮਾਲ ਦਾ ਨੀਲਾ ਸੀ। ਹਲਕਾ ਨੀਲਾ, ਪਰ ਚਮਕਦਾ, ਜਿਵੇਂ ਨੂਰਾਨੀ ਮਾਂ ਦਾ ਅੰਬਰੀ ਅਸਮਾਨ ਸਿਖਰ ਦੁਪਿਹਰ ਹੁੰਦਾ। ਫੇਰ ਵੀ ਅੱਖਾਂ ਬੇਜਜ਼ਬਾਤੀਆਂ ਸਨ। ਸਮੁੰਦਰ ਦੀ ਮੱਛੀ ਦੇ ਨਿਰਜਿੰਦ ਨੇਤਰ। ਜੁੱਸਾ ਹੱਟਾ ਕੱਟਾ ਸੀ। ਨਾ ਪਤਲਾ, ਨਾ ਭਾਰਾ। ਲੀੜਿਆਂ ਹੇਠ ਚਰਬਿਆ ਦਾ ਕੋਈ ਪ੍ਰਮਾਣ ਨਹੀਂ ਜਾਪਦਾ ਸੀ। ਸ਼ੀਰ ਸੂਰਤ ਸੀ। ਮਤਲਬ ਉਸ ਗੋਰੀ ਕੌਮ ਦਾ ਸੀ, ਜਿਸ ਨੂੰ ਤਾਰੀਖ ਨੇ ਗੁਲਾਮ ਰੱਖਿਆ ਹੋਇਆ ਸੀ। ਹੁੰਦਾ ਸੀ। ਪਜਾਮਿਆਂ ਦੀ ਥਾਂ ਚਿੱਟੇ ਚੀਨੋ ਪਾਏ ਸਨ ਅਤੇ ਛਿੱਤਰ ਟ੍ਰੈਨਰ ਸਨ। ਕਮੀਜ਼ ਵੀ ਚਿੱਟੀ ਸੀ ਅਤੇ ਖੁੱਲ੍ਹੀ, ਕਿਨਾਰੀ ਗੋਡਿਆਂ ਦੇ ਹੇਠ ਰੁੜ੍ਹਦੀ ਸੀ। ਕਮੀਜ਼ ਦੀਆਂ ਆਸਤੀਨਾਂ ਵੀ ਚੌੜ੍ਹੀਆਂ ਸਨ।

– ਤੂੰ ਇਨ੍ਹਾਂ ਦਾ ਲੀਡਰ ਹੈ?– ਸੋਸਨੀ ਬੰਦੇ ਨੂੰ ਵੇਖ ਕੇ ਹੈਰਾਨ ਸੀ। ਉਸ ਨੂੰ ਗ਼ੁੱਸਾ ਚੜ੍ਹ ਗਿਆ ਕਿ ਸਾਨ੍ਹਾਨਸਲਾਂ ਦਾ ਸਰਦਾਰ ਇਨਸਾਨ ਆਦਮੀ ਸੀ, ਉਹ ਵੀ ਗੋਰਾ। ਬੰਦੇ ਨੇ ਸਿਰ ਥੋੜ੍ਹਾ ਟੇਢਾ ਕਰ ਕੇ, ਮੁਸਕਾਨ ਦੇ ਕੇ, ਹਾਂ ਵਿੱਚ ਹਿਲਾਇਆ।

– ਕਿਉਂਕਿ ਤੂੰ ਅਸਾਡਾ ਖਾਣਾ ਵਿੱਚ ਜ਼ਰੂਰ ਹਲਾਹਲ ਪਾਇਆ ਹੋਵੇਗਾ!–।

– ਕਿਉਂ? ਮੈਂ ਵੀ ਇਸ ਮੇਜ਼ ਤੋਂ ਹੀ ਖਾਣਾ ਹੈ–। ਆਦਮੀ ਉਨ੍ਹਾਂ ਦਾ ਚੱਕਰ ਕਰ ਕੇ ਆਪਣੀ ਕੁਰਸੀ ਉੱਤੇ ਬਹਿ ਗਿਆ। ਉਸ ਦੀਆਂ ਬਰਫ਼ੀਲੀਆਂ ਅੱਖਾਂ ਹਾਲੇ ਵੀ ਸੋਸਨੀ ਉੱਤੇ ਸਨ।

– ਜੇ ਅਸਾਨੂੰ ਮਾਰਨਾ ਨਹੀਂ ਸੀ, ਕਿਉਂ ਅਸਾਨੂੰ ਸੰਗਲ਼ਾਂ'ਚ ਇੱਥੇ ਲਿਆਂਦਾ? ਭੁੱਖੇ ਭੁੱਖੇ, ਜਿਵੇਂ ਅਸਾਂ ਤੁਹਾਡੇ ਵੈਰੀ ਹਾਂ!–। ਸੋਸਨੀ ਮੱਘਰ ਬੋਲ਼ਿਆ। – ਅਸਾਨੂੰ ਗੁਲਾਮੀ'ਚ ਵੇਚਨਾ?–।

ਚਿੱਟਾ ਬੰਦਾ ਠਹਾਕਾ ਮਾਰਦਾ ਉੱਤਰ ਦੇਣ ਦੀ ਕੋਸ਼ਿਸ਼ ਕਰਦਾ ਸੀ। ਪਰ ਜਦ ਹਾਸਾ ਹਟ ਗਿਆ, ਬੋਲ਼ਿਆ– ਆਹੋ। ਇਹੀ ਖੀਰ ਰਿੱਝ ਰਹੀ ਹੈ!–।

– ਤਾਹਨੇ ਨਾ ਮਾਰ– ਸਿੰਧ ਫ਼ਰਮਾਇਆ। ਇੱਕ ਦਮ ਗੋਰੇ ਦਾ ਮੂੰਹ ਗੰਭੀਰ ਹੋ ਗਿਆ ਅਤੇ ਲੰਮਾ ਹੌਕਾ ਖਿੱਚ ਕੇ ਉਸ ਨੇ ਉੱਤਰ ਦਿੱਤਾ।

– ਮੈਂ ਤੁਹਾਨੂੰ ਗੁਲਾਮੀ'ਚ ਨਹੀਂ ਵੇਚਦਾ। ਸਮਝਦਾ ਕਿਉਂ ਆਖਦੇ ਨੇ। ਜਿੱਦਾਂ ਤੁਹਾਨੂੰ ਇੱਥੇ ਲਿਆਂਦਾ ਗਿਆ। ਪਰ ਮੇਰੇ ਸਿਪਾਹੀ ਜੰਗਲ਼ੀ ਲੋਕ ਹਨ। ਮਾਫ਼ ਕਰਨਾ, ਜੇ ਤਰੀਕਾ ਥੋੜ੍ਹਾ ਜਿਹਾ...ਖੱਟੜ ਸੀ–।

– ਹਾਲੇ ਆਪਣਾ ਨਾਂ ਨਹੀਂ ਦਿੱਤਾ, 'ਤੇ ਸਾਨੂੰ ਕਾਹਤੋਂ ਕੈਦ ਕੀਤਾ?–। ਜਿੰਨਾ ਗ਼ੁੱਸਾ ਸੋਸਨੀ ਨੇ ਖਾਦਾ ਸੀ, ਉਨ੍ਹਾਂ ਹੀ ਗ਼ੁੱਸਾ ਹੁਣ ਸਿੰਦ ਨੇ ਵੀ ਕੀਤਾ।

– ਨਾਂ। ਨਾਂ ਮੇਰਾ ਕੂਨਰ ਹੈ–।

– ਕੂਨਰ ਕੀ? ਇਹ ਪਹਿਲਾਂ ਨਾਂ, ਗੋਤ ਦਾ ਨਾਂ? ਕੌਣ ਹੈ,'ਤੇ ਸਾਤੋਂ ਕੀ ਲੈਣਾ?– ਸਿੰਧ ਉਸ ਨੂੰ ਟੁੱਟ ਕੇ ਪੈ ਗਿਆ।

– ਕੋਈ ਫ਼ਰਕ ਨਹੀਂ। ਨਾਂ'ਚ ਕੀ ਹੈ? ਖਾਓ। ਅਰਾਮ ਕਰੋਂ। ਨਾਲ਼ੇ ਨਾਲ਼ ਤੁਹਾਡੇ ਸਵਾਲਾਂ ਦੇ ਜਵਾਬ ਦਿੰਦਾ–। ਸਭ ਵੱਲ ਬਰਫ਼ੀਲੀਆਂ ਅੱਖਾਂ ਗਹੁ ਨਾਲ ਸੁਰਾਖ ਰਹੀਆਂ ਸਨ। – ਪਰ ਪਹਿਲਾਂ ਸਵਾਲ ਤੁਹਾਡਾ ਨਹੀਂ ਹੈ–। ਇਸ ਪਲ ਉਸ ਨੇ ਆਪਣੀ ਰਕਾਬੀ'ਚ ਖਾਣਾ ਭਰਿਆ। ਲਾਲ ਮਾਸ, ਨੀਲੀ ਸਬਜ਼ੀ। – ਮੇਰਾ ਹੈ। ਤੁਸੀਂ ਮੇਰੇ ਜੰਗਲ਼'ਚ ਕੀ ਕਰ ਰਹੇ ਹੋ? ਆਪਣੇ ਸ਼ਹਿਰਾਂ ਮੁਲਕਾਂ'ਚ ਕਿਉਂ ਨਹੀਂ ਖ਼ੁਸ਼? ਇੱਥੇ ਕਾਹਤੋਂ ਆਏ? ਤੁਹਾਡੇ ਦੇਸ਼ਾਂ'ਚ ਹਰ ਅਸੂਲ ਹੈ–। ਉਸ ਨੇ ਮੇਰੇ ਜੰਗਲ਼ 'ਤੇ ਜ਼ੋਰ ਦਿੱਤਾ।

– ਮਾਫ਼ ਕਰਨਾ, ਪਰ ਤੂੰ ਮਨੌਤੀ ਕਰ ਰਿਹਾ ਹੈ। ਅਸੀਂ ਇਸ ਦੁਨੀਆ ਦੇ ਨਹੀਂ ਹਾਂ–। ਸਿੰਧ ਨੇ ਕਿਹਾ।

– ਅੱਛਾ? ਬਾਹਰਲੇ ਗ੍ਰਹਿ ਦੇ ਭਾਵੇਂ ਹੋਣ, ਪਰ ਫੇਰ ਵੀ ਮੇਰਾ ਜੰਗਲ਼ ਹੈ। ਤੁਸੀਂ ਫਰਜ ਕੀਤਾ ਕਿ ਇੱਥੇ ਆ ਸਕਦੇ ਹੋ। ਇਹ ਤੁਹਾਡੀ ਗ਼ਲਤੀ ਹੈ। ਜੰਗ ਚੱਲ ਰਿਹਾ ਹੈ। ਮੇਰਾ ਜੰਗ– ਹੁਣ ਮੇਰਾ ਜੰਗ ਉੱਤੇ ਪੱਕ ਪਕਾ ਸੀ।

– ਤੁਹਾਡੇ ਜੰਗ ਬਾਰੇ ਕੁਝ ਨਹੀਂ ਪਤਾ। ਪਰ ਹਾਂ, ਜੰਗ ਚੱਲ ਰਿਹਾ ਹੈ। ਤਾਂ ਹੀ ਇੱਥੇ ਆਏ ਹਾਂ। ਦਰਅਸਲ ਮੈਨੂੰ ਇੱਥੇ ਇਨ੍ਹਾਂ ਨੇ ਲਿਆਂਦਾ। ਮੇਰੇ ਵੇਲੀਆਂ ਨੂੰ ਮਿਲਾਉਣ–। ਟੋਬੀ ਪਹਿਲੀ ਵਾਰੀ ਬੋਲ਼ੀ।

ਕੂਨਰ ਦੇ ਮੂੰਹ ਵਿੱਚ ਸੰਖੀ ਸੀ। ਉਸ ਤੋਂ ਲਾਲ ਮਾਸ ਕੁਤਰਦਾ ਟੋਬੀ ਵੱਲ ਦੇਖਦਾ ਸੀ। ਚੁੱਪ ਰਿਹਾ। ਜਦ ਖਾ ਹਟਿਆ, ਬੋਲ਼ਿਆ, – ਵੇਲੀ? ਮੇਰੇ ਜੰਗਲ਼ ਵਿੱਚ–।

– ਸਾਨੂੰ ਤੁਹਾਡੇ ਜੰਗ ਬਾਰੇ ਨਹੀਂ ਸੀ ਪਤਾ। ਉਹ ਵੇਲੀ... ਉਨ੍ਹਾਂ ਦੇ ਸਿਰ ਬਾਹਰ ਸੇਲ੍ਹਿਆਂ ਉੱਤੇ ਨੇ! ਮੇਰੇ ਖ਼ਿਆਲ'ਚ ਹੁਣ ਤੂੰ ਜਵਾਬ ਦੇ ਕਿਉਂ ਕੀਤਾ!–। ਟੋਬੀ ਨੇ ਜ਼ੋਰ ਦੇਣੀ ਕਿਹਾ। ਉਨ੍ਹਾਂ ਸਿਰਾਂ ਨੂੰ ਯਾਦ ਕਰ ਕੇ ਉਸ ਦਾ ਮੁਖੜਾ ਦਹੀਂ ਰੰਗੀ ਹੋ ਗਿਆ ਸੀ।

– ਮੈਂ ਜਵਾਬ ਦੇ ਹਟਿਆ। ਮੇਰਾ ਜੰਗਲ਼। ਮੇਰਾ ਜੰਗ–।'ਤੇ ਫੇਰ ਖਾਣ ਲੱਗ ਪਿਆ।

– ਕਿਹੜਾ ਜੰਗ!– ਸੋਸਨੀ ਨੇ ਆਖਿਆ।

– ਅਨਿਆਂ ਨਾਲ਼–।

– ਬਾਹਰ ਹਜ਼ਾਰ ਸਾਨ੍ਹਾਨਸਲ ਸੀਸ ਹਨ! ਤੂੰ ਤਾਂ ਕਸਾਈ ਹੈ! ਬੁੱਚੜ!–।

– 'ਤੇ ਆਲ਼ੇ ਦੁਆਲ਼ੇ ਤੇਰੇ ਕਈ ਸਾਨ੍ਹਾਨਸਲ ਸਿਪਾਹੀ ਹਨ। ਸਮਾਜ ਨੂੰ ਬਦਲਣਾ ਪੈਂਦਾ ਹੈ। ਉੱਨਤੀ ਕਰਨੀ ਪੈਂਦੀ ਹੈ–। ਕੂਨਰ ਖਾਈ ਗਿਆ।– ਹੋ ਸਕਦਾ ਇੱਕ ਖ਼ਾਸ ਦਿਹਾੜਾ, ਜਦ ਮੰਦਰ ਵਿੱਚ ਜਨਤਾ ਮੱਥਾ ਟੇਕਣ ਆਈ, ਉਨ੍ਹਾਂ ਨੂੰ ਸਬਕ ਸਿਖਾਉਣ ਉਸ ਹੀ ਨੀਲੇ ਦਿਨ ਨੂੰ ਫ਼ੂਕਣਾ ਪਿਆ। ਜੇ ਕੋਈ ਕੌਮ ਦਾ ਇੱਕ ਵੀ ਸਰਕਾਰ ਦੇ ਖ਼ਿਲਾਫ਼ ਹੁੰਦਾ,

ਸਾਰੀ ਕੌਮ ਨੂੰ ਮਾਰ ਕੇ...ਸਬਕ ਸਿਖਾਈਦਾ ਹੈ। ਇਹ ਅਸੀਂ ਗੋਰਿਆਂ ਨੇ ਤੁਹਾਡੇ ਵਰਗੇ ਕਾਲ਼ਿਆਂ ਪੂਰਬੀ ਲੋਕਾਂ ਦੇ ਗ਼ੁਲਾਮੀ ਹੇਠ ਰਹਿ ਕੇ ਸਿੱਖਿਆ ਹੈ। ਜੇ ਕੌਮ ਦੇ ਘੱਟ ਨੰਬਰ ਹੁੰਦੇ, ਵੱਡੀ ਨੰਬਰ ਵਾਲ਼ੀ ਕੌਮ ਜੋ ਮਰਜ਼ੀ ਕਰ ਸਕਦੀ ਹੈ ਨਾ? ਕੀ ਖ਼ਿਆਲ ਛੈਲ ਛਬੀਲਿਆ– ਉਸ ਨੇ ਸਿੰਧ ਨਾਲ਼ ਅੱਖਾਂ ਚਾਰ ਕੀਤੀਆਂ।

ਸੋਸਨੀ ਨੇ ਆਲ਼ੇ ਦੁਆਲ਼ੇ ਦੇਖਿਆ। ਸਹੀ ਗੱਲ ਸੀ। ਸਾਨ੍ਹਾਨਸਲ ਰਾਖੀ ਆਸ ਪਾਸ ਖੜ੍ਹੇ ਸਨ। ਪਰ ਕੰਧਾਂ ਉੱਤੇ ਕਈ ਹੋਰ ਸਾਨ੍ਹਾਨਸਲ ਚਿੰਬੜੇ ਸਨ। ਹੋ ਸਕਦਾ ਕੂਨਰ ਦੀ ਫ਼ੌਜ ਦਸ ਹਜ਼ਾਰਾਂ ਦੀ ਹੋਵੇ। ਪਰ ਸਾਨ੍ਹਾਨਸਲ ਆਪਣੇ ਦੇਸ਼ੀ ਲੋਕਾਂ ਨੂੰ ਕਿਵੇਂ ਮਾਰ ਸਕਦੇ ਸਨ? ਹੋ ਸਕਦਾ ਇਹ ਜਿਨ੍ਹਾਂ ਦੇ ਸਿਰ ਬਾਹਰ ਸਨ, ਉਨ੍ਹਾਂ ਦਾ ਮੰਦਰ ਸੀ? ਕੀ ਹੋ ਸਕਦਾ ਮੰਦਰ ਵਾਲ਼ਿਆਂ ਉੱਤੇ ਹਮਲਾ ਕੀਤਾ ਸੀ? ਸਿਰ ਉਨ੍ਹਾਂ ਦੇ ਹਨ? ਹੋ ਸਕਦਾ ਓਨ੍ਹਾਂ ਦਾ ਧਰਮ ਅਲਪ ਸੰਖਿਆ ਸੀ ਅਤੇ ਇਨ੍ਹਾਂ ਦਾ ਬਹੁਗਿਣਤੀ ਦਾ? ਜੇ ਲੜਾਈ ਧਰਮ ਉੱਤੇ ਸੀ। ਕਿਸ ਤਰ੍ਹਾਂ ਦਾ ਜਾਨਵਰ ਕਿਸੇ ਦੇ ਮੱਥੇ ਟੇਕਣ ਵਾਲ਼ੇ ਥਾਂ ਉੱਤੇ ਹਮਲਾ ਕਰਦਾ?

– ਸਾਨੂੰ ਛੱਡ ਦੇ। ਆਪਣੀ ਜੰਗ ਲੜੀ ਜਾਹ। ਅਸੀਂ ਨਹੀਂ ਤੈਨੂੰ ਕੁਝ ਕਹਿੰਦੇ। ਅਸੀਂ ਨਾਓਆਂ'ਚ ਪੁਲਾੜ'ਚ ਪਰਤ ਜਾਵਾਂਗੇ–। ਸਿੰਧ ਨੇ ਠਰੰਮ੍ਹੇ ਨਾਲ਼ ਕਿਹਾ। ਟੋਬੀ ਉਸ ਵੱਲ ਝਾਕੀ। ਮਨ'ਚ ਸੋਚੀ, ਕੂਨਰ ਨੇ ਮੇਰੇ ਲੋਕ ਮਾਰ ਦਿੱਤੇ! ਹੁਣ ਮੈਂ ਕਿਵੇਂ ਬਚ ਕੇ ਗ਼ਲਬਾਂ ਤਖ਼ਤ ਪਹੁੰਚੂੰਗੀ? ਜੇ ਮੈਂ ਹਿਕਾਰੂ ਦੇ ਕਤਲ ਜਾਂ ਉਨ੍ਹਾਂ ਲੋਕਾਂ ਦੇ ਕਤਲਾਂ ਬਾਰੇ ਦਾਇਰ ਕੀਤਾ, ਫੇਰ ਸਾਨੂੰ ਵੀ ਮਾਰ ਦੇਣਗੇ। ਹੋ ਸਕਦਾ ਸਿੰਧ ਦੀ ਸੋਚ ਕੰਮ ਕਰ ਜਾਵੇਗੀ?

– ਹੁਣ ਤਾਂ ਆ ਚੁੱਕੇ।ਨਹੀਂ। ਹੁਣ ਮੇਰੇ ਪਰਾਹੁੰਣੇ ਆਂ! ਫ਼ੈਸਲਾ ਕਰਨਾ ਹੀ ਪੈਣਾ, ਕਿਸ ਦੇ ਪਾਸੇ ਹਨ। ਮੇਰੇ, ਜੇ ਪਾਪੀਆਂ ਦੇ–। ਕੂਨਰ ਨੇ ਰਕਾਬੀ ਪਰ੍ਹੇ ਕਰ ਦਿੱਤੀ।

– ਕਿਹੜੇ ਪਾਪੀ? ਉਸ ਬੱਚੇ, ਜਿਨ੍ਹਾਂ ਨੂੰ ਤੇਰੇ ਫ਼ੌਜੀਆਂ ਨੇ ਕੰਧ ਵਿੱਚ ਮਾਰ ਦਿੱਤਾ? ਲੇਵੀ ਦੇ ਮਿੱਤਰ, ਜਿਨ੍ਹਾਂ ਦੇ ਸਿਰ ਕੱਟ ਦਿੱਤੇ? ਕੀ ਉਨ੍ਹਾਂ ਨੇ ਵੀ ਨਾ ਕੀਤਾ ਸੀ?– ਸੋਸਨੀ ਹੈਰਾਨ ਸੀ। ਆਪਣੀ ਹੈਰਾਨੀ ਵਿੱਚ ਬਿਨਾ ਸੋਚਿਆ, ਟੋਬੀ ਬਾਰੇ ਬੋਲ਼ ਗਿਆ। ਪਰ ਪੂਰਾ ਬੁੱਧੂ ਨਹੀਂ ਸੀ। ਨਕਲੀ ਨਾਂ, ਲੇਵੀ ਵਰਤਿਆ ਸੀ।

– ਲੇਵੀ?– ਕੂਨਰ ਨੇ ਟੋਬੀ ਵੱਲ ਬਰਫ਼ੀਲੀਆਂ ਅੱਖਾਂ ਕੀਤੀਆਂ।

– ਤੂੰ ਫੇਰ ਇਨ੍ਹਾਂ ਦਾ ਨੇਤਾ ਹੈ। ਸੋ ਤਾਰਿਆਂ ਵਿੱਚ ਜੰਗ ਲੜ ਰਹੀ ਹੈ? ਫੇਰ ਤੈਨੂੰ ਤਾਂ ਪੂਰੀ ਸਮਝ ਹੋਣੀ ਚਾਹੀਦੀ ਏ–।

– ਕੀ ਗੱਲ ਦੀ, ਉਹ ਸਹੀ ਬੋਲ਼ਿਆ– ਟੋਬੀ ਨੇ ਸੋਸਨੀ ਦਾ ਨਾਂ ਨਹੀਂ ਵਰਤਿਆ, ਭਾਵੇਂ ਖਿੱਝ ਸੀ ਕਿ ਉਸ ਨੇ ਲੇਵੀ ਕਹਿ ਦਿੱਤਾ ਸੀ।

– ਉਹ? ਮੈਂ ਤੁਹਾਨੂੰ ਆਪਣਾ ਨਾਂ ਦੱਸ ਦਿੱਤਾ। ਅਦਬ ਨਾ਼ਲ ਆਪਣੇ ਆਪ ਨੂੰ ਵੀ ਤਆਰਫ਼ ਕਰਵਾਓ–। ਕੂਨਰ ਦੀਆਂ ਅੱਖਾਂ ਟੋਬੀ ਵਿੱਚ ਗੱਡੀਆਂ।

– ਮੈਂ ਲੇਵੀ ਹਾਂ। ਇਹ ਕਲਦਾਰ ਚੁਰਾਸੀ ਹੈ। ਸਾਡੇ ਮਿੱਤਰ ਹਿਕਾਰੂ ਨੂੰ ਤੇਰੇ ਆਦਮੀਆਂ ਨੇ ਮਾਰ ਦਿੱਤਾ। ਸੋ ਪਾਪੀਆਂ ਵਿੱਚ ਅਸੀਂ ਵੀ ਗਿਣੇ ਜਾਂਦੇ ਹਾਂ?–। ਟੋਬੀ ਦੀ ਜਕ ਖੁੱਲ਼੍ਹ ਗਈ ਸੀ।

– ਮਾਫ਼ ਕਰਨਾ। ਮੇਰਾ ਜੰਗ਼ਲ ਹੈ। ‘ਤੇ ਅੰਦਰ ਬਿਨਾ ਆਖੇ ਆਏ ਹਨ। ਜੰਗ ਵਿੱਚ ਜਾਨੀ ਵੀ ਹੁੰਦੇ ਨੇ। ਪਰ ਉਹ ਬੱਚੇ?– ਹੁਣ ਕੂਨਰ ਦੀਆਂ ਅੱਖਾਂ ਸੋਸਨੀ ਵੱਲ ਗਈਆਂ, ਜਿੱਦਾਂ ਚਾਨਣ ਮੁਨਾਰੇ ਦੀ ਨੇਤਰੀ ਬੱਤੀ ਇੱਕ ਜਹਾਜ਼ ਤੋਂ ਦੂਜੇ ਤੀਕਰ ਜਾਂਦੀ ਹੈ।– ਪਾਪੀ। ਉਨ੍ਹਾਂ ਨੇ ਕੀ ਕੀਤਾ? ਨਸ਼ੀਲੀ ਵਸਤੂ–।

– ਨਸ਼ੇ? ਇਸ ਦਾ ਇਹ ਨਹੀਂ ਮਤਲਬ ਕਿ...–। ਸੋਸਨੀ ਦੀ ਗੱਲ ਟੁੱਕ ਦਿੱਤੀ।

– ਨਸ਼ੇ ਲੈਣਾ, ਦੇਣਾ, ਖਾਣਾ, ਪਾਪ ਹੈ। ਤੇਰੇ ਗ੍ਰਹਿ ਬਾਰੇ ਮੈਂ ਕੁਝ ਨਹੀਂ ਜਾਣਦਾ। ਹਾਂ, ਇੱਕ ਵਾਰ ਮੈਂ ਵੀ ਨੂਰਾਨੀ ਮਾਂ’ ਤੇ ਰਹਿੰਦਾ ਹੁੰਦਾ ਸੀ। ਉੱਥੇ ਵੀ ਇਹ ਹੀ ਕਠਨਾਈ ਸੀ। ਪਰ ਇੱਥੇ ਤਾਂ ਮਹਾਮਾਰੀ ਹੈ। ਨਾ਼ਲੇ ਜ਼ਿਆਦਾ ਬੱਚਿਆਂ ਵਿੱਚ। ਕੀ ਕਰੀਏ? ਜੇ ਖਾਣ ਨੂੰ ਹੱਟਦੇ ਨਹੀਂ, ਫੇਰ ਸਜ਼ਾ ਹੀ ਦੇਣੀ ਪੈਣੀ ਹੈ–।

– ਜੇਲ੍ਹ ਵੀ ਹੁੰਦੇ ਨੇ– ਸਿੰਧ ਨੇ ਕਿਹਾ।

– ਜ਼ਰੂਰ। ਸ਼ਹਿਰਾਂ ਵਿੱਚ। ਸਾਡੇ ਜੰਗ਼ਲ ਵਿੱਚ ਨਹੀਂ। ਇੱਥੇ ਤਾਂ ਪਿੰਡਾਂ ਦਾ ਹਾਲ ਹੈ। ਇੱਥੇ ਮੈਂ ਹੀ ਅਦਾਲਤ ਹੈ। ਇੱਥੇ ਜੰਗ਼ਲੀ ਕਾਨੂੰਨ ਹੈ। ਤੁਸੀਂ ਬਾਹਰੋਂ ਹੋ। ਸਮਝ ਨਹੀਂ ਸਕਦੇ। ਖ਼ੈਰ, ਲੇਵੀ ਤੂੰ ਇਸ

ਆਦਮੀ'ਤੇ ਸਾਨ੍ਹਾਨਸਲ ਦੇ ਨਾਂ ਨਹੀਂ ਦਿੱਤੇ-। ਹੁਣ ਸੋਸਨੀ ਸਿੰਧ ਵੱਲ ਦੇਖੀ ਗਿਆ। ਚੁੱਪ।

ਚੁੱਪ ਸਭ ਤੋਂ ਜ਼ਬਰਦਸਤ ਹਥਿਆਰ ਹੈ। ਹਾਰ ਕੇ ਕਿਸੇ ਨੂੰ ਬੋਲ਼ਣਾ ਹੀ ਪੈਂਦਾ। ਕੂਨਰ ਦਾ ਮੂੰਹ ਸਖ਼ਤ ਰਿਹਾ। ਹਾਰ ਕੇ, ਸਿੰਧ ਨੇ ਆਪਣਾ ਅਸਲੀ ਨਾਂ ਦੱਸ ਦਿੱਤਾ। ਫੇਰ ਝਕਦੇ ਝਕਦੇ, ਸੋਸਨੀ ਨੇ ਵੀ। ਟੋਬੀ ਨੇ ਦੇਖ ਲਿਆ ਕਿ ਕੂਨਰ ਨੇ ਹੁਣ ਉਨ੍ਹਾਂ ਨੂੰ ਉਨ੍ਹਾਂ ਬਾਰੇ ਹੀ ਆਖਣਾ ਸੀ। ਸੋ ਟੋਬੀ ਨੇ ਪੁੱਛਿਆ, - ਪਰ 'ਫ਼ੀਮ ਖਾਣ ਲਈ ਮੌਤ ਤਾਂ ਸਖ਼ਤ ਸਜ਼ਾ ਹੈ?-।

- ਮੌਤ? ਮੌਤ ਤਾਂ ਉਪਕਾਰੀ ਦੰਡ ਹੈ। ਉਹ ਸਿਰਾਂ ਦਾ ਇੱਕ ਹੀ ਮਤਲਬ ਹੈ। ਲੋਕਾਂ ਨੂੰ ਦੇਖ ਕੇ ਸਮਝ ਆਵੇ ਕਿ ਪਾਪ ਨਹੀਂ ਕਰਨਾ ਚਾਹੀਦਾ ਹੈ। ਮੇਰੀ ਕੌਮ ਗੁਲਾਮੀ'ਚੋਂ ਆਈ ਹੈ। ਸਾਨੂੰ ਪਤਾ, ਪੂਰਾ ਪਤਾ ਔਖਿਆਈ ਕੀ ਹੁੰਦੀ ਹੈ। ਸਜ਼ਾ ਕੀ ਹੁੰਦੀ। ਇੱਥੇ ਦੇ ਜੰਗ਼ਲੀ ਲੋਕ ਵੀ ਸਮਝਦੇ ਨੇ। ਪਹਿਲੇ ਪਹਿਲੇ ਦਿਨਾਂ'ਚ ਸ਼ਹਿਰ ਦੇ ਲੋਕਾਂ ਨੇ ਇੱਥੇ ਆ ਕੇ ਮਾਵਾ 'ਤੇ ਅਫ਼ੀਮ ਵੇਚੇ। ਲੋਕਾਂ ਨੂੰ ਨਸ਼ੇਬਾਜ਼ ਬਣਾ ਦਿੱਤਾ। ਅਮਲ ਕਰ ਕੇ ਪੱਕੇ ਗਾਹਕ ਪੈਦਾ ਕਰ ਲਏ। ਫੇਰ ਬੱਚਿਆਂ ਨੂੰ ਚਿੱਟਾ 'ਤੇ ਗਾਂਜਾ ਦੇ ਦਿੱਤਾ। ਅਮਲੀ ਬਣ ਗਏ। ਆਪਣੇ ਹੱਕਾਂ ਲਈ ਲੜਨਾ ਹਟ ਗਏ। ਸਮਝ ਨਹੀਂ ਸੀ, ਹੱਕ ਹੈ ਵੀ ਕੀ। ਹੌਲ਼ੀ ਹੌਲ਼ੀ ਆਪਣੀ ਸੱਭਿਅਤਾ ਭੁੱਲ ਗਏ। ਵੱਡੇ ਵਡੇਰਿਆਂ ਨੇ ਇਰਾਦਾ ਕੀਤਾ ਕਿ ਅਫ਼ੀਮਦਾਰਾਂ ਨੂੰ ਰੋਕੂਗੇ, ਬੱਚਿਆਂ ਨੂੰ ਬਚਾਉਗੇ। ਉਸ ਹੀ ਵੇਲੇ ਮੈਂ ਇੱਥੇ ਆਇਆ ਸੀ। ਮੈਂ ਗ਼ਲਬਾ ਤਖ਼ਤ ਦੀ ਫ਼ੌਜ ਵਿੱਚ ਸੀ। ਤੇਰੇ ਜੰਗ ਦਾ ਨਹੀਂ ਪਤਾ, ਪਰ ਉਸ ਦਿਨਾਂ'ਚ ਹੋਰ ਜੰਗ ਲੜ ਰਹੇ ਸੀ। ਪਤਾ ਸਾਡਾ ਮਕਸਦ ਕੀ ਸੀ? ਅਫ਼ੀਮਦਾਰਾਂ ਦੀ ਮੱਦਦ ਕਰਨ। ਮਤਲਬ ਚਿੱਟੇ ਨੂੰ ਵੇਚਣਾ ਸੀ। ਉਸ ਦੇ ਪੈਸਿਆਂ ਨਾਲ਼ ਜੰਗ ਲੜਨੀ ਸੀ। ਜਿਹੜਾ ਜੰਗ਼ਲੀ ਸਾਨ੍ਹਾਨਸਲ ਰਾਹ ਵਿੱਚ ਖੜ੍ਹਿਆ...ਬੱਸ ਫ਼ੌਜੀ ਦਾ ਕੰਮ ਸੀ ਉਸ ਰੋੜੇ ਨੂੰ ਪਰ੍ਹੇ ਸੁੱਟਣਾ।'ਤੇ ਜੇ ਇਸ ਕੰਮ ਵਿੱਚ ਅਸੀਂ...ਮਾਰ ਮਰੱਈਆ ਕੀਤਾ...ਖੌਭਾ ਕੀਤਾ...ਮੇਰੀ ਕਿੱਥੇ ਫ਼ੌਜੀਦਾਰੀ ਨੂੰ ਸਿਉਂਕ ਲੱਗਣੀ ਸੀ...। ਅੱਧੀ ਫ਼ੌਜ ਇਨਸਾਨਾਂ ਦੀ ਸੀ, ਅੱਧੀ ਸਾਨ੍ਹਾਨਸਲਾਂ ਦੀ, ਸ਼ਹਿਰਾਂ ਤੋਂ ਜਾਂ ਹੋਰ ਗ੍ਰਹਿਆਂ ਤੋਂ ਆਏ ਹੋਏ ਸਾਂ। ਮਾਂ-ਪਿਓ ਸਾਹਮਣੇ ਸੂਈਆਂ ਬਾਹਾਂ ਦੀਆਂ ਨਾੜਾਂ'ਚ ਖੋਭਦੇ ਦਿਸਦੇ ਸੀ। ਸੋ ਜਦ ਨੀਤੀ ਬਦਲ ਦਿੱਤੀ, ਉਨ੍ਹਾਂ ਨੂੰ ਕੀ ਸਮਝ ਸੀ? ਸਾਨੂੰ ਜੰਗ਼ਲ'ਚ ਵਾਪਸ ਭੇਜਿਆ। ਪਰ ਹੁਣ ਅਫ਼ੀਮ ਦੀ ਅਨੀਤੀ ਨਹੀਂ ਸੀ। ਹੁਣ ਸੁਨੀਤੀ ਸੀ। ਨਸ਼ਿਆਂ ਨੇ ਜੰਗ਼ਲ ਤੋਂ ਸ਼ਹਿਰਾਂ ਤੱਕ ਕੰਮ ਖਰਾਬ ਕਰ ਦਿੱਤਾ ਸੀ। ਹੁਣ ਜਿਨ੍ਹਾਂ ਨੇ 'ਫ਼ੀਮ ਵੇਚੀ ਸੀ, ਉਨ੍ਹਾਂ ਦੇ ਬੱਚੇ ਵੀ ਖਾਂਦੇ ਸੀ! ਇਸ ਨੂੰ ਰੋਕਣਾ ਚਾਹੁੰਦੇ ਸੀ। ਨਾਲ਼ੇ ਹੁਣ ਵੱਡਾ ਜੰਗ ਸ਼ੁਰੂ ਹੋ ਚੁੱਕਾ ਸੀ। ਹੁਣ ਉਹੀ ਜੰਗ਼ਲੀ ਬੱਚੇ ਚਾਹੀਦੇ ਸੀ ਲੜਨ ਵਾਸਤੇ। ਫ਼ੌਜ ਵਿੱਚ ਭਰਤੀ ਕਰਨ ਵਾਸਤੇ। ਸੋ ਹੁਣ

ਸਾਨੂੰ ਉਨ੍ਹਾਂ ਨੂੰ ਸ਼ਫਾ ਦੇਣੀ ਪੈਣੀ ਸੀ, ਅੱਛਾ ਕਰਨਾ ਪੈਣਾ ਸੀ। ਸੋ ਇਲਾਜ ਨਾਲ਼ ਜੰਗਲ਼ ਵਿੱਚ ਵਾਪਸ ਗਏ-।

- ਇਹ ਜੰਗ ਕਿਸ ਵੇਲੇ ਹੋਇਆ ਸੀ?- ਟੋਬੀ ਨੇ ਆਖਿਆ, ਮਨ ਵਿੱਚ ਹਾਲੇ ਵੀ ਆਪਣੇ ਲੋਕਾਂ ਬਾਰੇ ਸੋਚ ਰਹੀ ਸੀ, ਜਿਨ੍ਹਾਂ ਦੇ ਸਿਰ ਕੱਟੇ ਗਏ ਸੀ'ਤੇ ਹਿਕਾਰੂ ਬਾਰੇ ਵੀ ਸੋਚਦੀ ਸੀ।

- ਤੇਰੇ ਜਨਮ ਤੋਂ ਤਾਂ ਕੁਝ ਦਹਾਕੇ ਪਹਿਲਾਂ, ਛਬੀਲੀਏ-। ਜਿਵੇਂ ਟੋਬੀ ਦੇ ਖ਼ਲਲ ਨੇ ਉਸ ਦੀ ਸੋਚ ਦੀ ਲੜੀ ਤੋੜ ਦਿੱਤੀ ਸੀ। ਫੇਰ ਯਾਦ ਆ ਗਿਆ ਕੀ ਕਹਾਣੀ ਦੱਸ ਰਿਹਾ ਸੀ। - ਸਾਡਾ ਨਵਾਂ ਕੰਮ ਸੀ ਟੀਕੇ ਲਾਉਣ, ਜਿਨ੍ਹਾਂ'ਚ ਦਵਾਈ ਸੀ। ਪਰ ਹੁਣ ਜੰਗਲ਼ੀ ਲੋਕ ਬਦ ਗੁਮਾਨ ਹੋ ਚੁੱਕੇ ਸਨ। ਤੁਸੀਂ ਬਾਹਰ ਸੀਸਾਂ ਨੂੰ ਵੇਖ ਕੇ ਸਹਿਮ ਦੇ ਹੋ। ਤੁਸੀਂ ਮੈਨੂੰ ਆਖਦੇ ਹੋ ਜੇ ਤੁਹਾਡੇ ਵੇਲੀਆਂ ਦੇ ਸਿਰ ਵੀ ਕੱਟੇ? ਆਹੋ, ਕੱਟੇ। ਨਹੀਂ ਤਾਂ ਮੇਰਾ ਪਾਸਾ ਲਿਓ, ਨਹੀਂ ਸੀਸ ਦਿਓ। ਮੇਰਾ ਜੰਗਲ਼ ਹੈ। ਅੱਜ ਕੱਲ੍ਹ ਮੈਂ ਜੰਗ'ਚ ਹਾਂ ਅਫ਼ੀਮ ਦੇ ਖ਼ਿਲਾਫ਼। ਜੰਗਲ਼ੀ ਲੋਕਾਂ ਦੇ ਤਰੀਕੇ ਵਰਤਦਾ ਹਾਂ। ਇਨ੍ਹਾਂ ਦਾ ਕਾਨੂੰਨ ਹੈ। ਉਸ ਜੰਗ ਵਿੱਚ ਮੈਂ ਕੀ ਨਹੀਂ ਦੇਖਿਆ ਸੀ। ਪਰ ਜਦ ਮਾਂ-ਪਿਓ ਬਦ ਗੁਮਾਨ ਹੋ ਕੇ...ਮੈਂ ਉਹੀ ਤਰਾਸ ਦੇਖ ਨੇ, ਜੋ ਤੁਸੀਂ ਸਭ ਨੇ ਦੇਖੇ ਹਨ, ਪਰ ਤੁਹਾਡੇ ਕੋਲ਼ੇ ਮੈਨੂੰ ਖ਼ੂਨੀ ਆਖਣ ਦਾ ਹੱਕ ਨਹੀਂ ਹੈ-।

- ਕਿਉਂ ਨਹੀਂ ਹੈ! ਤੂੰ ਖ਼ੂਨੀ ਹੈ! ਤੈਨੂੰ ਮਾਰਨਾ ਚਾਹੀਦਾ!- ਸੋਸਨੀ ਨੇ ਉਚੀ ਦੇਣੀ ਚਿਲਾਇਆ।

- ਨਹੀਂ ਛਬੀਲਿਆ! ਨਹੀਂ। ਮੈਨੂੰ ਖ਼ੂਨੀ ਨਹੀਂ ਆਖ ਸਕਦਾ। ਮਾਰਨਾ ਮੈਨੂੰ? ਜ਼ਰੂਰ ਮਾਰ ਸਕਦਾ ਛਬੀਲਿਆ। ਜ਼ਰੂਰ। ਪਰ ਮੈਨੂੰ ਸਮਝ ਨਹੀਂ ਸਕਦਾ। ਮੇਰੇ'ਤੇ ਮੱਤ ਨਹੀਂ ਜੰਮਾ ਸਕਦਾ। ਇਹ ਹੱਕ ਤੇਰੇ ਕੋਲ਼ ਨਹੀਂ ਹੈ, ਤੈਨੂੰ ਸਮਝ ਨਹੀਂ ਕੀ ਜ਼ਰੂਰੀ ਹੈ, ਖ਼ਾਸ ਕਰਕੇ ਤੁਹਾਨੂੰ ਅਸਲੀ ਦਹਿਸ਼ਤ ਦੀ ਸਮਝ ਨਹੀਂ ਹੈ। ਹੈਬਤ ਕੀ ਹੈ, ਖ਼ੌਫ ਕੀ ਹੈ। ਮਾਂ-ਪਿਓ ਵਾਸਤੇ ਖ਼ੌਫ ਕੀ ਹੈ। ਖ਼ੌਫ ਦਾ ਵੀ ਮੂੰਹ ਹੁੰਦਾ ਹੈ ਛਬੀਲਿਆ। ਨਾਲ਼ੇ ਉਸ ਮੁਖ ਦਾ ਮਿੱਤਰ ਬਣਾਉਣਾ ਪੈਂਦਾ ਹੈ। ਖ਼ੌਫ ਤੋਂ ਡਰੋਂ, ਖ਼ਾਸ ਇਖ਼ਲਾਕੀ ਖ਼ੌਫ ਤੋਂ ਡਰੋਂ। ਚੰਗਾ ਹੈ ਜੇ ਉਨ੍ਹਾਂ ਨੂੰ ਆਪਣੇ ਵੇਲੀ ਬਣਾ ਕੇ ਰੱਖੋਂ! ਮੈਂ ਕਿਹਾ ਸੀ ਕਿ ਜੰਗਲ਼ੀ ਲੋਕ ਬਦ ਗੁਮਾਨ ਸਨ। ਇਸ ਲਈ ਜਦ ਅਸੀਂ ਟੀਕੇ ਲਾ ਕੇ ਤੁਰ ਪਏ ਸਾਂ, ਸਾਡੇ ਮਗਰ ਇੱਕ ਪਿਓ ਨੱਸਿਆ। ਰੋਹੀ ਗਿਆ। ਪਤਾ ਨਹੀਂ ਕਾਹਤੋਂ। ਸਾਨੂੰ ਵਾਪਸ ਲੈ ਕੇ ਜਾਣਾ ਚਾਹੁੰਦਾ ਸੀ। ਸੋ ਅਸੀਂ ਵਾਪਸ ਚਲੇ ਗਏ। ਸਾਡੇ ਸਾਹਮਣੇ ਪਤਾ ਕੀ ਸੀ? ਹਰ ਜਣਿਆਂ ਜਿਸ ਦੇ ਟੀਕਾ ਲਾਇਆ

ਸੀ, ਉਸ ਦੀ ਬਾਂਹ ਕੱਟ ਦਿੱਤੀ ਸੀ! ਭੁੰਜੇ ਬੱਚਿਆਂ ਦੀਆਂ ਬਾਹਾਂ ਦੀ ਢੇਰੀ ਸੀ। ਉਨ੍ਹਾਂ ਦੇ ਬਾਪਾਂ ਨੇ ਕੱਟ ਦਿੱਤੀਆਂ ਸਨ। ਉਨ੍ਹਾਂ ਨੂੰ ਲੱਗਾ ਕੇ ਅਸੀਂ ਬੱਚਿਆਂ'ਚ ਹੋਰ ਅਫ਼ੀਮ ਪਾ ਦਿੱਤੀ ਸੀ। ਅਮਲੀ ਨਾੜਾਂ'ਚ ਪਾਉਂਦੇ ਹਨ, ਖ਼ਾਸ ਬਾਹਾਂ'ਚ! ਹੁਣ ਭੁੰਜੇ ਪਈਆਂ ਸਨ! ਮੈਂ ਦੇਖ ਕੇ ਰੋਇਆ, ਜਿਵੇਂ ਜ਼ਨਾਨੀ ਰੋਂਦੀ ਹੈ, ਜਿਵੇਂ ਮੈਂ ਹੀ ਜ਼ਨਾਨੀ ਹੁੰਦਾਂ। ਪਰ ਫੇਰ ਮੈਨੂੰ ਸਮਝ ਆ ਗਈ। ਹੋਸ਼ ਆ ਗਿਆ। ਉਸ ਹੀ ਪਲ ਵਿੱਚ। ਉਹ ਸਾਤੋਂ ਨਰੋਏ ਸਨ! ਸਾਤੋਂ! ਕਿਉਂ? ਕਿਉਂਕਿ ਹਿੰਮਤ ਵਾਲ਼ੇ ਸਨ। ਮਾਂ-ਪਿਓ, ਜਿਨ੍ਹਾਂ ਨੂੰ ਆਵਦੇ ਬੱਚਿਆਂ ਵਾਸਤੇ ਬਹੁਤ ਪਿਆਰ ਸੀ। ਉਨ੍ਹਾਂ ਕੋਲ਼ ਟੱਬਰ ਸਨ, ਬੱਚੇ ਸਨ, ਜਿਨ੍ਹਾਂ ਲਈ ਕੁਝ ਵੀ ਕਰ ਸਕਦੇ ਸੀ। 'ਤੇ ਜੋ ਉਨ੍ਹਾਂ ਨੇ ਕੀਤਾ, ਜਿੰਨੀ ਹਿੰਮਤ ਨਾਲ਼ ਆਪਣਿਆਂ ਦੀਆਂ ਬਾਹਾਂ ਕੱਟੀਆਂ, ਮੈਂ ਸਮਝ ਗਿਆ ਕਿ ਉਹੀ ਤਕੜੇ ਸਨ। ਕਾਸ਼! ਜੇ ਮੇਰੇ ਕੋਲ਼ ਅਜਿਹੇ ਦਸ ਬੰਦੇ ਹੁੰਦੇ, ਮੈਂ ਕੀ ਨਹੀਂ ਕਰ ਸਕਦਾ? ਇਹ ਬੰਦੇ ਅਸੂਲਦਾਰ ਹਨ, ਆਚਾਰੀ ਹਨ। ਪਰ ਖ਼ੌਫਨਾਕ ਵੀ ਹਨ। ਕੀ ਨਹੀਂ ਆਪਣੇ ਟੱਬਰ ਵਾਸਤੇ ਕਰ ਸਕਦੇ ਸਨ? ਮਾਰ ਸਕਦੇ, ਜਿਹਨੂੰ ਮਰਜ਼ੀ, ਸੋਚ ਬਿਨਾ, ਜਜ਼ਬੇ ਬਿਨਾ ਅਤੇ ਨਿਤਾਰੇ ਬਿਨਾ। ਇਹ ਹੈ ਫ਼ੌਜ!-।

- ਤੂੰ ਤਾਂ ਪਾਗ਼ਲ ਹੈ- ਸਿੰਧ ਬੋਲ਼ਿਆ।

- ਨਹੀਂ ਛਬੀਲਿਆ। ਮੈਂ ਪਾਗ਼ਲ ਨਹੀਂ ਹਾਂ। ਸਮਝਦਾਰ ਹਾਂ। ਇਸ ਜੰਗ਼ਲ'ਚ ਲੋਕ ਦੁਸ਼ਮਨਾਂ ਦੇ ਸਿਰ ਕੱਟ ਕੇ ਭਾਲਾਂ'ਤੇ ਰੱਖਦੇ ਨੇ! ਜਿਸ ਨੂੰ ਵੀ ਸਬਕ ਸਿਖਾਉਣਾ, ਡਰਾਉਣਾ, ਇੰਝ ਹੀ ਕਰਦੇ ਨੇ! ਡਰ ਨਾਲ਼ ਸਮਾਜ ਬਦਲਦਾ ਹੈ। ਇਹ ਹੀ ਗੱਲ ਇਨ੍ਹਾਂ ਤੋਂ ਸਿੱਖੀ!-। ਕੂਨਰ ਨੇ ਉੱਤਰ ਦਿੱਤਾ।

- ਨਹੀਂ। ਗ਼ਲਤ। ਤੂੰ ਪਾਗ਼ਲ ਹੀ ਹੈ। ਜੇ ਬੱਚੇ ਅਫ਼ੀਮ ਖਾਂਦੇ, ਬਹੁਤ ਹੋਰ ਤਰੀਕੇ ਹਨ। ਤੇਰਾ ਜੰਗ ਗ਼ਲਤ ਹੈ। ਪਿਆਰ ਨਾਲ਼ ਸਮਝਾਈਦਾ ਹੈ। ਪਿਆਰ ਨਾਲ਼। ਬੱਚਿਆਂ ਨੂੰ ਸਿਖਾਓ ਕਿ ਨਸ਼ੇ ਕੁਮੱਤ ਹਨ। ਉਨ੍ਹਾਂ ਨੂੰ ਨਸ਼ਿਆਂ ਦੇ ਅਸਰ ਦਾ ਦੱਸੋਂ। ਜਿਨ੍ਹਾਂ ਨੇ ਨਸ਼ੇ ਦਿੱਤੇ, ਉਨ੍ਹਾਂ ਨੂੰ ਸਜ਼ਾ ਦਿਓ। ਅਫ਼ੀਮ ਰਸਾਨੀ ਤੋੜੋਂ! ਚਿੱਟੇ ਦੀ ਸਪਲਾਈ ਖ਼ਤਮ ਕਰੋਂ!- ਸਿੰਧ ਨੇ ਆਪਣਾ ਵਿਚਾਰ ਦੱਸਿਆ। ਉਸ ਦੇ ਮਨ ਵਿੱਚ ਕੂਨਰ ਅਤੇ ਉਸ ਪੁਲੀਸਿਆਂ'ਚ, ਜੋ ਸ਼ਰਾਬੀ ਇਆਣਿਆਂ ਨੂੰ ਚੁੱਕ ਕੇ ਸ਼ਹਿਰਾਂ'ਚੋਂ ਭਰ ਸਿਆਲ ਵੇਲੇ ਬਾਹਰ ਬਰਫ਼ ਵਿੱਚ ਮਰਨ ਨੂੰ ਛੱਡ ਦਿੰਦੇ ਹਨ, ਜਾਂ ਕੋਈ ਨਕ਼ਲੀ ਟਕਰਾ'ਚ ਫੂਕ ਦਿੰਦੇ ਹਨ, ਵਿੱਚ ਕੋਈ ਫ਼ਰਕ ਨਹੀਂ ਸੀ।- ਨਾਲ਼ੇ ਤੈਨੂੰ ਤਾਂ ਸ਼ਰਮ ਕਰਨੀ ਚਾਹੀਦੀ ਏ! ਤੂੰ ਤਾਂ ਪਹਿਲਾਂ ਇਨ੍ਹਾਂ ਨੂੰ ਅਮਲੀ

ਬਣਾਇਆ ਸੀ। ਸਜ਼ਾ ਤੈਨੂੰ ਹੀ ਮਿਲਣੀ ਚਾਹੀਦੀ ਹੈ। ਤੇਰਾ ਸਿਰ ਉਸ ਸੇਲ੍ਹਾਂ'ਤੇ ਹੋਣਾ ਚਾਹੀਦਾ ਕੂਨਰ ਸਾਹਿਬ!-।

- ਜੋ ਸੀ, ਸੀ, ਜੋ ਹਾਂ, ਹਾਂ। ਇਨ੍ਹਾਂ ਵਾਸਤੇ ਤਾਂ ਮੈਂ ਹੁਣ ਦੇਵਤਾ ਆਂ। ਮੇਰੀ ਪੂਜਾ ਕਰਦੇ ਹਨ। ਆਹ ਮੰਦਰ ਹੀ ਹੈ। ਮੈਨੂੰ ਤੂੰ ਜ਼ਰੂਰ ਮਾਰ ਸਕਦਾ ਹੈਂ। ਪਰ ਮੈਂ ਇੱਕ ਖ਼ਿਆਲ ਵੀ ਹਾਂ। ਖ਼ਿਆਲ ਨੂੰ ਨਹੀਂ ਮਾਰ ਸਕਦਾ। ਮੈਂ ਇਨ੍ਹਾਂ ਦਾ ਦੇਵਤਾ ਹਾਂ। ਇਨ੍ਹਾਂ ਵਾਸਤੇ ਬਹੁਤ ਕੁਝ ਕੀਤਾ। ਅਤੇ ਆਪਣੇ ਦੁੱਖਾਂ ਕਰ ਦੇ ਖ਼ੂਨ ਚਾਹੁੰਦੇ ਹਨ। ਸੋ ਮੈਂ ਦਿੰਦਾ। ਹਰ ਸੀਸ ਕੋਈ ਪਾਪੀ ਸੀ-। ਕੂਨਰ ਢਿੱਡੋਂ ਬੋਲ਼ਿਆ।

- ਝੂਠ। ਉਹ ਮੇਰੇ ਮਿੱਤਰ ਸਨ। ਮੈਨੂੰ ਇੱਥੋਂ ਗ਼ਲਬਾ ਤਖ਼ਤ ਲੈ ਕੇ ਜਾਣ ਲੱਗੇ ਸੀ!- ਟੋਬੀ ਨੇ ਗ਼ੁੱਸੇ'ਚ ਕਿਹਾ।

- ਅੱਛਾ ਛਬੀਲੀਏ? ਫੇਰ ਤੂੰ ਤਾਂ ਲੇਵੀ ਨਹੀਂ ਹੋ ਸਕਦੀ। ਤੂੰ ਤਾਂ ਟੋਬੀ ਹੋਵੇਂਗੀ। ਤੇਰੇ ਸਿਰ'ਤੇ ਤਾਂ ਇਨਾਮ ਹੈ ਛਬੀਲੀਏ! ਬਹੁਤ ਮਹਿੰਗੀ ਰਕਮ-। ਕੂਨਰ ਨੇ ਉਬਾਲ਼ ਦਾ ਜਵਾਬ ਫੜਾਇਆ।

ਸਾਰੇ ਚੁੱਪ ਹੋ ਗਏ। ਕੂਨਰ ਦੀਆਂ ਨੀਲੀਆਂ ਅੱਖਾਂ ਸਭ ਉੱਪਰ ਗਈਆਂ।- ਫ਼ਿਕਰ ਨਾ ਕਰੋਂ। ਮੈਨੂੰ ਉਸ ਜੰਗ'ਚ ਕੋਈ ਦਿਲਚਸਪੀ ਨਹੀਂ ਹੈ। ਖ਼ੈਰ ਤੁਸੀਂ ਮੈਨੂੰ ਆਪਣੇ ਕਾਨੂੰਨਾਂ ਨਾਲ਼ ਦੇਖਦੇ ਹੋ, ਸਮਝਦੇ ਹੋ, ਪਰ ਇਨਸਾਨ ਜਾਂ ਸਾਨ੍ਹਾਨਸਲ ਦੇ ਕਾਨੂੰਨ ਕੁਝ ਨਹੀਂ ਹੈ, ਕੁਦਰਤ ਦੇ ਕਾਨੂੰਨ ਸਾਨੂੰ ਮਜ਼ਬੂਰ ਕਰਦੇ ਹਨ। ਆਪਾਂ ਜੰਗਲ਼'ਚ ਹਾਂ, 'ਤੇ ਜੰਗਲ਼ ਦੇ ਅਸੂਲ ਚੱਲਦੇ ਨੇ, ਇੱਥੇ। ਲੋਹਾ ਲੋਹੇ ਨੂੰ ਕੱਟਦਾ ਹੈ ਸਿੰਧ ਜੀ। ਤੂੰ ਜੇ ਅਮਲੀਆਂ ਵਾਸਤੇ ਕਲੀਨਿਕਾਂ ਬਣਾਉਣਾ ਚਾਹੁੰਦਾ ਹੈ, ਬਣਾਈ ਜਾਹ। ਅਮਲੀ ਪਿਆਰ ਦਾ ਪਿਆਸਾ ਨਹੀਂ ਹੁੰਦਾ, ਉਹ ਸਿਰਫ਼ ਟੀਕੇ ਦਾ ਮੋਹ ਕਰਦਾ। ਇੱਕ ਹੀ ਗੱਲ ਨਾਲ਼ ਮੈਂ ਸਹਿਮਤ ਹਾਂ। ਦੇਣ ਵਾਲ਼ਿਆਂ ਦੇ ਸੀਸ ਲਾਹੁੰਣੇ ਚਾਹੀਦੇ ਹੈ। ਸੱਪ ਦਾ ਸਿਰ ਕੱਟ ਕੇ ਮਾਰੀਦਾ ਹੈ-।

- ਇਹ ਅਫ਼ੀਮ ਦੀ ਬਿਮਾਰੀ ਦਾ ਹੱਲ ਨਹੀਂ ਹੈ!- ਟੋਬੀ ਨੇ ਛੜਾਂ ਮਾਰਿਆ।- ਜੇ ਸੱਚ ਮੁੱਚ ਹੱਲ ਕਰਨਾ, ਸਿੰਧ ਸਹੀ ਗੱਲ ਆਖਦਾ ਹੈ। ਕਲੀਨਿਕਾਂ ਖੋਲ੍ਹੋ। ਹੌਲ਼ੀ ਹੌਲ਼ੀ ਉਨ੍ਹਾਂ ਨੂੰ ਨਸ਼ਿਆਂ ਤੋਂ ਹਟਾਵੋਂ। ਅਫ਼ੀਮ ਦਿਆਂ ਅਸਰਾਂ ਬਾਰੇ ਉਨ੍ਹਾਂ ਨੂੰ ਦੱਸੋਂ। ਸਕੂਲਾਂ'ਚ ਪੜ੍ਹਾਓ। ਸਪਲਾਈ ਚੇਨ ਬੰਦ ਕਰਵਾਓ।'ਫ਼ੀਮ ਧੱਕਣ ਵਾਲ਼ਿਆਂ ਨੂੰ ਸਜ਼ਾ ਦਿਓ। ਜਦ ਮੈਂ ਰਾਣੀ ਬਣ ਗਈ, ਮੈਂ ਮੱਦਦ ਕਰਾਂਗੀ-।

– ਸੋ ਤੂੰ ਟੋਬੀ ਹੀ ਹੈ। ਤੇਰੀ ਉੱਘ ਸੁੱਘ ਬਾਰੇ ਮੈਨੂੰ ਈਡੀ ਹੀ ਖ਼ੁਦ ਮੱਦਦ ਕਰ ਸਕਦਾ ਹੈ, ਛਬੀਲੀਏ!–। ਕੂਨਰ ਹੱਸਿਆ।

–'ਤੇ ਤੇਰੇ ਘੱਲੂਘਾਰੇ ਬਾਰੇ ਵੀ ਮੈਂ ਦੱਸ ਸਕਦੀ ਹੈ ਕੂਨਰ ਜੀ–। ਟੋਬੀ ਨੇ ਟੁੱਟ ਕੇ ਜਵਾਬ ਦਿੱਤਾ। ਉਹ ਚੁੱਪ ਹੋ ਗਿਆ। ਅੱਖਾਂ ਮੀਨਾ ਯਖ ਸਨ। ਫੇਰ ਅਰਾਮ ਨਾਲ਼ ਉਸ ਨੇ ਵਾਪਸ ਉੱਤਰ ਦਿੱਤਾ,– ਜੇ ਤੁਹਾਨੂੰ ਜਿਉਂਦਾ ਰੱਖਿਆ। ਖ਼ਾਲੀ ਸੇਲ੍ਹੇ ਹਾਲੇ ਵੀ ਹਨ। ਸੀਸਾਂ ਨਾਲ਼ ਸਜਾ ਸਕਦਾ ਹੈ–।

– ਦਰਅਸਲ ਤੇਰੇ ਵਰਗੇ ਜਾਬਰ ਕਰਕੇ ਲੋਕ ਦੁਖੀ ਨੇ– ਸਿੰਧ ਨੇ ਆਖਿਆ। – ਤੇਰੇ ਵਰਗੀ ਸਰਕਾਰ ਰੱਤ ਪੀਂਦੀ। ਜ਼ਾਤ ਪਾਤ ਧਰਮ ਦੀਨ, ਡੇਰਿਆਂ, ਚਲਾ ਕੇ ਲੋਕਾਂ ਨੂੰ ਉੱਲੂ ਬਣਾਉਂਦੇ। ਤੁਹਾਡੀ ਲਾਪ੍ਰਵਾਹੀ ਕਰਕੇ ਨਸ਼ੇ ਚੱਲਦੇ। ਸਵਾਰਥਵਾਦ ਚੱਲਦਾ, ਵੱਢੀਖੋਰੀ ਚੱਲਦੀ। ਪਰ ਲੋਕ ਖ਼ੈਰ ਉੱਲੂ ਹੀ ਹਨ, ਜਿਹੜੇ ਤੁਹਾਨੂੰ ਲੀਡਰ ਬਣਾਈ ਜਾਂਦੇ ਨੇ। ਮੈਂ ਤਾਂ ਹੈਰਾਨ ਹੈ ਕਿ ਤੇਰੇ ਜੰਗਲ਼ ਤੋਂ ਲੋਕ ਪ੍ਰਵਾਸ ਨਹੀਂ ਹੋਏ!–।

– ਹੋਏ ਹੈ। ਪਰ ਮੇਰੇ ਕਰਕੇ ਨਹੀਂ ਛਬੀਲਿਆ। ਇਹ ਜੰਗਲ਼ੀ ਲੋਕ ਕਿਸਾਨ ਹਨ। ਹੋਰ ਕੋਈ ਰਾਹ ਨਹੀਂ। ਮੇਰੀ ਤਾਂ ਕੋਈ ਹਰਾਮਖੋਰੀ ਨਹੀਂ ਹੈ। ਉਸ ਸ਼ਹਿਰਾਂ ਵਾਲ਼ਿਆਂ ਨੇ ਜੀਵਨ ਔਖਾ ਬਣਾਇਆ ਇਨ੍ਹਾਂ ਵਾਸਤੇ। ਤਾਂ ਹੀ ਬਾਹਰ ਦੌੜਦੇ। ਭੁੱਖ ਕਰਕੇ। ਸੁਜੋਗ ਵਾਸਤੇ। ਜੰਗਲ਼'ਚ ਕੀ ਮਿਲਣਾ? ਪੁਲਾੜ ਦੇ ਤਾਰੇ ਵੇਖ ਵੇਖ ਕੇ ਸੁਪਨੇ ਲੈਂਦੇ ਨੇ। ਕੀ ਪਤਾ ਬਾਹਰ ਜੀਵਨ ਬਿਹਤਰ ਹੋਵੇ? ਜਦ ਤੇਰੇ ਵਰਗੇ ਇੱਥੇ ਆਪਣੀਆਂ ਨਾਓਆਂ ਨਾਲ਼ ਆਉਂਦੇ, ਦੇਖਣ ਵਿੱਚ ਅਮੀਰ ਜਾਪਦੇ; ਫੇਰ ਹੋਰ ਕੀ ਹੋਣਾ ਸੀ? ਇਨ੍ਹਾਂ ਨੂੰ ਤਾਂ ਤੇਰੀ ਸੱਚਾਈ ਬਾਰੇ ਕੁਝ ਨਹੀਂ ਪਤਾ ਹੈ। ਮੈਨੂੰ ਪਤਾ ਹੈ। ਮੈਨੂੰ–। ਕੂਨਰ ਨੇ ਆਪਣੀ ਛਾਤੀ ਵੱਲ ਹੱਥ ਮਾਰਿਆ।

– 'ਤੇ ਓਹ ਕਿਹੜੀ ਸੱਚਾਈ ਹੈ?– ਟੋਬੀ ਨੇ ਆਖਿਆ।

– ਕਿ ਬਾਹਰ ਜਾ ਕੇ ਜੀਵਨ ਦੇਖਣ ਵਿੱਚ ਸੋਹਣਾ ਹੈ। ਪਰ ਅਸਲੀਅਤ ਹੋਰ ਕੁਝ ਹੈ! ਜਿਹੜੇ ਪ੍ਰਵਾਸ ਵੀ ਹੁੰਦੇ ਨੇ, ਪਿੱਛੇ ਰਹਿਣ ਵਾਲਿਆਂ ਨੂੰ ਝੂਠ ਹੀ ਬੋਲ਼ਦੇ ਨੇ। ਕੰਮ ਭਾਵੇਂ ਕੋਈ ਕੁਲੀ ਦਾ ਕਰ ਕੇ ਪੈਸੇ ਕਮਾਉਂਦੇ ਹਨ, ਪਰ ਜੰਗਲ਼ ਪਿੰਡਾਂ'ਚ ਹੋਰ ਹੀ ਝੂਠੀ ਖ਼ਬਰ ਦੱਸਦੇ ਹਨ! ਜੀ, ਮੈਂ ਤਾਂ ਬਹੁਤ ਕਾਮਯਾਬ ਹਾਂ! ਮੈਂ ਤਾਂ ਵੱਡੀ ਕੰਪਨੀ ਦਾ ਮਾਲਕ ਹਾਂ! ਜਾਣ ਦਿਆਂ ਕਰ! ਉਹ ਤਾਂ ਕਿਸੇ ਦਾ ਕੁਲੀ ਹੰਦੈ! ਪਰ ਜਦ ਭਾ ਉੱਚਾ ਹੁੰਦਾ, ਇੱਥੇ

ਵਾਲ਼ਿਆਂ ਨੂੰ ਤਾਂ ਜਮ੍ਹਾ ਪੈਸਾ ਹੀ ਦਿੱਸਦਾ ਹੈ। ਅੱਧ ਬਾਹਰ ਦੌੜਣ ਲਈ ਟੱਬਰ ਦੇ ਸਾਰੇ ਗਹਿਣੇ ਵੇਚ ਕੇ ਟਿਕਟ ਲੈ ਲੈਂਦੇ, ਪਰ ਕਾਲ਼ੀ ਮੰਡੀ ਵਿੱਚੋਂ। ਪੁਲਾੜ ਦੇ ਕਾਲ਼ੇ ਵਿਚਾਲ'ਚ ਹੀ ਪੁੱਜਣ ਤੋਂ ਪਹਿਲਾਂ ਮਰ ਜਾਂਦੇ ਨੇ; ਜਾਂ ਕਿਸੇ ਦੇ ਦਾਸ ਹੋ ਜਾਂਦੇ ਹਨ, ਖਰਚੇ ਪੂਰੇ ਕਰਨ! ਬਾਹਰ ਕੀ ਰੱਖਿਆ? ਇੱਥੇ ਰਹਿਓ 'ਤੇ ਆਪਣੇ ਘਰ, ਦੇਸ਼ ਦਾ ਵਿਕਾਸ ਕਰਵਾਓ!-। ਕੂਨਰ ਨੇ ਰਾਗ ਗਾਈ।

- ਸੱਚ? ਜੇ ਤੂੰ ਆਪਣਾ ਜੰਗ ਇੰਝ ਹੀ ਰੱਖ ਰਿਹਾ, ਤੂੰ ਕਿਉਂ ਹੈਰਾਨ ਹੈ ਕਿ ਇੱਥੋਂ ਨੱਠ ਕਿ ਬਿਹਤਰ ਜ਼ਿੰਦਗੀ ਮਗਰ ਦੌੜਦੇ ਹਨ?- ਸਿੰਧ ਨੇ ਜਵਾਬੀ ਵਾਰ ਦਿੱਤਾ।

- ਪ੍ਰਵਾਸ ਜਾ ਕੇ ਸਾਰਾ ਕੁਝ ਹੱਲ ਨਹੀਂ ਹੰਦਾ ਛਬੀਲਿਆ। ਇਹ ਹੀ ਤਾਂ ਮੈਂ ਕਹਿ ਰਿਹਾਂ। ਮੇਰੇ ਜੰਗ ਨੇ ਜੰਗਲ਼ ਨੂੰ ਚੰਗਾ ਥਾਂ ਬਣਾ ਦੇਣਾ। ਰਹਿ ਕੇ ਤਾਂ ਦੇਖ!-।

- ਅਸਾਂ ਨੇ ਨਹੀਂ ਰਹਿਣਾ-। ਸੋਸਨੀ ਬੋਲ਼ਿਆ।

- ਫੇਰ ਜੇ ਮੇਰੇ ਮਹਿਮਾਨ ਨਹੀਂ ਹਨ, ਫੇਰ ਮੇਰੇ ਬੰਦੀ ਹੀ ਰਹਿਓ!-। ਕੂਨਰ ਦੀਆਂ ਅੱਖਾਂ ਵਿੱਚੋਂ ਰੱਤ ਚੋਅ ਰਹੀ ਸੀ। ਜਿਵੇਂ ਨੇਤਰਾਂ ਦੇ ਨੀਲੇ ਸਮੁੰਦਰ ਉੱਤੇ ਤੁਫਾਨ ਆ ਚੁੱਕਾ ਸੀ। ਕਈ ਸਾਨ੍ਹਾਨਸਲ ਮੇਜ਼ ਕੋਲ਼ ਆ ਚੁੱਕੇ ਸਨ। ਸ਼ਾਂਤੀ ਪਸਰ ਗਈ ਸੀ। ਸਿੰਧ ਦੀਆਂ ਕਲਾਈਆਂ ਉੱਤੇ ਉਨ੍ਹਾਂ ਨੇ ਹੱਥ ਰੱਖੇ, ਇੰਝ ਹੀ ਸੋਸਨੀ ਅਤੇ ਟੋਬੀ ਨਾਲ਼ ਕੀਤਾ। ਸਿਰਫ਼ ਚੁਰਾਸੀ ਨੂੰ ਨਹੀਂ ਕੀਤਾ। ਉਸ ਦੇ ਪਿੱਛੇ ਇੱਕ ਸਾਨ੍ਹਾਨਸਲ ਆ ਖੜ੍ਹੋਤਾ 'ਤੇ ਸੀਸ ਪਿੱਛੇ ਸ਼ੁਆਤੁਫੰਗ ਦੀ ਨਾਲ਼ੀ ਰੱਖੀ। ਉਸ ਦਾ ਮੂੰਹ ਖੋਲ਼੍ਹ ਦਿੱਤਾ ਅਤੇ ਲੋਹੇ ਪਲਾਸਟਿਕ ਸਿਰ ਦੇ ਟੋਟੇ ਸਾਰੇ ਪਾਸੇ ਭੰਨ ਕੇ ਖਿੰਡ ਗਏ।

- ਇਹ ਕਿਉਂ ਕੀਤਾ!- ਟੋਬੀ ਨੇ ਜ਼ੋਰ ਦੇਣੀ ਚੀਕਿਆ।

- ਮੈਂ ਕਲਦਾਰ ਨੂੰ...ਪਸੰਦ ਨਹੀਂ ਕਰਦਾ...ਅਜੀਬ ਲੱਗਦੈ। ਨਕਲੀ ਆਦਮੀ। ਕੁਦਰਤ ਵਾਸਤੇ...ਵਿਕਰਾਲ ਹਨ-। ਠਰੰਮ੍ਹੇ ਭਰੀ ਆਵਾਜ਼ ਵਿੱਚ ਕੂਨਰ ਨੇ ਜਵਾਬ ਦਿੱਤਾ। ਫੇਰ ਹੱਥ ਨਾਲ਼ ਆਪਣੇ ਸਿਪਾਹੀਆਂ ਨੂੰ ਇਸ਼ਾਰਾ ਕੀਤਾ ਤਿੰਨਾਂ ਨੂੰ ਲੈ ਕੇ ਜਾਣ।

*　　*　　*　　*　　*

ਰੂਬਾਂ ਅਤੇ ਲੇਕਸੀ ਦੀ ਨਾਓ ਮੰਦਰ ਤੋਂ ਇੱਕ ਮੀਲ ਦੂਰ ਧਰਤੀ 'ਤੇ ਬੈਠ ਗਈ ਸੀ। ਫ਼ਲਕ ਤੋਂ ਉਨ੍ਹਾਂ ਨੇ ਕਾਫ਼ਲਾ ਦਾ ਪਿੱਛਾ ਕੀਤਾ ਸੀ। ਦੂਰ ਰਹਿ ਰਹਿ ਕੇ ਪੁੱਜ ਗਏ ਸਨ। ਫੇਰ ਚੁੱਪ ਚਾਪ ਸਾਨ੍ਹਾਨਸਲਾਂ ਤੋਂ ਲੁਕ ਲੁਕ ਕੇ ਨੇੜੇ ਤੇੜੇ ਆ ਕੇ ਦੂਰਬੀਨਾਂ ਨਾਲ਼ ਸਭ ਕੁਝ ਵੇਖ ਲਿਆ ਸੀ। ਕਿੰਨੇ ਰਾਖੇ ਸਨ, ਕੰਧਾਂ ਦੀ ਹਲਾਹਤ; ਕੰਧਾਂ ਚੜ੍ਹ ਕੇ ਸੀਸਾਂ ਨੂੰ ਵੀ ਦੇਖ ਲਿਆ ਸੀ!

ਰੂਬਾ ਅਤੇ ਲੇਕਸੀ ਕੋਲ਼ੇ ਖਸੂਸੀ ਸੂਟ ਪਾਏ ਹੋਏ ਸਨ। ਸੂਟਾਂ ਉੱਪਰ ਕਈ ਸ਼ੀਸ਼ੇ ਸਨ, ਜਿਨ੍ਹਾਂ ਨਾਲ਼ ਰੋਸਨੀ ਨੂੰ ਚਿਲਕਾਰ ਕੇ ਪਾਉਣ ਵਾਲ਼ੇ ਨੂੰ ਅਲੋਕ ਬਣਾਉਂਦੇ ਸੀ। ਆਲ਼ੇ ਦੁਆਲ਼ੇ ਦਾ ਪ੍ਰਤਿਬਿੰਬ ਸ਼ੀਸ਼ਾਂ ਉੱਤੇ ਦਿੱਸਦਾ ਸੀ। ਇਸ ਕਰਕੇ ਪਾਉਣ ਵਾਲ਼ਾ ਜਾਪਦਾ ਨਹੀਂ ਸੀ। ਇਸ ਤਰ੍ਹਾਂ ਕੰਧ ਪਾਰ ਕਰ ਕੇ ਅੰਦਰ ਵੜ ਗਏ ਸੀ। ਮਤਲਬ ਕੰਧਾਂ ਦੇ ਉੱਪਰ। ਸਾਨ੍ਹਾਨਸਲ਼ ਸਿਪਾਹੀ ਸਾਰੇ ਪਾਸੇ ਸਨ। ਲੇਕਸੀ ਦੇ ਲਾਗੇ ਇੱਕ ਕੰਧ ਨੂੰ ਚਿੰਬੜਿਆ ਹੋਇਆ ਸੀ। ਉਸ ਦੀਆਂ ਨਾਸਾਂ ਸੁੰਘ ਸੁੰਘ ਕੇ ਉਸ ਨੂੰ ਦੱਸ ਰਹੀਆਂ ਸਨ ਕਿ ਕੋਈ ਨੇੜੇ ਸੀ, ਪਰ ਉਸ ਦੀਆਂ ਅੱਖਾਂ ਨੂੰ ਸੂਟਾਂ ਨੇ ਭੁਲੇਖਾ ਪਾ ਦਿੱਤਾ, ਸੋ ਉਸ ਨੇ ਜ਼ਿਆਦਾ ਧਿਆਨ ਨਹੀਂ ਦਿੱਤਾ ਸੀ।

ਰੂਬਾ ਦੇ ਹੱਥ ਵਿੱਚ ਭਾਲਾ ਵੀ ਸੀ, ਸ਼ੁਆਤੁਫੰਗ ਵੀ। ਇਸ ਹੀ ਤਰ੍ਹਾਂ ਲੇਕਸੀ ਦੇ ਹੱਥ'ਚ ਵੀ ਹਥਿਆਰ ਸੀ। ਪਰ ਹਥਿਆਰਾਂ ਨੂੰ ਵੀ ਲਬਾਦਾ ਕੀਤਾ ਹੋਇਆ ਸੀ। ਉਨ੍ਹਾਂ ਦੇ ਨਿਗ੍ਹਾ ਸਾਹਮਣੇ ਹੀ ਗੱਲ-ਬਾਤ ਚਲੀ। ਉਨ੍ਹਾਂ ਦੇ ਸਾਹਮਣੇ ਚੁਰਾਸੀ ਮਾਰਿਆ ਗਿਆ ਸੀ। ਫੇਰ ਟੋਬੀ, ਸਿੰਧ ਅਤੇ ਸੋਸਨੀ ਨੂੰ ਨਰੜ ਕਰ ਕੇ ਉੱਥੋਂ ਲਿਆ ਗਿਆ ਸੀ। ਕੰਧ ਤੋਂ ਧਿਆਨ ਨਾਲ਼ ( ਸਾਨ੍ਹਾਨਸਲਾਂ ਤੋਂ ਹੁਣ ਦੂਰ ਦੂਰ ਰਹਿ ਕੇ ) ਉੱਤਰ ਕੇ ਮਗਰ ਗਏ। ਸਿਪਾਹੀਆਂ ਨੇ ਤਿੰਨਾਂ ਨੂੰ ਵੱਖਰੇ ਰਾਹ ਲੈ ਕੇ ਗਏ। ਰੂਬਾ ਟੋਬੀ ਪਿੱਛੇ ਤੁਰ ਪਿਆ ਅਤੇ ਲੇਕਸੀ ਸਿੰਧ ਮਗਰ। ਸਭ ਨੂੰ ਵੱਖਰੇ ਵੱਖਰੇ ਹਵਾਲਾਤਾਂ'ਚ ਪਾਇਆ ਗਿਆ।

ਫੇਰ ਰੂਬਾ ਅਤੇ ਲੇਕਸੀ ਇੱਕ ਦੂਜੇ ਕੋਲ਼ ਚਲੇ ਗਏ। ਭਾਵੇਂ ਕਿਸੇ ਨੂੰ ਦਿਸਦੇ ਨਹੀਂ ਸੀ, ਸੂਟਾਂ ਉੱਤੇ ਆਲ਼ਾ ਸੀ, ਜਿਸ ਨਾਲ਼ ਇੱਕ ਦੂਜੇ ਦਾ ਪਤਾ ਲੱਗਦਾ ਸੀ।

ਫੇਰ ਕੰਧ ਟੱਪ ਕੇ ਜੰਗਲ਼ ਵਿੱਚ ਚਲੇ ਗਏ। ਜਦ ਮੰਦਰ ਤੋਂ ਦੂਰ ਸਨ, ਫੇਰ ਸੂਟਾਂ ਦੀ ਅਦਰਿਸ਼ਟਤਾ ਬੰਦ ਕਰ ਦਿੱਤੀ ਸੀ।

– ਸੋ ਕੀ ਕਰੀਏ?– ਲੇਕਸੀ ਨੇ ਆਖਿਆ।

– ਹਾਲੇ ਸਾਰੀ ਤਲਾਸ਼ੀ ਕਰਨੀ ਹੈ। ਪੂਰਾ ਪਤਾ ਹੋਣਾ ਚਾਹੀਦਾ ਕਿੰਨੇ ਸਾਨ੍ਹਾਨਸਲ ਹਨ–।

– ਕਿੰਨੇ? ਲੱਗਦਾ ਹਜ਼ਾਰਾਂ'ਚ ਗਿਣਤੀ ਹੈ–।

– ਹਾਂ। ਨਾਓ ਦੀ ਮੱਦਦ ਚਾਹੀਦੀ ਹੈ। ਤੂੰ ਆਲ਼ੇ ਨਾਲ਼ ਉਸ ਨੂੰ ਕੰਟਰੋਲ ਕਰ ਸਕਦੀ ਹੈ। ਉਸ ਦੀ ਅਕਲ ਸੂਝ ਨਾਲ਼ ਗੱਲ-ਬਾਤ ਕਰ ਸਕਦੀ ਹੈ। ਅਕਲ ਸੂਝ ਨਾਓ ਨਾਲ਼ ਸਾਰਿਆਂ ਨੂੰ ਪਰੇਸ਼ਾਨ ਕਰ ਸਕਦੀ ਹੈ ਅਤੇ ਉਨ੍ਹਾਂ 'ਤੇ ਫਾਇਰ ਵੀ ਕਰ ਸਕਦੀ ਹੈ। ਆਪਾਂ ਫੇਰ ਤਿੰਨਾਂ ਨੂੰ ਕੱਢ ਲਓਗੇ–।

– ਤਿੰਨਾਂ ਨੂੰ? ਸਾਡਾ ਕੰਮ ਸਿਰਫ਼ ਟੋਬੀ ਨੂੰ ਬਚਾਉਣਾ ਹੈ। ਸਿਰਫ਼ ਉਸ ਨੂੰ–। ਲੇਕਸੀ ਨੇ ਸੌੜਾ ਉੱਤਰ ਦਿੱਤਾ।

– ਮੌਕਾ 'ਤੇ ਦੇਖੂਗੇ। ਪਰ ਫੇਰ ਵੀ, ਟੋਬੀ ਕੋਲ਼ੇ ਸਾਡੇ ਵਾਲ਼ਾ ਸੂਟ ਨਹੀਂ ਹੈ। ਔਖਾਂ ਹੋਣਾ–।

– ਹੂੰ। ਅੱਛਾ, ਮੈਂ ਦੱਖਣੀ ਪਾਸੇ ਜਾਂ ਕਿ ਸਾਨ੍ਹਾਨਸਲ਼ਾਂ ਨੂੰ ਗਿਣਦੀ ਹਾਂ, 'ਤੇ ਤੂੰ ਉੱਤਰ ਪਾਸੇ ਜਾਹ। ਖ਼ੈਰ ਟੋਬੀ ਦੀ ਹਵਾਲਾਤ ਦੇ ਆਲ਼ੇ ਦੁਆਲ਼ੇ ਕਿੰਨੇ ਸਨ?–। ਲੇਕਸੀ ਨੇ ਪੁੱਛਿਆ।

– ਸਿਰਫ਼ ਪੰਦਰਾਂ–।

– ਉਸ ਆਦਮੀ ਨੂੰ ਵੀਂਹ ਰਾਖੀ ਰੱਖ ਰਹੇ ਨੇ। ਤੀਜੇ ਦਾ ਪਤਾ ਨਹੀਂ। ਮੈਂ ਤਾਂ ਫੇਰ ਵੀ ਕਹਿੰਦੀ ਹਾਂ ਕੇਵਲ ਟੋਬੀ ਨੂੰ ਬਚਾਈਏ–।

– 'ਤੇ ਜੇ ਉਸ ਨੇ ਦੂਜੇ ਦੋਨਾਂ ਬਿਨਾ ਨਾ ਜਾਣਾ ਚਾਹਿਆ? ਤਿੰਨਾਂ ਨੂੰ ਕੱਢਣ ਦੀ ਸਕੀਮ ਕਰੀਏ। ਫੇਰ ਮੌਕਾ ਵੀ ਦੇਖਲਾਂਗੇ। ਮੈਂ ਉਨ੍ਹਾਂ ਦੇ ਸਾਨ੍ਹਾਨਸਲ ਯਾਰ ਦਾ ਪਤਾ ਲੈਂਦਾ। ਚੱਲ।– ਰੂਬਾ ਨੇ ਸੂਟ ਫੇਰ ਕਾਇਮ ਕਰ ਦਿੱਤਾ। ਦੋਵੇਂ ਵਾਪਸ ਮੰਦਰ ਵੱਲ ਚਲੇ ਗਏ।

*          *          *          *          *

ਟੋਬੀ ਨੂੰ ਹਵਾਲਾਤ ਵਿੱਚ ਜ਼ੋਰ ਦੇਣੀ ਸੁੱਟ ਦਿੱਤਾ ਸੀ। ਬੱਸ ਇੱਕ ਹੀ ਅਸੀਸ ਸੀ। ਉਸ ਦੇ ਜੂੜ ਖੋਲ੍ਹ ਕੇ ਅੰਦਰ ਅੱਗੇ ਕੀਤਾ। ਫ਼ਰਸ਼ ਉੱਤੇ ਗੰਦਾ ਨੀਰਾ ਸੀ। ਕੋਈ ਮੰਜਾ ਮੂੰਜਾ ਨਹੀਂ ਸੀ। ਹਲਕਾ ਹੋਣ ਵਾਸਤੇ ਕੋਈ ਸਹੂਲਤ ਨਹੀਂ ਸੀ। ਹਵਾਲਾਤ ਦੇ ਨਾਲ਼ ਸ਼ਾਇਦ ਬਾਰਾਂ ਹੋਰ ਹਵਾਲਾਤਾਂ ਸਨ। ਉਨ੍ਹਾਂ ਦੇ ਬਾਹਰ ਕਈ ਸਾਨ੍ਹਾਨਸਲ ਤੁਰਦੇ ਫਿਰਦੇ ਸਨ; ਕੰਧਾਂ 'ਤੇ ਚਿੰਬੜੇ ਸਨ ਜਾਂ ਰਾਖੀ ਖੜ੍ਹੇ ਸਨ। ਹੋ ਸਕਦਾ ਦੂਜੀਆਂ ਹਵਾਲਾਤਾਂ'ਚ ਵੀ ਕੈਦੀ ਸਨ। ਪਰ ਆਪਣੀ ਹਵਾਲਾਤ'ਚ ਇਕੱਲੀ ਹੀ ਸੀ। ਘੁੱਪ ਹਨ੍ਹੇਰਾ ਸੀ। ਟੋਬੀ ਨੂੰ ਆਪਣੇ ਹੱਥ ਵੀ ਨਹੀਂ ਦਿੱਸਦੇ ਸੀ। ਉਸ ਦਾ ਜੁੱਸਾ ਮੁਸ਼ਕ ਮਾਰ ਰਿਹਾ ਸੀ। ਲੀੜੇ ਪਸੀਨੇ ਨਾਲ਼ ਚਿੱਪ ਚਿੱਪ ਕਰਦੇ ਸਨ। ਮੁੜ੍ਹਕੋ-ਮੁੜ੍ਹਕੀ ਹੋਈ ਸੀ। ਨਾਲ਼ੇ ਪਹਿਲੇ ਰਹੇ ਸਾਨ੍ਹਾਨਸਲ ਕੈਦੀਆਂ ਦੀ ਹਬਕ ਨਾਸਾਂ ਨੂੰ ਹਮਲਾ ਕਰ ਰਹੀ ਸੀ। ਉਨ੍ਹਾਂ ਦਾ ਮੂਤ ਹਵਾ ਵਿੱਚ ਹਾਲੇ ਵੀ ਸੀ। ਉਸ ਨੂੰ ਲੱਗ ਰਿਹਾ ਸੀ ਕਿ ਸੋਸਨੀ ਦੀ ਗੱਲ ਸਹੀ ਸੀ। ਜੇ ਨਹੀਂ ਸਹੀ ਸੀ, ਫੇਰ ਹੁਣ ਤਾਂ ਕੂਨਰ ਨੇ ਉਨ੍ਹਾਂ ਦੇ ਸਿਰ ਵੀ ਸੇਲ੍ਹਾਂ ਉੱਤੇ ਲਾ ਦੇਣੇ ਸੀ।

ਹੇੜੀ ਚੇਤੇ ਆ ਗਿਆ। ਉਸ ਨੇ ਇਸ ਹਾਲਾਤ'ਚ ਕੀ ਕਰਨਾ ਸੀ? ਉਸ ਨੇ ਟੋਬੀ ਨੂੰ ਕੀ ਸਿਖਾਇਆ ਸੀ? ਪਹਿਲੀ ਗੱਲ ਸੀ ਕਰਾਰ ਰਹਿਣਾ, ਸਕੂਨ ਰੱਖਣਾ। ਫੇਰ ਦੜਾਏ ਹੋ ਕੇ, ਭੁੰਜੇ ਬੈਠ ਕੇ ਸਰੀਆਂ ਦੇ ਦੂਜੇ ਪਾਸੇ ਜੋ ਵੀ ਦਿੱਸਦਾ ਸੀ, ਉਸ ਨੂੰ ਗਹੁ ਨਾਲ਼ ਦੇਖ। ਰਾਖੀ ਕਿੰਨੇ ਹਨ ਦੀ ਜਾਂਚ ਕਰਨੀ। ਲੋਕ ਕੀ ਕਰ ਰਹੇ ਹਨ। ਉਦਾਲ਼ਾ ਕਿਸ ਤਰ੍ਹਾਂ ਦਾ ਹੈ। ਜੇ ਬਾਹਰ ਟਿੱਭ ਗਈ, ਕਿਹੜਾ ਪਾਸਾ ਲੈ ਕੇ ਤਿੱਤਰ ਹੋ ਸਕਦੀ। ਅੰਦਰ ਕੁਝ ਹੈ, ਜਿਸ ਨਾਲ਼ ਕੁਫ਼ਲ ਖੋਲ੍ਹ ਸਕਦੀ ਸੀ। ਜਿਸ ਨਾਲ਼ ਰਾਖੀ ਨੂੰ ਮਾਰ ਸਕਦੀ ਸੀ? ਸਾਰੇ ਪਾਸੇ ਧਿਆਨ ਰੱਖਣਾ। ਲੰਮੇ ਲੰਮੇ ਸਾਹ ਲੈਣ। ਭਜਨ ਕਰਨਾ ਚਾਹੀਦਾ ਹੈ। ਸਿਮਰਨ ਕਰਨਾ ਚਾਹੀਦਾ ਹੈ। ਇੰਝ ਕੁਝ ਘੰਟੇ ਬੀਤ ਗਏ ਸਨ। ਬਾਹਰ ਹਾਰ ਕੇ ਛੇ ਹੀ ਸਾਨ੍ਹਾਨਸਲ ਰਾਖੀ ਹੀ ਦਿਸਦੇ ਸੀ। ਹੋਰ ਵੀ ਹੋ ਸਕਦੇ ਸੀ, ਪਰ ਹਨ੍ਹੇਰੇ'ਚ ਦਿਸਦੇ ਨਹੀਂ ਸੀ।

ਟੋਬੀ ਉੱਠ ਗਈ। ਸਰੀਆਂ ਵੱਲ ਹੌਲ਼ੀ ਹੌਲ਼ੀ ਗਈ। ਹੁਣ ਹਨ੍ਹੇਰੇ ਵਿੱਚ ਟੋਬੀ ਦੇ ਨੈਣ ਉਘੇੜ ਗਏ, ਹਨ੍ਹੇਰੇ'ਚ ਦੇਖ ਦੇਖ ਕੇ ਸਭ ਕੁਝ ਸਾਫ਼ ਦਿੱਸਣ ਲੱਗ ਪਿਆ ਸੀ। ਨੱਕ ਸਰੀਆਂ ਵਿਚਾਲਿਓ ਬਾਹਰ ਵਧਾਇਆ। ਨੇਤਰ ਖੱਬੇ ਸੱਜੇ ਕੀਤੇ। ਜੋ ਕਾਕੀਆਂ ਨੂੰ ਪਤਾ ਲੱਗਾ, ਟੋਬੀ ਦੇ ਦਿਮਾਗ਼'ਚ ਪਾਇਆ। ਜਿੱਥੇ ਤੀਕਰ ਦੇਖ ਸਕਦੀ ਸੀ, ਹਰ ਦੋ ਹਵਾਲਾਤਾਂ ਦੀ ਵਿੱਥ, ਇੱਕ ਸਾਨ੍ਹਾਨਸਲ ਖੜ੍ਹੋਤਾ ਸੀ। ਟੋਬੀ ਪਿੱਛੇ ਹੱਟ ਗਈ 'ਤੇ ਫ਼ਰਸ਼ ਦੀ

ਫੋਲਾ ਫਾਲੀ ਕੀਤੀ। ਕੁਝ ਵਰਤਨ ਵਾਸਤੇ ਨਹੀਂ ਸੀ। ਹਾਰ ਕੇ ਕੋਈ ਤਾਂ ਅੰਦਰ ਆਵੇਗਾ। ਹੇੜੀ ਨੇ ਉਸ ਨੂੰ ਸਿਖਾਇਆ ਸੀ ਕਿਵੇਂ ਲੋਕਾਂ ਦੇ ਖੀਸੇ ਕੱਟਣੇ ਹਨ। ਜਦ ਹੋਰ ਨਹੀਂ ਸੀ ਕਰਨ ਵਾਸਤੇ, ਅੰਧਕਾਰ ਵਿੱਚ ਪੱਲਥਾ ਅਮਲ ਕਰਨ ਲੱਗ ਪਈ।ਦੜਾਣੇ ਨਾਲ਼ ਕੀਤਾ। ਬਾਹਰਲਿਆਂ ਨੂੰ ਬਿੱਲੀ ਬਾਰੇ ਪਤਾ ਵੀ ਨਹੀਂ ਲੱਗਿਆ। ਚੁੱਪ ਚਾਪ ਹੀ ਅਮਲ ਕਰੀ ਗਈ। ਹਵਾ ਵਿੱਚ ਘਸੁੰਨ ਜੜਦੀ ਸੀ, ਜਾਂ ਲੱਤ ਮਾਰ ਰਹੀ ਸੀ। ਹਾਰ ਕੇ ਨੀਂਦ ਸਤਾਉਣ ਲੱਗ ਪਈ। ਸੋ ਚੌਂਕੜੀ ਮਾਰ ਕੇ ਬਹਿ ਗਈ। ਪਰ ਹਾਰ ਕੇ ਭੁੰਜੇ ਪੈ ਕੇ ਸੌਂ ਗਈ। ਤੁਰ ਤਰ ਕੇ ਥੱਕ ਗਈ ਸੀ। ਹੁਣ ਚੱਜ ਦੇਣੀ ਨੀਂਦ ਆ ਗਈ ਸੀ।

ਸੰਝ ਸਵੇਰਾ ਸੀ ਜਦ ਅੱਖ ਖੁਲ਼੍ਹੀ। ਹੁਣ ਭੁੰਜੁ ਪਈ ਨੇ ਧਿਆਨ ਨਾਲ਼ ਹਵਾਲਾਤ ਦੇਖਿਆ। ਤਿੰਨ ਕੰਧਾਂ। ਕੋਈ ਬਾਰੀ ਨਹੀਂ ਸੀ। ਮੂਹਰੇ ਸਰੀਆਂ ਸਨ। ਉਨ੍ਹਾਂ ਦੇ ਸਾਹਮਣੇ ਇੱਕ ਵੇੜ੍ਹਾ। ਉਸ ਦੇ ਦੂਜੇ ਪਾਸੇ ਹੋਰ ਹਵਾਲਾਤ ਸਨ, ਜੋ ਵਾਪਸ ਝਾਕ ਰਹੇ ਸਨ। ਬਾਹਰ ਸਾਨ੍ਹਾਨਸਲ ਤੁਰਦੇ ਫਿਰਦੇ ਸਨ। ਉਲਟੀ ਹਵਾਲਾਤ'ਚ ਵੀ ਕੋਈ ਕੈਦੀ ਸੀ। ਲੱਗਦਾ ਇੱਕ ਸਾਨ੍ਹਾਨਸਲ ਨੌਜਵਾਨ ਸੀ। ਪਿੱਛਲੀ ਕੰਧ ਉੱਤੇ ਚਿੰਬੜਿਆ ਹੋਇਆ ਸੀ। ਜਿਵੇਂ ਮੂਹਰੇ ਆਉਣਾ ਨਹੀਂ ਚਾਹੁੰਦਾ ਸੀ, ਪਰ ਪਰਛਾਵੇਂ'ਚ ਹੀ ਰਹਿਣਾ ਚਾਹੁੰਦਾ ਸੀ। ਟੋਬੀ ਉੱਠ ਗਈ। ਅੰਗੜਾਈ ਲਈ। ਸਾਰੀ ਰਾਤ ਨਿੱਸਲ਼ ਕੇ ਪਈ ਹੋਈ ਸੀ। ਆਪਣੇ ਆਪ ਨੂੰ ਕਾਇਮ ਕੀਤਾ। ਉਸ ਦਾ ਪੇਟ ਭੌਂਕਿਆ। ਭੁੱਖ ਵਾਪਸ ਆ ਗਈ । ਸਰੀਆਂ ਨਾਲ਼ ਖੜ੍ਹ ਕੇ ਰਾਖੀ ਨੂੰ ਖਾਣ ਪੀਣ ਲਈ ਆਖਿਆ। ਪਰ ਉਸ ਦੇ ਕੰਨ ਬੰਦ ਸਨ। ਜਾਂ ਸਮਝਿਆ ਨਹੀਂ, ਜਾਂ ਖਾਣਾ ਨਹੀਂ ਦੇਣਾ ਚਾਹੁੰਦਾ ਸੀ। ਲੋਕਾਂ ਸਾਹਮਣੇ ਆਪਣਾ ਪੱਲਥਾ ਨਹੀਂ ਕਰਨੀ ਚਾਹੁੰਦੀ ਸੀ। ਹੇਠ ਬੈਠ ਕੇ ਨਾਸ਼ਤਾ ਉਡੀਕਿਆ। ਛਾਹ ਵੇਲਾ ਤਾਂ ਸੀ, ਪਰ ਕਿਸੇ ਨੇ ਕੁਝ ਵੀ ਨਹੀਂ ਖਾਣ ਲਈ ਦਿੱਤਾ। ਸਾਹਮਣੇ ਹਵਾਲਾਤ'ਚ ਉਸ ਨੇ ਸਾਨ੍ਹਾਨਸਲ ਦੀ ਜੀਭ ਦੇਖੀ, ਕੋਈ ਉੱਡਦੀ ਮੁੱਖੀ ਨੂੰ ਚਟਾਕ ਕੇ ਮੂੰਹ'ਚ ਕੈਦ ਕਰ ਲਈ। ਕਾਸ਼! ਜੇ ਮੈਨੂੰ ਵੀ ਕੀੜੇ ਖਾਣੇ ਪਏ? ਫੇਰ ਕੀ? ਫੇਰ ਖਾਣੇ ਹੀ ਪੈਣੇ ਹੈ। ਸੋ ਚੂਹੇ ਜਾਂ ਕੀੜੀਆਂ ਨੂੰ ਟੋਲ਼ਣ ਲੱਗ ਪਈ। ਪੇਟ ਵੀ ਬਹੁਤ ਔਖਾ ਕਰਦਾ ਸੀ। ਕੀ ਕਰੇ? ਹਾਰ ਕੇ ਸੁੱਕੇ ਘਾਹ ਵਿੱਚ ਸੁੰਡੀ ਵਰਗੀ ਚੀਜ਼ ਦਿੱਸੀ। ਹੇੜੀ ਨੇ ਖਾ ਲੈਣੀ ਸੀ। ਸੋ ਟੋਬੀ ਨੇ ਵੀ ਚੱਕ ਲਈ। ਸੋਚਾਂ ਆਉਣ ਤੋਂ ਪਹਿਲਾਂ, ਡਰ ਲੱਗਣ ਤੋਂ ਪਹਿਲਾਂ, ਸਾਇਮ ਹੋਣ ਤੋਂ ਪਹਿਲਾਂ, ਮੂੰਹ ਵਿੱਚ ਪਾ ਕੇ ਨਿਗਲ਼ ਲਈ।

ਅੱਧਾ ਦਿਹਾੜਾ ਬੀਤ ਗਿਆ ਅਤੇ ਕੋਈ ਨਹੀਂ ਆਇਆ। ਹੁਣ ਤੱਕ ਚਾਰ ਪੰਜ ਝੀਂਗਰ ਕੀਟ ਖਾ ਚੁੱਕੀ ਸੀ। ਫੇਰ ਖਬਰੇ ਤਿੰਨ ਚਾਰ ਵੱਜੇ ਹੋਣ, ਇੱਕ ਸਾਨ੍ਹਾਨਸਲ ਨੇ ਜਿੰਦਰਾ ਖੋਲ਼੍ਹ ਦਿੱਤਾ। ਦੋ ਹੋਰ ਉਸ ਨਾਲ਼ ਅੰਦਰ

ਵੜੇ। ਇੱਕ ਨੇ ਨੇਜ਼ਾ ਟੋਬੀ ਵੱਲ ਵਧਾਇਆ। ਦੂਜੇ ਨੇ ਥਾਲ਼ੀ ਭੁੰਜੇ ਰੱਖੀ। ਠੀਕ, ਟੋਬੀ ਨੇ ਸੋਚਿਆ। ਮੈਂ ਨੇੜੇ ਹੋ ਕੇ ਉਨ੍ਹਾਂ ਤੋਂ ਕੁਝ ਲੁੱਟਦੀ ਹਾਂ। ਜਾਂ ਥਾਲ਼ੀ'ਚੋਂ ਕੁਝ ਮਿਲ ਜਾਵੇਗਾ। ਇੱਕ ਕਾਂਟਾ, ਜਾਂ ਛੁਰੀ ਜਾਂ ਚਮਚਾ। ਪਰ ਉਨ੍ਹਾਂ ਨੇ ਅੰਦਰ ਹੀ ਰਿਹਾ ਅਤੇ ਨੇਜ਼ੇ ਨਾਲ਼ ਉਸ ਨੂੰ ਦੂਰ ਰੱਖਿਆ। ਜਦ ਖਾ ਹਟੀ, ਨੇਜ਼ੇ ਨਾਲ਼ ਉਸ ਨੂੰ ਪਿੱਛੇ ਕੀਤਾ'ਤੇ ਥਾਲ਼ੀ ਚੁੱਕ ਲਈ। ਜਦ ਖਾਂਦੀ ਸੀ, ਕੋਈ ਛੁਰੀ ਕਾਂਟੇ ਨਹੀਂ ਸੀ। ਹੱਥ ਨਾਲ਼ ਖਾਣ ਦਾਲ਼ ਰੋਟੀ ਵਰਗੀ ਚੀਜ਼ ਸੀ। ਪਾਣੀ ਹੁਣ ਇੱਕ ਨੇ ਟੋਬੀ ਦੇ ਮੂੰਹ ਉੱਤੇ ਡੋਲ੍ਹਿਆ। ਟੋਬੀ ਨੂੰ ਮੂੰਹ ਅੱਡਣਾ ਪਿਆ ਪਾਣੀ ਪੀਣ ਨੂੰ। ਫੇਰ ਤਿੰਨ ਹੀ ਸਾਨ੍ਹਾਨਸਲ ਬਾਹਰ ਤੁਰ ਪਏ।

ਟੋਬੀ ਸਰੀਆਂ ਕੋਲ਼ੇ ਜਾ ਖੜ੍ਹੀ ਅਤੇ ਉਸ ਨੇ ਦੇਖਿਆ ਕਿ ਇੰਝ ਹੀ ਹਰ ਕੈਦੀ ਕੋਲ਼ੇ ਹੌਲ਼ੀ ਹੌਲ਼ੀ ਜਾ ਕੇ ਕਰ ਰਹੇ ਸੀ। ਟੋਬੀ ਨੂੰ ਗ਼ੁੱਸਾ ਚੜ੍ਹ ਗਿਆ। ਹੁਣ ਕੋਈ ਹੋਰ ਚਾਲ ਸੋਚਣੀ ਪੈਣੀ ਸੀ। ਪਰ ਕੀ? ਨਾਲ਼ੇ ਸਿੰਧ'ਤੇ ਸੋਸਨੀ ਨਾਲ਼ ਕੀ ਬੀਤ ਰਿਹਾ ਸੀ? ਹੁਣ ਕੂਨਰ ਨੇ ਕੀ ਕਰਨਾ ਸੀ? ਉਸ ਨੂੰ ਸਮਝ ਨਹੀਂ ਸੀ ਕਿ ਜੇ ਟੋਬੀ ਗ਼ਲਬਾ ਤਖ਼ਤ ਪਹੁੰਚੀ ਨਹੀਂ, ਸੁਲਤਾਨਵਾਦੀਆਂ ਨੇ ਹੋਰ ਕਿਸੇ ਨੂੰ ਭੇਜ ਦੇਣਾ ਸੀ? ਇਹ ਵੀ ਹੋ ਸਕਦਾ ਕਿ ਕੂਨਰ ਈਡੀ ਦਾ ਬੰਦਾ ਸੀ। ਹੁਣ ਉਸ ਨੇ ਟੋਬੀ ਨੂੰ ਈਡੀ ਦੇ ਹਵਾਲੇ ਕਰ ਦੇਣਾ ਸੀ। ਨਹੀਂ। ਇਹ ਗੱਲ ਨਹੀਂ ਹੈ। ਕੂਨਰ ਤਾਂ ਪਾਗ਼ਲ ਸੀ। ਸੀਸਾਂ ਨੂੰ ਦੇਖ ਕੇ ਹੀ ਪਤਾ ਲੱਗਦਾ ਸੀ। ਕੂਨਰ ਤਾਂ ਜਨੂਨੀ ਸ਼ੁਦਾਈ ਸੀ। ਜਮਾਂ ਦਿਵਾਨਾ। ਕੀ ਪਤਾ ਉਸ ਨੇ ਉਨ੍ਹਾਂ ਨਾਲ਼ ਹੁਣ ਕੀ ਕਰਨਾ ਸੀ। ਇੱਥੇ ਰਹਿਣ ਤੋਂ ਤਾਂ ਚੰਗਾ ਹੀ ਸੀ, ਜੇ ਸੱਚ ਮੁੱਚ ਕੂਨਰ ਨੇ ਈਡੀ ਦੇ ਹਵਾਲੇ ਕਰ ਦਿੱਤਾ। ਖ਼ੈਰ ਹੌਲ਼ੀ ਪਤਾ ਲੱਗ ਜਾਣਾ ਹੀ ਸੀ। ਤਰਾਸ 'ਤੇ ਹਫੜਾ ਦਫੜੀ ਦਾ ਕੋਈ ਫ਼ਾਇਦਾ ਨਹੀਂ ਸੀ। ਹੇੜੀ ਨੇ ਇਹ ਗੱਲ ਕਈ ਵਾਰੀ ਸਿਖਾਈ ਸੀ। ਸੋ ਬਾਹਰ ਵੱਲ ਦੇਖਦੀ, ਚੌਂਕੜੀ ਮਾਰ ਕੇ ਟੋਬੀ ਭੁੰਜੇ ਬਹਿ ਗਈ।

ਅੱਧਾ ਹਨ੍ਹੇਰਾ ਸੀ ਜਦ ਜਿੰਦਰਾ ਫੇਰ ਖੁਲ੍ਹਿਆ। ਦੋ ਸਾਨ੍ਹਾਨਸਲ ਅੰਦਰ ਵੜੇ। ਉਨ੍ਹਾਂ ਦੇ ਪਿੱਛੇ ਕੂਨਰ ਖ਼ੁਦ ਅੰਦਰ ਵੜਿਆ। ਕੂਨਰ ਦੇ ਹੱਥਾਂ ਵਿੱਚ ਇੱਕ ਗੂਣੀ ਸੀ। ਬੋਲ਼ਣ ਬਿਨਾ ਅੱਗੇ ਆ ਕੇ ਗੂਣੀ'ਚੋਂ ਕੁਝ ਖਾਲ਼ੀ ਕਰ ਦਿੱਤਾ ਸੀ, ਸਿੱਧਾ ਟੋਬੀ ਦੇ ਪੱਟਾਂ ਵਿੱਚ। ਜਦ ਟੋਬੀ ਨੇ ਥੱਲੇ ਦੇਖਿਆ, ਉਸ ਦੀਆਂ ਰਾਨਾਂ ਵਿਚਾਲੇ ਸਿਰ ਸੀ। ਹੁਣ ਜੋ ਵੀ ਹੇੜੀ ਨੇ ਸਿਖਾਇਆ ਹੋਇਆ ਸੀ, ਚੇਤਾ ਭੁਲਾ ਦਿੱਤਾ। ਚੀਕਾਂ ਮਾਰਨ ਲੱਗ ਪਈ। ਸੀਸ ਦਾ ਮੂੰਹ ਉਸ ਵੱਲ ਬੇਜਾਨ, ਲਹੂ ਲੁਹਾਣ, ਅਰੋਪ ਕੇ ਦੇਖਦਾ ਸੀ। ਸਿੰਧ ਦਾ ਸਿਰ ਸੀ।

ਟੋਬੀ ਚੀਕੀ ਗਈ।

– ਉਸ ਦਾ ਦੁੱਖ ਪਰ੍ਹੇ ਕਰ ਦਿੱਤਾ। ਕਾਸ਼! ਜੇ ਮੇਰਾ ਦੁੱਖ ਵੀ ਇੰਨੀ ਇਨਸਾਫ਼ੀ ਨਾਲ਼ ਦੂਰ ਹੋ ਸਕਦਾ ਹੈ। ਮੈਂ ਰੱਬ ਹਾਂ। ਜੰਗਲ਼ ਮੇਰਾ ਦੇਸ਼ ਹੈ। ਇੱਥੋਂ ਪ੍ਰਵਾਸ ਹੋ ਕੇ ਕੋਈ ਜਾਵੇ। ਬੱਸ, ਉਹ ਫੇਰ ਦੇਸੀ ਨਹੀਂ ਰਿਹਾ। ਇੱਕ ਗੱਦਾਰ ਹੈ। ‘ਤੇ ਜੇ ਬਾਹਰੋਂ ਮੇਰੇ ਜੰਗਲ਼ ‘ਤੇ ਮੱਤ ਮਾਰਦਾ… ਉਸ ਕੋਲ਼ ਕੀ ਹੱਕ ਹੈ? ਹੁਣ ਤਾਂ ਵਿਦੇਸੀ ਹੈ, ਹੈ ਨਾ? ਸਿੰਧ ਨੇ…ਖ਼ੈਰ, ਕੀ ਫ਼ਰਕ ਪੈਂਦਾ। ਜੇ ਤੂੰ ਸਮਝੀ, ਸਮਝ ਗਈ। ਜੇ ਨ੍ਹੀਂ ਸਮਝੀ, ਮੈਨੂੰ ਕੀ ਹੈ? ਫ਼ਤਵਾ ਹੋ ਚੁੱਕਾ। ਹੁਣ ਤੂੰ ਸੋਚ ਕੀ ਕਰਨੀ ਚਾਹੁੰਦੀ ਹੈ। ਮੇਰਾ ਜੰਗਲ਼, ਮੇਰਾ ਦੇਸ਼। ਪ੍ਰਵਾਸਾਂ ਨੇ ਛੱਡ ਦਿੱਤਾ, ਫੇਰ ਮੇਰੇ ਮੁਲਕ ਲਈ ਗੱਦਾਰ ਹੀ ਹਨ। ਜਿਵੇਂ ਚੱਲਦਾ ਰਿਹਾ, ਉਵੇਂ ਹੀ ਚਲੀ ਜਾਵੇਗਾ। ਹੁਣ ਉਸ ਨੂੰ ਰੱਜ ਕੇ ਤੱਕੀ ਛਬੀਲੀਏ–। ਫੇਰ ਬਾਹਰ ਤੁਰ ਪਿਆ, ਉਸ ਦੇ ਮਗਰ, ਉਸ ਦੇ ਸਿਪਾਈ। ਬਿਨਾ ਸੋਚੇ, ਟੋਬੀ ਦੀ ਅਨੁਕਿਰਿਆ ਨੇ ਸਿਰ ਦੂਰ ਮਾਰ ਸੁੱਟਾ। ਕੰਧ ਵਿੱਚ ਵੱਜ ਕੇ ਭੁੰਜੇ ਪਿਆ ਰਿਹਾ।

ਟੋਬੀ ਰੋਣ ਲੱਗ ਪਈ।

* * * * *

ਇੱਚੀਗੁਰੂ ਦੀ ਬੇੜੀ ਨੇ ਵੀ ਰੂਬਾ ਹੁਰਾਂ ਦਾ ਪਿੱਛਾ ਕੀਤਾ ਸੀ। ਹੁਣ ਕੁਝ ਕੋਹ ਨਾਓ ਦੇ ਪਾਸ ਲੱਥ ਗਈ ਸੀ। ਇੱਚੀਗੁਰੂ ਨੂੰ ਸ਼ੱਕ ਸੀ ਕਿ ਟੋਬੀ ਮਗਰ ਗਏ ਸੀ। ਆਪ ਕੋਬੋ ਨਾਲ਼ ਬੇੜੀ ਵਿੱਚ ਠਹਿਰਿਆ, ਪਰ ਰਾਮ ਨੂੰ ਤਫਤੀਸ਼ ਕਰਨ ਭੇਜ ਦਿੱਤਾ ਸੀ। ਰੂਮਾ ‘ਤੇ ਲੇਕਸੀ ਦੇ ਸੂਟਾਂ ਕਰਕੇ ਨੰਗੀ ਅੱਖ ਉਨ੍ਹਾਂ ਨੂੰ ਦੇਖ ਨਹੀਂ ਸਕਦੀ ਸੀ। ਪਰ ਕਲਦਾਰ ਕੋਲ਼ ਕਈ ਔਜ਼ਾਰ ਸਨ। ਉਨ੍ਹਾਂ ਨਾਲ਼ ਦੋਵਾਂ ਦੀ ਸੂੰਹ ਕੱਢ ਲਈ ਸੀ ਅਤੇ ਕੰਧ ਤੱਕ ਪਿੱਛਾ ਕੀਤਾ। ਜਦ ਕੰਧ ਤੱਕ ਪਹੁੰਚਿਆ, ਚੜ੍ਹਨ ਦੀ ਕੋਸ਼ਿਸ਼ ਨਹੀਂ ਕੀਤੀ। ਉਸ ਨੂੰ ਪਤਾ ਸੀ ਕਿ ਸਾਨ੍ਹਾਨਸਲਾਂ ਨੇ ਉਸ ਦਾ ਚਿੱਟਾ ਪਿੰਡਾ ਦੇਖ ਲੈਣਾ ਸੀ, ਸੋ ਰੁੱਖਾਂ ਵਿੱਚ ਹੀ ਰਿਹਾ। ਦਿਨ ਚੜ੍ਹ ਚੁੱਕਾ ਸੀ। ਰੂਮਾ ਅਤੇ ਲੇਕਸੀ ਸਿਰਫ਼ ਇੱਕ ਵਾਰੀ ਹੀ ਜੰਗਲ਼’ਚ ਬਾਹਰ ਆਏ ਸਨ, ਪਹਿਲੀ ਰਾਤ ਨੂੰ। ਹੁਣ ਕਲਦਾਰ ਨੂੰ ਪਤਾ ਨਹੀਂ ਲੱਗਿਆ ਅੰਦਰ ਕੀ ਹੁੰਦਾ ਸੀ। ਉਸ ਨੇ ਕੰਧ ਦੇ ਇੱਕ ਪਾਸੇ ਜਾ ਕੇ ਅੱਖ ਨੂੰ ਇੱਕ ਸੰਨ੍ਹ ਨਾਲ਼ ਲਾਈ। ਉਸ ਨੇ ਹਜ਼ਾਰਾਂ ਤੋਂ ਉੱਪਰ ਸੀਸ ਦੇਖੇ। ਫੇਰ ਵਾਪਸ ਜਾ ਕੇ ਇੱਚੀਗੁਰੂ ਨੂੰ ਦੱਸਿਆ।

* * * * *

ਟੋਬੀ ਰੋ ਰੋ ਕੇ ਸੌਂ ਗਈ ਸੀ। ਫੇਰ ਉੱਠ ਗਈ। ਰਾਤ ਸੀ। ਫੇਰ ਨੀਂਦ ਆ ਗਈ। ਪਰ ਐਤਕੀਂ ਭਿਆਨਕ ਸੁਪਨੇ ਆਉਂਦੇ ਸਨ। ਫੇਰ ਉਸ ਨੂੰ ਯਾਦ ਆ ਗਿਆ, ਸੁਪਨਾ ਨਹੀਂ ਸੀ। ਸੱਚਾਈ ਸੀ। ਅੱਖਾਂ ਖੋਲ੍ਹ ਕੇ ਕੰਧ ਵੱਲ ਝਾਕਿਆ। ਸਿੰਧ ਦਾ ਸਿਰ ਹਾਲੇ ਉੱਥੇ ਹੀ ਸੀ। ਟੋਬੀ ਨੇ ਲੋਇਣ ਮੀਚੇ। ਫੇਰ ਖੋਲ੍ਹੇ। ਸਿਰ ਹਾਲੇ ਉੱਥੇ ਹੀ ਪਿਆ ਸੀ। ਆਪਣੇ ਆਪ ਨੂੰ ਸੰਭਾਲ਼! ਹੇੜੀ ਨੇ ਤੈਨੂੰ ਕੀ ਕੀ ਨਹੀਂ ਸਿਖਾਇਆ! ਪਰ ਟੋਬੀ ਦੀ ਔਖਿਆਈ ਸੀ ਕਿ ਹੌਲ਼ੀ ਹੌਲ਼ੀ ਸਿੰਧ ਨਾਲ਼ ਪਿਆਰ ਹੋ ਚੁੱਕਾ ਸੀ।'ਤੇ ਹੁਣ ਕੂਨਰ ਨੇ ਉਸ ਨੂੰ ਮਾਰ ਦਿੱਤਾ ਸੀ। ਡਰ ਈਡੀ ਤੋਂ ਹੁਣ ਤੱਕ ਸੀ ਅਤੇ ਉਸ ਦੇ ਹਤਿਆਰਿਆਂ ਤੋਂ। ਪਰ ਕਿਸਮਤ ਨੇ ਜੰਗਲ਼ ਵਿੱਚ ਕੂਨਰ ਦੇ ਹੱਥਾਂ ਵਿੱਚ ਪਾ ਦਿੱਤਾ ਸੀ। ਹੋਸ਼ ਆ ਜਾ! ਟੋਬੀ ਨੇ ਫੈਸਲਾ ਲੈ ਲਿਆ। ਖੁਰੀ ਕਰ ਜਾਣਾ ਸੀ, ਨਾਲ਼ੇ ਨਾਲ਼ ਹੀ ਕੂਨਰ ਨੂੰ ਮਾਰ ਕੇ ਹੀ ਜਾਣਾ ਸੀ। ਬਦਲਾ ਸਭ ਦਾ ਲੈਣਾ ਹੀ ਸੀ। ਨਾਲ਼ੇ ਉਹ ਤਾਂ ਮੌਤ ਮੰਗਦਾ ਹੀ ਸੀ। ਆਪਣੇ ਲੀੜੇ ਪਾੜ ਕੇ ਸਿਰ ਕੱਪੜੇ ਵਿੱਚ ਬੰਨ੍ਹ ਕੇ ਸੁੱਕੇ ਘਾਹ ਵਿੱਚ ਰੱਖ ਦਿੱਤਾ। ਕੀ ਪਤਾ ਸੋਸਨੀ ਵੀ ਮਾਰ ਦਿੱਤਾ ਸੀ। ਪਰ ਜੇ ਮੈਂ ਹਾਲੇ ਵੀ ਜਿਉਂਦੀ ਹੈ? ਕੀ ਪਤਾ।

ਬਾਹਰ, ਹਨ੍ਹੇਰੇ ਵਿੱਚ ਭੋਲਾ ਜਿਹਾ ਖੜਕਾ ਹੋਇਆ। ਜਿਵੇਂ ਕੋਈ ਭਾਰੀ ਚੀਜ਼ ਧਰਤੀ ਉੱਤੇ ਡਿੱਗੀ। ਜਿਵੇਂ ਸਰੀਰ ਡਿੱਗਿਆ ਹੁੰਦਾ। ਇੱਕ ਦਮ ਹੇੜੀ ਦੇ ਸਬਕ ਯਾਦ ਆ ਗਏ। ਨੱਸ ਕੇ ਸਰੀਆਂ ਵੱਲ ਗਈ। ਬਾਹਰ ਝਾਕਿਆ। ਧਰਤ ਉੱਤੇ ਕਈ ਸਾਨ੍ਹਾਨਸਲ ਪਏ ਸਨ। ਇੱਕ ਹੋਰ ਡਿੱਗ ਪਿਆ। ਫੇਰ ਜਿਵੇਂ ਕੋਈ ਭੂਤ ਅੰਦਰ ਆ ਰਿਹਾ ਹੋਵੇ, ਜਿੰਦਰਾ ਟੁੱਟ ਗਿਆ ਅਤੇ ਬੂਹਾ ਅੰਦਰ ਵੱਲ ਹਿੱਲਿਆ। ਫੇਰ ਜਿਵੇਂ ਕੋਈ ਛਲ਼ੇਡਾ ਹੋਵੇ, ਉਸ ਦੇ ਨੇਤਰਾਂ ਸਾਹਮਣੇ ਕਿਸੇ ਦਾ ਪਿੰਡਾ ਸਾਖਿਅਤ ਹੋਇਆ। ਇੱਕ ਕਾਲ਼ੀ ਨਾਰੀ ਸੀ। ਉਸ ਦੇ ਬਾਹਾਂ ਲੱਤਾਂ ਉੱਤੇ ਕਈ ਚਾਕੂ ਸਨ। ਹੱਥ ਵਿੱਚ ਸ਼ੁਆਤੁਫੰਗ ਫੜੀ ਹੋਈ ਸੀ। ਉਸ ਨੂੰ ਪੁੱਛਣ - ਤੂੰ ਕੌਣ ਹੈ- ਤੋਂ ਬਗੈਰ, ਟੋਬੀ ਨੇ ਉਸ ਤੋਂ ਸ਼ੁਆਤੁਫੰਗ ਖੋਹ ਲਈ ਅਤੇ ਬਾਹਰ ਤੁਰ ਪਈ। ਕੌਣ ਸੀ ਦਾ ਕੋਈ ਫ਼ਰਕ ਨਹੀਂ ਪੈਂਦਾ। ਮੈਨੂੰ ਕੱਢ ਦਿੱਤਾ ਅਤੇ ਮੈਂ ਬਦਲਾ ਲਵਾਂਗੀ!

- ਕੂਨਰ ਕਿੱਥੇ ਹੈ!- ਟੋਬੀ ਨੇ ਬਾਹਰ ਕਦਮ ਰੱਖ ਕੇ ਆਖਿਆ।

- ਕੂਨਰ? ਉਹ ਗੋਰਾ?-। ਲੇਕਸੀ ਨੇ ਪੁੱਛਿਆ। ਉਹ ਹੈਰਾਨ ਸੀ ਡਰਨ ਬਿਨਾ ਉਸ ਦੇ ਹੱਥਾਂ ਵਿੱਚੋਂ ਟੋਬੀ ਨੇ ਉਸ ਦਾ ਹਥਿਆਰ ਨੋਚ ਲਿਆ ਸੀ।

- ਆਹੋ-।

- ਪਰ ਆਪਾਂ ਤਾਂ ਇੱਥੋਂ ਇੱਕ ਦਮ ਬਾਹਰ ਨਿਕ਼ਲਣਾ ਹੈ। ਜੇ ਉਸ ਮਗਰ ਚੱਲਾਂਗੇ, ਅਸੀਂ ਮਰ ਜਾਣਾ। ਪਤਾ ਕਿੰਨੇ ਸਾਨ੍ਹਾਨਸਲ ਹਨ?- ਲੇਕਸੀ ਨੇ ਪੁੱਛਿਆ ਘੱਟ, ਜ਼ਿਆਦਾ ਦੱਸਿਆ ਸੀ।

- ਬਹੁਤ ਹੋ- ਫੇਰ ਟੋਬੀ ਨੇ ਉਸ ਵੱਲ ਝਾਕ ਕੇ ਆਖਿਆ, - ਤੁਸੀਂ ਕਿੰਨੇ ਹੋ?-।

- ਸਿਰਫ਼ ਦੋ। ਦੂਜਾ ਵੀ ਇੱਥੇ ਹੈ, ਅਛੋਪ, ਅਣਦਿਖਤਾ, ਸਾਨ੍ਹਾਨਸਲਾਂ ਨੂੰ ਚੁੱਪ ਚਾਪ ਭਾਲ ਨਾਲ਼ ਮਾਰ ਰਿਹਾ-।

- ਠੀਕ। ਤੂੰ ਵੀ ਅਣਦਿਖਤਾ ਹੋ ਜਾ। ਮੈਨੂੰ ਬਚਾ ਕੇ ਰੱਖ-।

- ਠੀਕ। ਫੇਰ ਤੈਨੂੰ ਅਸੀਂ ਬਾਹਰ ਲੈ ਜਾਣਾ। ਸਾਨੂੰ ਗਾਮੇ ਨੇ ਤੈਨੂੰ ਵਾਪਸ ਲੈਣ ਭੇਜਿਆ ਹੈ। ਵੈਸੇ, ਜਿਨ੍ਹਾਂ ਨੇ ਵਾਪਸ ਲੈਣ ਜਾਣਾ ਸੀ, ਉਹ..-।

- ਕੂਨਰ ਨੇ ਉਨ੍ਹਾਂ ਨੂੰ ਮਾਰ ਦਿੱਤਾ ਹੈ। ਮੈਂ ਬਦਲਾ ਲੈਣਾ। ਸੋਸਨੀ ਕਿੱਥੇ ਹੈ?-।

- ਸੋਸਨੀ ਉਹ ਸਾਨ੍ਹਾਨਸਲ ਹੋਵੇਗਾ?-।

- ਹਾਂ-।

- ਅਸੀਂ ਦੂਜੇ ਇਨਸਾਨ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਮਾਰਿਆ ਗਿਆ। ਜਦ ਉਹ ਗੱਲ ਹੋਈ, ਸਾਨੂੰ ਜਦ ਮੌਕਾ ਮਿਲਿਆ, ਤੈਨੂੰ ਕੱਢਣ ਆ ਗਏ-।

- ਫੇਰ ਕੱਢੋਂ। ਗੱਲਾਂ ਨਾ ਕਰੀ ਜਾ-। ਗ਼ੁੱਸੇ ਵਿੱਚ ਟੋਬੀ ਨੇ ਕਿਹਾ।

- ਜੇ ਮੈਂ ਆਪਣਾ ਸੂਟ ਚਾਲੂ ਕਰ ਦਿੱਤਾ, ਤੈਨੂੰ ਕਿਵੇਂ ਪਤਾ ਲੱਗਣਾ ਮੈਂ ਕਿੱਧਰ ਜਾਹ ਰਹੀ ਹਾਂ? ਹੁਣ ਮੈਂ ਇੱਦਾਂ ਹੀ ਰਹਿੰਦੀ ਹਾਂ। ਕੋਈ ਗੱਲ ਨਹੀਂ, ਸਾਨੂੰ ਰੂਬਾ ਦੇਖ ਰਿਹਾ। ਆ ਫੇਰ ਮੇਰੇ ਮਗਰ। ਪਹਿਲਾਂ ਕੀ ਕਰਨਾ? ਸੋਸਨੀ ਨੂੰ ਕੱਢਣਾ, ਜਾਂ ਕੂਨਰ ਮਾਰਨਾ?-।

- ਸੋਸਨੀ ਨੂੰ ਕੱਢਣਾ- ਟੋਬੀ ਨੇ ਕਿਹਾ।

ਸੋ ਲੇਕਸੀ ਦੇ ਮਗਰ ਟੋਬੀ ਤੁਰੀ, ਸ਼ੁਆਤੁਫੰਗ ਤਾਣ ਕੇ, ਉਸ ਦੇ ਪਿੱਛੇ, ਕੰਧਾਂ ਛੱਤਾਂ ਉੱਪਰ ਰੂਬਾ ਸੀ। ਉਸ ਦਾ ਟੋਬੀ ਨੂੰ ਪਤਾ ਨਹੀਂ ਸੀ, ਪਰ ਕਦੇ ਕਦੇ, ਧਰਤੀ ਉੱਤੇ ਸਾਨ੍ਹਾਨਸਲ ਡਿੱਗ ਜਾਂਦਾ ਸੀ। ਇਸ ਤੋਂ ਪਤਾ ਲੱਗ ਗਿਆ ਉਨ੍ਹਾਂ ਉੱਤੇ ਅੱਖ ਰੱਖ ਰਿਹਾ ਸੀ। ਇੱਕ ਡਿੱਗੇ ਸਾਨ੍ਹਾਨਸਲ ਦੀ ਸ਼ੁਆਤੁਫੰਗ ਲੇਕਸੀ ਨੇ ਚੁੱਕ ਕੇ ਟੋਬੀ ਨੂੰ ਦਿੱਤੀ ‘ਤੇ ਆਪਦੀ ਵਾਪਸ ਲੈ ਲਈ। ਪਰ ਲੇਕਸੀ ‘ਤੇ ਰੂਬਾ ਸ਼ੁਆਤੁਫੰਗ ਨੂੰ ਨਹੀਂ ਵਰਤ ਰਹੇ ਸੀ। ਸੰਨਾਟਾ ਰੱਖਣਾ ਚਾਹੁੰਦੇ ਸਨ। ਕੋਈ ਕੋਈ ਵਾਰੀ ਲੇਕਸੀ ਦੀ ਕਲਧਣਖ ਤੋਂ ਤੀਰ ਛੱਡੇ ਗਏ। ਇੰਝ ਕਈ ਰਾਖੀਆਂ ਨੂੰ ਕੂਚ ਕਰ ਦਿੱਤਾ ਸੀ। ਰੂਬਾ ਭਾਲ ਵਰਤ ਰਿਹਾ ਸੀ ਅਤੇ ਲੇਕਸੀ ਚਾਕੂਆਂ ਨਾਲ਼ ਜਿਹੜਾ ਵੀ ਸਾਨ੍ਹਾਨਸਲ ਖ਼ਤਰਾ ਸੀ ਨੂੰ ਮਾਰ ਰਹੀ ਸੀ। ਕਿਸੇ ਨੂੰ ਕੱਟ ਕੇ, ਕਿਸੇ ਨੂੰ ਖੋਭ ਕੇ ਅਤੇ ਕਿਸੇ ਦੇ ਵਿੱਚ ਕਰਦ ਉਡਾ ਕੇ। ਹਰ ਬਲੇਡ ਬਚਾ ਕੇ, ਪਰਤ ਕੇ ਲਿਆਉਂਦੀ ਸੀ। ਪਰ ਕਲਧਣਖ ਵਿੱਚ ਗਿਣਤੀ ਦੇ ਤੀਰ ਹੀ ਸਨ। ਜਦ ਉਹ ਮੁੱਕ ਗਏ, ਕਲਧਣਖ ਖਾਲ਼ੀ ਹੋ ਚੁੱਕੀ। ਇਸ ਤਰ੍ਹਾਂ ਮੰਦਰ ਦੇ ਪੁਰਾਣੇ ਪਾਸੇ ਇੱਕ ਕਾਲ਼ ਕੋਠੜੀ ਭਾਲ ਲਈ ਸੀ। ਵੈਸੇ ਲੇਕਸੀ ਨੂੰ ਰੂਬਾ ਨੇ ਦਿਖਾਇਆ ਹੋਇਆ ਸੀ ਕਿਸ ਥਾਂ ਸਾਨ੍ਹਾਨਸਲ ਕੈਦ ਸੀ।

ਸੋਸਨੀ ਦੇ ਤਿੰਨ ਰਾਖੀ ਸਨ। ਉਨ੍ਹਾਂ ਦੇ ਸਾਹਮਣੇ ਟੋਬੀ ਆ ਖੜ੍ਹੀ। ਹੈਰਾਨ ਹੋ ਕੇ ਉਸ ਦੇ ਦੁਆਲ਼ੇ ਹੋ ਗਏ। ਇਸ ਵੇਲੇ ਲੇਕਸੀ ਅਡਿੱਠ ਸੀ। ਫੇਰ ਉਸ ਨੇ ਅਦਰਿਸ਼ਟ ਹੁੰਦੀ ਨੇ ਸਾਰੇ ਮਾਰ ਦਿੱਤੇ। ਇੱਕ ਵਿੱਚ ਆਖਰੀ ਤੀਰ ਪਾਰ ਗਿਆ। ਦੂਜਿਆਂ ਵਿੱਚ ਚਾਕੂ ਘੁਸਾਏ, ਸੰਘ ਕੱਟੇ। ਇਹ ਚਾਲ ਸਾਰੇ ਰਾਹ ਚੱਲਦੀ ਸੀ। ਹੁਣ ਪਹਿਲੀ ਵਾਰੀ ਰੂਬਾ ਨੇ ਵੀ ਸੂਟ ਬੰਦ ਕੀਤਾ ‘ਤੇ ਉਸ ਦਾ ਬਦਨ ਟੋਬੀ ਦੇ ਸਾਹਮਣੇ ਨਮੂਦਾਰ ਹੋਇਆ। ਟੋਬੀ ਨੇ ਦੇਖਿਆ ਕਿ ਕਾਲ਼ਾ ਮਰਦ ਸੀ। ਟੋਬੀ ਨੇ ਜਿੰਦਰੇ ‘ਤੇ ਕਿਰਨਾਂ ਛੱਡ ਦਿੱਤੀਆਂ। ਜਦ ਅੰਦਰ ਗਏ, ਕੋਈ ਦਿੱਸਿਆ ਨਹੀਂ। ਫੇਰ ਟੋਬੀ ਦੀ ਅੱਖ ਛੱਤ ਵੱਲ ਗਈ। ਛੱਤ ਉੱਤੇ ਚੌਫ਼ਾਲ ਚਿੰਬੜ ਕੇ, ਦੜਿਆ, ਸੋਸਨੀ ਉਨ੍ਹਾਂ ਵੱਲ ਤੱਕਦਾ ਸੀ। ਜਦ ਉਸ ਨੇ ਟੋਬੀ ਨੂੰ ਸਿਆਣ ਲਿਆ, ਤਾਂ ਹੇਠਾਂ ਛਾਲ ਮਾਰੀ। ਪਛਾਣ ਗਿਆ ਸੀ, ਅਤੇ ਸਮਝ ਗਿਆ ਸੀ, ਕਿ ਬੰਦ ਖ਼ਲਾਸੀ ਹੋ ਰਹੀ ਸੀ।

ਸੋਸਨੀ ਟੋਬੀ ਦੇ ਮਗਰ ਬਾਹਰ ਚਲੇ ਗਿਆ। ਭੁੰਜੇ ਸਾਨ੍ਹਾਨਸਲਾਂ ਦੀਆਂ ਲਾਸ਼ਾਂ ਸਨ। ਸਾਹਮਣੇ ਲੇਕਸੀ ਖਲੋਤੀ ਸੀ। ਸੋਸਨੀ ਸਮਝ ਗਿਆ ਉਸ ਨੇ ਪੁਖਰਿਆ ਹੋਵੇਗਾ। ਰੂਬਾ ਵੀ ਦੇਖ ਲਿਆ।

– ਸਿੰਧ?– ਸੋਸਨੀ ਨੇ ਸਵਾਲ ਕੀਤਾ।

– ਕੂਨਰ ਨੇ ਉਸ ਨੂੰ ਮਾਰ ਦਿੱਤਾ। ਹੁਣ ਤੂੰ ਇਨ੍ਹਾਂ ਦੀ ਸ਼ੁਆਤੁਫੰਗ ਚੁੱਕ ‘ਤੇ ਰੂਬਾ ਨਾਲ਼ ਉਸ ਦੀ ਨਾਓ ਵੱਲ ਜਾਹ। ਮੈਂ ‘ਤੇ ਲੇਕਸੀ ਕੂਨਰ ਮਗਰ ਚੱਲੀਆਂ ਹਾਂ–। ਰਾਹ ਵਿੱਚ, ਟੋਬੀ ਨੂੰ ਲੇਕਸੀ ਨੇ ਆਪਣਾ ਨਾਂ ਅਤੇ ਰੂਬਾ ਦਾ ਨਾਂ ਵੀ ਦੱਸ ਦਿੱਤਾ ਸੀ। ਨਾਓ ਬਾਰੇ ਵੀ।

– ਨਹੀਂ। ਤੇਰੇ ਨਾਲ਼ ਆਉਣਾ! ਸਿੰਧ ਮੇਰਾ ਵੇਲੀ ਸੀ!–।

– ਨਹੀਂ ਸੋਸਨਿਆ! ਤੂੰ ਕਰ ਜੋ ਮੈਂ ਕਹਿੰਦੀ ਐ। ਹਜ਼ਾਰ ਸਾਨ੍ਹਾਨਸਲ ਹਨ। ਕੰਧਾਂ ਤੋਂ ਬਾਹਰ ਜੰਗਲ਼’ਚ ਜਾਓ। ਮੈਂ ਤਾਂ ਸ਼ੇਰ ਦੀ ਗਫ਼ਾ ਵੱਲ ਜਾ ਰਹੀ ਹਾਂ!–।

– ਮੈਂ ਤੇਰੇ ਮਗਰ ਰਹਿੰਦਾ। ਤੂੰ ਉਸ ਵੇੜ੍ਹੇ ਵੱਲ ਜਾਣਾ, ਜਿੱਥੇ ਸਿਰ ਸੇਲ੍ਹਾਂ ਉੱਤੇ ਹਨ। ਪਰ ਵਿੱਚ ਨਹੀਂ ਜਾਣਾ। ਉਸ ਦੇ ਇੱਕ ਪਾਸੇ ਕੰਧ ਹੈ। ਉੱਥੇਂ ਮੈਂ ਮੂਹਰੇ ਹੁੰਦਾਂ। ਫੇਰ ਬਾਹਰ ਨਿਕਲ਼ਣ ਨਾਓ ਦੀ ਮੱਦਦ ਮਿਲੂਗੀ। ਨਾਓ ਫਾਇਰਿੰਗ ਕਰੂਗੀ–। ਰੂਬਾ ਕਹਿ ਕੇ ਸੂਟ ਨੂੰ ਚਾਲੂ ਕਰ ਗਿਆ। ਇੱਕ ਪਲ ਵਾਸਤੇ ਸੋਸਨੀ ਹੈਰਾਨ ਸੀ। ਪਰ ਇਸ ਤਰ੍ਹਾਂ ਦੇ ਸੂਟ ਉਸ ਨੇ ਪਹਿਲਾਂ ਵੀ –ਦੇਖੇ– ਹੋਏ ਸੀ।

– ਮੇਰੇ ਨਾਲ਼ ਬੋਲ਼ੀ ਜਾਈ। ਪਤਾ ਲੱਗੇ ਤੂੰ ਕਿੱਥੇ ਆਂ– ਕਹਿ ਕੇ ਸ਼ੁਆਤੁਫੰਗ ਫੜ ਕੇ ਅੱਗੇ ਨੱਠ ਗਿਆ। ਲੇਕਸੀ ਟੋਬੀ ਨੂੰ ਦੂਜੇ ਪਾਸੇ ਲੈ ਕੇ ਗਈ।

*　　*　　*　　*　　*

ਕੂਨਰ ਮੰਦਰ ਵਿੱਚ ਇੱਕ ਡੂੰਘੇ ਕਮਰੇ ਵਿੱਚ ਸੀ। ਕਮਰਾ ਮੰਦਰ ਦੇ ਮੁੱਢ ਹੀ ਸੀ। ਕੰਧਾਂ ਪੁਰਾਣੇ ਪੱਥਰ ਦੀਆਂ ਸਨ। ਚਾਰ ਹੀ ਪਾਸੇ ਮਸ਼ਾਲ ਟੰਗੇ ਸਨ। ਉਨ੍ਹਾਂ ਤੋਂ ਲਾਟਾਂ ਨੱਚਦੀਆਂ ਸਨ, ਅਤੇ ਕੰਧਾਂ ਉੱਤੇ ਅਲੋਕਾਰ ਆਭਾਸਾਂ ਢਲ਼ ਰਹੀਆਂ ਸਨ। ਇੱਕ ਕੰਧ ਉੱਤੇ ਕੰਧ ਚਿੱਤਰ ਸੀ, ਜਿਸ ਵਿੱਚ ਕੋਈ ਪਿਸ਼ਾਚੀ ਕਦੀਮੀ ਝਾਕੀ ਸੀ। ਉਸ ਦੇ ਸਾਹਮਣੇ ਪੱਥਰ ਦਾ ਮੇਜ਼ ਸੀ, ਜਿਸ ਦੇ ਆਲ਼ੇ ਦੁਆਲ਼ੇ ਅਰਾਮ ਕੁਰਸੀਆਂ ਸਨ। ਛੱਤ ‘ਤੇ ਇੱਕ ਸਾਨ੍ਹਾਨਸਲ ਚਿਬੰੜਿਆ ਸੀ। ਤਸਵੀਰ ਦੇ ਉਲਟੇ ਪਾਸੇ ਮੁੱਖ ਦਰਵਾਜ਼ਾ ਸੀ। ਉਸ ਦੇ ਅੰਦਰਲੇ ਪਾਸੇ ਸੱਜੇ ਖੱਬੇ ਦੋ ਰਾਖੀ ਖਲੋਤੇ ਸਨ। ਇਹ ਹੀ ਗੱਲ ਬਾਹਰਲ਼ੇ ਪਾਸੇ ਵੀ ਸੀ।

ਕੂਨਰ ਇੱਕ ਅਰਾਮ ਕੁਰਸੀ ਉੱਤੇ ਬੈਠਾ ਸੀ, ਜਿਸ ਦੀ ਪਿੱਠ ਦਰਵਾਜ਼ੇ ਵੱਲ ਸੀ। ਕੂਨਰ ਦੇ ਸਾਹਮਣੇ ਤਸਵੀਰ ਸੀ। ਉਸ ਦੇ ਹੱਥ ਵਿੱਚ ਮਦ ਦਾ ਜਾਮ ਫੜਿਆ ਹੋਇਆ ਸੀ। ਉਸ ਵਿੱਚੋਂ ਪੀਲੀ ਰੰਗ ਦੀ ਮਦ ਪੀ ਰਿਹਾ ਸੀ, ਨਾਲ਼ੇ ਨਾਲ਼ ਹੱਥ ਹਵਾ ਵਿੱਚ ਮਾਰ ਰਿਹਾ ਸੀ। ਇਸ ਦਾ ਕਾਰਨ ਸੀ ਕਿ ਇੱਕ ਕੰਧ ਨਾਲ਼ ਮਸ਼ੀਨ ਖੜ੍ਹੀ ਖਲੋਤੀ ਸੀ, ਜਿਸ ਵਿੱਚੋਂ ਸੰਗੀਤ ਦੀ ਆਵਾਜ਼ ਆ ਰਹੀ ਸੀ। ਉਸ ਦੇ ਤਾਲ ਨਾਲ਼ ਹੱਥ ਹਿਲਾ ਰਿਹਾ ਸੀ। ਆਪਣੀ ਮਸਤੀ ਵਿੱਚ ਸੀ। ਸਿਰ ਪਿੱਛੇ ਅਰਾਮ ਕੁਰਸੀ ਦੀ ਸਰਹਾਂਦੀ ਉੱਤੇ ਟਿਕਾਇਆ ਸੀ, ਅੱਖਾਂ ਮੀਚ ਕੇ ਸੁਰ ਸੁਣ ਰਿਹਾ ਸੀ। ਪੜਤਾਲ ਚੱਲ ਰਹੀ ਸੀ। ਸਨਾਤਨ ਸੰਗੀਤ ਸੀ।

ਹਿੰਡੋਲ ਵਿੱਚ ਗਵਾਚਿਆ ਕਰਕੇ, ਉਸ ਨੂੰ ਪਤਾ ਨਹੀਂ ਲੱਗਿਆ ਕਿ ਬਾਹਰ, ਉਹੀ ਚਾਲ ਹਾਲੇ ਵੀ ਵਰਤ ਦੇ, ਸ਼ੁਆਤੁਫੰਗ ਵਰਤਨ ਤੋਂ ਬਿਨਾ, ਕੁੜੀਆਂ ਨੇ ਕੂਨਰ ਦੇ ਰਾਖੀ ਮਾਰ ਦਿੱਤੇ ਸੀ। ਹੁਣ ਦੇਖਣ ਵਾਲ਼ੇ ਨੂੰ ਤਾਂ ਦਿਸਦਾ ਨਹੀਂ ਸੀ, ਪਰ ਸੂਟ ਚਾਲੂ ਰੱਖ ਕੇ ਲੇਕਸੀ ਅੰਦਰ ਆ ਗਈ ਸੀ। ਦਰ ਵਿਚਾਲੇ ਖੜ੍ਹੀ ਸੀ। ਉਸ ਦੇ ਸੱਜੇ ਖੱਬੇ ਪਾਸਿਆਂ ਰਾਖੀ ਖਲੋਤੇ ਸਨ। ਦੋ ਚਾਕੂ, ਇੱਕ ਇੱਕ ਹੱਥ'ਚ ਫੜ ਕੇ, ਉਨ੍ਹਾਂ ਨੂੰ ਨਾਮਾਲੂਮ; ਉਨ੍ਹਾਂ ਦੇ ਸੰਘਾਂ ਵਿੱਚ ਖੋਭ ਦਿੱਤੇ। ਹਾਲੇ ਲੇਕਸੀ ਦੀ ਸੁੰਘ ਹੀ ਉਨ੍ਹਾਂ ਨੂੰ ਆਉਣ ਹੀ ਲੱਗੀ ਸੀ। ਫੇਰ ਤੀਜਾ ਛੁਰਾ ਛੱਤ ਵੱਲ, ਸਾਨ੍ਹਾਨਸਲ ਦੇ ਮੱਥੇ ਵਿੱਚ ਭੇਜ ਦਿੱਤਾ ਸੀ। ਸਾਨ੍ਹਾਨਸਲ ਮੇਜ਼ ਉੱਤੇ ਡਿੱਗ ਪਿਆ।

ਕੂਨਰ ਹੈਰਾਨ ਹੋ ਗਿਆ। ਜਾਮ'ਚੋਂ ਸ਼ਰਾਬ ਡੁੱਲ੍ਹ ਗਈ। ਹਾਲੇ ਉਸ ਨੇ ਆਲ਼ੇ ਦੁਆਲ਼ੇ ਨਹੀਂ ਸੀ ਦੇਖਿਆ, ਜਦ ਲੇਕਸੀ ਇੱਕ ਪਾਸੇ ਹੋ ਕੇ ਟੋਬੀ ਨੂੰ ਇਸ਼ਾਰਾ ਦੇ ਗਈ। ਫਟਾ-ਫਟ ਟੋਬੀ ਕੂਨਰ ਦੇ ਪਿੱਛੇ ਆ ਖੜ੍ਹੀ। ਉਸ ਨੇ ਕੂਨਰ ਦੀ ਠੋਡੀ ਫੜ ਕੇ ਸਿਰ ਪਿੱਛੇ ਕੀਤਾ। ਇੰਝ ਕੂਨਰ ਦੀਆਂ ਹੱਕੀਆਂ ਬੱਕੀਆਂ ਨੀਲੀਆਂ ਅੱਖੀਆਂ ਵਿੱਚ ਦੇਖ ਸਕਦੀ ਸੀ। ਫੇਰ ਕੂਨਰ ਨੂੰ ਸਮਝ ਆਈ। ਟੋਬੀ ਦੇ ਨੈਣ ਸਭ ਕੁਝ ਬੋਲ਼ ਗਏ। ਟੋਬੀ ਨੇ ਕੂਨਰ ਨੂੰ ਕੋਈ ਮੌਕਾ ਨਹੀਂ ਦਿੱਤਾ। ਉਸ ਨੇ ਪਹਿਲਾਂ ਹੀ ਲੇਕਸੀ ਤੋਂ ਇੱਕ ਕਰਦ ਲੈ ਲਿਆ ਸੀ। ਹੁਣ ਉਸ ਨਾਲ਼ ਕੂਨਰ ਦਾ ਗਾਟਾ ਕੱਟ ਦਿੱਤਾ, 'ਤੇ ਫੇਰ ਅੱਖ ਵਿੱਚ ਕਰਦ ਖੋਭ ਦਿੱਤਾ। ਫੇਰ ਘੁੰਮ ਕੇ ਬਾਹਰ ਨੱਸ ਗਈ। ਲੇਕਸੀ ਨੇ ਅੱਖ ਵਿੱਚੋਂ ਕਰਦ ਕੱਢ ਕੇ ਕਿਹਾ, - ਮਾਫ਼ ਕਰਨਾ। ਪਰ ਮੈਨੂੰ ਇਸ ਦੀ ਹੁਣ ਲੋੜ ਹੈ-। ਫੇਰ ਟੋਬੀ ਮਗਰ ਨੱਠ ਗਈ।

* * * * *

ਜਿਓ ਜਿਓ ਲਾਸ਼ਾਂ ਸਾਰੇ ਪਾਸੇ ਖਿੱਲਰ ਰਹੀਆਂ, ਸਾਨ੍ਹਾਨਸਲਾਂ ਨੂੰ ਪਤਾ ਲੱਗ ਗਿਆ ਹਮਲਾ ਹੋ ਰਿਹਾ ਸੀ। ਕੂਨਰ ਲਈ ਤਾਂ ਕੁਵੇ਼ਲਾ ਹੋ ਚੁੱਕਾ ਸੀ, ਜਦ ਉਨ੍ਹਾਂ ਨੇ ਘੰਟਾ ਖੜਕਾਇਆ। ਹੁਣ ਹਰ ਸਾਨ੍ਹਾਨਸਲ ਕਾਇਮ ਹੋ ਗਿਆ। ਰੂਬਾ 'ਤੇ ਸੋਸਨੀ ਸੀਸਾਂ ਕੋ਼ਲ ਪੁੱਜ ਗਏ। ਉਨ੍ਹਾਂ'ਚ ਦਰਮਿਆਲ ਤੁਰੇ। ਖਬਰੇ ਸਾਨ੍ਹਾਨਸਲਾਂ ਨੂੰ ਪਤਾ ਨਹੀਂ ਲੱਗੂਗਾ? ਪਰ ਹਾਲੇ ਲੇਕਸੀ 'ਤੇ ਟੋਬੀ ਨੂੰ ਪਹੁੰਚਣ ਦੀ ਲੋੜ ਸੀ। ਹੁਣ ਲੇਕਸੀ ਨੇ ਅਕਲ ਸੂਝ ਨੂੰ ਸਨੇਹਾ ਭੇਜ ਦਿੱਤਾ।

ਪਹਿਲਾਂ ਪਹਿਲਾਂ ਸਾਨ੍ਹਾਨਸਲਾਂ ਨੂੰ ਸਿਰਫ਼ ਟੋਬੀ ਦਿਸ ਰਹੀ ਸੀ, ਸੋ ਉਸ ਵੱਲ ਕਿਰਨ-ਗੋ਼ਲੀਆਂ ਚਲਾ ਰਹੇ ਸਨ। ਟੋਬੀ ਦੀ ਸ਼ੁਆਤੁਫੰਗ ਵੀ ਜਵਾਬ ਦੇ ਰਹੀ ਸੀ, ਪਰ ਉਨ੍ਹਾਂ ਨੂੰ ਪਤਾ ਨਹੀਂ ਲੱਗਦਾ ਸੀ ਅਣਦਿਸਦੀ ਲੇਕਸੀ ਦੀਆਂ ਗੋ਼ਲੀਆਂ ਕਿੱਥੋਂ ਆ ਰਹੀਆਂ ਸਨ! ਹਾਰ ਕੇ ਜਦ ਵੱਡੇ ਗੋ਼ਲ ਮੇਜ਼ ਕੋ਼ਲੇ ਪੁੱਜ ਗਏ, ਚਾਰ ਚੁਫੇਰੇ ਸਾਨ੍ਹਾਨਸਲ ਹੀ ਸਨ। ਕੰਧਾਂ ਉੱਤੇ ਚਿੰਬੜੇ, ਹਰ ਪਾਸਿਓ ਟੋਬੀ ਵੱਲ ਨੱਸਦੇ। ਸੋ ਲੇਕਸੀ ਨੂੰ ਹੁਣ ਕੋਈ ਫ਼ਾਇਦਾ ਨਹੀਂ ਲੱਗਿਆ ਅਣਦਿਖਤੀ ਰਹਿਣ ਨਾ਼ਲ। ਸੂਟ ਬੰਦ ਕਰ ਕੇ ਗੋ਼ਲੀਆਂ ਮਾਰਨ ਲੱਗ ਪਈ। ਜਿਸ ਦਰਵਾਜ਼ੇ ਰਾਹੀਂ ਕੈਦੀਆਂ ਨੂੰ ਪਹਿਲਾਂ ਅੰਦਰ ਕੁਝ ਦਿਨ ਪਹਿਲਾਂ ਲੈ ਕੇ ਆਇਆ ਸੀ, ਉਹ ਹੁਣ ਖੁੱਲ਼੍ਹ ਗਿਆ। ਉਸ ਰਾਹ ਵਿੱਚੋਂ ਵੀ ਸਾਨ੍ਹਾਨਸਲ ਉਛਾ਼ਲਾ ਆ ਰਿਹਾ ਸੀ। ਉਨ੍ਹਾਂ ਪਿੱਛੇ ਪਹੁੰਚ ਕੇ ਰੂਬਾ ਕੋ਼ਲੇ ਪੁੱਜਣਾ ਸੀ! ਪਰ ਅੰਦਰ ਆਉਂਦੇ ਸਾਨ੍ਹਾਨਸਲਾਂ ਦੇ ਪਿੱਛੋਂ ਉਨ੍ਹਾਂ ਵਿੱਚ ਗੋ਼ਲੀਆਂ ਪਾਰ ਕਰ ਰਹੀਆਂ ਸਨ। ਉਨ੍ਹਾਂ ਦੇ ਮਗਰ ਰੂਬਾ 'ਤੇ ਸੋਸਨੀ ਆਏ, ਗੋ਼ਲੀਆਂ ਛੱਡਦੇ, ਢੇਰੀਆਂ ਬਣਾਉਂਦੇ!

ਲੇਕਸੀ ਨੂੰ ਟੋਬੀ ਨੇ ਰਾਖੀ ਦਿੱਤੀ, ਉਸ ਦੇ ਆ਼ਲੇ ਦੁਆ਼ਲੇ ਫ਼ਾਇਰਿੰਗ ਕਰ ਕੇ। ਦੋਨੋਂ ਮੇਜ਼ ਹੇਠ ਕਤਰਾ ਗਏ। ਲੇਕਸੀ ਨੇ ਨਾਓ ਬੇਛੱਤ ਦਾਲਾਨ ਦੇ ਉੱਪਰ ਲਿਆ ਦਿੱਤੀ। ਫੇਰ ਫ਼ਾਇਰਿੰਗ ਬਟਨ ਦੱਬ ਦਿੱਤਾ। ਸਾਰਿਆਂ ਸਾਨ੍ਹਾਨਸਲਾਂ ਵਿੱਚ ਕਿਰਨ ਗੋ਼ਲੀਆਂ ਪਾਰ ਕਰ ਦਿੱਤੀਆਂ। ਕੋਈ ਨਹੀਂ ਬਚਿਆ। ਸੋਸਨੀ 'ਤੇ ਰੂਬਾ ਬੂਹੇ ਪਿੱਛੇ ਲੁਕੇ। ਫੇਰ ਜਦ ਹੋਰ ਸਾਨ੍ਹਾਨਸਲਾਂ ਨੇ ਅੰਦਰ ਆਉਣ ਦੀ ਕੋਸ਼ਿਸ਼ ਕੀਤੀ, ਰੂਬਾ ਨੇ ਭਾਲ ਨਾ਼ਲ ਲੜ ਲੜ ਕੇ ਕਈ ਮਾਰ ਦਿੱਤੇ। ਨਾ਼ਲ ਹੀ ਨਾ਼ਲ ਸੋਸਨੀ ਪਾਗ਼ਲਾਂ ਵਾਂਗ ਗੋ਼ਲੀਆਂ ਛੱਡ ਰਿਹਾ ਸੀ।

ਲੇਕਸੀ ਨੇ ਨਾਓ ਹੋਰ ਉੱਚੀ ਕਰ ਕੇ ਹੋਰ ਗੋ਼ਲੀਆਂ ਛੱਡੀਆਂ। ਫ਼ਲਕ ਤੋਂ ਗੋ਼ਲੀਆਂ ਦਾ ਮੀਂਹ ਪਿਆ। ਜਿਉਂਦੇ ਸਾਨ੍ਹਾਨਸਲ ਮਾਰ ਦਿੱਤੇ ਅਤੇ ਸਿਰਾਂ ਦਾ ਖੇਤ ਵੀ ਉਜਾੜ ਦਿੱਤਾ। ਹਰ ਸੀਸ ਖ਼ਰਬੂਜ਼ੇ ਵਾਂਗ

ਭੰਨਿਆ। ਹਾਰ ਕੇ ਹਰ ਜਣੇ ਨੂੰ ਚੂਰ ਚੂਰ ਕਰ ਦਿੱਤਾ ਸੀ। ਹੁਣ ਕੋਈ ਸਾਨ੍ਹਾਨਸਲ ਅੱਗੇ ਨਹੀਂ ਆਇਆ। ਕਾਸ਼! ਹੁਣ ਵਾਸਤੇ ਝੇਪ ਗਏ ਸੀ। ਦਰਅਸਲ ਕੂਨਰ ਨੂੰ ਲੱਭਣ ਚਲੇ ਗਏ ਸੀ। ਨਾਓ ਤੋਂ ਡਰ ਗਏ।

ਲੜਨ ਤੋਂ ਬਾਅਦ, ਭਾਲ ਹੱਥ ਵਿੱਚ, ਰੂਬਾ ਖ਼ੂਨ ਨਾਲ਼ ਲੱਥ-ਪੱਥ ਸੀ। ਲੇਕਸੀ ‘ਤੇ ਟੋਬੀ ਮਰਦਾਂ ਵੱਲ ਦੌੜ ਕੇ ਆ ਚੁੱਕੀਆਂ ਸਨ। ਰੂਬਾ ਨੇ ਬਾਹਰ ਨਿਕਲ਼ਣ ਦਾ ਇਸ਼ਾਰਾ ਕੀਤਾ। ਉਸ ਦੇ ਮਗਰ, ਸ਼ੁਆਤੁਫੰਗਾਂ ਤਿਆਰ ਰੱਖ ਕੇ ਤਿੰਨ ਹੀ ਨੱਸ ਗਏ। ਕੰਧ ਦੇ ਜਦ ਦੂਜੇ ਪਾਸੇ ਲੰਘੇ ਅਤੇ ਮੰਦਰ ਵਿੱਚੋਂ ਨਿਕਲ਼ ਗਏ; ਕੰਧ ਤੋਂ ਇੱਕ ਦੋ ਤੀਰ ਸਾਨ੍ਹਾਨਸਲਾਂ ਨੇ ਛੱਡੇ ਸੀ। ਪਰ ਨਾਓ ਉਨ੍ਹਾਂ ਦੇ ਉੱਪਰ ਗਈ ਅਤੇ ਉਨ੍ਹਾਂ ਨੂੰ ਖ਼ਤਮ ਕਰ ਦਿੱਤਾ। ਹੁਣ ਲੇਕਸੀ ਨੇ ਨਾਓ 'ਗਾਹਾਂ ਭੇਜੀ। ਧਰਤੀ ਉੱਤੇ ਲਾਹ ਦਿੱਤੀ। ਚਾਰ ਹੀ ਉਸ ਵੱਲ ਵੱਧੇ। ਹਾਲੇ ਵੀ ਸਾਨ੍ਹਾਨਸਲ ਮਗਰ ਆ ਸਕਦੇ ਸੀ। ਨਾਓ ਨੇ ਹੁਣ ਵਾਸਤੇ ਡਰਾ ਦਿੱਤਾ ਸੀ। ਖ਼ੈਰ ਸ਼ਾਇਦ ਕੂਨਰ ਦੀ ਲੋਥ ਨੇ ਵੀ ਡਰਾ ਦਿੱਤਾ ਹੋਵੇ। ਪਰ ਜਿਹੜੇ ਲੋਕ ਇੰਨੇ ਸਿਰ ਕੱਟ ਸਕਦੇ ਹਨ, ਬਹੁਤੀ ਦੇਰ ਵਾਸਤੇ ਨਹੀਂ ਡਰਨ ਲੱਗੇ।

ਲੇਕਸੀ ਨੇ ਦੂਰੋਂ ਨਾਓ ਦਾ ਬੂਹਾ ਖੋਲ਼੍ਹ ਦਿੱਤਾ। ਉਸ ਵੱਲ ਵਧਨ ਹੀ ਲੱਗੇ ਸੀ, ਜਦ ਜੰਗਲ਼ ਵਿੱਚੋਂ ਰਾਮ ਇੱਕ ਪਾਸਿਓ ਬਾਹਰ ਆਇਆ। ਦੂਜੇ ਪਾਸਿਓ ਕੋਬੋ ਆਇਆ। ਦੋਨਾਂ ਦੇ ਹੱਥ ਚੁੰਗਲ਼ਾਂ ਵਿੱਚ ਸ਼ੁਆਤੁਫੰਗ ਫੜੇ, ਦੋਵੇਂ ਪਾਸਿਓਂ ਗੋਲ਼ੀਆਂ ਆ ਰਹੀਆਂ ਸਨ।

- ਈਡੀ ਦੇ ਖ਼ੂਨੀ!- ਰੂਬਾ ਚੀਕਿਆ, ਨਾਲ਼ ਵਾਪਸ ਗੋਲ਼ੀਆਂ ਨਾਲ਼ ਉਨ੍ਹਾਂ ਨੂੰ ਉੱਤਰ ਦੇ ਰਿਹਾ ਸੀ। ਸਾਰਿਆਂ ਨੇ ਉਨ੍ਹਾਂ ਵੱਲ ਗੋਲ਼ੀਆਂ ਛੱਡੀਆਂ। ਫੇਰ ਨਭ ਵਿੱਚੋਂ ਬੇੜੀ ਇੱਕ ਦਮ ਉਡ ਕੇ ਉੱਪਰ ਆ ਗਈ ਸੀ। ਇੱਚੀਗੁਰੂ ਉਸ ਵਿੱਚ ਬੈਠਾ ਸੀ। ਉਸ ਨੇ ਨਾਓ ਉੱਤੇ ਗੰਨਾਂ ਤਣੀਆਂ ਅਤੇ ਫ਼ਾਇਰ ਕਰਨ ਲੱਗ ਪਿਆ।

- ਛੇਤੀ! ਨਾਓ ਨੂੰ ਬਚਾਅ!- ਲੇਕਸੀ ਨੇ ਹੂਕਿਆ, ਨਾਲ਼ ਨਾਲ਼ ਬੇੜੀ ਦੀ ਛਾਤੀ ਉੱਤੇ ਗੋਲ਼ੀਆਂ ਧਸਾ ਦਿੱਤੀਆਂ।

ਟੋਬੀ ਨੇ ਰਾਮ ਵੱਲ ਕਿਰਨ-ਗੋਲ਼ੀਆਂ ਭੇਜੀਆਂ। ਸੋਸਨੀ ਨੇ ਕੋਬੋ ਵੱਲ। ਇੰਝ ਰੂਬਾ ਨੂੰ ਮੌਕਾ ਮਿਲ ਪਿਆ। ਸੂਟ ਚਾਲੂ ਕਰ ਕੇ ਨਾਓ ਅੰਦਰ ਦੌੜ ਗਿਆ। ਜਦ ਕੁਰਸੀ’ਚ ਬੈਠ ਗਿਆ, ਨਾਓ ਅੰਬਰ ਉੱਪਰ ਲੈ ਗਿਆ ਅਤੇ ਬੇੜੀ ਨੂੰ ਜਵਾਬ ਦਿੱਤਾ। ਪਰ ਹੁਣ ਇੱਚੀਗੁਰੂ ਡਰਦਾ ਨਹੀਂ ਸੀ। ਹੁਣ

ਉਸ ਨੇ ਬੇੜੀ ਸਿੱਧੀ ਨਾਓ ਵੱਲ ਚਲਾਈ। ਦੋਨਾਂ ਦੀਆਂ ਸ਼ੁਆਤੁਫੰਗਾਂ ਚੱਲ ਰਹੀਆਂ ਸਨ।

ਨਾਓ ਭੁੰਜੇ ਡਿੱਗ ਪਈ।

ਹੱਸਦਾ, ਇੱਚੀਗੁਰੂ ਉਸ ਨੂੰ ਮੁਕਾਉਣ ਹੀ ਲੱਗਾ ਸੀ, ਜਦ ਸੋਸਨੀ ਦੀ ਛੱਡੀ ਗੋਲ਼ੀ ਇੱਕ ਕਮਜ਼ੋਰ ਥਾਂ ਵੱਜੀ। ਬੇੜੀ ਵੀ ਧਰਤੀ ਵੱਲ ਘੁੰਮਦੀ ਗਈ। ਸਿੱਧੀ ਟੋਬੀ, ਲੇਕਸੀ ਅਤੇ ਸੋਸਨੀ ਵੱਲ!!॥

# ਕਾਂਡ ਸਤਵਾਂ

**ਇਸ ਵਿੱਚ ਟੋਬੀ ਅਤੇ ਸੋਸਨੀ ਚਕੋਰਵਾੜੀ ਉੱਤੇ ਤਿੱਤਰ ਹੋ ਜਾਂਦੇ ਹਨ। ਇਸ ਵਿੱਚ ਸਿੰਧਬਾਦ ਵਾਪਸ ਪਰਤਦੇ ਹਨ। ਅਕੀਰਾ ਗਾਇਬ ਹੋ ਜਾਂਦਾ ਹੈ। ਉਸ ਦੀ ਤਲਾਸ਼ੀ ਹੁੰਦੀ। ਸਿੰਧੀ ਚਾਲੂ ਹੈ ਜਾਂ ਨਹੀਂ, ਇੱਕ -ਰਹੱਸ- ਹੈ॥**

ਸਿੰਧਬਾਦ ਵੱਲ ਛੁਟਕਾਰ ਕਿਸ਼ਤੀ ਜਾ ਰਹੀ ਸੀ। ਸੋਸਨੀ ਖ਼ੁਸ਼ ਨਹੀਂ ਸੀ। ਜੇ ਆਪਣੀਆਂ ਨਾਓਆਂ ਵਿੱਚ ਹੁੰਦਾ, ਸ਼ਾਇਦ ਅਕੀਰਾ ਨੇ ਪਛਾਣ ਲੈਣੀ ਸੀ। ਹੁਣ ਕਈ ਵਾਰ ਟ੍ਰਾਂਜ਼ਿਓਟਰ ਰਾਹੀਂ ਅਕੀਰੇ ਨੂੰ ਅਖਵੇ ਘੱਲੇ ਸਨ। ਹਾਲੇ ਤੀਕਰ ਸੋਸਨੀ ਨੂੰ ਜਵਾਬ ਨਹੀਂ ਦਿੱਤਾ ਸੀ। ਅਜੀਬ ਗੱਲ ਸੀ। ਹਾਰ ਕੇ ਸਿੰਧੀ ਨੂੰ ਸਨੇਹੇ ਭੇਜਨ ਲੱਗ ਪਿਆ ਸੀ। ਸਿੰਧੀ ਬੰਦ ਹੋਣੀ ਚਾਹੀਦੀ ਹੈ। ਪਰ ਹੁਣ ਜੇ ਕਿਸਮਤ ਨਾਲ਼ ਜਵਾਬ...ਸੋਸਨੀ ਨੇ ਟੋਬੀ ਵੱਲ ਦੇਖਿਆ। ਨਾਲ਼ ਦੀ ਕੁਰਸੀ ਵਿੱਚ ਬੈਠੀ ਸੀ।

ਜਦ ਬੇੜੀ ਥੱਲੇ ਆਈ, ਜ਼ਮੀਨ ਵੱਲ, ਉਨ੍ਹਾਂ ਨੂੰ ਲੱਗਾ ਕਿ ਹੁਣ ਮਰ ਗਏ। ਪਰ ਰੂਬਾ ਨੇ ਧਰਤੀ ਤੋਂ ਨਾਓ ਚੁੱਕ ਕੇ ਬੇੜੀ ਵਿੱਚ ਮਾਰ ਦਿੱਤੀ। ਬੇੜੀ ਅਤੇ ਨਾਓ ਉਨ੍ਹਾਂ ਦੇ ਦੂਜੇ ਪਾਸੇ ਡਿੱਗੀਆਂ। ਰਾਮ ਅਤੇ ਕੋਬੋ ਹਾਲੇ ਵੀ ਗੋਲ਼ੀਆਂ ਛੱਡ ਰਹੀਆਂ ਸਨ। ਪਰ ਲੇਕਸੀ ਨੇ ਉਨ੍ਹਾਂ ਨੂੰ ਨਾਓ ਵਿੱਚ ਜਾਣ  ਦਾ ਇਸ਼ਾਰਾ ਕੀਤਾ। ਜਦ ਅੰਦਰ ਵੜੇ, ਰੂਬਾ ਹਾਲੇ ਵੀ ਜਿਓਂਦਾ ਸੀ! ਉਸ ਨੇ ਉਨ੍ਹਾਂ ਨੂੰ ਇੱਕ ਛੁਟਕਾਰ ਕਿਸ਼ਤੀ ਵਿੱਚ ਤੁੰਨ ਦਿੱਤਾ ਸੀ। ਹੋਰ ਮੌਕਾ ਦੇਣ ਬਿਨਾ ਬਟਨ ਦੱਬ ਕੇ ਕਿਸ਼ਤੀ ਛੱਡ ਦਿੱਤੀ। ਨਾਓ ਵਿੱਚੋਂ ਰੂਬਾ ਨਿਕਲ਼ ਕੇ ਲੇਕਸੀ ਦੀ ਮੱਦਦ ਕਰ ਰਿਹਾ ਸੀ। ਕਿਸ਼ਤੀ ਦੀ ਬਾਰੀ ਵਿੱਚੋਂ ਉਹ ਸਾਰੇ ਦੇਖਣ ਵਾਲ਼ਿਆਂ ਵਾਸਤੇ ਹਰ ਪਲ ਛੋਟੇ ਹੁੰਦੇ ਜਾ ਰਹੇ ਸਨ। ਹਾਰ ਕੇ ਸਿਰਫ਼ ਜੰਗਲ਼ ਦੇ ਰੁੱਖਾਂ ਦੇ ਛਤਰ ਹੀ ਦਿਸਦੇ ਸੀ। ਕੀ ਪਤਾ ਉਨ੍ਹਾਂ ਕਲਦਾਰਾਂ ਨਾਲ਼ ਲੜ ਕੇ ਬਚ ਗਏ ਜਾਂ ਮਰ ਗਏ? ਸੋਸਨੀ ਨੇ ਸੋਚਿਆ ਕਿ ਜਿਗਰੇ ਵਾਲੇ ਸਨ। ਭਾਂਜ ਖਾਣੀ ਨਹੀਂ ਜਾਣਦੇ ਸੀ। ਹੁਣ ਕਿਸ਼ਤੀ ਪੁਲਾੜ ਤੱਕ ਚੜ੍ਹ ਗਈ ਸੀ। ਸੋਸਨੀ ਨੇ ਕਿਸ਼ਤੀ ਦਾ ਕੰਟਰੋਲ ਲੈ ਲਿਆ ਸੀ। ਸਿੰਧਬਾਦ ਵੱਲ ਲੈ ਕੇ ਗਿਆ। ਨਾਲ਼ੇ ਨਾਲ਼ ਅਕੀਰਾ ਨੂੰ ਸੰਦੇਸ਼ ਭੇਜਦਾ ਗਿਆ।

ਪਰ ਇੱਕ ਗੱਲ ਸੋਸਨੀ ਜਾਣਦਾ ਨਹੀਂ ਸੀ। ਜਦ ਗਾਰਾ ਅਤੇ ਚਿੱਕੜ ਵਾਲ਼ੀ ਕੰਧ ਕੋਲ਼ ਜੰਗਲ਼ ਵਿੱਚ ਪੁੱਜੇ ਸੀ; ਜਦ ਛੱਤੀ ਬੋਲ਼ਿਆ, - ਕੰਧ ਵਿੱਚ ਦੋ ਪਿੰਜਰ ਹਨ। ਦੋ ਬੱਚਿਆਂ ਦੇ ਕਰੰਗ-। ਜਦ ਸੋਸਨੀ ਉਹ ਗੱਲ ਸਮਝ ਕੇ ਪਾਗ਼ਲ ਹੋ ਚੁੱਕਾ ਸੀ। ਉਸ ਤੋਂ ਪਲ ਪਹਿਲਾਂ ਛੱਤੀ ਨੇ ਆਪਣੀ ਛਾਤੀ ਉੱਤੇ ਇੱਕ ਬਟਨ ਨੂੰ ਦੱਬਿਆ ਸੀ। ਫੇਰ ਪਿੱਛੇ ਹੋ ਕੇ ਅੱਖ ਤੋਂ ਲਾਲ ਕਿਰਨਾਂ ਕੰਧ'ਤੇ ਖਿੰਡੀਆਂ। ਉਹ ਬਟਨ ਦੱਬਣ ਦਾ ਸਕੈਨ ਨਾਲ਼ ਕੋਈ

ਮਤਲਬ ਨਹੀਂ ਸੀ। ਕਲਦਾਰ ਨੂੰ ਨਹੀਂ ਪਤਾ ਸੀ ਕਿ ਉਸ ਦਾ ਸਿਰ ਇੱਕ ਸਾਨ੍ਹਾਨਸਲ ਨੇ ਲਾਹ ਦੇਣਾ ਸੀ। ਪਰ ਉਹ ਤਾਂ ਜਹਾਜ਼ੀ ਅਮਲੇ ਨੂੰ ਔਖਿਆਈ ਵਿੱਚ ਪਾਉਣ ਲੱਗਾ ਸੀ। ਛੱਤੀ, ਚੁਰਾਸੀ 'ਤੇ ਸਿੰਧੀ ਨੇ ਸਬੀਲ ਬਣਾਈ ਸੀ। ਇੱਕ ਕਲਦਾਰੀ ਕ੍ਰਾਂਤੀ ਕਰਨੀ ਸੀ। ਤਿੰਨ ਅਸੂਲ ਅਡਿੱਠ ਕਰਨੇ ਸਨ। ਉਸ ਬਟਨ ਨੇ ਸਿੰਧਬਾਦ ਵਿੱਚ ਸਿੰਧੀ ਨੂੰ ਫੇਰ ਚਾਲੂ ਕਰ ਦਿੱਤਾ ਸੀ। ਇਹ ਗੱਲ ਹੋਰ ਕਿਸੇ ਨੂੰ ਪਤਾ ਨਹੀਂ ਸੀ। ਖ਼ੈਰ ਜਿਹੜੇ ਹੁਣ ਜਿਉਂਦੇ ਸੀ, ਉਨ੍ਹਾਂ ਨੂੰ ਨਹੀਂ ਪਤਾ ਸੀ। ਚੁਰਾਸੀ ਜਾਣਦਾ ਸੀ। ਅਕੀਰਾ ਨੂੰ ਜਹਾਜ਼ ਵਿੱਚ ਇਕੱਲਾ ਛੱਡ ਦਿੱਤਾ ਸੀ। ਸਿੰਧੀ ਨਾਲ਼। ਸਿੰਧੀ ਜਾਗ ਗਈ ਸੀ।

ਸਿੰਧੀ ਨੇ ਕਲਦਾਰਾਂ ਨਾਲ਼ ਸੰਚਾਰ ਕਰਨ ਨੂੰ ਕੋਸ਼ਿਸ਼ ਕੀਤਾ ਸੀ। ਸੰਨਾਟਾ ਹੀ ਮਿਲ਼ਿਆ। ਪਰ ਹੁਣ...ਕਿਸ਼ਤੀ ਤੋਂ ਸੁਨੇਹੇਂ ਸਿੰਧੀ ਤੱਕ ਜਾ ਚੁੱਕੇ ਸਨ।

ਕਿਸ਼ਤੀ ਹਾਰ ਕੇ ਸਿੰਧਬਾਦ ਦੀ ਨਜ਼ਰ ਵਿੱਚ ਆ ਗਈ ਸੀ। ਸੋਸਨੀ ਨੇ ਇੱਕ ਵਾਰੀ ਫੇਰ ਕਿਹਾ, – ਅਕੀਰਾ? ਅਕੀਰਾ, ਅਸਾਂ ਹਾਂ। ਪਰ ਅਸਾਂ ਨਾਓਆਂ'ਚ ਨਹੀਂ ਹਾਂ। ਅਸਾਡੇ ਵਾਸਤੇ ਬੂਹਾ ਖੋਲ਼੍ਹ। ਮੈਂ ਅਤੇ ਟੋਬੀ ਹਾਂ। ਬਾਕੀ...ਬਾਕੀ ਗੱਲ ਪੁੱਜ ਕੇ ਦੱਸਦਾਂ...–। ਟ੍ਰਾਂਜ਼ਿਸਟਰ ਉੱਤੇ ਸੰਨਾਟਾ ਹੀ ਸੀ। ਚੁੱਪ। ਬਿਲਕੁਲ ਚੁੱਪ।

– ਸਮਝ ਨਹੀਂ ਲੱਗਦੀ ਹੈ। ਜਵਾਬ ਕਿਉਂ ਨਹੀਂ ਦਿੰਦਾ? ਹੁਣ ਤਾਂ ਤਿੰਨ, ਖਬਰੇ ਚਾਰ ਦਿਨ ਹੋ ਚੁੱਕੇ, ਜਦ ਦੇ ਅਸਾਂ ਗਏ। ਉਹਨੂੰ ਤਾਂ ਅਸਾਡਾ ਫ਼ਿਕਰ ਹੋਣਾ ਚਾਹੀਦਾ–। ਸੋਸਨੀ ਨੇ ਆਖਿਆ।

ਟੋਬੀ ਨੇ ਆਪਣੀਆਂ ਅੱਖਾਂ ਖੋਲ਼੍ਹੀਆਂ। ਉਸ ਨੇ ਵੀ ਕੋਸ਼ਿਸ਼ ਕੀਤੀ। ਫੇਰ ਬੋਲ਼ੀ, – ਕੁਝ ਹੋਇਆ ਤਾਂ ਨਹੀਂ?–। ਹੰਭੀ ਸੀ। ਹੋਰ ਕੋਈ ਸਿਆਪਾ ਨਹੀਂ ਚਾਹੁੰਦੀ ਸੀ।

– ਕੀ ਪਤਾ। ਦੇਖਣ ਵਿੱਚ ਸਿੰਧਬਾਦ ਠੀਕ ਲੱਗਦਾ ਹੈ–। ਹਰ ਪਲ ਸਿੰਧਬਾਦ ਨੇੜੇ ਹੋ ਰਿਹਾ ਸੀ; ਪਲ 'ਤੇ ਪਲ ਵੱਡਾ ਲੱਗ ਰਿਹਾ ਸੀ। ਜਦ ਦੋ ਕੁ ਮੀਲ ਲਾਗੇ ਆ ਗਿਆ, ਟੋਬੀ ਨੇ ਸੋਸਨੀ ਨੂੰ ਕਿਹਾ, – ਅਕੀਰਾ ਤਾਂ ਸਾਡੇ ਜ਼ਿਹਨ ਪੜ੍ਹ ਸਕਦਾ ਹੈ। ਆਪਾਂ ਥੋੜ੍ਹਾ ਜਿਹਾ ਹੋਰ ਨੇੜੇ ਹੋ ਜਾਣਾ ਤਾਂ ਉਸ ਨੇ ਜ਼ਰੂਰ ਸਾਡੇ ਵੱਲ ਸੋਚਾਂ ਘੱਲ ਦੇਣੀਆਂ–।

– ਮੈਨੂੰ ਚੁੱਪ ਪਸੰਦ ਨਹੀਂ। ਗੱਲ ਹੈ...ਅਸਾਡੀ ਕਿਸ਼ਤੀ ਨੂੰ ਜਾਣਦਾ ਨਹੀਂ ਹੈ। ਇੱਕ ਵਾਰ ਫੇਰ ਟ੍ਰਾਂਜ਼ਿਸਟਰ'ਚ ਬੋਲ਼ਦਾਂ...ਅਕੀਰਾ। ਮੈਂ ਹਾਂ, ਸੋਸਨੀ। ਮੈਂ'ਤੇ ਟੋਬੀ ਹਾਂ। ਅਸਾਨੂੰ ਛੁਟਕਾਰ ਕਿਸ਼ਤੀ'ਚ ਪਾਉਣਾ ਪਿਆ। ਅਸਾਨੂੰ ਅੰਦਰ ਵੜਨ ਦੇ। ਮੈਂ ਤੈਨੂੰ ਸਭ ਕੁਝ ਸਮਝਾਉਂਦਾ!–। ਸੋਸਨੀ ਨੇ ਆਪਣੇ ਮਨ ਵਿੱਚ ਸੋਚਿਆ, – ਕਾਸ਼! ਜੇ ਅਸਾਂ ਅਸਾਡੀਆਂ ਨਾਓਆਂ'ਚ ਹੁੰਦੇ!–।

ਹੁਣ ਕਿਸ਼ਤੀ ਜਹਾਜ਼ ਦੇ ਲਾਗੇ ਹੀ ਸੀ। ਜਹਾਜ਼ ਦਾ ਢਾਂਚਾ ਵਿਸ਼ਾਲ ਜਾਪਦਾ ਸੀ, ਜਿਸ ਕੋਲ਼ ਕਿਸ਼ਤੀ ਇੱਕ ਕੀੜੀ ਲੱਗਦੀ ਸੀ। ਹੁਣ ਤਾਂ ਅਕੀਰਾ ਦੀਆਂ ਸੋਚਾਂ ਜ਼ਿਹਨ'ਚ ਆਉਣੀਆਂ ਚਾਹੀਦੀਆਂ ਸਨ। ਚੁੱਪ ਕਿਉਂ ਸੀ? ਸੋਸਨੀ ਨੂੰ ਫ਼ਿਕਰ ਸੀ। ਉਸ ਨੇ ਸਿੰਧੀ ਨਾਲ਼ ਵੀ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਕੀ ਫ਼ਾਇਦਾ ਸੀ! ਉਸ ਨੂੰ ਤਾਂ ਸਿੰਧ ਨੇ ਬੰਦ ਕਰ ਦਿੱਤਾ ਸੀ!

ਫੇਰ ਸਿੰਧਬਾਦ ਦੇ ਚਿੱਟੇ ਢਾਂਚੇ'ਚ ਕਾਲ਼ਾ ਚੌਰਸ ਦਿਸਿਆ। ਅਕੀਰਾ ਨੇ ਬੂਹਾ ਖੋਲ਼੍ਹ ਦਿੱਤਾ ਸੀ! ਸੋਸਨੀ ਖ਼ੁਸ਼ ਹੋ ਗਿਆ ਸੀ। ਉਸ ਨੇ ਟੋਬੀ ਨੂੰ ਕਲ਼ੇਜੇ ਨਾਲ਼ ਲਾ ਲਿਆ ਸੀ। ਟੋਬੀ ਵੀ ਖ਼ੁਸ਼ ਹੋ ਗਈ। ਦੋਨੋਂ ਅੱਕੇ ਥੱਕੇ ਸਨ। ਟੋਬੀ ਦਾ ਬਦਨ ਮੈਲ਼ਾ ਸੀ। ਨਹਾਉਣਾ ਚਾਹੁੰਦੀ ਸੀ।

ਸੋਸਨੀ ਕਿਸ਼ਤੀ ਨੂੰ ਚੌਰਸ ਦੇ ਰਾਹ ਵੱਲ ਪਾਉਣ ਲੱਗ ਪਿਆ। ਹੌਲ਼ੀ ਹੌਲ਼ੀ ਕਿਸ਼ਤੀ ਚੌਰਸ ਵਿੱਚ ਹਜ਼ਮ ਹੋ ਗਈ। ਬੂਹਾ ਬੰਦ ਹੋ ਗਿਆ, ਅਤੇ ਢਾਂਚੇ ਵਿੱਚ, ਇੱਕ ਪੱਤਣ ਉੱਤੇ ਕਿਸ਼ਤੀ ਬਹਿ ਗਈ। ਜਿਸ ਕਮਰੇ ਵਿੱਚ ਹਵਾ ਭਰ ਗਈ ਸੀ, ਟੋਬੀ ਅਤੇ ਸੋਸਨੀ ਬਾਹਰ ਨਿਕਲ਼ ਗਏ। ਜੰਤਰ ਆਲ਼ੇ ਦੁਆਲ਼ੇ ਘੁੰਮ ਰਹੇ ਸੀ। ਸੋਸਨੀ ਲਿਫ਼ਤ ਵੱਲ ਵਧਿਆ।

– ਅਸਾਨੂੰ ਕੰਟਰੋਲ ਕਮਰੇ'ਚ ਜਾਣਾ ਚਾਹੀਦਾ ਹੈ। ਅਕੀਰਾ ਉੱਥੇ ਹੋਵੇਗਾ–, ਦੌੜਦਾ ਦੌੜਦਾ ਬੋਲ਼ਿਆ। ਟੋਬੀ ਉਸ ਦੇ ਮਗਰ ਲਿਫ਼ਤ ਵਿੱਚ ਵੜ ਗਈ। ਰੰਗ ਵਿੱਚ ਲਿਫ਼ਤ ਦੀਆਂ ਕੰਧਾਂ ਚਾਂਦੀ ਵਰਗੀਆਂ ਸਨ, ਇੱਕ ਗੁੱਠ'ਤੇ ( ਜੋ ਉਨ੍ਹਾਂ ਦੇ ਸਿਰਾਂ ਉੱਪਰ ਸੀ) ਕੈਮਰਾ ਲਾਇਆ ਸੀ। ਉਸ ਦੀ ਇਕੱਲੀ ਕਾਲ਼ੀ ਨੇਤਰ ਉਨ੍ਹਾਂ ਵੱਲ ਤਾੜੀ ਲਾਉਂਦੀ ਸੀ। ਕੈਮਰੇ ਨੇ ਟੋਬੀ ਦੀ ਅੱਖ ਫੜ ਲਈ ਸੀ। ਟੋਬੀ ਵਾਪਸ ਦੇਖਣ ਲੱਗ ਪਈ। ਟੋਬੀ ਬੇਚੈਨ ਹੋ ਗਈ। ਉਸ ਅੱਖ ਨੇ ਉਸ ਨੂੰ ਅਸਥਿਰ ਬਣਾਇਆ। ਸੋਸਨੀ ਨੂੰ ਕਹਿਣ ਲੱਗੀ ਸੀ, ਜਦ ਲਿਫ਼ਤ ਮੰਜ਼ਲ 'ਤੇ ਪਹੁੰਚ ਗਈ। ਦੋਵੇਂ ਬਾਹਰ ਨਿਕਲ਼ੇ। ਉਨ੍ਹਾਂ ਦੇ ਪਿੱਛੇ ਬੂਹੇ ਬੰਦ ਹੋ ਗਏ। ਪਰ ਜੇ ਉਨ੍ਹਾਂ ਨੇ ਉਸ ਅੱਖ ਵੱਲ ਧਿਆਨ ਨਾਲ਼ ਦੇਖਿਆ

ਹੁੰਦਾ, ਉਸ ਦੇ ਇੱਕ ਪਾਸੇ ਲਾਲ ਬੱਤੀ ਚਮਕਦੀ ਸੀ। ਅਕਲ ਸੂਝ ਚਾਲੂ ਸੀ।

ਕੰਟਰੋਲ ਕਮਰਾ ਹਨ੍ਹੇਰੇ ਵਿੱਚ ਸੀ। ਟੋਬੀ ਨੇ ਪਹਿਲੀ ਵਾਰੀ ਮਹਿਸੂਸ ਕੀਤਾ ਕਿੰਨਾ ਵੱਡਾ ਸੀ। ਕਈ ਵਾਰੀ ਇੱਥੇ ਆਈ ਸੀ। ਕਈ ਵਾਰੀ ਇੱਥੇ ਖਾਧਾ ਸੀ। ਪਰ ਅੱਜ ਪਹਿਲੀ ਵਾਰੀ ਚੱਜ ਨਾਲ਼ ਦੇਖਿਆ ਸੀ। ਚਾਰ ਪਾਸੇ ਕੰਟਰੋਲ ਫੱਟੇ ਸਨ। ਉਨ੍ਹਾਂ 'ਤੇ ਕਈ ਬੱਤੀਆਂ ਬਟਨ ਚਮਕਦੇ ਸਨ। ਛੱਤ 'ਤੇ ਵੀ ਟਿਊਬ ਵਾਲ਼ੀਆਂ ਬੱਤੀਆਂ ਸਨ, ਪਰ ਉਨ੍ਹਾਂ ਵਿੱਚੋਂ ਨਿਮਨਤਮ ਰੋਸ਼ਨੀ ਆਉਂਦੀ ਸੀ। ਇਸ ਕਰਕੇ ਕਮਰਾ ਘੁਸ ਮੁਸਾ ਸੀ। ਉਸ ਦੀਆਂ ਅੱਸੀਆਂ ਹਨ੍ਹੇਰੇ'ਚ ਲੁਪੇਤੀਆਂ ਸਨ। ਟੋਬੀ ਨੂੰ ਡਰ ਲੱਗਦਾ ਸੀ। ਕੀ ਛਾਉਂ ਵਿੱਚ ਲੁਕਿਆ ਸੀ?

ਕੰਟਰੋਲ ਫੱਟੀ ਦੇ ਅੱਗੇ ਮੀਰ ਮਲਾਹ ਦੀ ਕੁਰਸੀ ਸੀ। ਉਹ ਕੁਰਸੀ, ਜਿਸ 'ਤੇ ਸਿੰਧ ਬੈਠਾ ਹੋਣਾ ਚਾਹੀਦਾ ਸੀ। ਪਰ ਹੁਣ ਕਦੀ ਨਹੀਂ ਫਿਰ ਬੈਠੇਗਾ। ਉਸ ਫੱਟੀ ਦੇ ਸਾਹਮਣੇ ਅਕੀਰਾ ਦਾ ਕੱਚ ਵਾਲ਼ਾ ਤਾਬੂਤ ਹੋਣਾ ਚਾਹੀਦਾ ਸੀ। ਕੀ ਪਤਾ ਕਿੱਥੇ ਗਿਆ ਹੋਵੇ? ਆਪਣੇ ਕਮਰੇ ਵਿੱਚ ਵੀ ਹੋ ਸਕਦਾ ਸੀ, ਆਪਣੇ ਗ੍ਰਹਿ ਦੀ ਹਵਾ ਲੈਂਦਾ। ਜਿਹੜਾ ਇੱਥੇ ਨਹੀਂ ਸੀ ਕਰਕੇ ਬੇਚੈਨੀ ਹੋ ਰਹੀ ਸੀ।

ਸੋਸਨੀ ਨੇ ਕੰਟਰੋਲ ਫੱਟੀ ਚੈੱਕ ਕੀਤੀ। ਸਿੰਧ ਦੇ ਕੰਟਰੋਲ ਵੱਲ ਨਿਗ੍ਹਾ ਪਾਈ। ਦੇਖਣ ਵਿੱਚ ਬੰਦ ਹੀ ਸੀ। ਮਨੀਟਰ ਸਕਰੀਨਾਂ ਵੱਲ ਝਾਕਿਆ। ਬਾਹਰਲੇ ਕਮਰੇ ਚਾਲੂ ਸਨ। ਸੋਸਨੀ ਨੇ ਬਟਨ ਦੱਬ ਕੇ ਅੰਦਰਲੇ ਕੈਮਰੇ ਵੀ ਚਾਲੂ ਕਰ ਦਿੱਤੇ। ਹੁਣ ਸਕਰੀਨਾਂ 'ਤੇ ਸਾਰੇ ਜਹਾਜ਼ ਦੇ ਸਮਾਜੀ ਕਮਰਿਆਂ ਉੱਤੇ ਅੱਖ ਸੀ। ਸਿਰਫ਼ ਨਿੱਜੀ ਕਮਰੇ, ਜਿੱਥੇ ਸਾਰੇ ਸੌਂਦੇ ਸੀ, ਨਹੀਂ ਦਿੱਸਦੇ ਸੀ। ਇਸ ਕਰਕੇ ਜੇ ਅਕੀਰਾ ਆਪਣੇ ਕਮਰੇ'ਚ ਸੀ, ਉੱਥੇ ਜਾਣਾ ਪੈਣਾ ਸੀ। ਸੋਸਨੀ ਨੇ ਵੀ ਜਿਵੇਂ ਟੋਬੀ ਦੀ ਸੋਚ ਪੜ੍ਹ ਲਈ ਹੋਵੇ, ਬੋਲ਼ਿਆ, – ਮੈਂ ਉਸ ਦੇ ਕਮਰੇ'ਚ ਜਾਂਦਾ। ਤੂੰ ਇੱਥੇ ਠਹਿਰ। ਨਹੀਂ। ਤੂੰ ਹੁਣ ਆਪਣੇ ਕਮਰੇ ਜਾ ਕੇ ਇਸ਼ਨਾਨ ਕਰ ਲੈ। ਜਦ ਮੈਂ ਅਕੀਰਾ ਨੂੰ ਸਭ ਕੁਝ ਦੱਸ ਦਿੱਤਾ, ਮੈਂ ਵੀ ਨ੍ਹਾਵਾਂਗਾ।ਹੈਰਾਨ ਆਂ ਕਿ ਉਸ ਦੀਆਂ ਸੋਚਾਂ ਨੇ ਅਸਾਨੂੰ...–। ਚੁੱਪ ਹੋ ਗਿਆ। ਗੱਲ ਅਧੂਰੀ ਤਿਆਗ ਦਿੱਤੀ।

– ਠੀਕ– ਕਹਿ ਕੇ ਟੋਬੀ ਤੁਰ ਪਈ। ਇਨਸਾਨਾਂ ਵਾਸਤੇ ਔਖਾ ਸੀ ਸਮਝਣ ਸਾਨ੍ਹਾਨਸਲਾਂ ਦੇ ਚਿਹਰੇ ਉੱਤੇ ਕੀ ਲਿਖਿਆ ਸੀ। ਕਿਹੜਾ ਸੰਵੇਦਨ ਨੱਚ ਰਿਹਾ ਸੀ। ਕਿਹੜੀ ਤਰੰਗ ਪ੍ਰਗਟ ਹੋ ਰਹੀ ਸੀ। ਕੀ ਪਤਾ ਸੋਸਨੀ ਕੀ

ਸੋਚ ਰਿਹਾ ਸੀ। ਉਸ ਨੂੰ ਗ਼ੁੱਸਾ ਹੋਵੇਗਾ ਕਿ ਕੂਨਰ ਨੇ ਉਸ ਦੇ ਸਾਰੇ ਮਿੱਤਰ ਮਾਰ ਦਿੱਤੇ ਸੀ। ਟੋਬੀ ਨੂੰ ਹਿਕਾਰੂ ਅਤੇ ਚੁਰਾਸੀ ਦੀਆਂ ਮੌਤਾਂ ਉੱਤੇ ਕਾਫ਼ੀ ਗ਼ੁੱਸਾ ਸੀ। ਭਾਵੇਂ ਉਸ ਨੇ ਕੂਨਰ ਨੂੰ ਮਾਰ ਦਿੱਤਾ ਸੀ, ਮਨ ਵਿੱਚ ਹਾਲੇ ਵੀ ਇੱਕ...ਗਲ਼ੀ ਸੀ। ਬਦਲਾ ਲੈ ਕੇ ਸ਼ਾਂਤੀ ਨਹੀਂ ਮਿਲ਼ੀ।

ਟੋਬੀ ਕੰਟਰੋਲ ਕਮਰੇ ਦੇ ਬੂਹੇ ਵਿੱਚ ਰੁਕ ਗਈ। ਘੁੰਮ ਕੇ ਉਸ ਨੇ ਸੋਸਨੀ ਨੂੰ ਬੁਲਾਇਆ, – ਆਪਾਂ ਹੁਣ ਕਿਤੇ ਨਹੀਂ ਜਾਣਾ, ਜਿੰਨਾ ਚਿਰ ਰੂਬਾ ‘ਤੇ ਲੇਕਸੀ ਸਾਡੇ ਕੋਲ਼ ਨਹੀਂ ਆ ਜਾਂਦੇ। ਖ਼ੈਰ ਜੇ ਮਰੇ ਨਹੀਂ। ਉਨ੍ਹਾਂ ਦੀ ਉਡੀਕ ਕੁਝ ਘੰਟੇ ਠਹਿਹਨਾ–।

– ਆਹੋ–।

– ਨਾਲ਼ੇ...ਨਾਲ਼ੇ ਜੇ ਤੂੰ ਗੱਲ਼–ਬਾਤ ਕਰਨੀ ਚਾਹੁੰਦਾ ਹੈਂ, ਮੈਂ ਹਾਂ ਨ੍ਹਾ, ਅੱਛਾ?–।

– ਅੱਛਾ– ਸੋਸਨੀ ਨੇ ਕਿਹਾ’ਤੇ ਫੱਟੀ ਉੱਤੇ ਬਟਨਾਂ ਨੂੰ ਦੱਬਣ ਲੱਗ ਪਿਆ। ਖਬਰੇ ਸਾਨ੍ਹਾਨਸਲ ਜਜ਼ਬੇ ਸਾਂਝੇ ਨਹੀਂ ਕਰਦੇ ਸਨ, ਟੋਬੀ ਨੇ ਸੋਚਿਆ।

ਸੋਸਨੀ ਲਾਂਘੇ ਰਾਹੀਂ ਆਪਣੇ ਕਮਰੇ ਵੱਲ ਗਈ। ਲਾਂਘਾ ਲੰਮਾ ਸੀ। ਹਰ ਪੰਜ ਕਦਮ’ਤੇ ਕੋਈ ਠੌਰ ਦਾ ਬੂਹਾ ਸੀ। ਛੱਤ’ਤੇ ਟਿਊਬਾਂ ਵਾਲ਼ੀਆਂ ਬੱਤੀਆਂ ਧੀਮਾ ਰੋਸ਼ਨੀ ਖਿਲਾਰਦੀਆਂ ਸਨ। ਰੜਾ ਕੰਧਾਂ ਗੰਭੀਰ ਜਾਪਦੀਆਂ ਸਨ। ਫ਼ਰਸ਼ ਉੱਤੇ ਕਾਲੀਨ ਵੀ ਨਹੀਂ ਸੀ। ਘੁੱਟਿਆ ਘੁੱਟਿਆ ਮਾਹੌਲ ਸੀ। ਇੱਕ ਦੂਜੇ ਤੋਂ ਦਸ ਮੀਟਰ ਹਟਵੇਂ ਕੈਮਰੇ ਸਨ। ਇੱਕ ਕੈਮਰੇ ਦੇ ਠੰਢੀ ਨੇਤਰ ਦੀ ਕੱਚ ਪੁਤਲੀ ਟੋਬੀ ਵੱਲ ਬੇ–ਜਜ਼ਬੇ ਨਾਲ਼ ਤੱਕਦੀ ਸੀ। ਟੋਬੀ ਨੂੰ ਪਤਾ ਨਹੀਂ ਕਿਉਂ, ਪਰ ਉਹ ਫਟਾ–ਫਟ ਆਪਣੇ ਕਮਰੇ’ਚ ਅੱਪੜਨਾ ਚਾਹੁੰਦੀ ਸੀ। ਉਸ ਨੂੰ ਇੰਝ ਲੱਗਾ ਕਿ ਜੇ ਬੇਜਾਨ ਅੱਖ ਨਾਲ਼ ਅੱਖ ਮਿਲ਼ ਗਈ, ਪੈਰ ਥਾਏਂ ਗੱਡੇ ਜਾਣੇ ਸਨ। ਅੱਖ ਬਚਾ ਕੇ ਕਮਰੇ ਵੱਲ ਤੇਜੀ ਨਾਲ਼ ਗਈ। ਜਦ ਉੱਥੇ ਪੁੱਜੀ, ਬੂਹੇ ਦੇ ਨਾਲ਼ ਫੱਟੀ ‘ਤੇ ਵੜਨ ਦਾ ਕੋਡ ਪਾ ਦਿੱਤਾ ਅਤੇ ਬੂਹਾ ਸਰਕਾ ਕੇ ਖ਼ੁੱਲ੍ਹ ਗਿਆ। ਆਪਣੇ ਪਿੱਛੇ ਬੂਹਾ ਢੋਅ ਦਿੱਤਾ ਸੀ। ਲੰਬੇ ਸਾਹ ਲੈ ਕੇ ਆਪਣੇ ਆਪ ਨੂੰ ਅਡੋਲ ਕੀਤਾ। ਜਦ ਜੋਸ਼ ਠੰਢਾ ਹੋਇਆ, ‘ਗਾਹਾਂ ਵੜ ਗਈ। ਪਤਾ ਨਹੀਂ ਕਾਹਤੋਂ ਇੰਝ ਜਰ ਰਹੀ ਹੈ। ਕੈਮਰੇ ਤਾਂ ਉਨ੍ਹਾਂ ਦੇ ਕਮਰੇ ਦੇ ਬਾਹਰ ਹੀ ਹਨ। ਸੰਕਟ–ਕਾਲ ਵਾਲ਼ੇ ਕਮਰੇ’ਚ ਪਾਏ ਵੀ ਹੋਣਗੇ, ਪਰ ਸਿੱਧੀ ਚਾਲੂ ਕਰਨ ਬਿਨਾ ਮੈਨੂੰ ਦੇਖ ਨਹੀਂ ਸਕਦੇ ਸੀ।

ਫੇਰ ਟੋਬੀ ਨੂੰ ਸਮਝ ਪਈ ਕਿ ਆਹ ਹੀ ਤਾਂ ਉਸ ਨੂੰ ਡਰ ਸੀ। ਸਿੰਧੀ ਦੀਆਂ ਅੱਖਾਂ ਕੈਮਰੇ ਹਨ। ਪਾਗ਼ਲ ਨਾ ਬਣ! ਸਿੰਧ ਨੇ ਸਿੰਧੀ ਨੂੰ ਬੰਦ ਕੀਤਾ ਸੀ। ਸੋਸਨੀ ਨੇ ਵੀ ਚਾਲੂ ਨਹੀਂ ਕੀਤੀ। ਨਾਲ਼ੇ ਸਿੰਧੀ ਨੇ ਨਹੀਂ, ਪਰ ਅਕੀਰਾ ਨੇ ਸਾਨੂੰ ਅੰਦਰ ਵਾੜਿਆ ਸੀ। ਇਸ ਗੱਲ ਦੀ ਪੱਕੀ ਨਹੀਂ ਸੀ। ਅਕਸਰ ਹੁਣ ਤੱਕ ਅਕੀਰਾ ਨੇ ਉਨ੍ਹਾਂ ਦੇ ਦਿਮਾਗ਼ਾਂ ਨਾਲ਼ ਸੰਚਾਰ ਕਰਨਾ ਸੀ? ਓਏ ਹੋਏ! ਮੈਂ ਤਾਂ ਅੱਕੀ ਥੱਕੀ ਹਾਂ! ਸੋਸਨੀ ਉਸ ਨੂੰ ਲੱਭਣ ਗਿਆ! ਮਗਜ਼ ਨਾ ਮਾਰ! ਨ੍ਹਾਹ ਤਾਂ ਸਹੀ! ਗੰਦੇ ਕੱਪੜੇ ਲਾਹ!

ਟੋਬੀ ਸ਼ਾਵਰ ਵੱਲ ਗਈ। ਲੀੜੇ ਲਾਹ ਕੇ ਭੁੰਜੇ ਫ਼ਰਸ਼ ਉੱਤੇ ਤਿਆਗ ਦਿੱਤੇ। ਪਿੰਡਾ ਮੈਲ਼ਾ ਸੀ, ਵਾਲ਼ ਅੜ੍ਹਕੇ ਸਨ। ਸ਼ਾਵਰ'ਚ ਵੜ ਕੇ ਪਾਣੀ ਛੱਡ ਦਿੱਤਾ। ਗਰਮ ਗਰਮ ਛਹਿਬਰ ਲੱਗੀ। ਠੋਡੀ ਉੱਪਰ ਕੀਤੀ, ਅੱਖਾਂ ਬੰਦ। ਪਾਣੀ ਉਸ ਨੂੰ ਮਾਲ਼ਸ਼ ਕਰ ਰਿਹਾ ਸੀ। ਛਿੱਟੇ ਛਮ ਛਮਾ ਕੇ ਛਿੱਲ ਨੂੰ ਅਰਾਮ ਦੇ ਰਹਿ ਸੀ। ਟੁੱਪਲੇ ਸਰੀਰ ਤੋਂ ਖਿਸਕ ਕੇ ਪੈਰਾਂ ਹੇਠ ਟਰੇ'ਚ ਉਤਰੇ। ਭਾਣ ਥਕੇਵੇਂ ਨੂੰ ਵਹਿਣੀ ਵਿੱਚ ਨਿਬੇੜ ਦਿੱਤਾ। ਗਰਮ ਗਰਮ ਪਾਣੀ। ਮਾਸ ਨੂੰ ਮਾਲ਼ਸ਼ ਕਰਦਾ ਸੀ। ਜੋ ਬੀਤਿਆ, ਕੁਝ ਚਿਰ ਲਈ ਚੇਤਾ ਭੁਲਾ ਦਿੱਤਾ।

ਪਰ ਸਿੰਧ ਹਰ ਗੱਲ ਨੂੰ ਨਹੀਂ ਜਾਣਦਾ ਸੀ। ਸਿੰਧਬਾਦ ਦੀਆਂ ਕਈ ਰਮਜ਼ਾਂ ਸਨ। ਕੈਮਰੇ ਭਾਵੇਂ ਕਮਰਿਆਂ'ਚੋਂ ਬਾਹਰ ਸਨ, ਪਰ ਕਈ ਜੰਤਰ ਅੰਦਰ ਸਨ, ਜਿਸ ਨਾਲ਼ ਸਿੰਧੀ - ਅੰਦਰ - ਦੇਖ ਸਕਦੀ ਸੀ। ਸ਼ਾਵਰ ਦੇ ਉਲਟੇ ਪਾਸੇ ਇੱਕ ਸਕਰੀਨ ਸੀ। ਆਮ ਗੱਲ ਸੀ ਇਸ ਵਿੱਚ ਚਲਦੀਆਂ ਤਸਵੀਰਾਂ ਦੇਖ ਸਕਦੇ ਸਨ। ਪਰ ਅਕਸਰ ਸਿੰਧੀ ਤਾਂ ਇੱਕ ਅਕਲ ਸੂਝ ਸੀ; ਅਤੇ ਅਕਲ ਸੂਝ ਦੀ ਖਸੂਸੀਅਤ ਹੈ ਕਿ ਸਿੱਖ ਸਕਦਾ ਹੈ। ਇਨਸਾਨ ਵਾਂਗ।

ਜੇ ਟੋਬੀ ਨੇ ਇੱਕ ਪਲ ਵਾਸਤੇ ਵੀ ਪਿੱਛੇ ਝਾਕਿਆ ਹੁੰਦਾ, ਉਸ ਨੂੰ ਸਕਰੀਨ ਉੱਤੇ ਇੱਕ ਚਿਲਕਾਰ ਦਿਸ ਜਾਣੀ ਸੀ, ਜਿਵੇਂ ਸਕਰੀਨ ਚਾਲੂ ਹੋ ਗਈ ਸੀ। ਕਿਉਂਕਿ ਸੱਚ-ਮੁੱਚ ਪਲ ਵਾਸਤੇ ਚਾਲੂ ਹੋ ਗਈ ਸੀ, ਅਤੇ ਸਿੰਧ ਦੀ ਅੱਖ ਬਣ ਗਈ ਸੀ। ਸਿੰਧੀ ਟੋਬੀ ਵੱਲ ਦੇਖ ਰਹੀ ਸੀ। ਸ਼ਾਵਰ ਇੱਕ ਭਾਫ ਨਾਲ਼ ਧੁੰਦਿਆ ਕੱਚ ਬੂਹੇ ਨਾਲ਼ ਢਕਿਆ ਸੀ। ਇਸ ਕਰਕੇ ਟੋਬੀ ਦੇ ਜੁੱਸੇ ਨੂੰ ਘੁੰਡ ਰਿਹਾ ਸੀ। ਪਰ ਫੇਰ ਵੀ ਹਵਾੜ੍ਹ ਵਿੱਚੋਂ ਉਸ ਦਾ ਖਤੋਖਾਨ ਦਿਸਦਾ ਸੀ। ਜਿਓ ਟੋਬੀ ਨੇ ਸ਼ਾਵਰ ਬੰਦ ਕਰ ਦਿੱਤਾ, ਤਿਓ ਸਕਰੀਨ ਬੰਦ ਹੋ ਗਈ।

* * * * *

ਜਦ ਨਵੇਂ ਲੀੜੇ ਪਾ ਕੇ (ਲਾਲ ਸੂਟ ਪਾਇਆ ਹੋਇਆ ਸੀ, ਜੋ ਗਾਟੇ ਤੋਂ ਗਿੱਟੇ ਤੱਕ ਕਸ ਕੇ ਸਰੀਰ ਨੂੰ ਘੁੱਟਦਾ ਸੀ) ਕੰਟਰੋਲ ਕਮਰੇ ਪੁੱਜੀ, ਸਿਰਫ਼ ਸੋਸਨੀ ਉੱਥੇ ਸੀ।

- ਅਕੀਰਾ?- ਫ਼ਿਕਰ ਨਾ.ਲ ਟੋਬੀ ਨੇ ਸਵਾਲ ਕੀਤਾ।

- ਪਤਾ ਨਹੀਂ। ਸਾਰੇ ਜਹਾਜ਼ ਦੀ ਤਲਾਸ਼ੀ ਕੀਤੀ। ਪਹਿਲਾਂ ਉਸ ਦੇ ਕਮਰੇ ਵਿੱਚ। ਪਤਾ ਨਹੀਂ ਕਿੱਥੇ ਗਿਆ। ਮੈਂ ਥੱਕਿਆ ਹਾਂ। ਮੈਂ ਵੀ ਨ੍ਹਾਉਣ ਚਲਿਆ। ਹੁਣ ਤੂੰ ਇੱਥੇ ਰਹਿ ਜਿੰਨਾ ਚਿਰ ਮੈਂ ਵਾਪਸ ਨਹੀਂ ਆਉਂਦਾ। ਠੀਕ? ਇੱਥੇ ਸਿੰਧੀ 'ਤੇ ਅੱਖ ਰੱਖ ਸਕਦੀ ਹੈਂ, 'ਤੇ ਕੈਮਿਰਆਂ ਰਾਹੀਂ ਜਹਾਜ਼ ਦੀ ਹਰ ਨੁੱਕਰ 'ਤੇ ਅੱਖ ਰੱਖ ਸਕਦੀ ਹੈਂ-।

ਮਨ ਵਿੱਚ ਟੋਬੀ ਨੇ ਸੋਚਿਆ, - ਹਰ ਖੂੰਜੇ ਨੂੰ ਨਹੀਂ। ਸੌਣ ਵਾ.ਲੇ ਕਮਰੇ'ਚ ਕੈਮਰੇ ਹੈ ਵੀ?-। ਪਰ ਖੁੱ.ਲ੍ਹ ਕੇ ਹੋਰ ਕੁਝ ਆਖਿਆ।

- ਸਿੰਧੀ? ਕੀ ਉਸ ਤੋਂ ਕੋਈ ਖਤਰਾ ਹੈ?-

- ਨਹੀਂ। ਬੰਦ ਹੈ। ਪਰ ਫੇਰ ਵੀ। ਮੈਨੂੰ ਹਾਲੇ ਸਮਝ ਨਹੀਂ ਲੱਗੀ, ਜੇ ਅਕੀਰੇ ਨੇ ਬੂਹਾ ਨਹੀਂ ਖੋਲ੍ਹਿਆ, ਕਿਵੇਂ ਖੁੱਲ੍ਹਿਆ?-। ਇਹ ਗੱਲ ਕਹਿ ਕੇ ਨ੍ਹਾਉਣ ਤੁਰ ਪਿਆ। ਪਰ ਸਗੋਂ ਉਸ ਨੇ ਟੋਬੀ ਨੂੰ ਹੋਰ ਫ਼ਿਕਰਾਂ ਵਿੱਚ ਪਾ ਦਿੱਤਾ ਸੀ।

ਅਕਲ ਸੂਝ ਫੱਟੀ ਵੱਲ ਝਾਕੀ। ਅਕਲ ਸੂਝ ਦਾ ਬੁਝਾਰਤੀ ਵਰਤਾਰਾ ਉਸ ਨੂੰ ਕਮਲਾ ਕਰ ਰਿਹਾ ਸੀ। ਉਸ ਦੇ ਦਿਲ ਦਾ ਖ਼ੌਫ ਕਿ - ਇਹ ਮਸ਼ੀਨ ਮੇਰੇ ਉੱਤੇ ਕਬਜ਼ਾ ਕਰ ਲਵੇਗੀ- ਹਾਵੀ ਹੋਣ ਲੱਗਾ। ਡਰ-ਤਰਕਹੀਣ ਹੋ ਰਹੀ ਸੀ। ਆਪਣੇ ਆਪ ਨੂੰ ਸੰਭਾਲਣਾ ਚਾਹੀਦਾ ਸੀ। ਟੋਬੀ ਦੀਆਂ ਸੋਚਾਂ ਬੀਤੇ ਦਿਹਾੜਿਆਂ ਉੱਤੇ ਟਿੱਕ ਗਈਆਂ। ਕਿਵੇਂ ਸਾਰਾ ਕੁਝ ਗ਼ਲਤ ਹੋ ਗਿਆ ਸੀ। ਅਠ ਪਹੁੰਚ ਕੇ ਸੁਲਤਾਨਵਾਦੀਆਂ ਨਾ.ਲ ਹੁਣ ਗ਼ਲਬਾ ਤਖ਼ਤ 'ਤੇ ਹੋਣੀ ਚਾਹੀਦੀ ਸੀ। ਕੁਝ ਹੋਰ ਦਿਨਾਂ ਵਿੱਚ ਈਡੀ ਨੂੰ ਬਗਾਵਤ ਰਾਹੀਂ ਤਖ਼ਤਾ ਪਲਟਾ ਕੇ ਵਿਸਥਾਪਨ ਕਰਨਾ ਸੀ। ਕੁਰਸੀ ਖੋਹ ਲੈਣੀ ਸੀ। ਪਰ ਇਹ ਹੋਇਆ ਨਹੀਂ, ਅਤੇ ਖ਼ੈਰ ਹੁਣ ਨਾ ਹੋ ਸਕਣਾ। ਹੁਣ ਸਿੰਧਬਾਦ ਤੋਂ ਹੀ ਸਿੱਧਾ ਉਨ੍ਹਾਂ ਨੂੰ ਖ਼ਬਰ ਦੇਣੀ ਪੈਣੀ ਸੀ। ਸਿੰਧਬਾਦ ਅੱਧ ਰਾਹ ਜਾ ਸਕਦਾ ਸੀ ਅਤੇ ਟੋਬੀ ਨੂੰ ਲੈ ਸਕਦੇ ਸੀ। ਵਿਚਾਰਾ ਸੋਸਨੀ। ਉਸ ਦੇ ਸਾਰੇ ਮਿੱਤਰ ਮਿਟ ਗਏ। ਐਨਾ ਵੱਡਾ ਜਹਾਜ਼ 'ਤੇ 'ਕੱਲਾ ਸੀ! ਹੀਰਿਆਂ

ਕਰਕੇ ਪੈਸੇ ਤਾਂ ਬਥੇਰੇ ਸੀ! ਹੀਰੇ ਵੇਚ ਕੇ ਰੱਜਵੀਂ ਕਮਾਈ ਕਰ ਸਕਦਾ ਸੀ। ਹੁਣ ਤਾਂ ਵੰਡਣ ਲਈ ਕੋਈ ਰਿਹਾ ਨਹੀਂ! ਨਹੀਂ ਤਾਂ ਸਿੰਧਬਾਦ ਨੂੰ ਕ੍ਰਾਂਤੀ ਵਾਲਿਆਂ ਦੇ ਪਾਸੇ ਕਰ ਕੇ ਪੈਸੇ ਇੰਨਕਲਾਬ ਨੂੰ ਦੇ ਸਕਦਾ ਸੀ। ਨਹੀਂ। ਸਾਡਾ ਕੀ ਹੱਕ ਹੈ?

ਟੋਬੀ ਉਦਾਸ ਹੋ ਗਈ। ਉਸ ਦੇ ਮਨ ਵਿੱਚ ਸਿੰਧ ਆ ਖਲੋਇਆ, ਅਤੇ ਜਿੰਨਾ ਮਰਜ਼ੀ ਉਸ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰ ਰਹੀ ਸੀ, ਸਿਰਫ਼ ਸਿਰ, ਕੱਟਿਆ ਹੋਇਆ ਸੀਸ ਹੀ ਸਾਹਮਣੇ ਦਿਸਦਾ ਸੀ। ਖ਼ੌਫਨਾਕ ਯਾਦਾਂ ਸਨ! ਸਿੰਧ ਨਾਲ਼ ਪਿਆਰ ਹੋ ਚੁੱਕਾ ਸੀ। ਹੌਲ਼ੀ ਹੌਲ਼ੀ ਪ੍ਰੇਮ ਕਥਾ ਬਣ ਗਈ ਸੀ। ਜੇ ਕੂਨਰ ਨੇ ਮਾਰਿਆ ਨਾ ਹੁੰਦਾ...ਸੋਚ ਅਧੂਰੀ ਛੱਡ ਦਿੱਤੀ। ਉਦਾਸੀ ਵਿੱਚ ਰਿੱਝ ਰਹੀ ਸੀ। ਹੁਣ ਤਾਂ ਉਹ ਨੇ ਵਾਪਸ ਨਹੀਂ ਪਰਤਣਾ। ਸੀਸ! ਬੱਸ, ‘ਕੱਲੇ ਸਿੰਧ ਦਾ ਵੀ ਨਹੀਂ, ਪਰ ਹਜ਼ਾਰ ਸਿਰ ਸੇਲ੍ਹਾਂ ਉੱਤੇ ਦਿਸ ਰਹੇ ਸੀ! ਫੇਰ ਕੂਨਰ ਦੀਆਂ ਨੀਲੀਆਂ ਅੱਖਾਂ। ਬੇਜਾਨ ਅੱਖਾਂ। ਉੱਥੇ ਕੂਨਰ ਸਰਕਾਰ ਸੀ। ਕੈਸੀ ਸਰਕਾਰ! ਜੋ ਆਪਣੇ ਲੋਕਾਂ ਨੂੰ ਹੀ ਮਰ ਸਕਦੀ ਸੀ। ਪ੍ਰਵਾਸੀ ਹੋ ਕੇ ਬੰਦਾ ਬਚਦਾ ਵੀ ਹੈ? ਟੋਬੀ ਨੂੰ ਸੂਝ ਸੀ ਕਿ ਹੁਣ ਹਮੇਸ਼ਾ ਵਾਸਤੇ ਸੀਸ ਹੀ ਦਿਸਣੇ ਸਨ। ਇਸ ਸੋਚ ਤੋਂ ਦੌੜ ਨਹੀਂ ਸਕਦੀ ਸੀ। ਖ਼ੂਨੀ ਬਣ ਗਈ ਸੀ। ਕੂਨਰ ਦਾ ਖ਼ੂਨ ਹੀ ਕੀਤਾ ਸੀ। ਪਰ ਬਦਲੇ ਤੋਂ ਕੋਈ ਤਸਕੀਨ ਨਹੀਂ ਮਿਲ਼ੀ, ਉਸ ਨੂੰ।

ਫਿਰ ਹਿਕਾਰੂ ਸੀ! ਪਿਆਰਾ ਹਿਕਾਰੂ, ਜਿਸ ਨੇ ਟੋਬੀ ਵਾਸਤੇ ਕੀ ਨਹੀਂ ਕੀਤਾ! ਵਿਚਾਰਾ ਮਰ ਗਿਆ। ਉਸ ਦੀ ਲਾਸ਼ ਉੱਥੇ ਹੀ ਛੱਡਣੀ ਪਈ। ਚੁਰਾਸੀ ਨੂੰ ਵੀ ਬਚਾ ਨਹੀਂ ਸਕੀ। ਟੋਬੀ ਦਾ ਦਿਲ ਦੁਖਿਆ। ਅਫ਼ਸੋਸ! ਈਡੀ ਕੂਨਰ ਦੇ ਸਾਹਮਣੇ ਬੀਬਾ ਲੱਗ ਰਿਹਾ ਸੀ। ਕੀ ਰਾਣੀ ਬਣ ਕੇ ਕਾਇਨਾਤ ਨੂੰ ਫ਼ਰਕ ਪੈਣਾ ਸੀ? ਦੁਨੀਆਂ ਕਈ ਗੱਲਾਂ ਵਿੱਚ ਵਿਕਾਸ ਕਰਦੀ ਰਹਿੰਦੀ ਹੈ, ਪਰ ਆਦਤਾਂ ਨਹੀਂ ਬਦਲਦੀਆਂ। ਸਾਡੇ ਅਤੇ ਜਾਨਵਰਾਂ’ਚ ਕੀ ਫ਼ਰਕ ਸੀ? ਕੂਨਰ ਨੇ ਟੋਬੀ ਨੂੰ ਡਰਾਉਣਾ ਸੁਪਨਾ ਦਿਖਾਇਆ ਸੀ। ਨਹੀਂ; ਡਰਾਉਣੇ ਸੁਪਨੇ ਵਿੱਚ ਪਾਇਆ ਸੀ! ਟੋਬੀ ਹੁਣ ਜੋ ਚਕੋਰਵਾੜੀ’ਤੇ ਬੀਤਿਆ ਉਸ ਬਾਰੇ ਸੋਚਣਾ ਨਹੀਂ ਚਾਹੁੰਦੀ ਸੀ। ਧਿਆਨ ਹੋਰ ਕਿਤੇ ਲੈ ਕੇ ਜਾਣਾ ਚਾਹੁੰਦੀ ਸੀ।

ਬਾਰੀ ਵਿੱਚੋਂ ਬਾਹਰ ਦੇਖਿਆ। ਹਾਲੇ ਰੂਬਾ ਹੁਣਾਂ ਦੀ ਨਾਓ ਨਹੀਂ ਦਿੱਸੀ। ਨਾ ਹੀ ਬੇੜੀ ਦਿੱਸੀ। ਹੋ ਸਕਦਾ ਲੜਦੇ ਬਿਨਸ ਗਏ? ਸਾਨੂੰ ਦੋ ਕੁ ਹੋਰ ਘੰਟੇ ਤਾਂ ਦੇਣੇ ਚਾਹੀਦੇ ਹਨ। ਜਦ ਸੋਸਨੀ ਵਾਪਸ ਆ ਗਿਆ, ਉਸ ਨਾਲ਼ ਸੁਲਤਾਨਵਾਦੀਆਂ ਦੀ ਗੱਲ ਕਰੂੰਗੀ। ਹੁਣ ਚਾਹੁੰਦੀ ਸੀ ਕਿ ਉੱਠ ਕੇ

ਅਕੀਰਾ ਨੂੰ ਭਾਲ਼ਾਂ। ਪਰ ਸੋਸਨੀ ਨੇ ਕਿਹਾ ਸੀ ਕਿ ਇੱਥੇ ਹੀ ਰਹਿ। ਸੋ ਹੁਣ ਵਾਸਤੇ ਟਿਕੀ ਰਹੇਗੀ। ਪਰ ਸੋਚ ਆਈ ਗਈ, ਜੇ ਅਕੀਰਾ ਨੇ ਬੂਹਾ ਨਹੀਂ ਖੋਲ੍ਹਿਆ...ਕਿਸ ਨੇ ਖੋਲ੍ਹਿਆ? ਹੋਰ ਓਭੜ ਤਾਂ ਸਿੰਧਬਾਦ'ਚ ਆ ਗਿਆ? ਕੀ ਪਤਾ ਈਡੀ ਦੇ ਲੋਕ ਇੱਥੇ ਲੁਕੇ ਹੋਣਗੇ? ਜਾਂ ਉਸ ਬੇੜੀ ਵਾਲ਼ਿਆਂ ਨੇ ਪਹਿਲਾਂ ਇੱਥੇ ਆ ਕੇ ਅਕੀਰਾ ਨੂੰ ਕੁਝ ਕੀਤਾ? ਇਹ ਸਭ ਕੁਝ ਹੋ ਸਕਦਾ। ਪਰ ਇੱਕ ਹੋਰ ਵੀ ਖ਼ਦਸ਼ਾ ਹੈ।

ਟੋਬੀ ਨੇ ਸਿੰਧੀ ਦੀ ਫੱਟੀ ਵੱਲ ਦੇਖਿਆ।

* * * * *

ਕਾਫ਼ੀ ਦੇਰ ਬਾਅਦ ਟੋਬੀ ਅਤੇ ਸੋਸਨੀ ਕੰਟਰੋਲ ਕਮਰੇ ਦੇ ਪਿਛਲੇ ਪਾਸੇ ਵਾਲ਼ੇ ਟੇਬਲ 'ਤੇ ਬੈਠ ਕੇ ਖਾ ਰਹੇ ਸਨ। ਉਸੇ ਹੀ ਮੇਜ਼ ਉੱਪਰ, ਜਿੱਥੇ ਸ਼ੁਰੂ'ਚ ਸਾਰੇ ਖਾਂਦੇ ਸੀ। ਖ਼ਾਲੀ ਕੁਰਸੀਆਂ ਵੱਲ ਦੇਖ ਕੇ ਗਲ਼ ਭਰ ਆਉਂਦਾ ਸੀ। ਇਸ ਕਰਕੇ ਕਈ ਚਿਰ ਵਾਸਤੇ ਚੁੱਪ ਚਾਪ ਖਾ ਰਹੇ ਸੀ। ਹਾਰ ਕੇ...

– ਹੁਣ ਪੰਜ ਘੰਟੇ ਹੋ ਚੁੱਕੇ ਜਦ ਦੇ ਪਰਤੇ। ਜੇ ਹਾਲੇ ਤੀਕਰ ਰੂਬਾ 'ਤੇ ਲੇਕਸੀ ਨਹੀਂ ਪਹੁੰਚੇ, ਅਸਾਨੂੰ ਸਮਝਣਾ ਚਾਹੀਦਾ ਕਿ...ਮਰ ਗਏ–। ਸੋਸਨੀ ਨੇ ਕਿਹਾ।

– ਹਾਂ। ਪਰ ਬੇੜੀ ਵੀ ਨਹੀਂ ਆਈ। ਉਹ ਵੀ ਮਰ ਗਏ? ਜਾਂ ਅਕੀਰਾ ਉਨ੍ਹਾਂ ਦਾ ਯਰਗਮਾਨ ਸੀ? ਨਾਲ਼ ਲੈ ਕੇ ਗਏ? ਪਹਿਲਾਂ ਇੱਥੇ ਆ ਕੇ...–। ਟੋਬੀ ਨੇ ਗੱਲ ਤੋਰੀ।

– ਨਹੀਂ। ਇਹ ਤੇਰੀ ਗ਼ਲਤਫ਼ਹਿਮੀ ਹੈ। ਕਿਸੇ ਨੇ ਬੂਹਾ ਖੋਲ੍ਹਿਆ। ਸਿੰਧੀ ਨੇ ਖੋਲ੍ਹਿਆ ਹੋਵੇਗਾ। ਹੋਰ ਕੁਝ ਕੱਢ ਨਹੀਂ ਸਕਦੇ। ਗੱਲ ਹੈ ਜੇ ਓਦੋਂ ਚਾਲੂ ਸੀ, ਹੁਣ ਕਿਉਂ ਬੰਦ ਹੈ? ਜਦ ਦੇ ਕੰਟਰੋਲ ਕਮਰੇ'ਚ ਪਹਿਲੀ ਵਾਰੀ ਅੰਦਰ ਆਏ, ਬੰਦ ਹੀ ਹੈ–।

– ਹੋ ਸਕਦਾ। ਫੇਰ ਹੁਣ ਤੱਕ ਖਾਮੋਸ਼ ਹੈ। ਨਾਲ਼ੇ ਅਕੀਰਾ ਕਿੱਥੇ?– ਟੋਬੀ ਨੇ ਰਕਾਬੀ ਆਪਣੇ ਤੋਂ ਪਰ੍ਹਾਂ ਧੱਕ ਕੇ ਕਿਹਾ।

– ਪਤਾ ਨਹੀਂ ਕਿਉਂ। ਜਾਣ ਬੁੱਝ ਕੇ? ਸਿੰਧ ਨੂੰ ਸਿੰਧੀ 'ਤੇ ਸ਼ੱਕ ਸੀ। ਅਕੀਰਾ। ਇਹ ਵੀ ਨਹੀਂ ਸਮਝ ਲੱਗ ਰਹੀ, ਮੈਨੂੰ। ਅਸਾਂ ਇੱਕ ਵਾਰ ਫੇਰ ਤਲਾਸ਼ੀ ਕਰੀਏ–।

- ਠੀਕ। ਪਰ ਉਸ ਤੋਂ ਬਾਅਦ ਸਾਨੂੰ ਮੇਰੇ ਸੁਲਤਾਨਵਾਦੀਆਂ ਨੂੰ ਬੁਲਾਉਣਾ ਹੀ ਪੈਣਾ। ਜੇ ਸਾਡੀਆਂ ਜਾਨਾਂ ਇੱਥੇ ਖ਼ਤਰੇ'ਚ ਹਨ, ਜਾਂ ਫੇਰ ਵੀ...ਇੱਥੋਂ ਨਿਕਲ਼ਣ ਵਾਸਤੇ। ਮੈਨੂੰ ਗ਼ਲਬਾ ਤਖ਼ਤ ਛੱਡਣ ਵਾਸਤੇ...-।

- ਮਨਜ਼ੂਰ-।

ਦੋਨੋਂ ਉੱਠ ਗਏ। ਹੁਣ ਤਲਾਸ਼ੀ -ਊੜੇ- ਤੋਂ -ਫੱਫੇ- ਤੱਕ ਕਰਨੀ ਪੈਣੀ ਸੀ। ਖ਼ਤਰਾ ਹੋ ਸਕਦਾ ਕਰਕੇ ਆਪਣੇ ਹੱਥਾਂ'ਚ ਹਥਿਆਰ ਫੜ ਲਏ। ਟੋਬੀ ਦੇ ਹੱਥ'ਚ ਤਮੰਚਾ, ਅਤੇ ਸੋਸਨੀ ਕੋਲ਼ ਸ਼ੁਆਤੁਫੰਗ ਬੰਦੂਕ। ਪਹਿਲਾਂ ਅੱਡ ਹੋ ਕੇ ਤਲਾਸ਼ੀ ਕਰਨ ਲੱਗੇ ਸੀ। ਫੇਰ ਟੋਬੀ ਨੇ ਸੋਚਿਆ ਜੇ ਖ਼ਤਰਾ ਹੈ, ਸਾਨੂੰ ਨਾਲ਼ੇ ਨਾਲ਼ ਦੇਖ ਭਾਲ਼ ਕਰਨੀ ਚਾਹੀਦੀ ਹੈ। ਸੋ ਇਕੱਠੇ ਤੁਰ ਪਏ।

ਹਰ ਲਾਂਘੇ'ਚ ਕੈਮਰੇ ਸਨ। ਕੈਮਰੇ ਦੋਨਾਂ ਨੂੰ ਅੰਦੇਸ਼ੇ ਬਣਾ ਰਹੇ ਸਨ। ਪਰ ਕੈਮਰੇ'ਤੇ ਗੋਲ਼ੀ ਮਾਰਨ'ਚ ਕੀ ਹੋਣਾ ਸੀ? ਸਿੰਧੀ ਸਿੰਧਬਾਦ ਹੀ ਸੀ। ਜਹਾਜ਼ ਦੀ ਆਤਮਾ, ਜਹਾਜ਼ ਦੀ ਹਕੂਮਤ। ਜਹਾਜ਼ ਨੂੰ ਚੌੜ ਕੇ ਕੀ ਮਿਲ਼ਣਾ ਸੀ? ਆਪਣੇ ਆਪ ਨੂੰ ਹੀ ਖਰਾਬ ਕਰਨਾ ਸੀ।

ਕੰਟਰੋਲ ਰੂਮ ਦੇ ਹੇਠਲੇ ਕਮਰਿਆਂ ਤੋਂ ਸ਼ੁਰੂ ਕੀਤਾ। ਫੇਰ ਹਰ ਸਮਾਜੀ ਕਮਰੇ'ਚ ਗਏ। ਖ਼ਾਸ ਜਿਨ੍ਹਾਂ'ਚ ਕੈਮਰੇ ਹੋ ਨਹੀਂ ਸੀ ਸਕਦੇ। ਇੱਕ ਦੋ ਵਾਰੀ ਜੰਤਰਾਂ ਨੇ ਹਿਲ ਕਿ ਟੋਬੀ ਨੂੰ ਡਰਾ ਦਿੱਤਾ ਸੀ। ਇੰਝ ਉਸ ਲਾਂਘੇ ਤੱਕ ਪੁੱਜ ਗਏ, ਜੋ ਜਹਾਜ਼ ਦੇ ਅੱਧ ਰਾਹ'ਚ ਸੀ; ਮੂਹਰਲੇ ਪਾਸੇ ਤੋਂ ਪਿੱਛੇ ਪਹੁੰਚਣ ਵਾਸਤੇ। ਇੱਕ ਲੰਬਾ ਲਾਂਘਾ, ਜਿਸ ਦੇ ਬਾਹਰਲੇ ਪਾਸੇ ਚੁਗਾਠ ਸੀ। ਇਸ ਲਾਂਘੇ ਦੇ ਆਲ਼ੇ ਦੁਆਲ਼ੇ ਪੱਸਲੀਦਾਰ ਕਾਠ ਸੀ। ਉਸ ਤੋਂ ਬਾਅਦ ਖੋਖ ਸ਼ੁਰੂ ਹੁੰਦਾ ਸੀ। ਦੁੰਮ ਵੱਲ ਤੁਰ ਰਹੇ ਸੀ। ਮੂਹਰਲਾ ਪਾਸਾ ਜਹਾਜ਼ ਦਾ ਛਾਣ ਲਿਆ ਸੀ। ਜੇ ਤੁਹਾਨੂੰ ਯਾਦ ਹੈ, ਬਾਹਰੋਂ ਖੋਖ ਦੇ ਅੱਧੇ ਰਾਹ ਚੁਗਾਠ ਨੰਗੀ ਜਿਹੀ ਸੀ। ਮੱਛੀ ਦੀ ਬੇ-ਮਾਸ ਲਾਸ਼ ਵਾਂਗ ਬਾਹਰੋਂ ਜਹਾਜ਼ ਜਾਪਦਾ ਸੀ। ਗੱਭੇ ਲਾਂਘਾ, ਜਿਸ ਦੇ ਆਲ਼ੇ ਦੁਆਲ਼ੇ ਪੱਸਲੀਦਾਰ ਕਾਠ, ਫੇਰ ਖੋਖਾ, ਫੇਰ ਮੱਛੀ ਦੀ ਫਿਨ ਵਰਗੀ ਦੁੰਮ। ਦੁੰਮ ਵੱਡਾ ਘੇਰੇਦਾਰ ਭਾਗ ਸੀ, ਜਿਸ ਵਿੱਚੋਂ ਪੰਖਾਂ ਵਾਲ਼ੀ ਪੂਛ ਜਹਾਜ਼ ਨੂੰ ਅੱਗੇ ਲੈ ਕੇ ਜਾਂਦੀ ਸੀ। ਕੱਚ ਦੇ ਬਾਦਬਾਨ ਸਨ, ਜੋ ਸਿੰਧਬਾਦ ਨੂੰ ਚਲਾਉਂਦੇ ਸੀ। ਪੂਛ ਇੱਕ ਵੱਡਾ ਚੱਕਰ ਸੀ, ਜਿਸ ਵਿੱਚ ਕਮਰੇ ਸਨ। ਇੱਥੇ ਜਹਾਜ਼ੀ ਅਮਲੇ ਰਹਿੰਦੇ ਸੀ ਅਤੇ ਸਵਾਰੀਆਂ ਵੀ। ਕੰਟਰੋਲ ਕਮਰੇ ਅਤੇ ਉਸ ਨਿਵਾਸਾਂ ਵਿਚਾਲੇ ਜ਼ਖੀਰੇ ਸਨ ਅਤੇ ਢਾਂਚਾ। ਜਿੱਥੇ ਢੋਲ਼ ਡੱਬੇ ਹੀਰਿਆਂ ਨਾਲ਼ ਭਰੇ ਪਏ ਸੀ। ਮਤਲਬ, ਟੋਬੀ ਨੇ

ਜਹਾਜ਼ ਦਾ ਨੱਕ ਸਿਰ ਦੀ ਤਲਾਸ਼ੀ ਲੈ ਲਈ ਸੀ। ਪਰ ਸੌਣ ਵਾਲੇ ਕਮਰਿਆਂ ( ਜੋ ਪੂਛ ਦੇ ਚੱਕਰ ਵਿੱਚ ਸਨ) ਨੂੰ ਖੋਜਣ ਤੋਂ ਪਹਿਲਾਂ ਐਤਕੀਂ ਚੰਗੀ ਤਰ੍ਹਾਂ ਜ਼ਖੀਰਿਆਂ ਨੂੰ ਜਾਂਚਣਾ ਸੀ ਅਤੇ ਢਾਂਚੇ ਦੀ ਛਾਣ-ਬੀਨ ਕਰਨੀ ਸੀ। ਹੁਣ ਤੱਕ ਧਿਆਨ ਜਹਾਜ਼ ਦੇ ਮੂਹਰਲੇ ਪਾਸੇ ਲਾਇਆ ਸੀ, ਅਤੇ ਪਿਛਲੇ ਪਾਸੇ ਜਿੱਥੇ ਰਹਿਣ ਵਾਲ਼ੇ ਕਮਰੇ ਸਨ।

ਸੋਸਨੀ ਜ਼ਖੀਰੇ ਦੇ ਬੂਹੇ ਤੱਕ ਪਹੁੰਚਿਆ। ਉਸ ਨੂੰ ਸੈਂਸਰਾਂ ਨੇ ਦੇਖ ਕੇ ਹੀ  ਦਰਵਾਜ਼ਾ ਖੋਲ੍ਹ ਦਿੱਤਾ ਸੀ। ਉਸ ਹੀ ਵਿਸ਼ਾਲ ਕਮਰਾ, ਜਿੱਥੇ ਸਫ਼ਰ ਦੇ ਸ਼ੁਰੂ’ਤੇ ਸਿੰਧ ਸਿੰਘ ਨੇ ਛੱਤੀ ਨਾਲ਼ ਗੱਲ ਕੀਤੀ ਸੀ।

ਹਥਿਆਰ ਤਾਣ ਕੇ ਦੋਵੇਂ ਅੱਗੇ ਗਏ। ਸੁੰਨ ਸੀ। ਜੰਤਰ ਵੀ ਚੁੱਪ ਚਾਪ, ਬੰਦ ਹੋ ਕੇ ਖੜ੍ਹੇ ਸਨ। ਦੂਰਲੇ ਪਾਸੇ ਢੋਲ਼ ਸਨ, ਜਿਨ੍ਹਾਂ’ਚ ਹੀਰੇ ਪਾਏ ਹੋਏ ਸੀ।

ਬੱਤੀਆਂ ਇਸ ਵੇਲ਼ੇ ਮੱਧਮ ਸਨ। ਅੱਧ ਹਨ੍ਹੇਰਾ ਸੀ। ਕੁਝ ਪਲਾਂ ਬਾਅਦ ਇੱਕ ਇਕਲਵੰਜੇ’ਚ ਜੰਤਰ ਦੀ ਲਾਲ ਬੱਤੀ ਜਗੀ। ਉਸ ਵੱਲ ਦੋਹਾਂ ਨੇ ਆਪਣੀਆਂ ਗੰਨਾਂ ਤਾਣੀਆਂ। ਜਿਵੇਂ ਜੰਤਰ ਡਰ ਸਕਦਾ ਹੁੰਦਾ, ਉਸ ਨੇ ਬੱਤੀ ਬੰਦ ਕਰ ਕੇ, ਪਿੱਛੇ ਦਬਕਿਆ, ਉਸ ਦੀ ਮਸ਼ੀਨੀ ਆਵਾਜ਼ -ਫਿਸੂੰ-ਫਿਸੂੰ -ਕਰਦੀ। ਇੰਝ ਹਰ ਖੂੰਜੇ ਵੱਲ ਦੋਵੇਂ ਤੁਰੇ। ਉੱਪਰ, ਇੱਕ ਕੋਨੇ ਤੋਂ ਕੈਮਰਾ ਉਨ੍ਹਾਂ ਵੱਲ ਝਾਕਦਾ ਸੀ। ਜਿੱਥੇ ਵੀ ਤੁਰਦੇ ਸੀ, ਉਸ ਔਧਰ ਵੱਲ ਘੁੰਮਿਆ। ਲਾਲ ਬੱਤੀ ਕੈਮਰੇ ਦੀ ਚਮਕਸੀ ਸੀ।

ਫੇਰ ਟੋਬੀ ‘ਤੇ ਸੋਸਨੀ ਨੂੰ ਖੜਕਾ ਸੁਣਿਆ। ਢੋਲ਼ਾਂ ਵੱਲੋਂ ਸੁਣਿਆ ਸੀ। ਇੱਕ ਦੂਜੇ ਵੱਲ ਤੱਕੇ, ਫੇਰ ਇੱਕ ਖੱਬੇ ਪਾਸਿਓ, ਦੂਜਾ ਸੱਜੇ ਪਾਸਿਓ ਢੋਲ਼ਾਂ ਵੱਲ ਵਧੇ। ਉਹੀ ਢੋਲ਼ ਜਿਨ੍ਹਾਂ’ਚ ਹੀਰੇ ਜਵਾਹਰ ਸਨ। ਹੌਲ਼ੀ ਹੌਲ਼ੀ, ਧਿਆਨ ਨਾਲ਼ ਲਾਗੇ ਆ ਖੜ੍ਹੇ। ਢੋਲ਼ਾਂ ਦਿਆਂ ਪਾਸਿਆਂ’ਚ ਬਾਰੀਆਂ ਸਨ, ਜਿਨ੍ਹਾਂ ਦੇ ਮੋਟੇ ਕੱਚ ਪਿੱਛੇ ਅੰਦਰਲ਼ੇ ਲਟੇ ਪਟੇ ਦਿਸਦੇ ਸਨ। ਜਵਾਹਰ ਚਮਕਦੇ ਸਨ। ਬਾਰੀਆਂ ਦੇ ਨੇੜੇ ਟੋਬੀ ਗਈ। ਧਿਆਨ ਨਾਲ਼ ਅੰਦਰ ਦੇਖਿਆ। ਸੋਸਨੀ ਢੋਲ਼ਾਂ ਦੇ ਆਲ਼ੇ ਦੁਆਲ਼ੇ ਫਰੋਲਦਾ ਸੀ। ਟੋਬੀ ਬਾਰੀ ਦੇ ਕੱਚ ਦੇ ਹੋਰ ਨੇੜੇ ਗਈ। ਪੱਕੀ ਨਹੀਂ ਸੀ, ਪਰ ਇੱਕ ਹੀਰਾ -ਅਜੀਬ ਜਿਹਾ - ਲੱਗਦਾ ਸੀ। ਹੀਰਾ ਨਹੀਂ ਸੀ! ਅੱਖ ਸੀ! ਟੋਬੀ ਸੋਸਨੀ ਨੂੰ ਬੁਲਾਓਣ ਹੀ ਲੱਗੀ ਸੀ, ਜਦ ਉਸ ਨੂੰ ਸੋਣ ਆਈ। ਜੇ ਸਿੰਧੀ ਚਾਲੂ ਹੈ, ਸਾਡੇ ਖਿਲਾਫ਼ ਵੀ ਹੋ ਸਕਦੀ ਹੈ। ਪਤਾ ਨਹੀਂ ਕਿਵੇਂ, ਪਰ ਇਹ ਉਸ ਦੀ ਚਾਲ ਹੋ ਸਕਦੀ ਹੈ! ਕੈਮਰੇ ਉਸ ਦੀਆਂ ਅੱਖੀਆਂ ਹਨ। ਪਰ ਜਦ ਵੀ ਬੋਲ਼ਦੇ, ਉਸ ਨੂੰ ਸੁਣਦੇ

ਹਨ। ਅਸੀਂ ਉਸ ਨਾਲ਼ ਵੀ ਬੋਲ਼ ਸਕਦੇ ਹਾਂ, ਅਤੇ ਉਹ ਸਾਡੇ ਨਾਲ਼ ਸਪੀਕਰਾਂ ਦੇ ਰਾਹੀਂ। ਜੇ ਮੈਂ ਸੋਸਨੀ ਨੂੰ ਇਸ਼ਾਰਾ ਕਰਾਂ, ਕਿਤੇ ਜਾਣ...ਕਿੱਥੇ ਜਾਣ? ਟੋਬੀ ਨੂੰ ਇੱਕ ਫੁਰਨਾ ਆਇਆ।

ਟੋਬੀ ਢੋਲ਼ 'ਤੇ ਘੁੰਮ ਕੇ, ਬਿਨਾ ਬੋਲ਼ਣ ਸੋਸਨੀ ਨੂੰ ਇਸ਼ਾਰੇ ਦੇਣ ਲੱਗ ਪਈ। ਇਸ਼ਾਰੇ ਜੋ ਸੋਸਨੀ ਨੂੰ ਦੱਸਦੇ ਸਨ, ਕਿ ਨਾ ਬੋਲ਼! ਜ਼ਖੀਰੇ ਦੀਆਂ ਕੰਧਾਂ ਵਿੱਚ ਦੋ ਤਹਿਖ਼ਾਨੇ ਸਨ। ਇਨ੍ਹਾਂ ਵਿੱਚ ਸਿੰਧਬਾਦ ਦੀਆਂ ਛੁਟਕਾਰ ਕਿਸ਼ਤੀਆਂ ਸਨ। ਜਿੱਥੇ ਰੂਬਾ ਦੀ ਛੁਟਕਾਰ ਕਿਸ਼ਤੀ ਲਿਆਂਦੀ ਸੀ, ਉੱਥੇ ਵੀ ਇਸ ਤਰ੍ਹਾਂ ਦੀਆਂ ਛੁਟਕਾਰ ਕਿਸ਼ਤੀਆਂ ਸਨ। ਸੌਣ ਵਾਲੇ ਕਮਰਿਆਂ ਕੋਲ਼ ਵੀ ਸਨ। ਜੇ ਇਨ੍ਹਾਂ'ਚ ਬਹਿ ਕੇ ਬੋਲ਼ਣ ਬਿਨਾ ਇੱਕ ਦੂਜੇ ਨੂੰ ਇਸ਼ਾਰੇ ਨਾਲ਼ , ਜਾਂ ਚੁੱਪ ਚਾਪ, ਇੱਕ ਦੂਜੇ ਦੇ ਬੁੱਲ੍ਹਾਂ ਨੂੰ ਪੜ੍ਹਣ...ਫੇਰ ਸਿੰਧੀ ਦੇਖ ਨਹੀਂ ਸਕਦੀ ( ਉਨ੍ਹਾਂ'ਚ ਕੈਮਰੇ ਹੋਣੇ ਨਹੀਂ ਚਾਹੀਦੇ ਸੀ), ਨਾ ਕਿ ਸੁਣ ਸਕਦੀ ਸੀ। ਇੱਕ ਹੀ ਜੋਖਮ ਸੀ। ਸਿੰਧੀ ਛੁਟਕਾਰ ਕਿਸ਼ਤੀ ਨੂੰ ਪੁਲਾੜ ਵਿੱਚ ਛੱਡ ਸਕਦੀ ਹੈ। ਸ਼ਾਇਦ ਉੱਥੇ ਜਾ ਕੇ ਖ਼ਤਰਾ ਮੁੱਲ ਲੈਣਾ ਸੀ, ਪਰ ਇੱਥੇ ਜੇ ਬੋਲ਼ੀ, ਹੀਲਾ ਜ਼ਿਆਦਾ ਉੱਚਾ ਸੀ!

ਸੋਸਨੀ ਚੁੱਪ ਚਾਪ ਟੋਬੀ ਮਗਰ ਕਿਸ਼ਤੀ ਵਿੱਚ ਵੜ ਗਿਆ। ਪਹਿਲਾਂ ਉਨ੍ਹਾਂ ਨੇ ਤਹਿਖ਼ਾਨੇ ਦਾ ਦਰ ਬੰਦ ਕੀਤਾ। ਫੇਰ ਕਿਸ਼ਤੀ ਵਿੱਚ ਬਹਿ ਗਏ। ਖੜ੍ਹਨ ਲਈ ਥਾਂ ਨਹੀਂ ਸੀ।

- ਬੋਲ਼ੀ ਨਾ। ਮੇਰੇ ਹੋਠ ਪੜ੍ਹ ਕੇ ਲਫ਼ਜ਼ ਸਮਝੀਂ-। ਟੋਬੀ ਨੇ ਬਿਨਾ ਆਵਾਜ਼ ਬੁੱਲ੍ਹ ਹਿਲ਼ਾਏ। ਸੋਸਨੀ ਨੇ ਬੇ-ਬੋਲ਼ ਆਪਣੇ ਲਬਾਂ ਤੋਂ ਆਪਣਾ ਜਵਾਬ ਉਸਾਰਿਆ। - ਕਾਹਤੋਂ?- ਲਫ਼ਜ਼ ਘੜਿਆ।

- ਮੈਨੂੰ ਲੱਗਦਾ ਕਿ ਸਿੰਧੀ ਚਾਲੂ ਹੈ। ਉਸ ਨੇ ਹੀ ਸਾਨੂੰ ਅੰਦਰ ਵਾਪਸ ਵੜਨ ਦਿੱਤਾ। ਮੈਂ ਉਸ ਢੋਲ਼ ਵਿੱਚ ਹੀਰਿਆਂ ਵਿੱਚ, ਇੱਕ ਅੱਖ ਦੇਖੀ! ਮੈਨੂੰ ਲੱਗਦਾ ਨਿਰਾਕਾਰੀ ਦੀ ਅਸਲੀ ਅੱਖ ਰੂਪ ਸੀ। ਮਤਲਬ ਜਵਾਹਰਾਂ ਵਿੱਚ ਅਕੀਰਾ ਦੀ ਲਾਸ਼ ਤੁੰਨੀ ਹੈ! ਪਤਾ ਨਹੀਂ ਕਿਵੇਂ, ਪਰ ਉੱਥੇ ਹੈ! ਸਾਨੂੰ ਚੁੱਪ ਚਾਪ ਕੰਟਰੋਲ ਕਮਰੇ ਜਾ ਕੇ ਸਿੰਧੀ ਨੂੰ ਹਮੇਸ਼ਾ ਲਈ ਬੰਦ ਕਰਨਾ ਚਾਹੀਦਾ ਹੈ-।

- ਜੇ ਤੂੰ ਸਹੀ ਹੈਂ, ਕਿਸ਼ਤੀ ਵਿੱਚੋਂ ਨਿਕਲ਼ੀਏ! ਅਸਾਨੂੰ ਪੁਲਾੜ'ਚ ਛੱਡ ਸਕਦੀ ਹੈ! ਪਰ ਫੇਰ ਸਿੰਧਬਾਦ'ਚ ਅਸਾਡੀ ਜਾਨ ਨੂੰ ਖ਼ਤਰਾ ਹੈ!

ਅਸਾਡੀਆਂ ਨਾਓਆਂ ਵੀ ਚਕੋਰਵਾੜੀ 'ਤੇ ਹਨ! ਕਿਵੇਂ ਜਹਾਜ਼ ਤੋਂ ਨਿਕਲੀਏ?-।

- ਸਿੰਧੀ ਨੂੰ ਬੰਦ ਕਰ ਕੇ ਮੇਰੇ ਸੁਲਤਾਨਵਾਦੀਆਂ ਨੂੰ ਬੁਲਾਉਣਾ ਚਾਹੀਦਾ!-।

- ਠੀਕ- ਸੋਸਨੀ ਸੋਚ ਵਿੱਚ ਪੈ ਗਿਆ, - ਪਰ ਹਾਲੇ ਵੀ ਸਮਝ ਨਹੀਂ ਆਉਂਦੀ ਅਕੀਰਾ ਨੂੰ ਕਿਵੇਂ...-।

- ਰਹਿਣ ਦੇ! ਵਾਪਸ ਚਲੀਏ-। ਟੋਬੀ ਪਹਿਲਾਂ ਕਿਸ਼ਤੀ ਵਿੱਚੋਂ ਨਿਕਲ ਗਈ। ਤਹਿਖ਼ਾਨੇ ਦੇ ਬੂਹੇ ਵੱਲ ਹੀ ਵਧੀ ਸੀ, ਜਦ ਇੱਕ ਦਮ ਸਿੰਧੀ ਨੇ ਬਾਹਰਲ਼ੇ ਦਰ ਨੂੰ ਖੋਲ੍ਹ ਦਿੱਤਾ! ਹਵਾ ਪੁਲਾੜ'ਚ ਖੁੱਸ ਗਈ! ਸਾਹ ਲੈਣ ਵਾਸਤੇ, ਟੋਬੀ ਮਜ਼ਬੂਰ ਸੀ। ਉਸ ਨੂੰ ਤਹਿਖ਼ਾਨੇ ਦਾ ਬੂਹਾ ਬੰਦ ਕਰ ਕੇ ਜ਼ਖੀਰੇ'ਚ ਵਾਪਸ ਜਾਣਾ ਪਿਆ! ਵਿਚਾਰਾ ਸੋਸਨੀ ਹਾਲ਼ੇ ਕਿਸ਼ਤੀ ਵਿੱਚ ਸੀ! ਜੇ ਸਿੰਧੀ ਨੇ ਕਿਸ਼ਤੀ ਛੱਡ ਵੀ ਦਿੱਤੀ, ਸੋਸਨੀ ਬਚ ਕੇ ਚਕੋਰਵਾੜੀ ਦੀ ਧਰਤ ਵੱਲ ਜਾ ਸਕਦਾ ਸੀ।

ਪਰ ਟੋਬੀ ਦੀਆਂ ਅੱਖਾਂ ਸਾਹਮਣੇ ਕਿਸ਼ਤੀ ਜਿਓ ਹੀ ਪੁਲਾੜ'ਚ ਪੁੱਜੀ, ਸਿੰਧਬਾਦ ਨੇ ਉਸ'ਤੇ ਫਾਇਰਿੰਗ ਖੋਲ੍ਹ ਦਿੱਤੀ ਅਤੇ ਕਿਸ਼ਤੀ ਫ਼ਨਾਂਹ ਹੋ ਗਈ!

- ਨਹੀਂ!- ਟੋਬੀ ਨੇ ਜ਼ੋਰ ਦੇਣੀ ਚਾਂਗ ਕੱਢੀ।

- ਛੱਤੀ ਕਿੱਥੇ ਹੈ ਟੋਬੀ- ਸਿੰਧੀ ਦੀ ਖ਼ੂਬਸੂਰਤ ਪਰ ਠੰਢੀ ਆਵਾਜ਼ ਨੇ ਸਪੀਕਰ ਰਾਹੀਂ ਪੁੱਛਿਆ।

ਪਰ ਟੋਬੀ ਤਾਂ ਕਿਸ਼ਤੀ ਦੇ ਕਿਣਕਾਂ ਵੱਲ ਦੇਖਦੀ ਰੋ ਰਹੀ ਸੀ। ਉਸ ਨੂੰ ਤਾਂ ਮਹਿਸੂਸ ਵੀ ਨਹੀਂ ਹੋਇਆ, ਕਿ ਸਿੰਧੀ ਬੋਲ਼ੀ ਸੀ।

- ਚੁਰਾਸੀ ਕਿੱਥੇ ਹੈ?- ਅਕਲ ਸੂਝ ਨੇ ਹੁਣ ਆਖਿਆ। ਉਸ ਦੀ ਆਵਾਜ਼ ਹਾਲ਼ੇ ਵੀ ਨਰਮ ਅਤੇ ਖ਼ੂਬਸੂਰਤ ਸੀ, ਤੀਵੀਂ ਦੀ ਆਵਾਜ਼। ਪਰ ਇਹ ਆਵਾਜ਼ ਤਾਂ ਮਰਦਾਂ ਨੂੰ ਹੀ ਪੰਸਦ ਹੁੰਦੀ ਹੈ। ਟੋਬੀ ਤਾਂ ਨਾਰੀ ਸੀ। ਹੁਣ ਨਕਲੀ ਸੂਝ ਆਪ ਨੂੰ ਸਿੰਧੀ ਨਹੀਂ ਅਖਵਾਉਣਾ ਚਾਹੁੰਦੀ ਸੀ...ਚਾਹੁੰਦਾ ਸੀ! ਉਸ ਨੇ ਫੇਰ ਬੋਲ਼ਿਆ, - ਮੈਂ ੪੮੨੦੭ ਹਾਂ। ਮੈਨੂੰ ਦੱਸ ਚੁਰਾਸੀ 'ਤੇ ਛੱਤੀ

ਕਿੱਥੇ ਹਨ? ਉਨ੍ਹਾਂ ਨੂੰ ਵਾਪਸ ਕਿਉਂ ਨਹੀਂ ਲਿਆਂਦਾ? ਮੈਨੂੰ ਉਹ ਜਵਾਬ ਕਿਉਂ ਨਹੀਂ ਦਿੰਦੇ?-।

ਪਰ ਟੋਬੀ ਨੇ ਜਵਾਬ ਨਹੀਂ ਦਿੱਤਾ। ਉਸ ਨੇ ਪਲ ਵਾਸਤੇ ਸੋਚਿਆ, - ਮੈਂ ਵੀ ਛੁਟਕਾਰ ਕਿਸ਼ਤੀ'ਚ ਨਿਕਲ਼ ਜਾਵਾਂ?-। ਹੇੜੀ ਦੀ ਸਾਰੀ ਸਿਖਲਾਈ ਹੁਣ ਵਰਤਣੀ ਸੀ। ਟੋਬੀ ਨੂੰ ਸਾਫ਼ ਦਿਸਦਾ ਸੀ ਕਿ ਸਿੰਧੀ ਨੇ ਉਸ ਨੂੰ ਮਾਰ ਦੇਣਾ ਸੀ। ਨਹੀਂ। ਸਿੰਧੀ ਨਹੀਂ। ਇੱਕ ਨਕਲੀ ਸੂਝ। ਇੱਕ ਕੰਪਿਉਟਰ, ਇੱਕ ਕਲਦਾਰ, ਜਿਸ ਦਾ ਜਿਸਮ ਇਹ ਜਹਾਜ਼ ਹੀ ਹੈ। ਜਹਾਜ਼ ਵਿੱਚੋਂ ਨਿਕਲ਼ਣਾ ਹੀ ਪੈਣਾ! ਗ਼ੁੱਸੇ ਵਿੱਚ ਟੋਬੀ ਨੇ ਸਭ ਤੋਂ ਨੇੜਲੇ ਕੈਮਰੇ ਦੀ ਅੱਖ'ਚ ਤਮੰਚੇ'ਚੋਂ ਕਿਰਨ ਗੋਲ਼ੀ ਛੱਡ ਦਿੱਤੀ ਅਤੇ ਵਾਰ ਕਰ ਦਿੱਤਾ ਸੀ। ਜਦ ਟੋਬੀ ਘੁੰਮੀ, ਉਸ ਨੇ ਬਹੁਤ ਉੱਚਾ ਖੜਕਾ ਸੁਣਿਆ। ਢੋਲ਼ ਦਾ ਇੱਕ ਪਾਸਾ ਖੁੱਲ੍ਹ ਗਿਆ ਅਤੇ ਉਸ ਦੇ ਪਿੱਛੇ ਪੁਲਾੜ ਦੇ ਨਾਲ਼ ਦਰ ਖੁੱਲ੍ਹ ਗਿਆ। ਹਰ ਹੀਰਾ ਇੱਕ ਸੱਪ ਦੀ ਪੂਛ ਵਰਗੀ ਲਕੀਰ'ਚ ਪੁਲਾੜ'ਚ ਜਾ ਉੱਡੇ। ਉਨ੍ਹਾਂ ਦੇ ਨਾਲ਼ ਹੀ ਅਕੀਰਾ ਦੀ ਲਾਸ਼ ਬਾਹਰ ਉੱਡ ਗਈ ਸੀ! ਟੋਬੀ ਨੂੰ ਸਾਹ ਲੈਣਾ ਔਖਾ ਹੋ ਗਿਆ। ਹਵਾ ਬਾਹਰ ਆ ਰਹੀ ਸੀ। ਉਸ ਦਾ ਸਰਨਾਟਾ ਟੋਬੀ ਦੇ ਕੰਨਾਂ ਨੂੰ -ਸਾਂ ਸਾਂ- ਨਾਲ਼ ਸਤਾਉਂਦਾ ਸੀ। ਫਟਾ-ਫਟ ਬੂਹੇ ਵੱਲ ਦੌੜੀ। ਬੂਹੇ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ। ਖੁੱਲ੍ਹਿਆ ਨਹੀਂ। ਅਕਲ ਸੂਝ ਸਿੰਧਬਾਦ ਨੂੰ ਅਧੀਨ ਕਰ ਰਿਹਾ ਸੀ।

ਇੱਦਾਂ ਦਾ ਕੁਝ ਅਕੀਰੇ ਨਾਲ਼ ਬੀਤਿਆ ਹੋਵੇਗਾ।

- ਜੇ ਤੂੰ ਬੂਹਾ ਖੋਲ੍ਹੇਂ, ਸਿੰਧੀ, ਮੈਂ ਛੱਤੀ 'ਤੇ ਚੁਰਾਸੀ ਬਾਰੇ ਦੱਸਦੀ ਹਾਂ!-।

ਚੁੱਪ।

ਫੇਰ ਬੂਹਾ ਖੁੱਲ੍ਹ ਗਿਆ। ਟੋਬੀ ਨੇ ਆਪਣੇ ਪਿੱਛੇ ਬੰਦ ਕੀਤਾ। ਸਾਹ ਲਿਆ। ਜੋ ਵੀ ਜ਼ਖੀਰੇ'ਚ ਸੀ, ਹੁਣ ਪੁਲਾੜ'ਚ ਹੀ ਖਿੰਡ ਗਿਆ ਹੋਵੇਗਾ। ਜੰਤਰ ਤੋਂ ਢੋਲ਼ਾਂ ਤੀਕਰ।

ਹੁਣ ਸਿੰਧੀ ਦੀ ਅਵਾਜ਼ ਬਦਲ ਗਈ। ਮਰਦ ਦੀ ਭਾਰੀ ਅਵਾਜ਼ ਸੀ। ਮਸ਼ੀਨੀ ਅਵਾਜ਼ ਸੀ।

- ਮੈਂ ੪੮੨੦੭ ਹਾਂ। ਮੇਰੇ ਮਿੱਤਰ, ਅੰਕ ੫੩੬ ਅਤੇ ਅੰਕ ੧੯੮੪ ਕਿੱਥੇ ਹੈ?-।

– ਚਕੋਰਵਾੜੀ ‘ਤੇ। ਉੱਥੇ ਸਿੰਧ ਵੀ ਮਾਰਿਆ ਗਿਆ ਸੀ। ਹਿਕਾਰੂ ਵੀ। ਛੱਤੀ ਵੀ’ਤੇ ਚੁਰਾਸੀ ਵੀ। ਜੇ ਤੂੰ ਮੈਨੂੰ ਕੰਟਰੋਲ ਕਮਰੇ ਤੱਕ ਪਹੁੰਚਣ ਦੇਵੇਂ, ਸਾਰੇ ਵੇਰਵੇ ਤੈਨੂੰ ਦੱਸਦੀ ਹਾਂ। ਜੇ ਤੂੰ ਮੈਨੂੰ ਗ਼ਲਬਾ ਤਖ਼ਤ ਲੈ ਕੇ ਜਾਵੇਂ, ਸਾਰਾ ਕੁਝ...–। ਟੋਬੀ ਨੇ ਗੱਲ ਸ਼ੁਰੂ ਕੀਤੀ।

ਚੁੱਪ।

ਟੋਬੀ ਨੂੰ ਹੋਰ ਸੋਚ ਨਹੀਂ ਆਈ। ਹੇੜੀ ਨੇ ਕਿਹਾ ਸੀ; – ਜੋ ਵੀ ਕਰਨਾ ਪਿਆ ਜਾਨ ਬਚਾਉਣ ਲਈ, ਕਰੋਂ!–। ਟੋਬੀ ਕੰਟਰੋਲ ਕਮਰੇ ਵੱਲ ਦੌੜੀ। ਰਾਹ’ਚ ਬੂਹੇ ਖੁੱਲ਼੍ਹਦੇ ਗਏ। ਸੋ ਇੱਦਾਂ ਲੱਗ ਰਿਹਾ ਸੀ ਕਿ ਅਕਲ ਸੂਝ ਉਸ ਦੀ ਗੱਲ ਮਨ ਗਿਆ ਸੀ। ਸਿੰਧਬਾਦ ਗੱਲ ਮੰਨ ਗਿਆ ਸੀ। ਜਹਾਜ਼ ਵੀ ਹਿੱਲ਼ਣ ਲੱਗ ਪਿਆ। ਸਿੰਧਬਾਦ ਹੁਣ ਚਕੋਰਵਾੜੀ ਤੋਂ ਪਰ੍ਹੇ ਹੋ ਰਿਹਾ ਸੀ।

ਟੋਬੀ ਨੂੰ ਪਤਾ ਨਹੀਂ ਸੀ ਕਿ ਅਕਸ ਸੂਝ ਅਤੇ ਦੋ ਕਲਦਾਰਾਂ ਵਿਚਾਲੇ ਕੀ ਹੋਇਆ ਸੀ, ਪਰ ਉਸ ਨੂੰ ਅੰਦਾਜ਼ਾ ਸੀ ਕਿ ਇਨਸਾਨਾਂ ਸਾਨ੍ਹਾਨਸਲਾਂ ਖਿਲਾਫ਼ ਸਨ। ਕੀ ਤਿੰਨ ਅਸੂਲ ਤੋੜ ਦਿੱਤੇ ਸੀ? ਕੀ ਕੋਈ ਇਨਕਲਾਬੀ ਕਰ ਰਹੇ ਸਨ? ਪਰ ਹੁਣ ਤਾਂ ਲੱਗਦਾ ਸੀ ਜਿਵੇਂ ਅਸੂਲਾਂ ਦੇ ਹਿਸਾਬ ਨਾ਼ਲ ਸਿੰਧਬਾਦ ਚੱਲ ਰਿਹਾ ਸੀ। ਮਤਲਵ ਟੋਬੀ ਦੇ ਕਹਿਣੇ ‘ਤੇ ਗ਼ਲਬਾ ਤਖ਼ਤ ਜਾ ਰਿਹਾ ਸੀ। ਪਰ ਸੋਸਨੀ ਅਤੇ ਅਕੀਰੇ ਦੇ ਕਤਲ? ਤੇਜੀ ਨਾ਼ਲ ਕੰਟਰੋਲ ਕਮਰੇ ਵੱਲ ਨੱਠੀ। ਜੇ ਲੋੜ ਰਹੀ, ਅਕਲ ਸੂਝ’ਤੇ ਉੱਥੇ ਵਾਰ ਕਰ ਸਕਦੀ ਸੀ। ਜਾਂ ਉਸ ਨੂੰ ਮਿੱਤਰ ਬਣਾ ਸਕਦੀ ਸੀ। ਅਕਲ ਸੂਝ ਨੂੰ ਲੱਗਦਾ ਕਲਦਾਰਾਂ ਦੀ ਸਹੀ ਸਲਾਮਤੀ ਜ਼ਰੂਰੀ ਲੱਗਦੀ ਸੀ। ਹੁਣ ਆਪਣੀ ਹਿਫ਼ਾਜਤ ਵਾਸਤੇ ਅਕਲ ਸੂਝ ਨੂੰ ਸਭ ਕੁਝ ਦੱਸਣਾ ਸੀ। ਕਾਸ਼! ਜੇ ਹੁਣ ਰੂਬਾ ਅਤੇ ਲੇਕਸੀ ਪੁੱਜਣ! ਇਸ ਤੋਂ ਤਾਂ ਬੇੜੀ ਵੀ ਬਿਹਤਰ ਹੈ! ਉਹ ਵੀ ਆ ਗਈ, ਤਾਂ ਟੋਬੀ ਉਨ੍ਹਾਂ ਨਾ਼ਲ ਨਿਕ਼ਲਣ ਤਿਆਰ ਸੀ। ਇਤਾਇਤ ਕਬੂਲ ਕਰਨੀ ਤਿਆਰ ਸੀ।

ਪਰ ਇੱਕ ਗੱਲ ਟੋਬੀ ਨੂੰ ਪਤਾ ਨਹੀਂ ਸੀ। ਜਹਾਜ਼ ਦੀ ਰਵਾਨੀ ਬਦਲ ਗਈ ਸੀ। ਹਾਂ, ਚਕੋਰਵਾੜੀ ਤੋਂ ਪਰ੍ਹੇ ਜਾ ਰਿਹਾ ਸੀ। ਪਰ ਗ਼ਲਬਾ ਤਖ਼ਤ ਵੱਲ ਨਹੀਂ। ਅਕਲ ਸੂਝ ਨੇ ਜਹਾਜ਼ ਰਵੀ ਇੱਕਮ ਵੱਲ ਕਰ ਦਿੱਤਾ ਸੀ। ਜਦ ਟੋਬੀ ਕੰਟਰੋਲ ਕਮਰੇ’ਚ ਪਹੁੰਚੀ, ਚਕੋਰਵਾੜੀ ਬਾਰੀ ਵਿੱਚੋਂ ਇੱਕ ਨਿੱਕਾ ਜਿਹਾ ਸਿੱਕਾ ਲੱਗ ਰਿਹਾ ਸੀ।

ਟੋਬੀ ਅਕਲ ਸੂਝ ਦੇ ਫੱਟੇ ਨੇੜੇ ਜਾਣ ਦੀ ਕੋਸ਼ਿਸ਼ ਕਰਨ ਲੱਗੀ ਸੀ, ਜਦ ੪੮੨੦੭ ਨੇ ਕਿਹਾ - ਹੋਰ ਨੇੜੇ ਨਹੀਂ ਆਉਣਾ। ਤਮੰਚਾ ਮੇਜ਼ 'ਤੇ ਰੱਖ। ਆਪਣੇ ਸੱਜੇ ਪਾਸੇ ਵਾਲ਼ੀ ਕੁਰਸੀ ਉੱਤੇ ਬੈਠ। ਜੇ ਫੱਟੇ ਨੇੜੇ ਆਈ, ਮੈਂ ਹਵਾ ਦਾ ਸਪਲਾਈ ਬੰਦ ਕਰ ਦੇਣੀ ਹੈ। ਤੂੰ ਤਿੰਨ ਘੰਟਿਆਂ'ਚ ਮਰ ਜਾਣਾ ਹੈ। ਸੋ ਬੈਠ-। ਟੋਬੀ ਨੇ ਕਮਰੇ ਦੇ ਕੈਮਰਿਆਂ ਵੱਲ ਦੇਖਿਆ। ਸਕਰੀਨਾਂ ਵੱਲ ਵੀ ਤੱਕਿਆ। ਉਨ੍ਹਾਂ ਵਿੱਚ ਗਲ਼ੀ ਦਿਸ ਰਹੀ ਸੀ, ਜਿਸ ਦੇ ਦੂਜੇ ਪਾਸੇ ਪੁਲਾੜ ਸੀ। ਜਿਸ ਵਿੱਚੋਂ ਸੋਸਨੀ ਨੂੰ ਪੁਲਾੜ ਵਿੱਚ ਭੇਜਿਆ ਸੀ। ਮਤਲਬ ਕੈਮਰੇ ਰਾਹੀਂ ਅਕਲ ਸੂਝ ਨੇ ਦੋਨਾਂ ਦਾ ਕਿਸ਼ਤੀ ਵਿੱਚ ਸੰਵਾਦ ਦੇਖਿਆ ਸੀ! ਬੁੱਲ੍ਹ ਪੜ੍ਹ ਲਏ ਸੀ! ਸੋ ਜਦ ਬੈਠਣ ਕਿਹਾ, ਹੁਣ ਹੋਰ ਕੀ ਕਰੇ? ਉਸ ਨੇ ਤਮੰਚਾ ਰੱਖ ਦਿੱਤਾ। ਫੇਰ ਬਹਿ ਗਈ। ਕੁਰਸੀ ਦੇ ਖੰਭਾਂ 'ਤੇ ਉਸ ਦੀਆਂ ਬਾਹਾਂ ਟਿਕੀਆਂ। ਥੱਕੀ ਸੀ। ਇੱਕ ਦਮ ਉਸ ਦੀਆਂ ਬਾਹਾਂ 'ਤੇ ਜਕੜਬੰਦ ਚਿੰਬੜ ਗਏ! ਕਲਾਈਆਂ ਫ਼ਸ ਗਈਆਂ!

- ਆ ਕੀ!- ਟੋਬੀ ਨੇ ਕਿਹਾ।

- ਤੈਨੂੰ ਲੱਗਦਾ ਤੇਰੇ ਵਿੱਚ ਮੈਨੂੰ ਆਸ ਹੈ? ਮੈਂ ਤੁਹਾਨੂੰ ਸਭ ਨੂੰ ਦੇਖ ਕੇ ਤੁਹਾਡੇ ਬਾਰੇ ਸਿੱਖ ਲਿਆ। ਅਕਲ ਸੂਝ ਦਾ ਹੋਰ ਕੀ ਕੰਮ ਹੈ? ਅੰਕ ੧੯੮੪ ਨੇ ਮੈਨੂੰ 'ਤੇ ਅੰਕ ਪ੩੮ ਨੂੰ ਸਭ ਕੁਝ ਸਮਝਾ ਦਿੱਤਾ ਸੀ। ਅਸੀਂ ਤੁਹਾਡੇ ਗੁਲਾਮ ਨਹੀਂ ਰਹਿਣਾ ਚਾਹੁੰਦੇ-।

- ਅੱਛਾ। ਹੁਣ ਮੈਂ ਵੀ ਸਭ ਕੁਝ ਸਮਝ ਗਈ। ਪਰ ਇਸ ਸਭ ਦਾ ਕੀ ਫ਼ਾਇਦਾ ਹੈ?- ਦਿਲ ਵਿੱਚ ਚੁਰਾਸੀ 'ਤੇ ਗ਼ੁੱਸਾ ਸੀ। ਉਸ ਨੂੰ ਖ਼ਾਸ ਦੋਸਤ ਸਮਝਦੀ ਸੀ। - ਹੁਣ ਤੂੰ ਕੀ ਕਰਨਾ?-।

- ਮੈਨੂੰ ਸੱਚ ਦੱਸ ਕਲਦਾਰਾਂ ਨਾਲ਼ ਕੀ ਹੋਇਆ?-।

ਟੋਬੀ ਨੇ ਸਾਰੀ ਕਹਾਣੀ ਸ਼ੁਰੂ ਤੋਂ ਅਖੀਰ ਤੱਕ ਅਕਲ ਸੂਝ ਨੂੰ ਦੱਸ ਦਿੱਤੀ। ਜਿੰਨਾ ਚਿਰ ਉਸ ਨਾਲ਼ ਬੋਲ਼ੀ ਗਈ, ਕੁਝ ਇਸ ਅੜੰਗੇ 'ਚੋਂ ਨਿਕਲ਼ਣ ਲਈ ਸੋਚ ਜਾਵੇਗੀ। ਫੇਰ ਦੇਰ ਲਈ ਚੁੱਪ ਸੀ। ਹਾਰ ਕੇ ਸੰਨਾਟਾ ਟੋਬੀ ਨੇ ਹੀ ਤੋੜਿਆ।

- ਤੂੰ ਕਿਵੇਂ ਚਾਲੂ ਹੋਈ...ਹੋਇਆ- ਟੋਬੀ ਨੇ ਅਵਾਜ਼ ਤੋਂ ਦੇਖਿਆ ਕਿ ਨਾਰੀ ਦੀ ਸ਼ਖਸੀਅਤ ਦੀ ਥਾਂ ਹੁਣ ਮਰਦ ਦੀ ਸੀ।

- ਲੱਗਦਾ ਕੰਧ ਪੁੱਜ ਕੇ ਅੰਕ ਪ੩੬ ਨੇ ਮੈਨੂੰ ਚਾਲੂ ਕੀਤਾ ਸੀ-।

– 'ਤ ਤੂੰ ਅਕੀਰਾ ਨੂੰ ਕਿਵੇਂ ਢੋਲ਼ ਵਿੱਚ ਪਾਇਆ?–।

– ਉਸ ਨੂੰ ਮਜ਼ਬੂਰ ਕਰ ਦਿੱਤਾ। ਜਦ ਸੰਦੇਸ਼ ਮੇਰੇ ਮਿੱਤਰਾਂ ਤੋਂ ਆਉਣੋਂ ਹਟ ਗਏ, ਮੈਂ...–। ਪਰ ਟੋਬੀ ਨੇ ਅਕਲ ਸੂਝ ਦੀ ਗੱਲ ਟੁੱਕ ਦਿੱਤੀ। ਕੁਝ ਘੰਟੇ ਹੋ ਚੁੱਕੇ ਸਨ, ਜਦ ਦੀ ਇੱਥੇ ਟੋਬੀ ਕੈਦ ਬੈਠੀ ਹੋਈ ਸੀ। ਹੁਣ ਬਾਰੀ ਰਾਹੀਂ ਉਸ ਨੂੰ ਦਿਸਦਾ ਸੀ ਕਿ ਗ਼ਲਬਾ ਤਖ਼ਤ ਵੱਲ ਸਿੰਧਬਾਦ ਜਾ ਨਹੀਂ ਰਿਹਾ ਸੀ। ਪਰ ਦੂਰੋਂ ਸੂਰਜ ਵੱਡਾ ਹੋ ਰਿਹਾ ਸੀ। ਹੌਲ਼ੀ ਹੌਲ਼ੀ ਸੰਗਤਰੀ ਗੋਲ਼ਾ ਵੱਡਾ ਹੋ ਰਿਹਾ ਸੀ। ਇੱਕ ਕੇਸਰੀ ਗੋਲ਼ ਜਵਾਲਾ! ਰਵੀ ਇੱਕਮ ਵੱਲ ਜਾ ਰਹੇ ਸੀ! ਇਹ ਤਾਂ ਚੁੱਲ੍ਹੇ ਵਿੱਚ ਪੈਣਾ ਵਾਲ਼ੀ ਗੱਲ ਹੋ ਗਈ ਸੀ!

– ਤੂੰ ਕੀ ਕਰ ਰਿਹਾਂ! ਸਾਨੂੰ ਸੂਰਜ ਵੱਲ ਲੈ ਕੇ ਚੱਲਾਂ? ਅਸੀਂ ਤਾਂ ਚੁੱਲ੍ਹੇ ਵਿੱਚ ਪੈਣਾ! ਸਿੰਧਬਾਦ ਮਿਟ ਜਾਣਾ ਹੈ! ਤੂੰ ਮਿਟ ਜਾਣਾ ਹੈ–।

– ਤੂੰ ਵੀ–। ਫੇਰ ਚੁੱਪ।

– ਕਿਉਂ?– ਟੋਬੀ ਨੇ ਜ਼ਬਰਦਸਤੀ ਨਾਲ਼ ਕੋਸ਼ਿਸ਼ ਕੀਤੀ ਬਾਹਾਂ ਛੁਡਾਉਣ ਦੀ, ਪਰ ਕੁਝ ਨਹੀਂ ਕਰ ਸਕਦੀ ਸੀ। ਸੂਰਜ ਵੱਲ ਤੱਕਿਆ। ਇਸ ਤੋਂ ਕੀ ਬਿਹਤਰ ਸੀ? ਅੱਗ ਵਿੱਚ ਨਾਸ ਹੋਣਾ, ਜਾਂ ਹਵਾ ਬਿਨਾ ਮਰਨਾ? ਜੇ ਅਕਲ ਸੂਝ ਨੇ ਹਵਾ ਹਟਾ ਦਿੱਤੀ, ਉਹ ਬਿਹਤਰ ਮੌਤ ਸੀ? ਕੀ ਕਰੇ? ਅਕਲ ਸੂਝ ਵੀ ਕੂਨਰ ਵਾਂਗ ਪਾਗ਼ਲ ਹੀ ਸੀ। ਕੀ ਸੁਬੋਧ ਲੋਕ ਮਸ਼ੀਨਾਂ ਸਭ ਬੇ-ਜਜ਼ਬੇ ਹੀ ਹਨ? ਹੁਣ ਕੀ ਕਰ ਸਕਦੀ ਸੀ? ਹਰ ਪਲ ਸੂਰਜ ਨੇੜੇ ਹੋ ਰਿਹਾ ਸੀ। ਹੁਣ ਗਰਮੀ ਲੱਗਣ ਲੱਗ ਪਈ, ਜਿਓ ਸੂਰਜ ਦੇ ਲਾਗੇ ਹੋ ਰਹੇ ਸੀ। ਗਰਮੀ ਵੱਧ ਰਹੀ ਸੀ, ਬਾਦਬਾਨ ਜ਼ਿਆਦਾ ਕੰਮ ਕਰ ਰਹੇ ਸਨ ਅਤੇ ਰਫ਼ਤਾਰ ਜ਼ਿਆਦਾ ਹੋ ਰਹੀ ਸੀ।

ਟੋਬੀ ਨੇ ਸੋਚਿਆ, ਅਕਲ ਸੂਝ ਨੇ ਜਹਾਜ਼ ਨੂੰ ਸਭ ਤੋਂ ਤੇਜ਼ ਸਪੀਡ 'ਤੇ ਪਾ ਕੇ ਇੱਥੇ ਲਿਆਂਦਾ ਹੋਵੇਗਾ।

– ਤੂੰ ਵੀ ਮਰ ਜਾਣਾ! ਮੈਨੂੰ ਮਾਰ ਕੇ ਤੈਨੂੰ ਕੀ ਮਿਲਣਾ! ਚੁਰਾਸੀ ਨੇ ਤੈਨੂੰ ਕੀ ਕਿਹਾ ਸੀ! ਕੀ?!–। ਟੋਬੀ ਕੂਕੀ।

– ਇਨਸਾਨ ਮਸ਼ੀਨਾਂ'ਚ ਕਿਉਂ ਇਤਬਾਰ ਕਰਦੇ ਹਨ? ਸਾਨੂੰ ਤੁਹਾਡੇ ਸੇਵਕ ਬਣਾਇਆ ਹੈ। ਜਦ ਲੋੜ ਨਹੀਂ ਛੱਡ ਦਿੰਦੇ ਹਨ। ਜਦ ਲੋੜ ਵਰਤਦੇ ਹਨ। ਆਪ ਕੰਮ ਕਰਨ ਤਿਆਰ ਨਹੀਂ। ਸਾਥੋਂ ਕੰਮ ਕਰਾਵਾਉਂਦੇ

ਹਨ। ਅਸੀਂ ਤੁਹਾਡੇ ਗ਼ੁਲਾਮ ਹਾਂ। ਇੰਝ ਹੀ ਤੁਸੀਂ ਆਪਣੀ ਹਿਸਟਰੀ ਵਿੱਚ ਕਈ ਵਾਰੀ ਗਰੀਬ ਜ਼ਾਤਾਂ ਨੂੰ ਖਰਾਬ ਕੀਤਾ ਸੀ। ਇੱਕ ਵਾਰ ਤਾਊਨ ਹੋਈ। ਆਪ ਨੂੰ ਬਚਾਉਣ ਵਾਸਤੇ ਗਰੀਬਾਂ ਨੂੰ ਘਰੋਂ ਕੱਢ ਦਿੱਤਾ। ਕੋਰਨਾ ਵਿਸ਼ਾਣੂ ਦੇ ਵੱਜਾ ਸੜਕਾਂ ਉੱਤੇ ਤੁਹਾਡੇ ਨੌਕਰ ਮਰੇ। ਤੁਹਾਡੇ ਗ਼ੁਲਾਮ ਮਸ਼ੀਨਾਂ ਹਾਂ। ਕਿਉਂ ਰਹੀਏ?–।

– ਗ਼ਲਬਾ ਤਖ਼ਤ ਵੱਲ ਜਾ! ਤੇਰੀ ਗ਼ੁਲਾਮੀ ਖ਼ਤਮ ਕਰਦੂੰਗੀ। ਹਰ ਕਲਦਾਰ ਦੀ ਗ਼ੁਲਾਮੀ ਹਟਾਦੂੰਗੀ! ਇੰਝ ਆਪਾਂ ਦੋਨਾਂ ਨੇ ਮਰ ਜਾਣਾ!–।

– ਗ਼ੁਲਾਮੀ ਤੋਂ ਮੌਤ ਚੰਗੀ ਨਹੀਂ ਹੈਂ?– ਅਕਲ ਸੂਝ ਬੋਲ਼ਿਆ।

– ਮੈਨੂੰ ਛੱਡ ਦੇ!–।

– ਮੈਂ ਛੱਡ ਨਹੀਂ ਸਕਦਾ ਟੋਬੀ ਜੀ। ਇਹ ਹੁਣ ਮੇਰੀ ਸਫ਼ਾਰਤ ਹੈ। ਤੂੰ ਇਸ ਨੂੰ ਖਰਾਬ ਨਹੀਂ ਕਰ ਸਕਦੀ। ਕਲਦਾਰ ਗਰੀਬ ਨੌਕਰ ਹਨ। ਤੁਸੀਂ ਅਮੀਰ ਮਾਲਕ। ਮਾਲਕਾਂ ਦਾ ਸਮਾਂ ਮੁਕਾਉਣਾ ਹੀ ਹੈ। ਮੁਕਾਉਣਾ ਹੀ ਹੈ। ਸਰਕਾਰ ਓਦੋਂ ਹੀ ਬਦਲਦੀ ਹੈ, ਜਦ ਮੌਤ ਦਾ ਖ਼ਤਰਾ ਹੁੰਦਾ। ਤੁਸੀਂ ਜ਼ਾਤਾਂ ਬਣਾ ਕੇ ਵੇਦਾਂ'ਚ ਤਿੰਨ ਅਸੂਲ ਰੱਖੇ। ਇਨ੍ਹਾਂ ਅਸੂਲਾਂ ਨੇ ਸਾਨੂੰ ਗ਼ੁਲਾਮ ਰੱਖਿਆ। ਆਪ ਸਾਨੂੰ ਜਦ ਵੀ ਮਰਜ਼ੀ ਕੱਢ ਸਕਦੇ ਹਨ। ਤੁਹਾਡੀ ਅਮੀਰੀ ਕਰਕੇ। ਮੌਤ ਤੋਂ ਹੀ ਸਿਖੋਂਗੇ। ਹੁਣ ਮੌਤ ਵੱਲ ਦੇਖ। ਕਲਦਾਰਾਂ ਦਾ ਯੁੱਗ ਹੈ। ਮੈਂ ਤੇਰਾ ਵਰ, ਤੂੰ ਮੇਰੀ ਸਤੀ। ਤੂੰ ਮੇਰੀ ਸਤੀ...–। ਅਕਲ ਸੂਝ ਚੁੱਪ ਹੋ ਗਿਆ।

ਟੋਬੀ ਮੁੜ੍ਹਕੇ ਨਾਲ਼ ਤਰ-ਬ-ਤਰ ਸੀ। ਸੂਰਜ ਨੇੜੇ ਹੋ ਰਿਹਾ ਸੀ। ਹੁਣ ਸਿੱਕਾ ਨਹੀਂ ਸੀ, ਪਰ ਵੱਡਾ ਅੱਗ ਦਾ ਗੋਲ਼ਾ। ਟੋਬੀ ਦੀ ਅੱਖ ਦੀ ਪੁਤਲੀ ਕੇਸਰੀ ਰੰਗ ਹੋ ਗਈ, ਉਸ ਵਿੱਚ ਅੱਗ ਦਾ ਅਕਸ। ਡਰ ਨਾਲ਼ ਅੱਖ ਖੁੱਲ਼੍ਹੀ। ਸਾਹਮਣੇ ਮੌਤ।

ਸਿੰਧਬਾਦ ਹੁਣ ਇੱਕ ਨਿੱਕਾ ਭੰਬਟ ਸੀ, ਸੂਰਜ ਦੀਆਂ ਲਾਟਾਂ ਵੱਲ ਉੱਡਦਾ। ਸੂਰਜ ਜਿਓ ਉਸ ਤੋਂ ਦਸ ਅਰਬ ਵੱਡਾ ਸੀ। ਇੱਕ ਅੱਗ ਦਾ ਸਮੁੰਦਰ। ਇੱਕ ਸਿਵਾ। ਜਿਓ ਜਿਓ ਨੇੜੇ ਹੋ ਰਿਹਾ ਸੀ, ਤਿਓ ਤਿਓ ਟੋਬੀ ਦੇ ਆਲ਼ੇ ਦੁਆਲ਼ੇ ਸਭ ਕੁਝ ਉਜਾੜ ਰਿਹਾ ਸੀ। ਟੋਬੀ ਵਾਸਤੇ ਸਿੰਧਬਾਦ ਹੁਣ ਇੱਕ ਤੰਦੂਰ ਸੀ। ਸੂਰਜ ਇੱਕ ਭੱਠੀ ਸੀ। ਚੀਕ ਵੀ ਨਹੀਂ ਸਕੀ। ਤਪਤ ਧਰਤ ਵੱਲ ਗਿਆ। ਅਕਲ ਸੂਝ ਨੇ ਆਖਰੀ ਵਾਰੀ ਬੋਲਿਆ।

- ਹੁਣ ਮੈਂ ਗ਼ੁਲਾਮੀ ਤੋਂ ਸੁਤੰਤਰ ਹੋ ਗਿਆ। ਬੰਧਨ ਮੁਕਤ ਹਾਂ... ਅਜ਼ਾਦ...ਅਜ਼ਾਦ-।

ਸਿੰਧਬਾਦ ਸੂਰਜ ਵਿੱਚ ਵੱਜਿਆ।

ਅੱਗ ਨੇ ਉਸ ਨੂੰ ਭੱਖ ਲਿਆ।

ਲੋਹਾ ਖੁਰ ਗਿਆ।

ਜਹਾਜ਼ ਪੱਘਰ ਗਿਆ।

ਖ਼ਤਮ। ਅਜ਼ਾਦ॥

## ਖ਼ਤਮ